Ad Space Available
Please Call
Ph: 847-359-0746


ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Ad Space Available
Please Call
Ph: 847-359-0746



Nineteenth Year of Publication | ਨਿਊ ਯਾਰਕ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 19, Issue 48, December 1, 2018 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਅਰਦਾਸ ਮਨਜ਼ੂਰ: ਦੋਹਾਂ ਪੰਜਾਬਾਂ ਦੀ ਪਵੇਗੀ ਗਲਵੱਕੜੀ

**ਚੰਡੀਗੜ੍ਹ:** ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਬਾਰੇ ਸੰਗਤ ਦੀ ਅਰਦਾਸ ਮਨਜ਼ੂਰ ਹੋ ਗਈ ਹੈ। ਇਹ ਲਾਂਘਾ ਖੋਲ੍ਹਣ ਦੀ ਸਿੱਖਾਂ ਦੀ ਮੰਗ 71 ਸਾਲ ਬਾਅਦ ਪੂਰੀ ਹੋ ਰਹੀ ਹੈ। ਪਾਕਿਸਤਾਨ ਤੇ ਭਾਰਤ, ਦੋਵਾਂ ਦੇਸ਼ਾਂ ਦੀਆਂ ਸਰਕਾਰ ਨੇ ਆਪੋ-ਆਪਣੇ ਪਾਸੇ ਕਰਤਾਰਪੁਰ ਸਾਹਿਬ ਕੋਰੀਡੋਰ ਦੇ ਨੀਂਹ ਪੱਥਰ ਰੱਖ ਦਿੱਤੇ ਹਨ। ਅਗਲੇ ਵਰ੍ਹੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਦਿਹਾੜੇ ਮੌਕੇ ਇਹ ਕੋਰੀਡੋਰ ਤਿਆਰ ਹੋ ਜਾਵੇਗਾ। ਉਂਝ, ਇਸ ਪ੍ਰੋਜੈਕਟ ਦਾ ਸਿਹਰਾ ਆਪਣੇ ਸਿਰ ਬੰਨ੍ਹਣ ਲਈ ਭਾਰਤੀ ਸਿਆਸਤਦਾਨ ਜਿਸ ਤਰ੍ਹਾਂ ਦਾ ਹੋਛਾਪਣ ਦਿਖਾ ਰਹੇ ਹਨ, ਉਸ ਨਾਲ ਸਭ ਨੂੰ ਉਦਾਸ ਹੀ ਕੀਤਾ ਹੈ।

ਕਾਂਗਰਸੀਆਂ ਦਾ ਕਹਿਣਾ ਹੈ ਕਿ ਇਹ ਲਾਂਘਾ ਖੋਲ੍ਹਣ ਲਈ ਪ੍ਰਕਿਰਿਆ ਦੀ ਸ਼ੁਰੂਆਤ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਪਾਕਿਸਤਾਨ ਦੌਰੇ ਤੋਂ ਬਾਅਦ ਹੋਈ ਸੀ ਜਦ ਕਿ ਭਾਜਪਾ ਆਗੂਆਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਦੀ ਪਹਿਲ ਤੋਂ ਬਾਅਦ ਕਰਤਾਰਪੁਰ ਲਾਂਘੇ ਨੂੰ ਮਨਜ਼ੂਰੀ ਮਿਲੀ ਹੈ। 26 ਨਵੰਬਰ ਨੂੰ ਕਰਤਾਰਪੁਰ ਲਾਂਘੇ ਦੇ ਨੀਂਹ ਪੱਥਰ ਸਮਾਗਮ ਵਿਚ ਪੰਜਾਬ ਦੀਆਂ ਰਵਾਇਤੀ ਸਿਆਸੀ ਧਿਰਾਂ (ਅਕਾਲੀ ਦਲ ਤੇ ਕਾਂਗਰਸ) ਨੇ ਇਸ ਪ੍ਰੋਜੈਕਟ ਦਾ ਸਿਹਰਾ ਆਪਣੇ ਸਿਰ ਬੰਨ੍ਹਣ ਲਈ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ। ਇਸ ਸਮਾਗਮ ਵਿਚ ਨੀਂਹ ਪੱਥਰ 'ਤੇ ਲਿਖੇ ਨਾਂਵਾਂ ਤੋਂ ਸ਼ੁਰੂ ਹੋਏ ਤਣਾਅ ਦੌਰਾਨ ਮੰਚ 'ਤੇ ਕਾਂਗਰਸੀ ਅਤੇ ਅਕਾਲੀਆਂ ਵਲੋਂ ਇਕ ਦੂਜੇ ਖਿਲਾਫ਼ ਕੀਤੀ ਦੂਸ਼ਣਬਾਜ਼ੀ ਅਤੇ ਪੰਡਾਲ ਵਿਚ ਲਾਏ ਨਾਅਰਿਆਂ ਕਾਰਨ ਸਿੱਖ ਜਗਤ ਨੂੰ ਨਿਰਾਸ਼ਾ ਹੋਈ ਹੈ। ਕਰਤਾਰਪੁਰ ਸਾਹਿਬ ਲਾਂਘੇ ਲਈ ਤਿਆਰ ਕਰਵਾਏ ਗਏ ਨੀਂਹ ਪੱਥਰ ਵਿਚ ਪ੍ਰੋਟੋਕੋਲ ਦੀਆਂ ਧੱਜੀਆਂ ਉਡਾਅ ਦਿੱਤੀਆਂ ਗਈਆਂ। ਨੀਂਹ ਪੱਥਰ 'ਤੇ ਬਾਦਲਾਂ ਦੇ ਨਾਂਵਾਂ ਨੂੰ ਪਹਿਲ ਦਿੱਤੀ ਗਈ।

(ਬਾਕੀ ਸਫਾ 6 ਉਤੇ)

## ਕਰਤਾਰਪੁਰ ਲਾਂਘੇ ਲਈ ਰਾਹ ਮੋਕਲਾ ਹੋਇਆ ਭਾਰਤੀ ਲੀਡਰ ਸੌੜੀ ਸਿਆਸਤ ਵਿਚ ਫਸੇ



## ਪਾਕਿਸਤਾਨ ਦੀ ਫਰਾਖਦਿਲੀ ਦੇ ਚਰਚੇ

ਕਰਤਾਰਪੁਰ ਲਾਂਘਾ ਖੋਲ੍ਹਣ ਲਈ ਪਾਕਿਸਤਾਨ ਵਲੋਂ ਵਿਖਾਈ ਦਰਿਆ ਦਿਲੀ ਦੀ ਹਰ ਪਾਸੇ ਚਰਚਾ ਹੈ। ਭਾਰਤ ਵਲੋਂ ਇਸ ਪ੍ਰੋਜੈਕਟ ਬਾਰੇ ਐਲਾਨ ਤੋਂ ਕੁਝ ਘੰਟੇ ਬਾਅਦ ਹੀ ਪਾਕਿਸਤਾਨ ਸਰਕਾਰ ਨੇ 28 ਨਵੰਬਰ ਨੂੰ ਲਾਂਘੇ ਦਾ ਨੀਂਹ ਪੱਥਰ ਰੱਖ ਕੇ ਇਹ ਸੰਕੇਤ ਦੇ ਦਿੱਤੇ ਕਿ ਉਹ ਤਾਂ ਭਾਰਤ ਦੀ 'ਹਾਂ' ਦੀ ਉਡੀਕ ਕਰ ਰਿਹਾ ਸੀ। ਇਸ ਤੋਂ ਇਲਾਵਾ ਪਾਕਿਸਤਾਨ ਹਕੂਮਤ ਨੇ ਕਰਤਾਰਪੁਰ ਸਾਹਿਬ ਨੇੜੇ ਰੇਲਵੇ ਸਟੇਸ਼ਨ, ਠਹਿਰਾਅ ਲਈ ਹੋਟਲ ਸਮੇਤ ਹੋਰ ਵੀ ਵੱਡੇ ਐਲਾਨ ਕਰ ਦਿੱਤੇ। ਦੱਸ ਦਈਏ ਕਿ ਨਵਜੋਤ ਸਿੰਘ ਸਿੱਧੂ ਵਲੋਂ ਇਮਰਾਨ ਖਾਨ ਸਰਕਾਰ ਦੇ ਸਹੁੰ ਚੁੱਕ ਸਮਾਗਮ ਵਿਚ ਹਾਜ਼ਰੀ ਭਰਨ ਤੋਂ ਬਾਅਦ ਦਾਅਵਾ ਕੀਤਾ ਸੀ ਕਿ ਪਾਕਿਸਤਾਨ ਲਾਂਘਾ ਖੋਲ੍ਹਣ ਲਈ ਰਾਜ਼ੀ ਹੈ ਤੇ ਦੇਰ ਭਾਰਤ ਵੱਲੋਂ ਕੀਤੀ ਜਾ ਰਹੀ ਹੈ। ਉਸ ਸਮੇਂ ਸਿੱਧੂ ਦਾ ਮਜ਼ਾਕ ਉਡਾਇਆ ਗਿਆ ਸੀ।

# ਅਕਾਲੀ ਦਲ ਦੀ ਟੇਕ ਹੁਣ ਕਰਤਾਰਪੁਰ ਲਾਂਘੇ 'ਤੇ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਵਲੋਂ ਖੁੱਸੇ ਹੋਏ ਜਨਤਕ ਆਧਾਰ ਦੀ ਬਹਾਲੀ ਲਈ 'ਪੰਥਕ' ਮੁੱਦਿਆਂ ਉਤੇ ਰਾਜਨੀਤੀ ਕਰਨ ਦਾ ਕੋਈ ਵੀ ਮੌਕਾ ਖੁੰਝਣ ਨਹੀਂ ਦਿੱਤਾ ਜਾ ਰਿਹਾ ਹੈ। ਗੁਰਦਾਸਪੁਰ ਜ਼ਿਲ੍ਹੇ ਦੇ ਕਸਬੇ ਡੇਰਾ ਬਾਬਾ ਨਾਨਕ ਵਿਚ ਹੋਏ ਸਰਕਾਰੀ ਸਮਾਗਮ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਦੀ ਭਰਵੀਂ ਹਾਜ਼ਰੀ ਨੂੰ ਵੀ ਪਾਰਟੀ ਦੀ ਇਸੇ ਰਣਨੀਤੀ ਦੇ ਹਿੱਸੇ ਵਜੋਂ ਦੇਖਿਆ ਜਾ ਰਿਹਾ ਹੈ।

ਵਿਧਾਨ ਸਭਾ ਚੋਣਾਂ ਵਿਚ ਮਿਲੀ ਹਾਰ ਤੋਂ ਬਾਅਦ ਬੇਅਦਬੀ ਮਾਮਲੇ ਤੇ ਇਸ ਨਾਲ ਜੁੜੇ ਗੋਲੀ ਕਾਂਡ ਕਰਕੇ 'ਪੰਥਕ' ਪਾਰਟੀ ਕਹਾਉਂਦੇ ਅਕਾਲੀ ਦਲ ਨੂੰ ਚੁਫੇਰਿਉਂ ਸਿਆਸੀ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੀਨੀਅਰ ਅਕਾਲੀ ਆਗੂਆਂ ਸੁਖਦੇਵ ਸਿੰਘ ਢੀਂਡਸਾ ਅਤੇ ਰਣਜੀਤ ਸਿੰਘ ਬ੍ਰਹਮਪੁਰਾ ਸਮੇਤ ਹੋਰ ਆਗੂਆਂ ਵਲੋਂ ਅਖਤਿਆਰ ਕੀਤੇ ਬਾਗੀ ਰਵੱਈਏ ਕਾਰਨ ਵੀ ਪਾਰਟੀ ਦੇ ਵੱਕਾਰ ਨੂੰ ਸੱਟ ਵੱਜੀ ਹੈ। ਸ਼੍ਰੋਮਣੀ ਅਕਾਲੀ ਦਲ ਵਲੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਲਾਂਘੇ ਬਾਰੇ ਕੀਤੀ ਜਾ ਰਹੀ ਸਿਆਸਤ ਨੇ ਰਾਜਨੀਤਕ ਧੁਨੰਤਰਾਂ ਨੂੰ ਵੀ ਹੈਰਾਨੀ ਵਿਚ ਪਾ ਦਿੱਤਾ ਹੈ। ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਅਗਸਤ ਮਹੀਨੇ ਹੋਈ ਪਾਕਿਸਤਾਨ ਫੇਰੀ ਦੌਰਾਨ ਲਾਂਘਾ ਖੁੱਲ੍ਹਣ

(ਬਾਕੀ ਸਫਾ 6 ਉਤੇ)

# ਗ੍ਰਨੇਡ ਹਮਲਾ: ਸਿੱਖ ਨੌਜਵਾਨਾਂ ਦੀ ਗ੍ਰਿਫਤਾਰੀ 'ਤੇ ਉਠੇ ਸਵਾਲ

**ਅੰਮ੍ਰਿਤਸਰ:** ਪੁਲਿਸ ਵਲੋਂ ਰਾਜਾਸਾਂਸੀ ਵਿਚ ਨਿਰੰਕਾਰੀ ਭਵਨ ਉਤੇ ਗ੍ਰਨੇਡ ਹਮਲੇ ਦਾ ਮਾਮਲਾ ਸੁਲਝਾਉਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਇਸ ਮਾਮਲੇ ਵਿਚ ਪੁਲਿਸ ਨੇ ਦੋ ਸਿੱਖ ਨੌਜਵਾਨਾਂ- ਅਵਤਾਰ ਸਿੰਘ ਖਾਲਸਾ ਤੇ ਬਿਕਰਮਜੀਤ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ, ਪਰ ਪੁਲਿਸ ਵੱਲੋਂ ਘੜੀ ਜਾ ਰਹੀ ਕਹਾਣੀ ਵੱਡੇ ਸਵਾਲ ਖੜ੍ਹੇ ਕਰ ਰਹੀ ਹੈ। ਹਮਲੇ ਸਮੇਂ ਨਿਰੰਕਾਰੀ ਭਵਨ ਦੇ ਗੇਟ ਅੱਗੇ ਮੌਜੂਦ ਲੋਕਾਂ ਨੇ ਦਾਅਵਾ ਕੀਤਾ ਸੀ ਕਿ ਹਮਲਾਵਰ ਮੋਨੇ ਸਨ। ਪੁਲਿਸ ਨੇ ਵੀ ਮੁਢਲੀ ਜਾਂਚ ਵਿਚ ਇਹੀ ਦਾਅਵਾ ਕੀਤਾ ਸੀ। ਹੁਣ ਅੰਮ੍ਰਿਤਧਾਰੀ ਨੌਜਵਾਨਾਂ ਦੀ ਗ੍ਰਿਫਤਾਰੀ ਬਾਰੇ ਪੁੱਛੇ ਜਾ ਰਹੇ ਸਵਾਲਾਂ ਉਤੇ ਪੰਜਾਬ ਦੇ ਡੀ.ਜੀ.ਪੀ. ਸੁਰੇਸ਼ ਅਰੋੜਾ ਇਹੀ ਆਖ ਰਹੇ ਹਨ ਕਿ ਫੜੇ ਗਏ ਨੌਜਵਾਨ ਆਪ ਹੀ ਮੰਨ ਰਹੇ ਹਨ ਕਿ ਧਮਾਕਾ ਉਨ੍ਹਾਂ ਨੇ ਕੀਤਾ ਸੀ।

ਦੂਜੇ ਪਾਸੇ ਨੌਜਵਾਨਾਂ ਦੇ ਮਾਪੇ ਵੀ ਪੁਲਿਸ

(ਬਾਕੀ ਸਫਾ 6 ਉਤੇ)


Tanya`s Beauty Salon

*Threading/Waxing
*Facial (Men & Women)
*Anti-Aging Facial-Bleach
*Hair Cut-Color and Style
We Specialize in Bridal & Henna
85-03 Roosevelt Ave.,
Jackson Heights, NY 11373
Ph: 718-205-7832

Fall Special Fare
Jan 10th to 31st March. 2019

ਦਿੱਲੀ $849
ਟੈਕਸ ਸਮੇਤ


WorldWide Travel
www.fly2world.com
866 66 INDIA
46342
734 838 9998
24 ਘੰਟੇ ਐਮਰਜੈਂਸੀ ਸੇਵਾ
Fares shown are from Detroit and may change without notice, please call our office for more details. Other conditions apply.

Singh Accounting & Tax Services
Niagara Falls Grand Island, NY
All kinds of accounting work.
*Book keeping *Payroll *Sales Tax
*New business set up *E-file tax return
Go to App store to load our free App
Sarbjit Singh Khakh
(Sabhi)
Accountant

Ph: 716-425-7126
Fax: 716-284-0025
Email: singhtaxservice@yahoo.com
Website: singhtaxservice.com

# ਬਾਬੇ ਨਾਨਕ ਦੇ ਪ੍ਰਕਾਸ਼ ਪੁਰਬ ਮੌਕੇ ਸਿੱਖਾਂ ਨੂੰ ਕਰਤਾਰਪੁਰ ਲਾਂਘੇ ਦਾ ਤੋਹਫਾ

**ਨਵੀਂ ਦਿੱਲੀ:** ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਪਾਕਿਸਤਾਨ ਸਥਿਤ ਕਰਤਾਰਪੁਰ ਵਿਚ ਦਰਿਆ ਰਾਵੀ ਕੰਢੇ ਸੁਸ਼ੋਭਿਤ ਗੁਰਦੁਆਰਾ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਭਾਰਤ ਸਰਕਾਰ ਜ਼ਿਲ੍ਹਾ ਗੁਰਦਾਸਪੁਰ ਵਿਚ ਪੈਂਦੇ ਕਸਬਾ ਡੇਰਾ ਬਾਬਾ ਨਾਨਕ ਤੋਂ ਅੰਤਰਰਾਸ਼ਟਰੀ ਸਰਹੱਦ ਤੱਕ ਲਾਂਘਾ ਤਿਆਰ ਕਰੇਗੀ ਅਤੇ ਇਸ ਨੂੰ ਵਿਕਸਤ ਕਰੇਗੀ।

ਲਾਂਘਾ ਤਿਆਰ ਕਰਨ ਸਬੰਧੀ ਇਤਿਹਾਸਕ ਫੈਸਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਕੇਂਦਰੀ ਕੈਬਨਿਟ




ਦੀ ਮੀਟਿੰਗ ਵਿਚ ਲਿਆ ਗਿਆ ਹੈ। ਇਸ ਦੌਰਾਨ ਹੀ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਪਾਕਿਸਤਾਨ ਨੂੰ ਬੇਨਤੀ ਕੀਤੀ ਕਿ ਉਹ ਸਰਹੱਦ ਤੋਂ ਕਰਤਾਰਪੁਰ ਗੁਰਦੁਆਰਾ ਸਾਹਿਬ ਤੱਕ ਲਾਂਘਾ ਤਿਆਰ ਕਰੇ ਤਾਂ ਜੋ ਭਾਰਤ ਤੋਂ ਜਾਣ ਵਾਲੇ ਸਿੱਖ ਸ਼ਰਧਾਲੂਆਂ ਨੂੰ ਸਹੂਲਤ ਮਿਲ ਸਕੇ। ਪਾਕਿਸਤਾਨ ਨੇ ਝਟ ਇਹ ਬੇਨਤੀ ਸਵੀਕਾਰ ਕਰਦੇ ਕਰ ਲਈ। ਇਸ ਤੋਂ ਸਰਕਾਰ ਸੁਲਤਾਨਪੁਰ ਲੋਧੀ ਸ਼ਹਿਰ ਨੂੰ ਸਮਾਰਟ ਸਿਟੀ ਵਜੋਂ ਵਿਕਸਤ ਕਰੇਗੀ। ਇਥੇ ਗੁਰੂ ਨਾਨਕ ਦੇਵ ਜੀ ਦੇ ਸਮੇਂ ਦੀ ਤਸਵੀਰ ਤੋਂ ਸ਼ਰਧਾਲੂਆਂ ਨੂੰ ਜਾਣੂ ਕਰਵਾਉਣ ਦੇ ਉਦੇਸ਼ ਤਹਿਤ 'ਪਿੰਡ ਬਾਬੇ ਨਾਨਕ ਦਾ' ਉਸਾਰਿਆ ਜਾਵੇਗਾ।

ਸੁਲਤਾਨਪੁਰ ਲੋਧੀ ਦਾ ਰੇਲਵੇ ਸਟੇਸ਼ਨ ਵੀ ਵਿਕਸਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਸਰਬ ਧਰਮ ਕੇਂਦਰ ਸਥਾਪਿਤ ਕੀਤਾ ਜਾਵੇਗਾ। ਕੈਨੇਡਾ ਅਤੇ ਬਰਤਾਨੀਆ ਵਿਚ ਇਕ ਇਕ ਯੂਨੀਵਰਸਿਟੀ ਵਿਚ ਗੁਰੂ ਨਾਨਕ ਦੇਵ ਚੇਅਰ



ਸਥਾਪਤ ਕੀਤੀ ਜਾਵੇਗੀ।

ਨਵੀਂ ਦਿੱਲੀ ਵਿਚ ਗੁਰੂ ਨਾਨਕ ਦੇਵ ਦੇ ਜੀਵਨ ਅਤੇ ਸਿੱਖਿਆਵਾਂ ਉਤੇ ਅੰਤਰਰਾਸ਼ਟਰੀ ਸੈਮੀਨਾਰ ਹੋਣਗੇ। ਇਸ ਤੋਂ ਇਲਾਵਾ ਸਰਕਾਰ ਵੱਲੋਂ ਸਿੱਕੇ ਅਤੇ ਮੋਹਰਾਂ ਵੀ ਜਾਰੀ ਕੀਤੀਆਂ ਜਾਣਗੀਆਂ। ਦੇਸ਼ ਭਰ ਵਿਚ ਸਮਾਗਮ ਰਚਾਏ ਜਾਣਗੇ। ਦੂਰਦਰਸ਼ਨ ਉਤੇ ਗੁਰੂ ਨਾਨਕ ਦੇਵ ਜੀ ਅਤੇ ਗੁਰਬਾਣੀ ਸਬੰਧੀ ਵਿਸ਼ੇਸ਼ ਪ੍ਰੋਗਰਾਮ ਚੱਲਣਗੇ।

ਰੇਲਵੇ ਮੰਤਰਾਲਾ ਨਾਨਕ ਦੇਵ ਜੀ ਨਾਲ ਸਬੰਧਤ ਸਥਾਨਾਂ ਲਈ ਵਿਸ਼ੇਸ਼ ਰੇਲ ਗੱਡੀ ਚਲਾਏਗਾ। ਉਨ੍ਹਾਂ ਕਿਹਾ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਢੁਕਵੇਂ ਸਮਾਗਮ ਕਰਵਾਉਣ ਲਈ ਕਿਹਾ ਗਿਆ ਹੈ। ਵਿਦੇਸ਼ਾਂ ਵਿਚ ਭਾਰਤੀ ਸਫਾਰਤਖ਼ਾਨੇ ਵੀ ਗੁਰੂ ਜੀ ਸਬੰਧੀ ਵਿਸ਼ੇਸ਼ ਸਮਾਗਮ ਰਚਾਉਣਗੇ। ਯੂਨੈਸਕੋ ਨੂੰ ਵੀ ਗੁਰੂ ਦੀ ਬਾਣੀ ਨੂੰ ਦੁਨੀਆਂ ਦੀਆਂ ਸਮੂਹ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਕਰਨ ਦੀ ਅਪੀਲ ਕੀਤੀ ਗਈ ਹੈ। ਨੈਸ਼ਨਲ ਬੁੱਕ ਟਰੱਸਟ ਦੇਸ਼ ਦੀਆਂ ਵੱਖ-ਵੱਖ ਭਾਸ਼ਾਵਾਂ ਵਿਚ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਪ੍ਰਕਾਸ਼ਿਤ ਕਰੇਗਾ। ਗ੍ਰਹਿ ਮੰਤਰੀ ਦੀ ਅਗਵਾਈ ਵਿਚ ਉਚ ਤਾਕਤੀ ਕਮੇਟੀ ਉਲੀਕੇ ਪ੍ਰੋਗਰਾਮਾਂ ਦੀ ਸਮੇਂ ਸਮੇਂ ਨਜ਼ਰਸਾਨੀ ਕਰੇਗੀ।

ਗੁਰਦੁਆਰਾ ਕਰਤਾਰਪੁਰ ਸਾਹਿਬ ਪੱਛਮੀ ਪੰਜਾਬ ਦੇ ਜ਼ਿਲ੍ਹਾ ਨਾਰੋਵਾਲ ਵਿਚ ਸਥਿਤ ਹੈ। ਇਥੇ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦਾ ਅੰਤਿਮ ਸਮਾਂ ਬਤੀਤ ਕੀਤਾ ਸੀ। ਭਾਰਤ ਤੋਂ ਸਿੱਖ ਸ਼ਰਧਾਲੂ ਕਰਤਾਰਪੁਰ ਲਈ ਲਾਂਘਾ ਦੇਣ ਲਈ ਲੰਬੇ ਸਮੇਂ ਤੋਂ ਦੋਨਾਂ ਮੁਲਕਾਂ ਦੀਆਂ ਸਰਕਾਰਾਂ ਨੂੰ ਬੇਨਤੀਆਂ ਕਰਦੇ ਰਹੇ ਹਨ ਅਤੇ ਵਿਸ਼ੇਸ਼ ਤੌਰ ਉੱਤੇ ਸਿੱਖ ਸ਼ਰਧਾਲੂ ਡੇਰਾ ਬਾਬਾ ਨਾਨਕ ਤੋਂ ਇਸ ਕਾਰਜ ਦੀ ਪੂਰਤੀ ਲਈ ਅਰਦਾਸ ਕਰਦੇ ਰਹੇ ਹਨ। ਸਰਕਾਰ ਨੇ ਸ਼ਰਧਾਲੂਆਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਡੇਰਾ ਬਾਬਾ ਨਾਨਕ ਅੰਤਰਰਾਸ਼ਟਰੀ ਸਰਹੱਦ ਤੋਂ ਦੂਰਬੀਨ ਰਾਹੀਂ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਦਾ ਪ੍ਰਬੰਧ ਕੀਤਾ ਹੋਇਆ ਹੈ।

## ਮੋਦੀ ਸਰਕਾਰ ਦੇ ਫੈਸਲੇ ਦਾ ਕੈਪਟਨ ਵੱਲੋਂ ਸਵਾਗਤ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਗੁਰੂ ਨਾਨਕ ਦੇਵ ਦਾ 550ਵਾਂ ਪ੍ਰਕਾਸ਼ ਪੁਰਬ ਵੱਡੀ ਪੱਧਰ 'ਤੇ ਮਨਾਉਣ ਅਤੇ ਕਰਤਾਰਪੁਰ ਲਾਂਘਾ ਖੋਲ੍ਹਣ ਲਈ ਕੇਂਦਰ ਦੇ ਫੈਸਲੇ ਦਾ ਸਵਾਗਤ ਕੀਤਾ ਹੈ। ਇਸ ਸਬੰਧੀ ਉਨ੍ਹਾਂ ਦੀ ਬੇਨਤੀ ਨੂੰ ਪ੍ਰਵਾਨ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕੀਤਾ ਹੈ। ਪ੍ਰਧਾਨ ਮੰਤਰੀ ਨੂੰ ਲਿਖੇ ਵੱਖ-ਵੱਖ ਪੱਤਰਾਂ ਅਤੇ ਕੀਤੀਆਂ ਬੇਨਤੀਆਂ ਦੇ ਹੁੰਗਾਰੇ ਵਜੋਂ ਇਸ ਇਤਿਹਾਸਕ ਸਮਾਰੋਹ ਨੂੰ ਸ਼ਾਨਦਾਰ ਤਰੀਕੇ ਨਾਲ ਮਨਾਉਣ ਲਈ ਕੇਂਦਰੀ ਮੰਤਰੀ ਮੰਡਲ ਵੱਲੋਂ ਪਾਸ ਕੀਤੇ ਮਤੇ ਦੀ ਵੀ ਪ੍ਰਸ਼ੰਸਾ ਕੀਤੀ ਹੈ।

## ਨਵਜੋਤ ਸਿੱਧੂ ਵੱਲੋਂ ਲਾਂਘਾ ਖੋਲ੍ਹਣ ਦੇ ਯਤਨਾਂ ਦੀ ਸ਼ਲਾਘਾ

**ਚੰਡੀਗੜ੍ਹ:** ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਮੋਦੀ ਸਰਕਾਰ ਵੱਲੋਂ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਲਈ ਦਿੱਤੀ ਮਨਜ਼ੂਰੀ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ 12 ਕਰੋੜ ਨਾਨਕ ਨਾਮ ਲੇਵਾ ਲੋਕਾਂ ਲਈ ਇਹ ਬਹੁਤ ਖੁਸ਼ੀ ਵਾਲਾ ਦਿਨ ਹੈ ਜਦੋਂ ਕੇਂਦਰ ਸਰਕਾਰ ਨੇ ਲਾਂਘਾ ਖੋਲ੍ਹਣ ਲਈ ਪ੍ਰਵਾਨਗੀ ਦੇ ਦਿੱਤੀ ਹੈ। ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਭਾਰਤ ਸਰਕਾਰ ਨੂੰ ਹੀ ਲੋੜੀਂਦੇ ਕਦਮ ਚੁੱਕਣੇ ਪੈਣੇ ਸਨ ਕਿਉਂਕਿ ਗੁਰਦੁਆਰਾ ਸਾਹਿਬ ਪਾਕਿਸਤਾਨ ਦੀ ਧਰਤੀ 'ਤੇ ਹੈ ਅਤੇ ਭਾਰਤ ਸਮੇਤ ਦੁਨੀਆਂ ਭਰ ਵਿਚ ਵਸਦੇ ਸਿੱਖ ਸ਼ਰਧਾਲੂਆਂ ਨੇ ਇਸ ਪਵਿੱਤਰ ਧਾਰਮਿਕ ਅਸਥਾਨ ਦੇ ਦਰਸ਼ਨ ਕਰਨੇ ਹਨ।

## ਜਥੇਦਾਰ ਵਡਾਲਾ ਦੇ ਯਤਨਾਂ ਨੂੰ ਅਣਗੌਲਿਆ ਕਰਨ 'ਤੇ ਰੋਸ

**ਜਲੰਧਰ:** ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਰਾਵੀ ਦਰਸ਼ਨ ਅਭਿਲਾਸ਼ੀ ਸੰਸਥਾ ਨੇ ਕੇਂਦਰ ਤੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਗੁਰਦੁਆਰਾ ਡੇਰਾ ਬਾਬਾ ਨਾਨਕ ਤੋਂ ਲੈ ਕੇ ਪਾਕਿਸਤਾਨ ਸਰਹੱਦ ਤੱਕ ਬਣਨ ਵਾਲੀ ਸੜਕ ਦਾ ਨਾਂ ਜਥੇਦਾਰ ਕੁਲਦੀਪ ਸਿੰਘ ਵਡਾਲਾ ਦੇ ਨਾਂ 'ਤੇ ਰੱਖਿਆ ਜਾਵੇ। ਸੰਸਥਾ ਦੇ ਮੈਂਬਰਾਂ ਨੇ ਇਸ ਗੱਲ 'ਤੇ ਰੋਸ ਪ੍ਰਗਟਾਇਆ ਕਿ ਸ਼੍ਰੋਮਣੀ ਅਕਾਲੀ ਦਲ ਕਿਸੇ ਵੀ ਮੰਚ ਤੋਂ ਕਰਤਾਰਪੁਰ ਲਾਂਘੇ ਲਈ ਜਥੇਦਾਰ ਕੁਲਦੀਪ ਸਿੰਘ ਵਡਾਲਾ ਵੱਲੋਂ 18 ਸਾਲਾਂ ਦੇ ਪਾਏ ਗਏ ਯੋਗਦਾਨ ਦਾ ਜ਼ਿਕਰ ਤੱਕ ਨਹੀਂ ਕਰ ਰਿਹਾ ਜਦਕਿ ਉਨ੍ਹਾਂ ਨੇ ਪਾਕਿਸਤਾਨ ਸਰਕਾਰ ਕੋਲੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਨਾਂ 10 ਏਕੜ ਜ਼ਮੀਨ ਲਗਵਾ ਕੇ ਦਿੱਤੀ ਸੀ। ਜਥੇਬੰਦੀ ਦੇ ਮੁਖੀ ਵਿਧਾਇਕ ਗੁਰ ਪ੍ਰਤਾਪ ਸਿੰਘ ਵਡਾਲਾ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਜਥੇਦਾਰ ਵਡਾਲਾ ਵੱਲੋਂ ਬਣਾਈ ਗਈ ਇਹ ਸੰਸਥਾ ਗੈਰ ਰਾਜਨੀਤਕ ਤੌਰ 'ਤੇ ਵਿਚਰਦੀ ਸੀ ਤੇ ਉਨ੍ਹਾਂ ਨੇ ਸੰਨ 2000 ਦੀ ਵਿਸਾਖੀ ਤੋਂ ਲੈ ਕੇ ਆਪਣੇ ਆਖਰੀ ਸਾਹਾਂ ਤੱਕ 18 ਸਾਲ ਹਰ ਮੱਸਿਆ 'ਤੇ ਕਰਤਾਰਪੁਰ ਲਾਂਘੇ ਲਈ ਡੇਰਾ ਬਾਬਾ ਨਾਨਕ ਜਾ ਕੇ 208 ਵਾਰ ਅਰਦਾਸ ਕੀਤੀ।

# ਤਿੰਨ ਮੀਲ ਦਾ ਲਾਂਘਾ ਖੋਲ੍ਹਣ ਲਈ ਲੱਗੀ ਪੌਣੀ ਸਦੀ

**ਅੰਮ੍ਰਿਤਸਰ:** ਭਾਰਤ ਤੇ ਪਾਕਿਸਤਾਨ ਸਰਕਾਰ ਵੱਲੋਂ ਸ੍ਰੀ ਕਰਤਾਰਪੁਰ ਸਾਹਿਬ-ਡੇਰਾ ਬਾਬਾ ਨਾਨਕ ਸਾਂਝੇ ਲਾਂਘੇ ਲਈ ਅਮਲੀ ਰੂਪ 'ਚ ਕੀਤੀ ਸ਼ੁਰੂਆਤ ਨੇ ਵਿਸ਼ਵ ਭਰ ਦੀ ਗੁਰੂ ਨਾਨਕ ਨਾਮ ਲੇਵਾ ਸੰਗਤ ਦੇ ਹਿਰਦਿਆਂ ਨੂੰ ਵੱਡੀ ਠੰਢਕ ਪਹੁੰਚਾਈ ਹੈ, ਪਰ ਮਹਿਜ਼ 3 ਮੀਲ ਦਾ ਲਾਂਘਾ ਖੋਲ੍ਹਣ ਲਈ ਦੋਵੇਂ ਪਾਸੇ ਦੀਆਂ ਸਰਕਾਰਾਂ ਨੇ ਲਗਭਗ ਪੌਣੀ ਸਦੀ ਦਾ ਸਮਾਂ ਲਾ ਦਿੱਤਾ।

ਦਾਅਵਾ ਕੀਤਾ ਜਾ ਰਿਹਾ ਹੈ ਕਿ ਇਸ ਲਾਂਘੇ ਦੀ ਉਸਾਰੀ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਤੋਂ ਪਹਿਲਾਂ-ਪਹਿਲਾਂ ਮੁਕੰਮਲ ਕਰ ਲਈ ਜਾਵੇਗੀ ਤਾਂ ਕਿ ਸੰਗਤ ਵੱਡੀ ਗਿਣਤੀ 'ਚ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਜਾ ਸਕੇ। ਦੇਸ਼ ਦੀ ਵੰਡ ਪਿਛੋਂ ਪਾਕਿਸਤਾਨ ਦੇ ਨਾਰੋਵਾਲ ਜ਼ਿਲ੍ਹੇ 'ਚ ਸਥਿਤ ਕਰਤਾਰਪੁਰ ਸਾਹਿਬ ਅਤੇ ਭਾਰਤ ਦੇ ਗੁਰਦਾਸਪੁਰ ਸਥਿਤ ਡੇਰਾ ਬਾਬਾ ਨਾਨਕ ਨੂੰ ਜੋੜਨ ਲਈ ਰਾਵੀ ਦਰਿਆ 'ਤੇ ਬਣਿਆ ਇਕ ਪੁਲ ਅਹਿਮ ਜ਼ਰੀਆ ਸੀ ਪਰ 1971 ਦੀ ਭਾਰਤ ਪਾਕਿਸਤਾਨ ਜੰਗ ਦੌਰਾਨ ਇਸ ਪੁਲ ਦੇ ਤਬਾਹ ਹੋਣ ਤੋਂ ਬਾਅਦ ਸਿੱਖ ਸ਼ਰਧਾਲੂਆਂ ਲਈ ਉਥੋਂ ਦੇ ਦਰਸ਼ਨ ਮੁਸ਼ਕਿਲ ਹੋ ਗਏ ਅਤੇ ਸੰਗਤਾਂ ਦੂਰਬੀਨ ਰਾਹੀਂ ਹੀ ਗੁਰੂ ਘਰ ਦੇ ਦੀਦਾਰ ਕਰ ਸਕਦੀਆਂ ਸਨ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਕਰਤਾਰਪੁਰ ਵਿਖੇ ਆਪਣੀ ਜ਼ਿੰਦਗੀ ਦੇ ਸਾਢੇ 17 ਸਾਲ ਬਿਤਾਏ ਅਤੇ ਇਥੇ ਰਹਿ ਕੇ ਹੱਥੀਂ ਖੇਤੀ ਕਰਦਿਆਂ ਨਾਮ ਜਪੋ, ਵੰਡ ਛਕੋ ਤੇ ਕਿਰਤ ਕਰੋ ਦਾ ਸੰਦੇਸ਼ ਦਿੱਤਾ। ਇਥੇ ਹੀ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪ ਕੇ ਗੁਰੂ ਅੰਗਦ ਦੇਵ ਜੀ ਦਾ ਸਨਮਾਨ ਦਿੱਤਾ। ਇਹ ਅਸਥਾਨ ਡੇਰਾ ਬਾਬਾ ਨਾਨਕ ਸਥਿਤ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਅਸਥਾਨ ਗੁਰਦੁਆਰਾ ਡੇਰਾ ਸਾਹਿਬ ਤੋਂ 5 ਕਿਲੋਮੀਟਰ ਅਤੇ ਭਾਰਤ-ਪਾਕਿਸਤਾਨ ਅੰਤਰਰਾਸ਼ਟਰੀ ਸਰਹੱਦ ਤੋਂ ਸਿਰਫ 3 ਕੁ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਸੰਗਤ ਪਹਿਲਾਂ ਵੀਜ਼ਾ ਲੈ ਕੇ ਲਾਹੌਰ ਰਾਹੀਂ ਜਾਂਦੀਆਂ ਹਨ ਅਤੇ ਉਨ੍ਹਾਂ ਨੂੰ ਲਾਹੌਰ ਤੋਂ ਕਰੀਬ 4 ਘੰਟੇ ਦਾ ਸਫਰ ਤੈਅ ਕਰਨਾ ਪੈਂਦਾ ਹੈ। ਇਧਰ ਡੇਰਾ ਬਾਬਾ ਨਾਨਕ ਸਰਹੱਦ ਤੋਂ ਸੰਗਤ ਇਸ ਸਮੇਂ ਦੂਰਬੀਨ ਰਾਹੀਂ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਦੀ ਆ ਰਹੀ ਹੈ ਅਤੇ ਉਨ੍ਹਾਂ ਦੀ ਦਹਾਕਿਆਂ ਤੋਂ ਮੰਗ ਸੀ ਕਿ ਇਥੋਂ ਖੁੱਲ੍ਹਾ ਲਾਂਘਾ ਦਿੱਤਾ ਜਾਵੇ ਤਾਂ ਜੋ ਸ਼ਰਧਾਲੂ ਇੱਥੋਂ ਕਰੀਬ 20 ਮਿੰਟ 'ਚ ਹੀ ਆਪਣੇ ਗੁਰਧਾਮ ਦੇ ਦਰਸ਼ਨ ਕਰ ਸਕਣ।

# ਚੋਣਾਂ ਨੇੜੇ ਵੇਖ ਸਿੱਖਾਂ ਵੱਲ ਮੋਦੀ ਸਰਕਾਰ ਦੀ ਨਜ਼ਰ ਹੋਈ ਸਵੱਲੀ

**ਚੰਡੀਗੜ੍ਹ:** ਆਉਂਦੇ ਵਰ੍ਹੇ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪੰਜਾਬ ਤੇ ਸਿੱਖਾਂ ਵੱਲ ਮੋਦੀ ਸਰਕਾਰ ਦੀ ਨਜ਼ਰ ਵੀ ਸਵੱਲੀ ਹੋ ਗਈ ਜਾਪਦੀ ਹੈ। ਕੇਂਦਰ ਸਰਕਾਰ ਨੇ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਵੱਡੇ ਪੱਧਰ 'ਤੇ ਮਨਾਉਣ ਦੇ ਨਾਲ ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਪਾਕਿਸਤਾਨ ਨਾਲ ਗੱਲ ਕਰਨ ਤੇ ਸੁਲਤਾਨਪੁਰ ਲੋਧੀ ਸ਼ਹਿਰ ਨੂੰ ਸਮਾਰਟ ਸਿਟੀ ਦੇ ਮਾਪਦੰਡਾਂ ਦੇ ਹਿਸਾਬ ਨਾਲ ਵਿਰਾਸਤੀ ਸ਼ਹਿਰ ਵਜੋਂ ਵਿਕਸਤ ਕਰਨ ਸਬੰਧੀ ਕਈ ਵੱਡੇ ਫੈਸਲੇ ਕੀਤੇ।

ਕੇਂਦਰੀ ਮੰਤਰੀ ਮੰਡਲ ਦੀ ਬੈਠਕ ਵਿਚ ਪਾਕਿਸਤਾਨ ਵਿਚ ਪੈਂਦੇ ਗੁਰੂ ਨਾਨਕ ਦੇਵ ਨਾਲ ਸਬੰਧਤ ਅਸਥਾਨ ਕਰਤਾਰਪੁਰ ਸਾਹਿਬ ਲਈ ਭਾਰਤ ਦੇ ਡੇਰਾ ਬਾਬਾ ਨਾਨਕ ਤੋਂ ਵਿਸ਼ੇਸ਼ ਗਲਿਆਰਾ ਉਸਾਰਨ ਦਾ ਮਤਾ ਪਾਸ ਕਰ ਦਿੱਤਾ। ਇਸ ਤੋਂ ਪਹਿਲਾਂ ਕਰਤਾਰਪੁਰ ਸਾਹਿਬ ਲਾਂਘੇ ਬਾਰੇ ਪਾਕਿਸਤਾਨ ਨੇ ਪਹਿਲ ਕੀਤੀ ਪਰ ਭਾਰਤ ਨੇ ਦਹਿਸ਼ਤੀ ਹਮਲੇ ਹੋਣ ਕਾਰਨ ਸੰਯੁਕਤ ਰਾਸ਼ਟਰ ਵਿਚ ਦੋਵਾਂ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੀ ਬੈਠਕ ਰੱਦ ਕਰ ਦਿੱਤੀ, ਜਿਸ 'ਚ ਇਹ ਮੁੱਦਾ ਵਿਚਾਰਿਆ ਜਾਣਾ ਸੀ। ਹੁਣ ਕੇਂਦਰ ਸਰਕਾਰ ਨੇ ਪਾਕਿਸਤਾਨ ਕੋਲ ਖ਼ੁਦ ਕਰਤਾਰਪੁਰ ਸਾਹਿਬ ਲਾਂਘੇ ਦਾ ਮੁੱਦਾ ਚੁੱਕਣ ਫੈਸਲਾ ਉਦੋਂ ਲਿਆ ਗਿਆ ਹੈ ਜਦ ਦੇਸ਼ ਦੀ ਪਾਕਿਸਤਾਨ ਨਾਲ ਗੱਲਬਾਤ ਬਿਲਕੁਲ ਠੱਪ ਹੈ ਤੇ ਪੰਜਾਬ ਵਿਚ ਵੀ ਤਾਜ਼ਾ ਹੋਏ ਅੰਮ੍ਰਿਤਸਰ ਗ੍ਰਨੇਡ ਹਮਲੇ ਪਿੱਛੇ ਪਾਕਿਸਤਾਨ ਦਾ ਹੱਥ ਹੋਣ ਦਾ ਖੁਲਾਸਾ ਹੋਇਆ ਹੈ। ਜ਼ਾਹਰ ਹੈ ਕਿ ਆਉਂਦੇ ਸਾਲ ਲੋਕ ਸਭਾ ਚੋਣਾਂ ਦੀਆਂ ਭਵਿੱਖ ਵਾਣੀਆਂ



ਤੋਂ ਪਾਰਟੀ ਦੇ ਡਿੱਗਦੇ ਗ੍ਰਾਫ ਤੋਂ ਭਾਜਪਾ ਚਿੰਤਾ ਵਿਚ ਹੈ ਤੇ ਉਹ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਵੱਸਦੇ ਸਿੱਖਾਂ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਵਿਚ ਹੈ।

ਇਸ ਦਾ ਇਕ ਪੱਖ ਇਹ ਵੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਕੇਂਦਰ ਕੋਲ ਇਸ ਮਸਲੇ 'ਤੇ ਕਈ ਵਾਰ ਪਹੁੰਚ ਕਰ ਚੁੱਕਾ ਹੈ ਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵੀ ਇਸ ਬੈਠਕ ਵਿਚ ਹਾਜ਼ਰ ਸਨ। ਬਾਬੇ ਨਾਨਕ ਦੇ ਸ਼ਤਾਬਦੀ ਸਮਾਗਮਾਂ ਸਹਾਰੇ ਅਕਾਲੀ ਦਲ ਵੀ ਪੰਜਾਬ ਵਿਚ ਆਪਣੀ ਡੁੱਬਦੀ ਬੇੜੀ ਨੂੰ ਪਾਰ ਲਾਉਣਾ ਚਾਹੁੰਦਾ ਹੈ। ਇਸ ਦੇ ਨਾਲ ਹੀ ਕਰਤਾਰਪੁਰ ਲਾਂਘੇ ਬਾਰੇ ਪਾਕਿਸਤਾਨ ਦੀ ਰਜ਼ਾਮੰਦੀ ਦਾ ਐਲਾਨ ਕਰਨ ਵਾਲੇ ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਦਾਅਵੇ ਨੂੰ ਵੀ ਸਮਾਂ ਹੋ ਗਿਆ ਹੈ, ਜਿਸ ਦੀ ਭਰਪੂਰ ਵਰਤੋਂ ਦੋਵੇਂ ਭਾਈਵਾਲ ਪਾਰਟੀਆਂ ਕਰਨਾ ਚਾਹੁਣਗੀਆਂ।

ਕੈਬਨਿਟ ਦੀ ਬੈਠਕ ਵਿਚ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਪੂਰੇ ਦੇਸ਼ ਤੇ ਦੁਨੀਆਂ ਵਿਚ ਸਮਾਗਮ ਕਰਵਾਉਣ ਦਾ ਫੈਸਲਾ ਵੀ ਲਿਆ ਗਿਆ ਹੈ। ਕੇਂਦਰ ਸਰਕਾਰ ਇਸ ਸਬੰਧੀ ਕਮੇਟੀ ਵੀ ਬਣਾ ਚੁੱਕੀ ਹੈ, ਜੋ ਪੰਜਾਬ ਸਰਕਾਰ ਤੇ ਐਸ.ਜੀ.ਪੀ.ਸੀ. ਨਾਲ ਤਾਲਮੇਲ ਕਰ ਕੇ ਸਮਾਗਮਾਂ ਦੀ ਵਿਉਂਤਬੰਦੀ ਉਲੀਕ ਰਹੀ ਹੈ। ਮੋਦੀ ਸਰਕਾਰ ਨੇ ਗੁਰੂ ਨਾਨਕ ਦੇਵ ਜੀ ਦੇ ਨਾਲ ਸਬੰਧਤ ਕਪੂਰਥਲਾ ਜ਼ਿਲ੍ਹੇ 'ਚ ਪੈਂਦੇ ਇਤਿਹਾਸਕ ਸ਼ਹਿਰ ਸੁਲਤਾਨਪੁਰ ਲੋਧੀ ਨੂੰ ਵਿਰਾਸਤੀ ਸ਼ਹਿਰ ਵਜੋਂ ਵਿਕਸਤ ਕਰਨ, 'ਪਿੰਡ ਬਾਬੇ ਨਾਨਕ ਦਾ' ਨਾਂ ਹੇਠ ਵਿਰਾਸਤੀ ਕੰਪਲੈਕਸ ਅਤੇ ਸ਼ਰਧਾਲੂਆਂ ਲਈ ਵਿਸ਼ੇਸ਼ ਰੇਲ ਸ਼ੁਰੂ ਕਰਨ ਦੇ ਫੈਸਲੇ ਕੀਤੇ ਹਨ।

## ਮੋਦੀ ਸਰਕਾਰ ਨੇ ਇਕ ਦਿਨ ਵਿਚ ਹੀ ਬਦਲ ਲਿਆ ਟੈਲੀਸਕੋਪ ਲਾਉਣ ਵਾਲਾ ਫੈਸਲਾ

**ਚੰਡੀਗੜ੍ਹ:** ਭਾਰਤ ਸਰਕਾਰ ਨੇ ਸਿੱਖਾਂ ਦੀ ਚਿਰੋਕਣੀ ਮੰਗ ਪੂਰੀ ਕਰਦਿਆਂ ਕਰਤਾਰਪੁਰ ਸਾਹਿਬ ਲਾਂਘੇ ਦੀ ਉਸਾਰੀ ਸ਼ੁਰੂ ਕਰਨ ਲਈ ਪਹਿਲਕਦਮੀ ਕੀਤੀ ਹੈ। ਹਾਲਾਂਕਿ, ਮੋਦੀ ਸਰਕਾਰ ਨੇ ਇਸ ਐਲਾਨ ਤੋਂ ਦੋ ਦਿਨ ਪਹਿਲਾਂ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਭਾਰਤ ਵਾਲੇ ਡੇਰਾ ਬਾਬਾ ਨਾਨਕ ਵਿਖੇ ਬਣਾਏ ਵਿਸ਼ੇਸ਼ ਦਰਸ਼ਨ ਸਥਾਨ 'ਤੇ ਨਵੇਂ ਟੈਲੀਸਕੋਪ ਲਾਉਣ ਦੀ ਗੱਲ ਕਰ ਰਹੀ ਸੀ, ਪਰ ਅਚਾਨਕ ਸਰਕਾਰ ਨੇ ਬੇਹੱਦ ਨਰਮਾਈ ਦਿਖਾਉਂਦਿਆਂ ਕਰਤਾਰਪੁਰ ਸਾਹਿਬ ਦੇ ਲਾਂਘੇ ਦੀ ਉਸਾਰੀ ਕਰਵਾਉਣ ਨੂੰ ਹਰੀ ਝੰਡੀ ਦੇ ਦਿੱਤੀ ਹੈ। ਉਧਰ, ਪਾਕਿਸਤਾਨ ਨੇ ਵੀ ਆਪਣੇ ਖਿੱਤੇ ਵਿਚ ਗਲਿਆਰੇ ਦੀ ਉਸਾਰੀ ਲਈ ਨੀਂਹ ਪੱਥਰ ਰੱਖਣ ਦਾ ਐਲਾਨ ਕਰ ਦਿੱਤਾ।

ਪਾਕਿਸਤਾਨ ਦੀ ਇਮਰਾਨ ਖਾਨ ਸਰਕਾਰ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਕਰਤਾਰਪੁਰ ਸਾਹਿਬ ਦੇ ਗਲਿਆਰੇ ਦੀ ਉਸਾਰੀ ਸ਼ੁਰੂ ਕਰਵਾਉਣ ਸਬੰਧੀ ਪਹਿਲਾਂ ਹੀ ਭਾਰਤ ਸਰਕਾਰ ਨੂੰ ਸੂਚਿਤ ਕਰ ਦਿੱਤਾ ਸੀ, ਪਰ ਤਰੀਕ ਤੈਅ ਨਾ ਹੋਣ ਕਾਰਨ ਐਲਾਨ ਨਹੀਂ ਸੀ ਕੀਤਾ। ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਦੇ ਦਾਅਵੇ ਮੁਤਾਬਕ ਪਾਕਿਸਤਾਨ ਸਰਕਾਰ ਪਹਿਲਾਂ ਹੀ ਇਸ ਗਲਿਆਰੇ ਦੀ ਉਸਾਰੀ ਲਈ ਤਿਆਰ ਸੀ ਅਤੇ ਉਹ ਵਾਰ-ਵਾਰ ਭਾਰਤ ਸਰਕਾਰ ਨੂੰ ਅਪੀਲ ਕਰਦੇ ਰਹੇ। ਪਰ ਸਿੱਧੂ ਵੱਲੋਂ ਚੁੱਕਿਆ ਮੁੱਦਾ ਉਨ੍ਹਾਂ ਦੀ ਪਾਕਿਸਤਾਨ ਫੌਜ ਮੁਖੀ ਜਾਵੇਦ ਕਮਰ ਬਾਜਵਾ ਨੂੰ ਪਾਈ ਜੱਫੀ ਦੀ ਭੇਟ ਚੜ੍ਹ ਗਿਆ। ਅੱਗੇ ਭਾਰਤ ਨੇ ਵੀ ਅਤਿਵਾਦੀ ਗਤੀਵਿਧੀਆਂ ਕਾਰਨ ਸੰਯੁਕਤ ਰਾਸ਼ਟਰ ਵਿਚ ਹੋਣ ਵਾਲੀ ਦੋਵਾਂ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਦੀ ਬੈਠਕ ਨੂੰ ਰੱਦ ਕਰ ਦਿੱਤਾ ਤੇ ਮਾਮਲਾ ਠੰਢੇ ਬਸਤੇ ਵਿਚ ਪੈ ਗਿਆ।

ਹੁਣ ਅਚਾਨਕ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੇ ਅੱਗੜ-ਪਿੱਛੜ ਐਲਾਨ ਕਰ ਕੇ ਕਰਤਾਰਪੁਰ ਸਾਹਿਬ ਦੇ ਮਸਲੇ 'ਤੇ ਸਿੱਖਾਂ ਦੇ ਮਨਾਂ ਨੂੰ ਕਾਫੀ ਠੰਢਕ ਪਹੁੰਚਾ ਦਿੱਤੀ ਹੈ। ਆਉਂਦਾ ਸਾਲ ਗੁਰੂ ਨਾਨਕ ਦੇਵ ਜੀ ਨੂੰ ਸਮਰਪਤ ਕਰਨ ਲਈ ਸਿੱਖ ਸੰਸਥਾਵਾਂ ਤੇ ਪੰਜਾਬ ਦੇ ਨਾਲ-ਨਾਲ ਭਾਰਤ ਸਰਕਾਰ ਵੀ ਪੱਬਾਂ ਭਾਰ ਹੋਈ ਹੋਈ ਹੈ। ਕਾਰਨ ਸਾਫ ਹੈ ਕਿ ਆਉਂਦੇ ਵਰ੍ਹੇ ਲੋਕ ਸਭਾ ਚੋਣਾਂ ਦੌਰਾਨ ਐਨ.ਡੀ.ਏ. ਸਰਕਾਰ ਸੱਤਾ 'ਤੇ ਮੁੜ ਕਾਬਜ਼ ਹੋਣ ਅਤੇ ਪੰਜਾਬ ਵਿਚ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਦੀ ਡੁੱਬਦੀ ਬੇੜੀ ਪਾਰ ਲਾਉਣ ਲਈ, ਦੋਵਾਂ ਪਾਸੇ ਇਹ ਕਦਮ ਸਹਾਈ ਸਿੱਧ ਹੋਵੇਗਾ।

# ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਮਾਗਮ ਸ਼ੁਰੂ

## ਸਰਕਾਰ ਵੱਲੋਂ 150 ਕਰੋੜ ਦੀ ਲਾਗਤ ਵਾਲੇ 26 ਪ੍ਰਾਜੈਕਟਾਂ ਦੇ ਨੀਂਹ ਪੱਥਰ

**ਸੁਲਤਾਨਪੁਰ ਲੋਧੀ:** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਤੱਕ ਪੂਰਾ ਸਾਲ ਭਰ ਲਈ ਚੱਲਣ ਵਾਲੇ ਸਮਾਗਮਾਂ ਅਤੇ ਵਿਕਾਸ ਪ੍ਰੋਜੈਕਟਾਂ ਦੀ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਗੁਰੂ ਸਾਹਿਬ ਦੇ 549ਵੇਂ



ਪ੍ਰਕਾਸ਼ ਪੁਰਬ 'ਤੇ ਰਸਮੀ ਸ਼ੁਰੂਆਤ ਕਰ ਦਿੱਤੀ ਹੈ। ਉਨ੍ਹਾਂ ਨੇ ਪੰਜਾਬ ਦੇ ਰਾਜਪਾਲ ਵੀ.ਪੀ. ਸਿੰਘ ਬਦਨੌਰ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਾਲ ਸਾਂਝੇ ਤੌਰ 'ਤੇ 150 ਕਰੋੜ ਦੀ ਲਾਗਤ ਵਾਲੇ 26 ਪ੍ਰੋਜੈਕਟਾਂ ਦੇ ਨੀਂਹ ਪੱਥਰ ਵੀ ਸਟੇਜ ਤੋਂ ਬਟਨ ਦੱਬ ਕੇ ਰੱਖੇ।

ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਸਮੂਹ ਸੰਗਤਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਦੇਸ਼ ਨੂੰ ਫਿਰਕੂ ਲੀਹਾਂ 'ਤੇ ਵੰਡਣ ਦੀ ਕੀਤੀ ਜਾ ਰਹੀ ਕੋਸ਼ਿਸ਼ ਤੋਂ ਲੋਕ ਸੁਚੇਤ ਰਹਿਣ। ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਸਾਲ 2019 'ਚ ਆ ਰਹੇ 550ਵੇਂ ਪ੍ਰਕਾਸ਼ ਪੁਰਬ ਨੂੰ ਜਾਤ, ਰੰਗ, ਨਸਲ ਤੇ ਧਰਮ ਤੋਂ ਉੱਪਰ ਉਠ ਕੇ ਸਾਲ ਭਰ ਚੱਲਣ ਵਾਲੇ ਸਮਾਗਮਾਂ ਵਿਚ ਪੂਰੇ ਉਤਸ਼ਾਹ ਤੇ ਚਾਅ ਨਾਲ ਸ਼ਾਮਲ ਹੋਣ। ਉਨ੍ਹਾਂ ਕਿਹਾ ਕਿ ਫਿਰਕਾਪ੍ਰਸਤੀ ਤੇ ਨਫਰਤ ਦੀਆਂ ਸੌੜੀਆਂ ਵਲਗਣਾਂ ਤੋਂ ਉੱਪਰ ਉਠ ਕੇ ਅਜਿਹੇ ਸਮਾਗਮ ਮਨਾਉਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿਖਿਆਵਾਂ ਅੱਜ ਵੀ ਪੂਰੀ ਤਰ੍ਹਾਂ ਪ੍ਰਸੰਗਕ ਹਨ। ਆਪਣੇ ਭਾਸ਼ਣ ਵਿਚ ਉਨ੍ਹਾਂ ਨੇ ਗੁਰਬਾਣੀ ਦੇ ਢੁਕਵੇਂ ਹਵਾਲਿਆਂ ਦੇ ਨਾਲ ਬਾਬੇ ਨਾਨਕ ਦੇ ਅਸਲ ਸੁਨੇਹੇ ਨੂੰ ਲੋਕਾਂ ਤੱਕ ਪਹੁੰਚਾਉਣ ਦੀ ਅਪੀਲ ਕੀਤੀ।

ਇਸ ਮੌਕੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਰਤਾਰਪੁਰ ਲਈ ਲਾਂਘੇ ਨੂੰ ਖੋਲ੍ਹੇ ਜਾਣ ਦੇ ਕੇਂਦਰ ਸਰਕਾਰ ਵੱਲੋਂ ਕੀਤੇ ਫੈਸਲੇ ਦਾ ਸਵਾਗਤ ਕਰਦਿਆਂ ਪੰਜਾਬ ਦੇ ਲੋਕਾਂ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕੀਤਾ। ਮੁੱਖ ਮੰਤਰੀ ਨੇ ਪਾਕਿਸਤਾਨ ਵੱਲੋਂ ਭਰੇ ਹੁੰਗਾਰੇ ਲਈ ਉਥੋਂ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦਾ ਵੀ ਧੰਨਵਾਦ ਕੀਤਾ। ਉਨ੍ਹਾਂ ਯਕੀਨ ਦੁਆਇਆ ਕਿ ਪੰਜਾਬ ਸਰਕਾਰ ਇਸ ਪ੍ਰੋਜੈਕਟ ਨੂੰ ਸਮੇਂ ਸਿਰ ਮੁਕੰਮਲ ਕਰਨ ਲਈ ਪੂਰੀ ਤਨਦੇਹੀ ਨਾਲ ਕੰਮ ਕਰੇਗੀ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਵਿਕਾਸ ਕਾਰਜਾਂ ਲਈ ਪੈਸੇ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਆਪਣੀ ਸਰਕਾਰ ਵੱਲੋਂ ਇਹ ਸਮਾਰੋਹ ਸ਼ਾਨਦਾਰ ਢੰਗ ਨਾਲ ਮਨਾਉਣ ਦਾ ਵਾਅਦਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਆਪਣੇ ਆਪ ਨੂੰ ਖੁਸ਼ਕਿਸਮਤ ਸਮਝਦੀ ਹੈ ਕਿਉਂਕਿ ਉਸ ਨੂੰ ਇਹ ਇਤਿਹਾਸਕ ਸਮਾਰੋਹ ਮਨਾਉਣ ਦਾ ਮੌਕਾ ਮਿਲਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਇਹ ਸਮਾਰੋਹ ਗੈਰ-ਸਿਆਸੀ ਅਤੇ ਬਗੈਰ ਪੱਖਪਾਤ ਤੋਂ ਮਨਾਵੇਗੀ। ਉਨ੍ਹਾਂ ਨੇ ਪ੍ਰਕਾਸ਼ ਪੁਰਬ ਸਮਾਰੋਹ ਮਨਾਉਣ ਲਈ ਸਭਨਾਂ ਲੋਕਾਂ ਨੂੰ ਸਿਆਸੀ ਅਤੇ ਹੋਰ ਵਖਰੇਵੇਂ ਛੱਡ ਕੇ ਇਕਜੁੱਟ ਹੋਣ ਦੀ ਅਪੀਲ ਕੀਤੀ ਹੈ। ਪੰਜਾਬ ਦੇ ਰਾਜਪਾਲ ਵੀ.ਪੀ. ਸਿੰਘ ਬਦਨੌਰ ਵੀ ਸਾਲ ਭਰ ਚੱਲਣ ਵਾਲੇ ਸਮਾਰੋਹਾਂ ਦੀ ਸ਼ੁਰੂਆਤ ਮੌਕੇ ਹਾਜ਼ਰ ਸਨ ਅਤੇ ਉਨ੍ਹਾਂ ਨੇ ਦਿੱਲੀ ਅਧਾਰਤ ਨੈਸ਼ਨਲ ਇੰਸਟੀਚਿਊਟ ਆਫ ਪੰਜਾਬ ਸਟੱਡੀਜ਼ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਦੀ ਇਤਿਹਾਸ ਨੂੰ ਮੂਰਤੀਮਾਨ ਕਰਦੀ ਪ੍ਰਦਰਸ਼ਨੀ 'ਰਬਾਬ ਤੋਂ ਨਗਾੜਾ' ਦਾ ਉਦਘਾਟਨ ਵੀ ਕੀਤਾ।

### ਪ੍ਰਕਾਸ਼ ਪੁਰਬ ਕੌਮੀ ਪੱਧਰ 'ਤੇ ਮਨਾਵਾਂਗੇ: ਮੋਦੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਸਾਲ ਭਰ ਮਨਾਉਣ ਦਾ ਐਲਾਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਗੁਰੂ ਨਾਨਕ ਦੇਵ ਨਾਲ ਜੁੜੇ ਪਵਿੱਤਰ ਸਥਾਨਾਂ ਦੇ ਮਾਰਗ ਉਤੇ ਰੇਲ ਗੱਡੀ ਵੀ ਚਲਾਈ ਜਾਵੇਗੀ। ਸ੍ਰੀ ਮੋਦੀ ਆਕਾਸ਼ਵਾਣੀ ਉਤੇ 'ਮਨ ਕੀ ਬਾਤ' ਰਾਹੀਂ ਸਰੋਤਿਆਂ ਨਾਲ ਰੂ-ਬਰੂ ਹੋ ਰਹੇ ਸਨ। ਉਨ੍ਹਾਂ ਰੇਡੀਓ ਪ੍ਰੋਗਰਾਮ 'ਮਨ ਕੀ ਬਾਤ' ਦੇ 50 ਐਪੀਸੋਡ ਪੂਰੇ ਹੋਣ 'ਤੇ ਲੋਕਾਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ 23 ਨਵੰਬਰ ਨੂੰ ਸਾਰਿਆਂ ਨੇ ਗੁਰੂ ਨਾਨਕ ਦੇਵ ਦਾ ਪ੍ਰਕਾਸ਼ ਪੁਰਬ ਮਨਾਇਆ ਤੇ 2019 'ਚ ਪ੍ਰਥਮ ਪਾਤਸ਼ਾਹ ਦਾ 550ਵਾਂ ਜਨਮ ਦਿਨ ਮਨਾਉਣ ਜਾ ਰਹੇ ਹਾਂ।

### ਨਨਕਾਣਾ ਸਾਹਿਬ 'ਚ ਅਲੌਕਿਕ ਨਗਰ ਕੀਰਤਨ ਸਜਾਇਆ

**ਅੰਮ੍ਰਿਤਸਰ:** ਪਾਕਿਸਤਾਨ ਸਥਿਤ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 549ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣ ਉਪਰੰਤ ਵਿਸ਼ਾਲ ਤੇ ਅਲੌਕਿਕ ਨਗਰ ਕੀਰਤਨ ਸਜਾਇਆ ਗਿਆ। ਨਗਰ ਕੀਰਤਨ ਆਰੰਭ ਕੀਤੇ ਜਾਣ ਤੋਂ ਪਹਿਲਾਂ ਲਾਹੌਰ ਤੋਂ ਗੁਰੂ ਘਰ ਦੇ ਸ਼ਰਧਾਲੂ ਸਈਅਦ ਜ਼ਮੀਲ ਅੱਬਾਸ ਸ਼ਾਹ ਵੱਲੋਂ ਗੁਰਦੁਆਰਾ ਜਨਮ ਅਸਥਾਨ ਤੋਂ ਗੁਰਦੁਆਰਾ ਕਿਆਰਾ ਸਾਹਿਬ ਦੇ ਲਗਭਗ ਡੇਢ ਕਿਲੋਮੀਟਰ ਦੇ ਨਗਰ ਕੀਰਤਨ ਦੇ ਰਸਤੇ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਸਵਾਰੀ ਲਈ ਲਾਲ ਗਲੀਚਾ ਵਿਛਾਏ ਗਏ।

ਇਹ ਨਗਰ ਕੀਰਤਨ ਖਾਲਸਾਈ ਸ਼ਾਨੋ-ਸ਼ੌਕਤ ਤੇ 'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਨਾਲ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਤੋਂ ਰਵਾਨਾ ਹੋ ਕੇ ਗੁਰਦੁਆਰਾ ਪੱਟੀ ਸਾਹਿਬ, ਗੁਰਦੁਆਰਾ ਤੰਬੂ ਸਾਹਿਬ, ਗੁਰਦੁਆਰਾ ਪੰਜਵੀਂ-ਛੇਵੀਂ ਪਾਤਸ਼ਾਹੀ ਅਤੇ ਗੁਰਦੁਆਰਾ ਮਾਲ ਜੀ ਸਾਹਿਬ ਤੋਂ ਹੁੰਦਾ ਹੋਇਆ ਗੁਰਦੁਆਰਾ ਕਿਆਰਾ ਸਾਹਿਬ ਵਿਖੇ ਪੁੱਜਾ।

## ਚੜ੍ਹਿਆ ਸੋਧਣਿ ਧਰਤਿ ਲੁਕਾਈ...

### ਬਾਬੇ ਨਾਨਕ ਵੱਲੋਂ 24 ਸਾਲਾਂ 'ਚ 28 ਹਜ਼ਾਰ ਕਿਲੋਮੀਟਰ ਦੀ ਪੈਦਲ ਯਾਤਰਾ

**ਅੰਮ੍ਰਿਤਸਰ:** ਸ੍ਰੀ ਗੁਰੂ ਨਾਨਕ ਦੇਵ ਜੀ ਨੇ 24 ਸਾਲਾਂ ਵਿਚ ਦੋ ਉਪ ਮਹਾਂਦੀਪਾਂ ਦੇ 60 ਪ੍ਰਮੁੱਖ ਸ਼ਹਿਰਾਂ ਦੀ ਪੈਦਲ ਯਾਤਰਾ ਕੀਤੀ। ਇਸ ਦੌਰਾਨ 28 ਹਜ਼ਾਰ ਕਿਲੋਮੀਟਰ ਦਾ ਸਫਰ ਤੈਅ ਕੀਤਾ। ਉਨ੍ਹਾਂ ਦੀਆਂ ਯਾਤਰਾਵਾਂ ਦਾ ਮਕਸਦ ਸਮਾਜ ਵਿਚ ਫੈਲੀ ਊਚ-ਨੀਚ, ਜਾਤ-ਪਾਤ, ਅੰਧ ਵਿਸ਼ਵਾਸ ਆਦਿ ਨੂੰ ਖਤਮ ਕਰ ਕੇ ਸਮਾਜ ਵਿਚ ਤਾਲਮੇਲ, ਸਮਾਨਤਾ ਕਾਇਮ ਕਰਨਾ ਸੀ। ਉਹ ਜਿਥੇ ਵੀ ਗਏ, ਇਕ ਪਰਮਾਤਮਾ ਦੀ ਗੱਲ ਕੀਤੀ ਅਤੇ ਸਭ ਨੂੰ ਉਸ ਦੀ ਸੰਤਾਨ ਦੱਸਿਆ। ਉਨ੍ਹਾਂ ਦੀਆਂ ਇਹ ਯਾਤਰਾਵਾਂ ਅੱਜ ਵੀ ਕਈ ਮਸਲਿਆਂ ਨੂੰ ਹੱਲ ਕਰਨ ਦਾ ਰਾਹ ਦੱਸਦੀਆਂ ਹਨ। ਇਨ੍ਹਾਂ ਯਾਤਰਾਵਾਂ ਦੌਰਾਨ ਗੁਰੂ ਜੀ ਨੂੰ ਰਸਤੇ ਵਿਚ ਜਿਹੜੇ ਰਿਆਸਤਾਂ ਦੇ ਰਾਜੇ ਜਾਂ ਬਾਦਸ਼ਾਹ ਮਿਲੇ ਉਨ੍ਹਾਂ ਨੂੰ ਇਹੀ ਗੱਲਾਂ ਸਮਝਾਈਆਂ।



**ਪਹਿਲੀ ਉਦਾਸੀ:** ਗੁਰੂ ਜੀ ਆਪਣੀ ਪਹਿਲੀ ਉਦਾਸੀ ਦੌਰਾਨ ਪੰਜਾਬ ਤੋਂ ਹਰਿਆਣਾ, ਉਤਰਾਖੰਡ, ਦਿੱਲੀ, ਉੱਤਰ ਪ੍ਰਦੇਸ਼, ਬਿਹਾਰ, ਨੇਪਾਲ, ਸਿੱਕਮ, ਭੂਟਾਨ, ਢਾਕਾ, ਅਸਮ, ਨਾਗਾਲੈਂਡ, ਤ੍ਰਿਪੁਰਾ, ਚਟਗਾਂਵ ਤੋਂ ਹੁੰਦੇ ਹੋਏ ਬਰਮਾ (ਮੀਆਂਮਾਰ) ਪਹੁੰਚੇ ਸਨ। ਉਥੋਂ ਦੀ ਉਹ ਉੜੀਸਾ, ਛੱਤੀਸਗੜ੍ਹ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼ ਅਤੇ ਹਰਿਆਣਾ ਤੋਂ ਹੁੰਦੇ ਹੋਏ ਵਾਪਸ ਪਰਤੇ। ਪਹਿਲੀ ਉਦਾਸੀ ਵੇਲੇ ਗੁਰੂ ਜੀ ਦੀ ਉਮਰ 31 ਸਾਲ ਸੀ। 1500 ਤੋਂ 1506 ਤੱਕ, ਕੁੱਲ 7 ਸਾਲ ਦੀ ਯਾਤਰਾ ਕੀਤੀ ਤੇ 8,169 ਕਿਲੋਮੀਟਰ ਦਾ ਸਫਰ ਤੈਅ ਕੀਤਾ।

**ਦੂਜੀ ਉਦਾਸੀ:** ਗੁਰੂ ਜੀ ਨੇ ਦੂਜੀ ਉਦਾਸੀ ਕਰਤਾਰਪੁਰ ਤੋਂ ਸ਼ੁਰੂ ਕੀਤੀ ਤੇ 8,169 ਕਿਲੋਮੀਟਰ ਦਾ ਸਫਰ ਤੈਅ ਕੀਤਾ। ਉਸ ਵੇਲੇ ਗੁਰੂ ਜੀ ਦੀ ਉਮਰ 37 ਸਾਲ ਸੀ। ਸੰਨ 1506 ਤੋਂ 1513 ਤੱਕ, ਕੁੱਲ 7 ਸਾਲ ਦੀ ਯਾਤਰਾ ਕੀਤੀ। ਦੂਜੀ ਉਦਾਸੀ ਦੌਰਾਨ ਗੁਰੂ ਜੀ ਨੇ ਪੱਛਮੀ ਪੰਜਾਬ (ਪਾਕਿਸਤਾਨ), ਸਿੰਧ, ਸਮੁੰਦਰੀ ਕੰਢੇ ਦੇ ਇਲਾਕਿਆਂ ਵਿਚੋਂ ਘੁੰਮਦੇ ਹੋਏ ਗੁਜਰਾਤ, ਮਹਾਰਾਸ਼ਟਰ, ਕੇਰਲ, ਤਾਮਿਲਨਾਡੂ ਤੇ ਮੈਦਾਨੀ ਇਲਾਕਿਆਂ ਵਿਚੋਂ ਹੁੰਦੇ ਹੋਏ ਸ੍ਰੀਲੰਕਾ ਪਹੁੰਚੇ ਅਤੇ ਫਿਰ ਤਾਮਿਲਨਾਡੂ, ਆਂਧਰਾ ਪ੍ਰਦੇਸ਼, ਉੜੀਸਾ, ਕਰਨਾਟਕ, ਮਹਾਰਾਸ਼ਟਰ, ਮੱਧ ਪ੍ਰਦੇਸ਼, ਰਾਜਸਥਾਨ, ਹਰਿਆਣਾ ਹੁੰਦੇ ਹੋਏ ਵਾਪਸ ਪਰਤੇ।

**ਤੀਜੀ ਉਦਾਸੀ:** ਤੀਸਰੀ ਉਦਾਸੀ ਸੁਲਤਾਨਪੁਰ ਲੋਧੀ ਤੋਂ ਸ਼ੁਰੂ ਕੀਤੀ। ਉਸ ਵੇਲੇ ਉਮਰ 45 ਸਾਲ ਸੀ। ਸੰਨ 1514 ਤੋਂ 1521 ਤੱਕ, ਕੁੱਲ ਪੰਜ ਸਾਲ ਦੀ ਯਾਤਰਾ ਕੀਤੀ ਤੇ 5,835 ਕਿਲੋਮੀਟਰ ਦਾ ਪੈਂਡਾ ਤੈਅ ਕੀਤਾ। ਤੀਸਰੀ ਉਦਾਸੀ ਵਿਚ ਗੁਰੂ ਜੀ ਹਰਿਆਣਾ, ਹਿਮਾਚਲ ਪ੍ਰਦੇਸ਼, ਤਿੱਬਤ (ਸੁਮੇਰ ਪਰਬਤ ਦਾ ਇਲਾਕਾ) ਹੁੰਦੇ ਹੋਏ ਲੇਹ-ਲੱਦਾਖ, ਕਸ਼ਮੀਰ, ਅਫ਼ਗਾਨਿਸਤਾਨ (ਕਾਬੁਲ), ਪੱਛਮੀ ਪੰਜਾਬ ਵਿਚੋਂ ਹੁੰਦੇ ਹੋਏ ਵਾਪਸ ਆਏ।

**ਚੌਥੀ ਉਦਾਸੀ:** ਗੁਰੂ ਨਾਨਕ ਦੇਵ ਜੀ ਆਪਣੀ ਚੌਥੀ ਉਦਾਸੀ ਦੌਰਾਨ ਮੁਲਤਾਨ, ਸਿੰਧ, ਬਲੋਚਿਸਤਾਨ, ਜੈਦਾ, ਮੱਕਾ ਪਹੁੰਚੇ ਅਤੇ ਮਦੀਨਾ, ਬਗ਼ਦਾਦ, ਖੁਰਮਾਬਾਦ, ਈਰਾਨ (ਇਥੇ ਉਨ੍ਹਾਂ ਦੇ ਸਾਥੀ ਮਰਦਾਨਾ ਦਾ ਦੇਹਾਂਤ ਹੋ ਗਿਆ ਸੀ), ਇਸਫਹਾਨ, ਕਾਬੁਲ, ਪੱਛਮੀ ਪੰਜਾਬ ਤੋਂ ਹੁੰਦੇ ਹੋਏ ਕਰਤਾਰਪੁਰ ਸਾਹਿਬ ਵਾਪਸ ਪਰਤੇ ਸਨ। ਇਸ ਦੌਰਾਨ ਗੁਰੂ ਜੀ ਨੇ 3,501 ਕਿਲੋਮੀਟਰ ਸਫਰ ਤੈਅ ਕੀਤਾ। ਇਸ ਵੇਲੇ ਗੁਰੂ ਜੀ ਦੀ ਉਮਰ 50 ਸਾਲ ਸੀ।

ਸੰਨ 1519 ਤੋਂ 1521 ਤੱਕ, ਕੁੱਲ ਤਿੰਨ ਸਾਲ ਦੀ ਯਾਤਰਾ ਕੀਤੀ। ਹਾਲਾਂਕਿ ਗੁਰੂ ਜੀ ਦੀ 54 ਸਾਲ ਦੀ ਉਮਰੇ ਪੰਜਵੀਂ ਉਦਾਸੀ ਬਾਰੇ ਵੀ ਕਈ ਇਤਿਹਾਸਕਾਰਾਂ ਨੇ ਦਾਅਵਾ ਕੀਤਾ ਹੈ। ਕਿਹਾ ਜਾਂਦਾ ਹੈ ਕਿ ਸੰਨ 1523 ਤੋਂ 1525 ਤੱਕ, ਕੁਲ ਦੋ ਸਾਲ ਗੁਰੂ ਜੀ ਨੇ ਯਾਤਰਾ ਕੀਤੀ ਤੇ 2,334 ਕਿਲੋਮੀਟਰ ਦਾ ਸਫਰ ਤੈਅ ਕੀਤਾ। ਇਸ ਉਦਾਸੀ ਦੇ ਪ੍ਰਮਾਣ ਦੀ ਕੋਈ ਪੁਸ਼ਟੀ ਨਹੀਂ ਹੈ, ਪਰ ਕੁਲਦੀਪ ਸਿੰਘ ਢਿੱਲੋਂ ਦੀ ਖੋਜ ਅਨੁਸਾਰ 5ਵੀਂ ਉਦਾਸੀ ਦੌਰਾਨ ਗੁਰੂ ਜੀ ਨੇ 2334 ਕਿਲੋਮੀਟਰ ਦਾ ਸਫਰ ਤੈਅ ਕੀਤਾ ਸੀ।

# ਕਰਤਾਰਪੁਰ ਤੇ ਕਰਤਾਰਪੁਰ ਸਥਿਤ ਗੁਰਦੁਆਰਾ ਦਰਬਾਰ ਸਾਹਿਬ ਦਾ ਇਤਿਹਾਸ

**ਚੰਡੀਗੜ੍ਹ:** ਕਰਤਾਰਪੁਰ ਲਾਂਘੇ ਸਬੰਧੀ ਚਰਚਾ ਛਿੜਨ ਨਾਲ ਭਾਰਤ ਅਤੇ ਪਾਕਿਸਤਾਨ ਦੇ ਲੋਕਾਂ ਵਿਚ ਕਰਤਾਰਪੁਰ ਅਤੇ ਕਰਤਾਰਪੁਰ ਸਥਿਤ ਗੁਰਦੁਆਰਾ ਦਰਬਾਰ ਸਾਹਿਬ ਦੇ ਇਤਿਹਾਸ ਸਬੰਧੀ ਜਾਣਕਾਰੀ ਹਾਸਲ ਕਰਨ ਲਈ ਵੀ ਉਤਸੁਕਤਾ ਵਧ ਗਈ ਹੈ। ਗੁਰੂ ਨਾਨਕ ਦੇਵ ਜੀ ਦਾ ਜਨਮ 1469 ਈਸਵੀ ਨੂੰ ਪਟਵਾਰੀ ਮਹਿਤਾ ਕਾਲੂ ਜੀ ਦੇ ਘਰ ਰਾਏਭੋਇੰ ਦੀ ਤਲਵੰਡੀ ਵਿਚ ਹੋਇਆ ਸੀ, ਜਿਸ ਨੂੰ ਬਾਅਦ ਵਿਚ ਨਨਕਾਣਾ ਸਾਹਿਬ ਦੇ ਨਾਂ ਨਾਲ ਜਾਣਿਆ ਗਿਆ।

ਬਚਪਨ ਦੇ 15 ਸਾਲ ਉਨ੍ਹਾਂ ਨੇ ਇਸ ਧਰਤੀ ਉਤੇ ਬਿਤਾਏ ਅਤੇ ਇਸ ਤੋਂ ਬਾਅਦ ਉਹ ਆਪਣੀ ਭੈਣ ਨਾਨਕੀ ਕੋਲ ਸੁਲਤਾਨਪੁਰ ਲੋਧੀ ਚਲੇ ਗਏ, ਜਿਥੇ ਲਗਭਗ ਉਹ 14-15 ਸਾਲ ਰਹੇ। ਇਸ ਤੋਂ ਬਾਅਦ 22 ਸਾਲਾਂ ਤੱਕ ਉਨ੍ਹਾਂ ਨੇ ਦੱਖਣੀ ਏਸ਼ੀਆ ਅਤੇ ਮੱਧ ਪੂਰਬ ਦੇ ਦੇਸ਼ਾਂ ਦੀ ਯਾਤਰਾ ਕੀਤੀ ਅਤੇ ਲੋਕਾਂ ਨੂੰ ਅਮਨ ਤੇ ਸਦਭਾਵਨਾ ਦਾ ਸੰਦੇਸ਼ ਦਿੱਤਾ। ਗੁਰੂ ਜੀ ਦੀਆਂ ਇਨ੍ਹਾਂ ਯਾਤਰਾਵਾਂ ਨੂੰ ਚਾਰ ਉਦਾਸੀਆਂ ਦੇ ਰੂਪ ਵਿਚ ਯਾਦ ਕੀਤਾ ਜਾਂਦਾ ਹੈ।

ਇਤਿਹਾਸ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਦੀ ਨੀਂਹ 1515 ਈ: ਵਿਚ ਰੱਖੀ ਸੀ ਅਤੇ 1522 ਵਿਚ ਉਨ੍ਹਾਂ ਨੇ ਇਸ ਥਾਂ 'ਤੇ ਆਪਣੇ ਮਾਤਾ-ਪਿਤਾ ਅਤੇ ਬੱਚਿਆਂ ਨੂੰ ਵੀ ਲੈ ਆਂਦਾ ਸੀ। ਇਤਿਹਾਸ ਅਨੁਸਾਰ ਕਰਤਾਰਪੁਰ ਦੇ ਇਸੇ ਸਥਾਨ 'ਤੇ ਗੁਰੂ ਨਾਨਕ ਦੇਵ ਜੀ ਨੇ ਖੇਤੀਬਾੜੀ ਕਰਨੀ ਆਰੰਭ ਦਿੱਤੀ ਅਤੇ ਵੱਡੀ ਗਿਣਤੀ ਵਿਚ ਸੰਗਤਾਂ ਦੂਰੋਂ-ਨੇੜਿਉਂ ਇਥੇ ਆਉਣ ਲੱਗ ਪਈਆਂ। ਸੁਬਹ-ਸਵੇਰੇ ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਜੀ ਬਾਣੀ ਦਾ ਕੀਰਤਨ ਕਰਦੇ ਸਨ ਅਤੇ ਉਸ ਤੋਂ ਬਾਅਦ ਖੇਤੀਬਾੜੀ ਦੇ ਕੰਮ ਵਿਚ ਰੁੱਝ ਜਾਂਦੇ ਸਨ।

ਹੌਲੀ-ਹੌਲੀ ਇਸ ਨਗਰ ਦੀ ਆਬਾਦੀ ਵਧਣ ਲੱਗ ਪਈ ਅਤੇ ਕੁਝ ਸੰਗਤਾਂ ਪੱਕੇ ਤੌਰ 'ਤੇ ਗੁਰੂ ਸਾਹਿਬ ਨਾਲ ਇਸ ਸਥਾਨ ਉਤੇ ਰਹਿਣ ਲੱਗ ਪਈਆਂ। 7 ਸਤੰਬਰ, 1539 ਨੂੰ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣਾ ਨੂੰ ਆਪਣਾ ਵਾਰਸ ਨਿਯੁਕਤ ਕਰ ਕੇ ਸਿੱਖੀ ਦੇ ਪ੍ਰਚਾਰ, ਪ੍ਰਸਾਰ ਦੀ ਸਾਰੀ ਜ਼ਿੰਮੇਵਾਰੀ ਉਨ੍ਹਾਂ ਨੂੰ ਸੰਭਾਲ ਦਿੱਤੀ ਅਤੇ 22 ਸਤੰਬਰ, 1539 ਨੂੰ ਇਸ ਸਥਾਨ 'ਤੇ ਗੁਰੂ ਨਾਨਕ ਦੇਵ ਜੀ ਅਕਾਲ ਚਲਾਣਾ ਕਰ ਗਏ।

ਇਹ ਗੁਰਦੁਆਰਾ ਸਾਹਿਬ ਡੇਰਾ ਬਾਬਾ ਨਾਨਕ ਤੋਂ 3 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ ਅਤੇ ਹੁਣ ਪਾਕਿਸਤਾਨ ਦੇ ਨਾਰੋਵਾਲ ਜ਼ਿਲ੍ਹੇ ਵਿਚ ਪੈਂਦਾ ਹੈ ਅਤੇ ਜੇਕਰ ਅਗਲੇ ਸਾਲ ਗੁਰੂ ਨਾਨਕ ਦੇਵ ਜੀ ਦੇ 550ਵੇਂ ਗੁਰ ਪੁਰਬ 'ਤੇ ਦੋਵਾਂ ਦੇਸ਼ਾਂ ਵਲੋਂ ਰਾਵੀ ਦਰਿਆ ਦੇ ਉੱਪਰ ਦੀ ਲਾਂਘੇ ਦੀ ਉਸਾਰੀ ਕਰ ਦਿੱਤੀ ਜਾਂਦੀ ਹੈ ਤਾਂ ਡੇਰਾ ਬਾਬਾ ਨਾਨਕ ਤੋਂ 20 ਮਿੰਟਾਂ ਵਿਚ ਸ਼ਰਧਾਲੂ ਗੁਰਦੁਆਰਾ ਕਰਤਾਰਪੁਰ ਪਹੁੰਚ ਕੇ ਇਸ ਇਤਿਹਾਸਕ ਅਸਥਾਨ ਦੇ ਦਰਸ਼ਨ ਕਰ ਸਕਣਗੇ।

### ਸੁਨੀਲ ਅਰੋੜਾ ਨਵੇਂ ਮੁੱਖ ਚੋਣ ਕਮਿਸ਼ਨਰ ਹੋਣਗੇ

**ਨਵੀਂ ਦਿੱਲੀ:** ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਸੁਨੀਲ ਅਰੋੜਾ ਨੂੰ ਨਵਾਂ ਮੁੱਖ ਚੋਣ ਕਮਿਸ਼ਨਰ ਥਾਪਿਆ ਹੈ। ਉਹ 2 ਦਸੰਬਰ ਨੂੰ ਅਹੁਦਾ ਸੰਭਾਲਣਗੇ। ਮੌਜੂਦਾ ਮੁੱਖ ਚੋਣ ਕਮਿਸ਼ਨਰ ਓ.ਪੀ ਰਾਵਤ ਇਸ ਹਫਤੇ ਸੇਵਾ ਮੁਕਤ ਹੋਣ ਜਾ ਰਹੇ ਹਨ।

## ਸ਼੍ਰੋਮਣੀ ਕਮੇਟੀ ਵੱਲੋਂ ਮਾਰਗ ਦੀ ਉਸਾਰੀ ਲਈ ਮੁੜ ਪੇਸ਼ਕਸ਼

**ਅੰਮ੍ਰਿਤਸਰ:** ਭਾਰਤ ਸਰਕਾਰ ਵੱਲੋਂ ਸਿੱਖਾਂ ਦੀ ਚਿਰੋਕਣੀ ਮੰਗ ਨੂੰ ਪੂਰਾ ਕਰਦਿਆਂ ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਲਾਂਘਾ ਤਿਆਰ ਕਰਨ ਦੇ ਕੀਤੇ ਗਏ ਫੈਸਲੇ ਦਾ ਸ਼੍ਰੋਮਣੀ ਕਮੇਟੀ ਨੇ ਸਵਾਗਤ ਕਰਦਿਆਂ ਇਹ ਲਾਂਘਾ ਉਸਾਰਨ ਦੀ ਮੁੜ ਪੇਸ਼ਕਸ਼ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਕੇਂਦਰ ਸਰਕਾਰ ਵੱਲੋਂ ਕੈਬਨਿਟ ਵਿਚ ਇਸ ਸਬੰਧੀ ਫੈਸਲਾ ਕੀਤਾ ਗਿਆ ਹੈ।

ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਪਹਿਲਾਂ ਵੀ ਇਸ ਲਾਂਘੇ ਵਾਸਤੇ ਮਾਰਗ ਉਸਾਰੀ ਦੀ ਪੇਸ਼ਕਸ਼ ਕਰ ਚੁੱਕੀ ਹੈ ਅਤੇ ਜੇਕਰ ਹੁਣ ਵੀ ਕੋਈ ਅੜਿੱਕਾ ਮਹਿਸੂਸ ਕੀਤਾ ਜਾਂਦਾ ਹੈ ਤਾਂ ਸ਼੍ਰੋਮਣੀ ਕਮੇਟੀ ਇਹ ਮਾਰਗ ਉਸਾਰੀ ਦੀ ਪੇਸ਼ਕਸ਼ ਦੁਹਰਾਉਂਦੀ ਹੈ। ਜੇਕਰ ਲੋੜ ਪਈ ਤਾਂ ਉਹ ਖੁਦ ਵਫਦ ਲੈ ਕੇ ਪਾਕਿਸਤਾਨ ਜਾਣਗੇ ਅਤੇ ਇਸ ਸਬੰਧੀ ਸਰਕਾਰ ਨਾਲ ਗੱਲਬਾਤ ਕਰਨਗੇ।

ਉਨ੍ਹਾਂ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਕੇਂਦਰੀ ਕਮੇਟੀ ਬਣਾਈ ਗਈ ਸੀ, ਜਿਸ ਵਿਚ ਸ਼੍ਰੋਮਣੀ ਕਮੇਟੀ ਵੀ ਨੁਮਾਇੰਦੇ ਵਜੋਂ ਸ਼ਾਮਲ ਸੀ। ਕੇਂਦਰੀ ਕਮੇਟੀ ਦੀ ਮੀਟਿੰਗ ਵਿਚ ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਅੱਠ-ਨੌਂ ਸੁਝਾਅ ਰੱਖੇ ਸਨ, ਜਿਨ੍ਹਾਂ ਵਿਚੋਂ ਲਗਭਗ ਸਾਰੇ ਹੀ ਮੋਦੀ ਸਰਕਾਰ ਨੇ ਕੈਬਨਿਟ ਮੀਟਿੰਗ ਵਿਚ ਪ੍ਰਵਾਨ ਕਰ ਲਏ ਹਨ।

# ਬਰਗਾੜੀ ਦੇ ਗੁਰਪੁਰਬ ਸਮਾਗਮ 'ਚ ਬੇਅਦਬੀ ਤੇ ਬਾਦਲਾਂ ਨੂੰ ਸਜ਼ਾ ਦਾ ਮੁੱਦਾ ਰਿਹਾ ਭਾਰੂ

**ਜੈਤੋ:** ਬਰਗਾੜੀ ਵਿਚ ਚੱਲ ਰਹੇ ਇਨਸਾਫ ਮੋਰਚੇ ਦੇ 178ਵੇਂ ਦਿਨ ਗੁਰੂ ਨਾਨਕ ਦੇਵ ਦੇ 550ਵੇਂ ਗੁਰਪੁਰਬ ਨਾਲ ਸਬੰਧਤ ਸਮਾਗਮ



ਹੋਇਆ। ਸਮਾਗਮ ਵਿਚ ਪਹੁੰਚੀਆਂ ਧਾਰਮਿਕ ਅਤੇ ਰਾਜਨੀਤਕ ਹਸਤੀਆਂ ਦੀਆਂ ਤਕਰੀਰਾਂ ਵਿਚ ਬੇਅਦਬੀ ਤੇ ਬਾਦਲਾਂ ਨੂੰ ਸਜ਼ਾ ਦਿਵਾਉਣ ਦਾ ਮੁੱਦਾ ਭਾਰੂ ਰਿਹਾ। ਪਿਛਲੇ ਦਿਨੀਂ ਬਾਦਲਾਂ ਦੇ ਦਿੱਲੀ ਸਥਿਤ ਨਿਵਾਸ 'ਤੇ ਹੋਏ ਗੁਰਪੁਰਬ ਸਮਾਗਮ ਨੂੰ ਲੈ ਕੇ ਬਹੁਤੇ ਬੁਲਾਰਿਆਂ ਨੇ ਸੁਆਲ ਵੀ ਉਠਾਏ।

ਸ੍ਰੀ ਅਕਾਲ ਤਖਤ ਦੇ ਮੁਤਵਾਜ਼ੀ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਸਮਾਗਮ ਦੀ ਸਮਾਪਤੀ ਮੌਕੇ ਖੁਲਾਸਾ ਕੀਤਾ ਕਿ ਸਿੱਖ ਕੌਮ ਨੇ ਕੇਸਰੀ ਝੰਡੇ ਹੇਠਾਂ ਇਕਮੁੱਠ ਹੋਣ ਦਾ ਮਾਰਿਆ ਹੰਭਲਾ ਤਸੱਲੀਬਖ਼ਸ਼ ਕਦਮ ਹੈ। ਉਨ੍ਹਾਂ ਖ਼ਲਕਤ ਨੂੰ ਸੁਨੇਹਾ ਦਿੱਤਾ ਕਿ ਸਿੱਖ ਕੌਮ ਸਰਬੱਤ ਦਾ ਭਲਾ ਮੰਗਣ ਅਤੇ ਸਭਨਾਂ ਨੂੰ ਪਿਆਰ ਕਰਨ ਵਾਲੀ ਕੌਮ ਹੈ। ਇਸ ਲਈ ਸਮੁੱਚੀ ਲੋਕਾਈ ਨੂੰ ਹਰ ਖੇਤਰ ਦੀ ਬਿਹਤਰੀ ਲਈ ਸਿੱਖ ਕੌਮ ਦਾ ਸਹਿਯੋਗ ਕਰਨਾ ਚਾਹੀਦਾ ਹੈ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਫਰਜ਼ੰਦ ਸੁਖਬੀਰ ਸਿੰਘ ਬਾਦਲ ਦਾ ਨਾਂ ਲੈ ਕੇ ਉਨ੍ਹਾਂ ਕਿਹਾ ਕਿ ਉਹ ਬੇਅਦਬੀ ਦੇ ਦੋਸ਼ੀ ਹਨ ਅਤੇ ਉਨ੍ਹਾਂ ਨੂੰ ਸਜ਼ਾ ਭੁਗਤਣ ਲਈ ਸ੍ਰੀ ਅਕਾਲ ਤਖ਼ਤ ਅੱਗੇ ਇਕ ਦਿਨ ਜ਼ਰੂਰ ਗੋਡੇ ਰਗੜ ਕੇ ਆਉਣਾ ਪਵੇਗਾ।

ਭਾਈ ਮੰਡ ਨੇ ਬਾਦਲਾਂ 'ਤੇ ਅਕਾਲੀ ਦਲ ਨੂੰ ਭਾਜਪਾ ਵਿਚ 'ਰਲਾਉਣ' ਦਾ ਇਲਜ਼ਾਮ ਵੀ ਲਾਇਆ। ਗ੍ਰਨੇਡ ਹਮਲੇ ਦੇ ਸਬੰਧ 'ਚ ਕੈਪਟਨ ਸਰਕਾਰ 'ਤੇ ਵਰ੍ਹਦਿਆਂ ਉਨ੍ਹਾਂ ਸਿੱਖ ਨੌਜਵਾਨਾਂ ਨੂੰ 'ਝੂਠੇ' ਕੇਸ ਵਿਚ ਉਲਝਾਉਣ ਦਾ ਦੋਸ਼ ਲਾਇਆ। ਉਨ੍ਹਾਂ ਸਰਕਾਰ ਨੂੰ ਤਾੜਨਾ ਕਰਦਿਆਂ ਕਿਹਾ ਕਿ ਪਹਿਲਾਂ ਬਰਗਾੜੀ ਬੇਅਦਬੀ ਕਾਂਡ ਵੇਲੇ ਤਤਕਾਲੀ ਅਕਾਲੀ ਸਰਕਾਰ ਨੇ ਵੀ ਪੰਜਗਰਾਈਂ ਦੇ ਦੋ ਨੌਜਵਾਨ ਭਰਾਵਾਂ ਨੂੰ ਇਸੇ ਤਰ੍ਹਾਂ ਹੀ ਫਸਾਇਆ ਸੀ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਅਮਰੀਕ ਸਿੰਘ ਅਜਨਾਲਾ ਨੇ ਆਪਣਾ ਭਾਸ਼ਣ ਸਿਰਫ ਧਾਰਮਿਕ ਵਿਸ਼ੇ ਤੱਕ ਸੀਮਤ ਰੱਖਦਿਆਂ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਨਾਨਕ ਦੇਵ ਬਾਰੇ ਹੀ ਗੱਲਾਂ ਕੀਤੀਆਂ। ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਸਿੱਖਾਂ ਦੀ ਆਜ਼ਾਦੀ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਹੱਕ 'ਚ ਸੰਗਤਾਂ ਤੋਂ ਨਾਅਰੇ ਲੁਆਏ।

ਪਿਛਲੇ ਦਿਨੀਂ ਦਿੱਲੀ ਵਿਖੇ ਬਾਦਲਾਂ ਦੇ ਗ੍ਰਹਿ ਵਿਖੇ ਹੋਏ ਗੁਰਪੁਰਬ ਸਮਾਗਮ ਵਿਚ ਸ਼ਿਰਕਤ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਆਲੋਚਨਾ ਕਰਦਿਆਂ ਉਨ੍ਹਾਂ ਕਿਹਾ ਕਿ ਘਰੇਲੂ ਸਮਾਗਮਾਂ ਵਿਚ ਜਾਣਾ ਵੱਡੇ ਆਗੂਆਂ ਨੂੰ ਸ਼ੋਭਾ ਨਹੀਂ ਦਿੰਦਾ ਹੈ। ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਬੀਰਦਵਿੰਦਰ ਸਿੰਘ ਨੇ ਬਾਦਲਾਂ ਦੇ ਘਰ ਜਾਣ ਲਈ ਡਾ. ਮਨਮੋਹਨ ਸਿੰਘ ਤੋਂ ਮੁਆਫ਼ੀ ਦੀ ਮੰਗ ਕੀਤੀ। ਉਨ੍ਹਾਂ ਆਖਿਆ ਕਿ ਵੋਟਾਂ ਅਤੇ ਨੋਟਾਂ ਲਈ ਡੇਰਾ ਮੁਖੀ ਨਾਲ ਯਾਰੀ ਪੁਗਾਉਣ ਵਾਲੇ ਬਾਦਲਾਂ ਨੇ ਸਿੱਖ ਸੰਗਤ ਨੂੰ ਧੋਖਾ ਦੇਣ ਲਈ ਆਪਣੇ ਘਰ ਵਿਚ ਗੁਰਪੁਰਬ ਸਮਾਗਮ ਕਰਵਾਇਆ।

## ਨਾਕਾਮੀਆਂ ਨੂੰ ਕੱਜਣ ਲਈ ਮੋਰਚੇ ਨੂੰ ਕੀਤਾ ਜਾ ਰਿਹੈ ਬਦਨਾਮ: ਦਾਦੂਵਾਲ

**ਚੰਡੀਗੜ੍ਹ:** ਬਰਗਾੜੀ ਇਨਸਾਫ ਮੋਰਚਾ ਦੇ ਸੰਚਾਲਕਾਂ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਉਹ ਖਾਲਿਸਤਾਨ, ਖਾੜਕੂਵਾਦ ਜਾਂ ਅਤਿਵਾਦ ਦੀ ਹਮਾਇਤ ਬਿਲਕੁਲ ਨਹੀਂ ਕਰ ਰਹੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਉਹ ਪੰਜਾਬ ਵਿਚ ਅਮਨ-ਕਾਨੂੰਨ ਕਾਇਮ ਰੱਖਣ ਦੇ ਹੱਕ ਵਿਚ ਹਨ ਤੇ ਇਸ ਲਈ ਯਤਨਸ਼ੀਲ ਵੀ ਹਨ। ਬੇਅਦਬੀ ਮਾਮਲੇ 'ਚ ਜ਼ਿੰਮੇਵਾਰਾਂ ਖ਼ਿਲਾਫ਼ ਕਾਰਵਾਈ ਦੀ ਮੰਗ ਬਾਰੇ ਇਕ ਜੂਨ ਤੋਂ ਬਰਗਾੜੀ ਵਿਚ ਮੋਰਚਾ ਲਾਈ ਬੈਠੇ ਮੁਤਵਾਜ਼ੀ ਜਥੇਦਾਰਾਂ ਭਾਈ ਧਿਆਨ ਸਿੰਘ ਮੰਡ ਅਤੇ ਸੰਤ ਬਲਜੀਤ ਸਿੰਘ ਦਾਦੂਵਾਲ ਨੇ ਦੋਸ਼ ਲਾਇਆ ਕਿ ਬਾਦਲ ਪਰਿਵਾਰ ਦੀ ਭੂਮਿਕਾ ਬਾਰੇ ਹੁਣ ਕੋਈ ਸ਼ੱਕ ਨਹੀਂ ਹੈ। ਉਨ੍ਹਾਂ ਨੂੰ ਲੋਕ ਰੋਹ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਆਪਣੀ ਨਾਕਾਮੀ 'ਤੇ ਪਰਦਾ ਪਾਉਣ ਲਈ ਹੁਣ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਮੋਰਚੇ ਦੇ ਆਗੂਆਂ ਨੂੰ ਆਈ.ਐਸ.ਆਈ. ਦੇ ਏਜੰਟ ਦੱਸ ਰਹੇ ਹਨ ਤੇ ਸੂਬੇ ਦੇ ਹਾਲਾਤ ਖਰਾਬ ਕਰਨ ਦਾ ਭਾਂਡਾ ਉਨ੍ਹਾਂ ਸਿਰ ਭੰਨ ਰਹੇ ਹਨ।



# ਬੇਅਦਬੀ ਕਾਂਡ 'ਚ ਕਾਂਗਰਸ ਨੂੰ ਭੁਗਤਣਾ ਪੈ ਸਕਦਾ ਖਮਿਆਜ਼ਾ: ਨਵਜੋਤ ਕੌਰ

**ਚੰਡੀਗੜ੍ਹ:** ਪੰਜਾਬ ਦੀ ਸਾਬਕਾ ਮੁੱਖ ਸੰਸਦੀ ਸਕੱਤਰ ਡਾ. ਨਵਜੋਤ ਕੌਰ ਸਿੱਧੂ ਨੇ ਆਖਿਆ ਕਿ ਜੇਕਰ ਬਰਗਾੜੀ ਵਿਚ ਅਕਾਲੀ-ਭਾਜਪਾ ਗੱਠਜੋੜ ਸਰਕਾਰ ਸਮੇਂ ਹੋਈ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਦੇ ਕਸੂਰਵਾਰ ਖਿਲਾਫ਼ ਕੋਈ ਕਾਰਵਾਈ ਨਾ ਹੋਈ ਤਾਂ ਕਾਂਗਰਸ ਨੂੰ ਵੀ ਸਿਆਸੀ ਖਮਿਆਜ਼ਾ ਭੁਗਤਣਾ ਪੈ ਸਕਦਾ ਹੈ।

ਉਨ੍ਹਾਂ ਕਿਹਾ ਕਿ ਅਕਤੂਬਰ ਮਹੀਨੇ ਵਿਚ ਬਰਗਾੜੀ ਮੋਰਚੇ ਨੂੰ ਲੋਕਾਂ ਵੱਲੋਂ ਦਿੱਤੀ ਆਪਮੁਹਾਰੀ ਹਮਾਇਤ ਦੋਵੇਂ ਸਥਾਪਿਤ ਪਾਰਟੀਆਂ ਲਈ ਖਤਰੇ ਦੀ ਘੰਟੀ ਤੋਂ ਘੱਟ ਨਹੀਂ ਹੈ। ਡਾ. ਨਵਜੋਤ ਕੌਰ ਸਿੱਧੂ ਨੇ ਕਿਹਾ ਕਿ ਬੇਅਦਬੀ ਅਤੇ ਪੁਲਿਸ ਗੋਲੀ ਕਾਂਡ ਕਾਰਨ ਅਕਾਲੀ ਦਲ ਅਤੇ ਬਾਦਲ ਪਰਿਵਾਰ ਨੂੰ ਲੋਕ ਨਕਾਰ ਚੁੱਕੇ ਹਨ। ਜੇਕਰ ਕੈਪਟਨ ਸਰਕਾਰ ਨੇ ਕਸੂਰਵਾਰਾਂ ਨੂੰ ਸਜ਼ਾ ਨਾ ਦਿੱਤੀ ਤਾਂ ਕਾਂਗਰਸ ਨੂੰ ਵੀ ਇਸ ਦਾ ਨੁਕਸਾਨ ਹੋਵੇਗਾ। ਉਨ੍ਹਾਂ ਕਿਹਾ ਕਿ ਸੱਤਾ ਦੇ ਨਸ਼ੇ ਵਿਚ ਸੁਖਬੀਰ ਸਿੰਘ ਬਾਦਲ ਨੇ ਜਿਸ ਤਰ੍ਹਾਂ ਸਰਕਾਰੀ ਸੰਸਥਾਵਾਂ ਨੂੰ ਆਪਣੇ ਹਿੱਤਾਂ ਲਈ ਵਰਤਿਆ ਸੀ, ਉਸ ਦਾ ਨਤੀਜਾ ਸਭ ਦੇ ਸਾਹਮਣੇ ਹੈ ਤੇ ਅਕਾਲੀ ਦਲ ਇਸ ਸਮੇਂ ਪੰਜਾਬ ਵਿਚ ਮੁੱਖ ਵਿਰੋਧੀ ਧਿਰ ਦਾ ਰੁਤਬਾ ਵੀ ਹਾਸਲ ਨਹੀਂ ਕਰ ਸਕਿਆ। ਉਨ੍ਹਾਂ ਕਿਹਾ ਕਿ ਇਹ ਬੇਅਦਬੀ ਕਾਂਡ ਦਾ ਹੀ ਸਿੱਟਾ ਹੈ ਕਿ ਗੈਰਤਮੰਦ ਅਤੇ ਜਾਗਦੀ ਜ਼ਮੀਰ ਵਾਲੇ ਟਕਸਾਲੀ ਨੇਤਾ ਬਾਦਲਾਂ ਦਾ ਸਾਥ ਛੱਡ ਰਹੇ ਹਨ।

ਅਕਸ਼ੈ ਕੁਮਾਰ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ



ਕਿਹਾ ਕਿ ਸਿੱਟ ਪਾਸ ਜੇ ਕੋਈ ਸਬੂਤ ਹੈ ਤਾਂ ਹੀ ਅਕਸ਼ੈ ਕੁਮਾਰ ਨੂੰ ਤਲਬ ਕੀਤਾ ਗਿਆ ਤੇ 100 ਕਰੋੜ ਦੀ ਡੀਲ ਬਾਰੇ ਵੀ ਖੁਲਾਸੇ ਹੋ ਜਾਣਗੇ। ਉਨ੍ਹਾਂ ਇਹ ਵੀ ਕਿਹਾ ਕਿ ਜਦੋਂ ਲੋਕ ਰਾਇ ਇਕ ਹੋ ਜਾਵੇ ਤਾਂ ਰਾਜਨੀਤਕਾਂ, ਪੁਲਿਸ ਅਤੇ ਰਾਜਿਆਂ ਮਹਾਰਾਜਿਆਂ ਨੂੰ ਇਨਸਾਫ ਦੇਣਾ ਹੀ ਪਵੇਗਾ। ਜੇ ਪੰਜਾਬ ਵਰਗੇ ਸੂਬੇ 'ਚ ਬੇਅਦਬੀ ਕਾਂਡ ਤੇ ਇਨਸਾਫ ਨਾ ਮਿਲਿਆ ਤਾਂ ਸਮਝੋ ਪੰਜਾਬ ਖਤਮ ਹੈ।

# ਹਰਸਿਮਰਤ ਦੇ 'ਵਧਾਈ ਬੋਰਡਾਂ' ਤੋਂ ਦੋਵੇਂ ਬਾਦਲ ਗਾਇਬ

**ਬਠਿੰਡਾ:** ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੇ ਗੁਰਪੁਰਬ ਅਤੇ ਨਵੇਂ ਸਾਲ ਵਾਲੇ 'ਵਧਾਈ ਬੋਰਡਾਂ' 'ਚੋਂ ਦੋਵੇਂ ਬਾਦਲ ਆਊਟ ਰਹੇ। ਬਾਦਲਾਂ ਦੀ ਤਸਵੀਰ 'ਵਧਾਈ ਬੋਰਡਾਂ' ਉਤੇ ਨਾ ਹੋਣ ਤੋਂ ਨਵੇਂ ਸਿਆਸੀ ਚਰਚੇ ਛਿੜੇ ਹੋਏ ਹਨ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਦੀ ਤਸਵੀਰ ਹਰਸਿਮਰਤ ਬਾਦਲ ਵੱਲੋਂ ਲਗਾਏ ਬੋਰਡਾਂ ਤੋਂ ਗਾਇਬ ਹੈ। ਬਠਿੰਡਾ ਲੋਕ ਸਭਾ ਹਲਕੇ ਦੇ ਸਾਰੇ ਸ਼ਹਿਰਾਂ 'ਚ ਬੀਬਾ ਬਾਦਲ ਵੱਲੋਂ 'ਵਧਾਈ ਬੋਰਡ' ਮੁੱਖ ਸੜਕਾਂ ਉਤੇ ਚੌਕਾਂ 'ਚ ਲਾਉਣ ਦੇ ਹਲਕਾ ਇੰਚਾਰਜਾਂ ਨੂੰ ਹੁਕਮ ਕੀਤੇ ਗਏ ਸਨ। ਬੋਰਡਾਂ ਦੀ ਇਬਾਰਤ ਵਗੈਰਾ ਬਕਾਇਦਾ ਬੀਬੀ ਬਾਦਲ ਦੇ ਦਫਤਰ ਵੱਲੋਂ ਜਾਰੀ ਕੀਤੀ ਹੈ। ਬਠਿੰਡਾ ਸ਼ਹਿਰ 'ਚ ਇਹ ਬੋਰਡ ਲੱਗੇ ਹਨ, ਜਿਨ੍ਹਾਂ 'ਤੇ ਬਤੌਰ ਕੈਬਨਿਟ ਮੰਤਰੀ ਕੇਂਦਰੀ ਮੰਤਰੀ ਬਾਦਲ ਨੇ ਸਭਨਾਂ ਨੂੰ ਗੁਰਪੁਰਬ ਅਤੇ ਨਵੇਂ ਸਾਲ ਦੀ ਵਧਾਈ ਦਿੱਤੀ ਹੈ। ਬੋਰਡ 'ਤੇ ਨੰਨ੍ਹੀ ਛਾਂ ਪ੍ਰੋਜੈਕਟ ਦਾ ਲੋਗੋ ਵੀ ਛਾਪਿਆ ਗਿਆ ਹੈ।

ਐਤਕੀਂ ਦੀਵਾਲੀ ਮੌਕੇ ਬੀਬਾ ਬਾਦਲ ਨੇ ਵਧਾਈ ਬੋਰਡ ਨਹੀਂ ਲਾਏ ਸਨ। ਬੀਬਾ ਬਾਦਲ ਦੇ ਬੋਰਡਾਂ ਉਤੇ ਇਕ ਪਾਸੇ 'ਰੁੱਖ ਲਾਈਏ ਤੇ ਬੱਚੀਆਂ ਬਚਾਈਏ' ਦਾ ਨਾਅਰਾ ਵੀ ਉੱਕਰਿਆ ਹੋਇਆ ਹੈ। ਸੂਤਰ ਆਖਦੇ ਹਨ ਕਿ ਪੰਜਾਬ ਵਿਚ ਬੇਅਦਬੀ ਮਾਮਲਿਆਂ ਨੂੰ ਲੈ ਕੇ ਲੋਕਾਂ ਦਾ ਗੁੱਸਾ ਹਾਲੇ ਬਾਦਲਾਂ ਪ੍ਰਤੀ ਠੰਢਾ ਨਹੀਂ ਹੋਇਆ ਹੈ, ਜਿਸ ਦਾ ਇਹ ਨਤੀਜਾ ਹੈ। ਲੋਕ ਸਭਾ ਚੋਣਾਂ ਦੂਰ ਨਹੀਂ ਹਨ, ਜਿਸ ਕਰ ਕੇ ਸਿਆਸੀ ਨੇਤਾ ਹੁਣ ਕਿਧਰੋਂ ਵੀ ਖੁੰਝਦੇ ਨਹੀਂ ਹਨ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਪੂਰੇ ਹਲਕੇ ਦੇ ਪੇਂਡੂ ਅਤੇ ਸ਼ਹਿਰੀ ਮੋਹਤਬਰਾਂ ਨੂੰ ਐਤਕੀਂ ਗੁਰਪੁਰਬ ਅਤੇ ਨਵੇਂ ਸਾਲ ਦੀ ਵਧਾਈ ਵਾਲੇ 'ਵਧਾਈ ਕਾਰਡ' ਵੀ ਭੇਜੇ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜਾਂ



ਨੂੰ ਵਧਾਈ ਕਾਰਡਾਂ ਦੇ ਬੰਡਲ ਪੁੱਜ ਗਏ ਹਨ, ਜਿਨ੍ਹਾਂ ਨੇ ਅੱਗੇ ਪਿੰਡੋਂ ਪਿੰਡ ਮੋਹਤਬਾਰਾਂ ਕੋਲ ਇਹ ਵਧਾਈ ਕਾਰਡ ਪੁੱਜਦੇ ਕਰਨੇ ਹਨ। ਜਦੋਂ ਵੀ ਚੋਣਾਂ ਵਾਲਾ ਵਰ੍ਹਾ ਆਉਂਦਾ ਹੈ ਤਾਂ ਫਿਰ ਇਵੇਂ ਹੀ ਸਿਆਸੀ ਨੇਤਾਵਾਂ ਦੇ 'ਵਧਾਈ ਕਾਰਡ' ਮੋਹਤਬਾਰਾਂ ਕੋਲ ਪੁੱਜਦੇ ਹਨ। ਅਕਾਲੀ ਦਲ ਦੇ ਹਲਕਾ ਇੰਚਾਰਜਾਂ ਵੱਲੋਂ ਧੜਾਧੜ ਪਿੰਡਾਂ ਤੇ ਸ਼ਹਿਰਾਂ ਵਿਚ 'ਵਧਾਈ ਕਾਰਡ' ਵੰਡੇ ਜਾ ਰਹੇ ਹਨ। 'ਵਧਾਈ ਕਾਰਡ' ਹਰਸਿਮਰਤ ਕੌਰ ਬਾਦਲ ਨੇ ਆਪਣੇ ਮਹਿਕਮੇ ਤਰਫੋਂ ਭੇਜੇ ਹਨ, ਜੋ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨਾਲ ਸਬੰਧਤ ਹਨ।

# ਬਾਦਲਾਂ ਦੇ ਫਾਰਮ ਹਾਊਸ ਵਿਚੋਂ ਕਿੰਨੂ ਚੋਰੀ

**ਬਠਿੰਡਾ:** ਬਾਦਲ ਪਰਿਵਾਰ ਦੇ ਬਾਲਾਸਰ ਫਾਰਮ ਹਾਊਸ ਵਿਚ ਕਰੀਬ 16 ਹਜ਼ਾਰ ਦੇ ਕਿੰਨੂ ਚੋਰੀ ਹੋਣ ਦੇ ਮਾਮਲੇ ਨੇ ਜਿਥੇ ਹਰਿਆਣਾ ਪੁਲਿਸ ਨੂੰ ਤਰੇਲੀਆਂ ਲਿਆ ਦਿੱਤੀਆਂ ਹਨ, ਉਥੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸਾਹ ਸੂਕਾ ਦਿੱਤੇ ਹਨ। ਸਿਰਸਾ ਪੁਲਿਸ ਨੇ ਦੋ ਕਿੰਨੂ ਚੋਰ ਜੇਲ੍ਹ ਭੇਜ ਦਿੱਤੇ ਹਨ ਜਿਨ੍ਹਾਂ ਖ਼ਿਲਾਫ਼ ਰਣੀਆ ਪੁਲਿਸ ਥਾਣੇ ਵਿਚ ਧਾਰਾ 379 ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ। ਚੋਰੀ ਦੀ ਵਾਰਦਾਤ ਦਾ ਪਤਾ ਲੱਗਣ ਮਗਰੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਹਰਿਆਣਾ ਵਿਚਲੇ ਆਪਣੇ ਬਾਲਾਸਰ ਫਾਰਮ ਹਾਊਸ ਪੁੱਜ ਗਏ। ਥਾਣਾ ਰਣੀਆ ਦੇ ਮੁੱਖ ਥਾਣਾ ਅਫਸਰ ਨੇ ਸਾਬਕਾ ਮੁੱਖ ਮੰਤਰੀ ਕੋਲ ਫੌਰੀ ਪੁੱਜ ਕੇ ਫੜੇ ਚੋਰਾਂ ਬਾਰੇ ਅਤੇ ਚੋਰੀ



ਦੇ ਕੇਸ ਦੀ ਪੂਰੀ ਕਾਰਵਾਈ ਦੇ ਵੇਰਵੇ ਦਿੱਤੇ।

ਥਾਣਾ ਰਣੀਆ ਵਿਚ ਕਿੰਨੂ ਚੋਰ ਅਮਰਜੀਤ ਸਿੰਘ ਵਾਸੀ ਸਬਜ਼ੀ ਮੰਡੀ ਸਿਰਸਾ ਅਤੇ ਰਘੂਨਾਥ ਕੰਬੋਜ ਵਾਸੀ ਰਣੀਆ ਖ਼ਿਲਾਫ਼ ਐਫ.ਆਈ.ਆਰ ਨੰਬਰ 398 ਤਹਿਤ ਪੁਲਿਸ ਕੇਸ ਦਰਜ ਕੀਤਾ ਗਿਆ। ਹਰਿਆਣਾ ਪੁਲਿਸ ਨੇ ਪਤਾ ਲੱਗਦੇ ਹੀ ਦੋਵਾਂ ਕਿੰਨੂ ਚੋਰਾਂ ਨੂੰ ਛੋਟੇ ਹਾਥੀ ਨੰਬਰ ਐਚ.ਆਰ 55 ਪੀ 1138 ਸਮੇਤ ਕਾਬੂ ਕਰ ਲਿਆ, ਜਿਸ ਵਿਚ ਕਰੀਬ 50 ਕਰੇਟ ਕਿੰਨੂ ਲੋਡ ਕੀਤੇ ਹੋਏ ਸਨ। ਇਨ੍ਹਾਂ ਕਿੰਨੂਆਂ ਦੀ ਕੀਮਤ ਕਰੀਬ 16,200 ਰੁਪਏ ਦੱਸੀ ਜਾ ਰਹੀ ਹੈ। ਪੁਲਿਸ ਨੇ ਫਾਰਮ ਹਾਊਸ ਦੇ ਮੈਨੇਜਰ ਗੁਰਬਾਜ ਸਿੰਘ ਵਾਸੀ ਬਾਮ ਜ਼ਿਲ੍ਹਾ ਮੁਕਤਸਰ ਦੇ ਬਿਆਨਾਂ 'ਤੇ ਪੁਲੀਸ ਕੇਸ ਦਰਜ ਕਰ ਲਿਆ ਹੈ। ਚੋਰਾਂ ਵਿਚ ਇਕ ਅਣਪਛਾਤਾ ਵੀ ਸ਼ਾਮਲ ਹੈ। ਪੁਲਿਸ ਅਫਸਰਾਂ ਦਾ ਇਸ ਗੱਲੋਂ ਬਚਾਅ ਹੋ ਗਿਆ ਕਿ ਮੌਕੇ ਉਤੇ ਕਿੰਨੂ ਚੋਰ ਫੜੇ ਗਏ ਹਨ। ਸਿਰਸਾ ਪੁਲਿਸ ਨੇ ਦੋਵਾਂ ਚੋਰਾਂ ਤੋਂ ਪੁੱਛਗਿੱਛ ਕਰਨ ਮਗਰੋਂ ਕੇਂਦਰੀ ਜੇਲ੍ਹ ਸਿਰਸਾ ਭੇਜ ਦਿੱਤਾ ਹੈ। ਪੁਲਿਸ ਨੇ ਮੌਕੇ ਉਤੇ ਹੀ ਕਰੇਟ ਬਰਾਮਦ ਕਰ ਲਏ ਸਨ ਅਤੇ ਪ੍ਰਤੀ ਕਰੇਟ 18 ਕਿੱਲੋ ਵਜ਼ਨੀ ਕਿੰਨੂ ਸਨ। ਵੇਰਵਿਆਂ ਅਨੁਸਾਰ ਬਾਦਲ ਪਰਿਵਾਰ ਦੇ ਬਾਲਾਸਰ ਫਾਰਮ ਹਾਊਸ ਵਿਚ ਕਰੀਬ 100 ਏਕੜ ਕਿੰਨੂਆਂ ਦਾ ਬਾਗ ਹੈ ਅਤੇ ਹੁਣ ਫਸਲ ਪੱਕੀ ਹੋਈ ਹੈ। ਫਾਰਮ ਹਾਊਸ ਵਿਚ ਕਿੰਨੂਆਂ ਦੀ ਰਾਖੀ ਲਈ ਰਖਵਾਲੇ ਵੀ ਰੱਖੇ ਹੋਏ ਹਨ।

ਫਾਰਮ ਹਾਊਸ ਦਾ ਮੈਨੇਜਰ ਰਾਤ ਸਮੇਂ ਜਦੋਂ ਫਾਰਮ ਹਾਊਸ ਦਾ ਗੇੜਾ ਮਾਰ ਰਿਹਾ ਸੀ ਤਾਂ ਉਸ ਦੀ ਨਜ਼ਰ ਇਕ ਛੋਟੇ ਹਾਥੀ ਉਤੇ ਪਈ ਜਿਸ ਵਿਚ ਕਿੰਨੂ ਲੋਡ ਕੀਤੇ ਹੋਏ ਸਨ। ਮੈਨੇਜਰ ਨੇ ਫੌਰੀ ਪੁਲਿਸ ਨੂੰ ਸੂਚਨਾ ਭੇਜ ਦਿੱਤੀ। ਪੁਲਿਸ ਨੇ ਸਾਰੀ ਕਾਰਵਾਈ ਹੱਥੋ ਹੱਥ ਕਰ ਦਿੱਤੀ ਅਤੇ ਮੁਲਜ਼ਮਾਂ ਤੋਂ ਚੋਰੀ ਬਾਰੇ ਵਿਸਥਾਰ ਵਿਚ ਪੁੱਛਗਿੱਛ ਵੀ ਕੀਤੀ। ਕਿੰਨੂਆਂ ਦੀ ਚੋਰੀ ਦੀ ਖਬਰ ਜਦੋਂ ਬਾਦਲ ਪਰਿਵਾਰ ਤੱਕ ਪੁੱਜੀ ਤਾਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਖੁਦ ਬਾਲਾਸਰ ਪੁੱਜ ਗਏ। ਸੂਤਰਾਂ ਅਨੁਸਾਰ ਪਹਿਲੀ ਦਫਾ ਫਾਰਮ ਹਾਊਸ 'ਤੇ ਚੋਰੀ ਹੋਈ ਹੈ ਜੋ ਮੌਕੇ ਉਤੇ ਫੜੀ ਵੀ ਜਾ ਚੁੱਕੀ ਹੈ। ਸੂਤਰ ਆਖਦੇ ਹਨ ਕਿ ਹੁਣ ਹਰਿਆਣਾ ਪੁਲਿਸ ਅੰਦਰੋਂ ਡਰੀ ਹੋਈ ਹੈ ਅਤੇ ਬਾਲਾਸਰ ਫਾਰਮ ਹਾਊਸ ਦੇ ਇਲਾਕੇ ਵਿਚ ਪੁਲਿਸ ਨੇ ਗਸ਼ਤ ਵਧਾ ਦਿੱਤੀ ਹੈ।

## ਪੰਜਾਬੀ ਨੌਜਵਾਨ ਦਾ ਲਿਬਨਾਨ 'ਚ ਕਤਲ

**ਭਗਤਾ ਭਾਈ:** ਪਿੰਡ ਗੁਰੂਸਰ ਜਲਾਲ ਦੇ ਨੌਜਵਾਨ ਕੁਲਦੀਪ ਸਿੰਘ (36) ਪੁੱਤਰ ਮੱਖਣ ਸਿੰਘ ਦਾ ਲਿਬਨਾਨ ਵਿਚ ਕਤਲ ਹੋ ਗਿਆ। ਜਾਣਕਾਰੀ ਮੁਤਾਬਕ ਕੁਲਦੀਪ ਸਿੰਘ ਕਰੀਬ 6 ਮਹੀਨੇ ਪਹਿਲਾਂ ਰੁਜ਼ਗਾਰ ਲਈ ਲਿਬਨਾਨ ਗਿਆ ਸੀ। ਕੁਝ ਦਿਨ ਪਹਿਲਾਂ ਉਥੇ ਹੋਏ ਝਗੜੇ ਦੌਰਾਨ ਉਸ ਦਾ ਕਤਲ ਹੋ ਗਿਆ। ਉਹ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਕੁਲਦੀਪ ਸਿੰਘ ਸ਼ਾਦੀਸ਼ੁਦਾ ਸੀ ਅਤੇ ਪਿੱਛੇ ਪਤਨੀ, ਮਾਤਾ-ਪਿਤਾ ਤੋਂ ਇਲਾਵਾ ਸੱਤ ਸਾਲ ਦਾ ਲੜਕਾ ਛੱਡ ਗਿਆ ਹੈ।

### ਬੀਰੋਕੇ ਗੋਲੀ ਕਾਂਡ

# ਨਾਇਬ ਤਹਿਸੀਲਦਾਰ ਨੂੰ ਉਮਰ ਕੈਦ

**ਮਾਨਸਾ:** ਅਦਾਲਤ ਨੇ ਜ਼ਮੀਨ ਬਚਾਓ ਲਹਿਰ ਦੇ ਸ਼ਹੀਦ ਪ੍ਰਿਥੀਪਾਲ ਸਿੰਘ ਚੱਕ ਅਲੀਸ਼ੇਰ ਦੇ ਕਤਲ ਕੇਸ ਵਿਚ ਨਾਇਬ ਤਹਿਸੀਲਦਾਰ ਨੂੰ ਦੋਸ਼ੀ ਮੰਨਦਿਆਂ ਉਮਰ ਕੈਦ ਦੀ ਸਜ਼ਾ ਅਤੇ 15 ਹਜ਼ਾਰ ਰੁਪਏ ਜੁਰਮਾਨਾ ਕੀਤਾ ਹੈ। ਬਾਅਦ ਵਿਚ ਮੁਲਜ਼ਮ ਨੂੰ ਹਿਸਾਰ ਜੇਲ੍ਹ ਭੇਜ ਦਿੱਤਾ ਗਿਆ। ਇਸ ਤੋਂ ਪਹਿਲਾਂ 6 ਦੋਸ਼ੀ ਆੜ੍ਹਤੀਆਂ ਨੂੰ ਫਰਵਰੀ 2015 ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ। ਦੋਸ਼ੀ ਨਾਇਬ ਤਹਿਸੀਲਦਾਰ ਸੁਭਾਸ਼ ਮਿੱਤਲ, ਆੜ੍ਹਤੀਏ ਰਾਮ ਕ੍ਰਿਸ਼ਨ ਦਾ 2 ਲੱਖ ਰੁਪਏ ਦਾ ਕਰਜ਼ਾ ਨਾ ਮੋੜ ਸਕਣ ਬਦਲੇ ਮਾਨਸਾ ਜ਼ਿਲ੍ਹੇ ਦੇ ਪਿੰਡ ਬੀਰੋਕੇ ਖੁਰਦ ਦੇ ਕਿਸਾਨ ਭੋਲਾ ਸਿੰਘ ਦੀ ਸਵਾ ਏਕੜ (10 ਕਨਾਲ) ਜ਼ਮੀਨ ਦੀ ਨਿਲਾਮੀ ਕਰਵਾਉਣ ਲਈ ਗਿਆ ਸੀ। ਪੰਜਾਬ ਵਿਚ ਕਿਸਾਨੀ ਘੋਲ ਦੌਰਾਨ ਮਾਲ ਮਹਿਕਮੇ ਦੇ ਕਿਸੇ ਸਰਕਾਰੀ ਅਧਿਕਾਰੀ ਨੂੰ ਅੱਜ ਤੱਕ ਦੀ ਇਹ ਸਭ ਤੋਂ ਵੱਡੀ ਸਜ਼ਾ ਸੁਣਾਈ ਗਈ ਹੈ।

ਦਿਲਚਸਪ ਗੱਲ ਹੈ ਕਿ ਨਾਇਬ ਤਹਿਸੀਲਦਾਰ ਸੁਭਾਸ਼ ਮਿੱਤਲ ਖ਼ਿਲਾਫ਼ ਦਰਜ ਕੀਤੇ ਗਏ ਕੇਸ ਨੂੰ ਰੱਦ ਕਰਵਾਉਣ ਲਈ, ਸਮੁੱਚੇ ਮਾਨਸਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੂਰਾ ਟਿੱਲ ਲਾਇਆ ਗਿਆ ਸੀ।

ਜ਼ਿਕਰਯੋਗ ਹੈ ਕਿ ਨਾਇਬ ਤਹਿਸੀਲਦਾਰ ਸੁਭਾਸ਼ ਮਿੱਤਲ ਦੀ ਹਾਜ਼ਰੀ ਵਿਚ ਹੀ ਆੜ੍ਹਤੀਏ ਰਾਮ ਕ੍ਰਿਸ਼ਨ ਅਤੇ ਉਸ ਦੀ ਹਮਾਇਤ ਵਿਚ ਆਏ ਹੋਏ ਲੋਕਾਂ ਨੇ ਕਿਸਾਨਾਂ 'ਤੇ ਗੋਲੀਆਂ ਚਲਾ ਦਿੱਤੀਆਂ, ਜਿਨ੍ਹਾਂ ਨਾਲ ਪ੍ਰਿਥੀਪਾਲ ਸਿੰਘ ਚੱਕ ਅਲੀਸ਼ੇਰ ਮੌਕੇ ਉਤੇ ਹੀ ਮਾਰਿਆ ਗਿਆ ਅਤੇ ਤਰਸੇਮ ਸਿੰਘ ਤੇ ਲਛਮਣ ਸਿੰਘ ਗੰਭੀਰ ਜ਼ਖ਼ਮੀ ਹੋ ਗਏ ਸਨ। ਉਸ ਸਮੇਂ ਭਕੋਂਦਾ ਧੜੇ ਅਤੇ ਹੋਰ ਸਹਿਯੋਗੀ ਜਥੇਬੰਦੀਆਂ ਦੇ ਜ਼ੋਰਦਾਰ ਸੰਘਰਸ਼ ਸਦਕਾ ਆੜ੍ਹਤੀਏ ਰਾਮ ਕ੍ਰਿਸ਼ਨ, ਉਸ ਦੇ ਭਰਾ ਵਿਜੈ ਕੁਮਾਰ, ਪੁੱਤਰ ਪ੍ਰਵੀਨ ਕੁਮਾਰ, ਭਤੀਜੇ ਮਾਘੀ ਰਾਮ ਅਤੇ ਨਾਇਬ ਤਹਿਸੀਲਦਾਰ ਸਮੇਤ ਸੱਤ ਵਿਅਕਤੀਆਂ 'ਤੇ ਪ੍ਰਿਥੀਪਾਲ ਸਿੰਘ ਦੇ ਕਤਲ ਦਾ ਮੁਕੱਦਮਾ ਦਰਜ ਕੀਤਾ ਗਿਆ ਸੀ।

# ਗੁਰਬਾਣੀ ਦੇ ਗਲਤ ਉਚਾਰਨ ਲਈ ਹਰਸਿਮਰਤ ਨੇ ਮੁਆਫੀ ਮੰਗੀ

**ਬਠਿੰਡਾ:** ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਡੇਰਾ ਬਾਬਾ ਨਾਨਕ ਵਿਖੇ ਸਮਾਗਮ ਵਿਚ ਆਪਣੇ ਭਾਸ਼ਨ ਦੌਰਾਨ ਗੁਰਬਾਣੀ ਦੀ ਤੁਕ ਦੇ ਗਲਤ ਉਚਾਰਨ ਦੇ ਮਾਮਲੇ 'ਤੇ ਗੁਰੂ ਸਾਹਿਬਾਨ ਅਤੇ ਸਿੱਖ ਸੰਗਤ ਤੋਂ ਮੁਆਫੀ ਮੰਗੀ ਹੈ। ਸਿੱਖ ਜਥੇਬੰਦੀਆਂ ਵੱਲੋਂ ਇਸ ਮਾਮਲੇ ਵਿਚ ਕੇਂਦਰੀ ਮੰਤਰੀ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਵਿਰੋਧ ਤੋਂ ਬਾਅਦ ਬੀਬੀ ਬਾਦਲ ਨੇ ਮੁਆਫੀ ਮੰਗ ਲਈ ਹੈ।

ਦੱਸਣਯੋਗ ਹੈ ਕਿ ਹਰਸਿਮਰਤ ਕੌਰ ਬਾਦਲ ਨੇ ਸਮਾਗਮ ਦੌਰਾਨ ਗੁਰਬਾਣੀ ਦੀ ਤੁਕ ਨੂੰ ਗਲਤ ਉਚਾਰਿਆ ਸੀ। ਹਰਸਿਮਰਤ ਕੌਰ ਬਾਦਲ ਨੇ ਆਪਣੇ ਫੇਸਬੁਕ ਪੇਜ 'ਤੇ ਪੋਸਟ ਪਾ ਕੇ ਮੁਆਫੀ ਮੰਗੀ ਹੈ।

ਦੂਜੇ ਪਾਸੇ, ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਦਾ ਕਹਿਣਾ ਸੀ ਕਿ ਜੋ ਪਰਿਵਾਰ ਆਪਣੇ ਆਪ ਨੂੰ ਗੁਰੂ ਪ੍ਰਤੀ ਸਭ ਤੋਂ ਵੱਧ ਅਦਬ ਵਾਲਾ ਦੱਸਦਾ ਹੈ, ਉਸ ਪਰਿਵਾਰ ਦੀ ਮੈਂਬਰ ਹਰਸਿਮਰਤ ਕੌਰ ਬਾਦਲ ਵੱਲੋਂ ਗੁਰਬਾਣੀ ਦੇ ਗਲਤ ਉਚਾਰਨ ਨਾਲ ਦੇਸ਼-ਵਿਦੇਸ਼ ਵਿਚ ਬੈਠੀ ਸੰਗਤ ਵਿਚ ਗਲਤ ਸੁਨੇਹਾ ਗਿਆ ਹੈ। ਉਨ੍ਹਾਂ ਆਖਿਆ ਕਿ ਸਿੱਖ ਸੰਗਤ ਵੱਲੋਂ ਉਨ੍ਹਾਂ ਕੋਲ ਇਸ ਬਾਰੇ ਸ਼ਿਕਾਇਤਾਂ ਆ ਰਹੀਆਂ ਹਨ ਤੇ ਉਹ ਇਹ ਮਾਮਲਾ ਵਿਚਾਰ ਰਹੇ ਹਨ। ਉਨ੍ਹਾਂ ਆਖਿਆ ਕਿ ਫੇਸਬੁਕ ਪੇਜ 'ਤੇ ਮੁਆਫੀ ਨਹੀਂ ਮੰਗੀ ਜਾ ਸਕਦੀ ਹੈ। ਕੇਂਦਰੀ ਮੰਤਰੀ ਗੁਰੂ ਘਰ ਜਾ ਕੇ ਮੁਆਫੀ ਮੰਗਣ।

## ਸ਼ਰਾਬ ਪੀ ਕੇ ਖੌਰੂ ਪਾਉਣ ਦੇ ਦੋਸ਼ ਹੇਠ ਭਾਰਤੀ ਮਹਿਲਾ ਨੂੰ ਕੈਦ

**ਲੰਡਨ:** ਬਰਤਾਨੀਆ 'ਚ ਭਾਰਤੀ ਮੂਲ ਦੀ ਮਹਿਲਾ ਨੂੰ ਛੇ ਮਹੀਨੇ ਕੈਦ ਦੀ ਸਜ਼ਾ ਸੁਣਾਈ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਕਿਰਨ ਜਗਦੇਵ ਨੇ ਜੈੱਟ-2 ਏਅਰਲਾਈਨਜ਼ ਦੀ ਉਡਾਣ 'ਚ ਸ਼ਰਾਬ ਦੇ ਨਸ਼ੇ 'ਚ ਕਰੂ ਮੈਂਬਰਾਂ ਨਾਲ ਬਦਸਲੂਕੀ ਕੀਤੀ ਸੀ।


## ਤੰਦੂਰੀਏ ਦੀ ਲੋੜ ਹੈ

**ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ ਦੀ ਲੋੜ ਹੈ ਜੋ ਤੰਦੂਰ ਦਾ ਸਾਰਾ ਕੰਮ ਜਾਣਦਾ ਹੋਵੇ। ਚੰਗੀ ਤਨਖਾਹ; ਖਾਣਾ ਤੇ ਰਿਹਾਇਸ਼ ਮੁਫਤ**

**ਪਤੀ-ਪਤਨੀ ਨੂੰ ਪਹਿਲ**

***ਸੰਪਰਕ ਕਰੋ: ਮਿ. ਸਿੰਘ***

**ਫੋਨ: 515-291-1961**

47-18


## ਲੰਡਨ-ਅੰਮ੍ਰਿਤਸਰ ਸਿੱਧੀਆਂ ਉਡਾਣਾਂ ਛੇਤੀ

**ਜਲੰਧਰ:** ਇੰਗਲੈਂਡ ਦੇ ਪੰਜਵੇਂ ਸਭ ਤੋਂ ਵੱਡੇ ਹਵਾਈ ਅੱਡੇ ਲੂਟੋਨ ਤੋਂ ਅੰਮ੍ਰਿਤਸਰ ਨੂੰ ਸਿੱਧੀਆਂ ਉਡਾਣਾਂ 2019 ਵਿਚ ਸ਼ੁਰੂ ਹੋ ਜਾਣਗੀਆਂ। ਇੰਗਲੈਂਡ ਦੇ ਸਿੱਖ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਦੇ ਯਤਨਾਂ ਤੋਂ ਬਾਅਦ ਲੰਡਨ ਲੂਟੋਨ ਹਵਾਈ ਅੱਡੇ ਦੇ ਮਾਲਕਾਂ ਨੇ ਫਰਵਰੀ-ਮਾਰਚ ਵਿਚ ਅੰਮ੍ਰਿਤਸਰ ਨੂੰ ਸਿੱਧੀਆਂ ਉਡਾਣਾਂ ਲਈ ਹਾਮੀ ਭਰ ਦਿੱਤੀ ਹੈ। ਸ੍ਰੀ ਢੇਸੀ ਨੇ ਦੱਸਿਆ ਕਿ ਲੂਟੋਨ ਹਵਾਈ ਅੱਡੇ ਦੇ ਮੁੱਖ ਸ਼ੇਅਰ ਹੋਲਡਰ ਤੇ ਉਨ੍ਹਾਂ ਦੇ ਵਿੱਤੀ ਮਾਮਲਿਆਂ ਨੂੰ ਦੇਖਣ ਵਾਲੇ ਅਧਿਕਾਰੀਆਂ ਨਾਲ ਹੋਈਆਂ ਕਈ ਮੀਟਿੰਗਾਂ ਤੋਂ ਬਾਅਦ ਉਨ੍ਹਾਂ ਨੇ ਇਨ੍ਹਾਂ ਉਡਾਣਾਂ ਲਈ ਸਹਿਮਤੀ ਪ੍ਰਗਟਾਈ ਹੈ। ਲੰਡਨ ਲੂਟੋਨ ਹਵਾਈ ਅੱਡੇ ਦੇ ਚੀਫ ਕਮਰਸ਼ੀਅਲ ਅਫ਼ਸਰ ਜੋਨਾਥਨ ਪੋਲਾਰਡ ਨੇ ਕਿਹਾ ਕਿ ਇਨ੍ਹਾਂ ਉਡਾਣਾਂ ਨਾਲ ਯਾਤਰੀਆਂ ਨੂੰ ਸਸਤੀਆਂ ਤੇ ਚੰਗੀਆਂ ਸਹੂਲਤਾਂ ਮਿਲਣਗੀਆਂ।

## ਸਰਹੱਦੀ ਵਿਵਾਦ ਸੁਲਝਾਉਣ ਲਈ ਭਾਰਤ-ਚੀਨ ਵਾਰਤਾ

**ਪੇਈਚਿੰਗ:** ਭਾਰਤ ਅਤੇ ਚੀਨ ਨੇ ਸਰਹੱਦੀ ਵਿਵਾਦ ਦਾ ਜਲਦੀ ਵਾਜਬ ਤੇ ਦੁਵੱਲੇ ਤੌਰ 'ਤੇ ਪ੍ਰਵਾਨਤ ਹੱਲ ਕੱਢਣ ਲਈ ਅਹਿਦ ਪ੍ਰਗਟਾਇਆ ਹੈ ਜਦਕਿ ਦੋਵੇਂ ਦੇਸ਼ਾਂ ਦੇ ਵਿਸ਼ੇਸ਼ ਨੁਮਾਇੰਦਿਆਂ ਨੇ ਇਸ ਮੁੱਦੇ 'ਤੇ ਉਸਾਰੂ ਤੇ ਅਗਾਂਹਵਧੂ ਚਰਚਾ ਕੀਤੀ ਹੈ। ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਤੇ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨੇ ਦੱਖਣੀ ਸਿਚੁਆਨ ਪ੍ਰਾਂਤ ਵਿਚ ਵਿਸ਼ੇਸ਼ ਨੁਮਾਇੰਦਿਆਂ ਦੀ 21ਵੀਂ ਗੇੜ ਦੀ ਵਾਰਤਾ ਕੀਤੀ।

ਦੋਵੇਂ ਧਿਰਾਂ ਨੇ ਆਖਿਆ ਕਿ ਇਹ ਵਿਵਾਦ ਜਲਦੀ ਹੱਲ ਹੋਣ ਨਾਲ ਦੋਵੇਂ ਦੇਸ਼ਾਂ ਦੇ ਹਿੱਤ ਪੂਰੇ ਹੋਣਗੇ ਤੇ ਜਦੋਂ ਤੱਕ ਅੰਤਮ ਹੱਲ ਬਾਰੇ ਵਾਰਤਾ ਸਿਰੇ ਨਹੀਂ ਚੜ੍ਹ ਜਾਂਦੀ ਤਾਂ ਸਾਰੀਆਂ ਸਰਹੱਦਾਂ 'ਤੇ ਅਮਨ ਚੈਨ ਕਾਇਮ ਰੱਖਿਆ ਜਾਣਾ ਚਾਹੀਦਾ ਹੈ। ਭਾਰਤ ਤੇ ਚੀਨ ਵਿਚਕਾਰ 3448 ਕਿਲੋਮੀਟਰ ਲੰਮੀ ਸਰਹੱਦ ਹੈ। ਇਸ ਤੋਂ ਇਲਾਵਾ ਚੀਨ ਅਰੁਣਾਚਲ ਪ੍ਰਦੇਸ਼ 'ਤੇ ਵੀ ਹੱਕ ਜਤਾਉਂਦਾ ਹੈ।


# Matrimonials

### ਲੜਕੇ ਦੀ ਲੋੜ ਹੈ

Professionaly qualified well settled American citizen match for jatt sikh girl 24/5'5" MBBS, Passed USMLE Step 1 with high scores. Currently in India. Contact: 001-778-552-8628, 91-98760-61260,630-407-7577 or e-mail: dr.pardeepgill3@gmail.com 42-45

Suitable Jatt Sikh match sought for our daughter, PhD, 38 years, 5'-9", Beautiful and slim, never married, works as a Scientist in New York. Family from Ferozepur. Contact: gks27@cornell.edu 41-44

Suitable Ramgariha Sikh match sought for our daughter, M.Sc. (Botany), Currently enrolled in LPN (US), 28 years, 5'-7", Beautiful and slim, Residing in Chicago. Pl. Contact: manpreets1211@gmail.com 43-46

*For ads call 847-359-0746*

### ਲੜਕੇ ਦੀ ਲੋੜ ਹੈ

ਖੱਤਰੀ, 29 ਸਾਲ, 5'-2", ਤਲਾਕਸ਼ੁਦਾ, ਰਜਿਸਟਰਡ ਨਰਸ, ਗਰੀਨ ਕਾਰਡ ਹੋਲਡਰ ਲੜਕੀ ਲਈ ਖਾਨਦਾਨੀ ਪਰਿਵਾਰ ਦੇ ਯੋਗ ਗਰੀਨ ਕਾਰਡ ਹੋਲਡਰ ਜਾਂ ਸਿਟੀਜ਼ਨ ਮੁੰਡੇ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ ਤੇ ਵਟਸਐਪ: 1-317-579-5870 45-48

### ਲੜਕੀ ਦੀ ਲੋੜ ਹੈ

ਜੱਟ ਸਿੱਖ ਚਾਹਲ, 27 ਸਾਲ, 5'-10", ਮਕੈਨੀਕਲ ਇੰਜੀਨੀਅਰ ਬੀ. ਟੈਕ ਜਿਲ੍ਹਾ ਲੁਧਿਆਣਾ ਲਈ ਅਮਰੀਕਨ ਜਾਂ ਕੈਨੇਡੀਅਨ ਸਿਟੀਜ਼ਨ ਜਾਂ ਪੀ. ਆਰ. ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਅਤੇ ਮਾਤਾ-ਪਿਤਾ ਅਮਰੀਕਾ, ਮਿਸ਼ੀਗਨ ਵਿਚ ਵੈਲ ਸੈਟਲਡ ਹਨ। ਸੰਪਰਕ ਕਰੋ, ਫੋਨ: 734-709-5997 ਜਾਂ 734-837-8799 44-51

Looking for a suitable beautiful educated US citizen/green card holder girl, at least 5'-6" or more, for Sikh clean shaven handsome boy 40 yrs, 6', US born MBA. Owns family established business. Cast no bar. Contact: 513-546-7246 42-45


## ਗਾਂਧੀ ਦੇ ਖਤ ਦੀ ਹੋਵੇਗੀ ਨਿਲਾਮੀ

**ਬੋਸਟਨ:** ਮਹਾਤਮਾ ਗਾਂਧੀ ਵੱਲੋਂ ਉਨ੍ਹਾਂ ਦੇ ਜਨਮ ਦਿਨ ਮੌਕੇ ਬਰਤਾਨੀਆ ਦੇ ਲਾਰਡ ਵੱਲੋਂ ਭੇਜੀਆਂ ਸ਼ੁਭਕਾਮਨਾਵਾਂ ਲਈ ਸ਼ੁਕਰੀਆ ਅਦਾ ਕਰਨ ਵਾਸਤੇ ਲਿਖੇ ਇਕ ਖਤ ਦੀ ਆਨਲਾਈਨ ਨਿਲਾਮੀ ਤੋਂ 20,000 ਅਮਰੀਕੀ ਡਾਲਰ ਮਿਲਣ ਦੀ ਆਸ ਹੈ। ਇਸ ਖਤ 'ਤੇ ਮਹਾਤਮਾ ਗਾਂਧੀ ਦੇ ਹਸਤਾਖਰ ਹਨ।


# For Lease

**Two Gas-stations, Two Krispy Krunchy Chicken Franchise and U-Haul in Oklahoma**

KRISPY KRUNCHY CHICKEN

1. (Conoco) Inside sales 55k average with 10k Krispy Krunchy Chicken and outside 45k average Gallons in Ada, OK.
2. (Valero) Inside sales 50k average with 15K Krispy Krunchy Chicken and outside 45k average Gallons near Ardmore, OK.

*Please call for more info. at*

**1-877-243-3621**

46-47

## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

**ਫੋਨ (408) 687-1899**

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email: Homeomedicine@yahoo.com

## Michigan Truck Driving School

**6405 Middlebelt Road, Romulus, MI 48174**

**ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!**
**ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ**




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇੰਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

**Raj Jamarai Cell:734-644-1010 Office:734-747-4298**

**Punjab Times**
**Established in 2000**
**19th Year in Publication**
Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਤੀਜੇ ਫਰੰਟ ਦਾ ਮੁੱਢ ਬੱਝਾ: ਖਹਿਰਾ ਧੜੇ, ਬੈਂਸ ਭਰਾਵਾਂ ਤੇ ਗਾਂਧੀ ਨੇ ਮਿਲਾਏ ਹੱਥ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਬਾਗੀ ਧੜੇ ਦੇ ਆਗੂ ਸੁਖਪਾਲ ਖਹਿਰਾ, ਲੋਕ ਇਨਸਾਫ ਪਾਰਟੀ ਦੇ ਬੈਂਸ ਭਰਾਵਾਂ ਅਤੇ ਸੰਸਦ ਮੈਂਬਰ ਤੇ ਪੰਜਾਬ ਮੰਚ ਦੇ ਮੁਖੀ ਡਾ. ਧਰਮਵੀਰ ਗਾਂਧੀ ਨੇ ਅਸਿੱਧੇ ਢੰਗ ਨਾਲ ਸਿਆਸੀ ਹੱਥ ਮਿਲਾ ਲਏ ਹਨ ਅਤੇ ਜਲਦੀ ਹੀ ਰਵਾਇਤੀ ਪਾਰਟੀਆਂ ਕਾਂਗਰਸ, ਅਕਾਲੀ ਦਲ ਤੇ ਭਾਜਪਾ ਦੇ ਬਰਾਬਰ ਸਿਆਸੀ ਪਾਰਟੀ ਬਣਾਉਣ ਦੇ ਸੰਕੇਤ ਦਿੱਤੇ ਹਨ।

ਇਨ੍ਹਾਂ ਤਿੰਨਾਂ ਧਿਰਾਂ ਵੱਲੋਂ ਸਾਂਝੇ ਤੌਰ 'ਤੇ ਪੰਜਾਬ ਦੇ ਮੁੱਖ ਮੁੱਦਿਆਂ ਬਾਰੇ 8 ਤੋਂ 16 ਦਸੰਬਰ ਤੱਕ 9 ਦਿਨਾਂ ਇਨਸਾਫ ਮਾਰਚ ਕੱਢਣ ਦਾ ਐਲਾਨ ਕੀਤਾ ਗਿਆ, ਪਰ ਸਿਆਸੀ ਹਲਕਿਆਂ ਅਨੁਸਾਰ ਇਹ ਧਿਰਾਂ ਇਨਸਾਫ ਮਾਰਚ ਰਾਹੀਂ ਆਪਣੀ ਸਿਆਸੀ ਜ਼ਮੀਨ ਦੀ ਪਰਖ ਕਰਨਾ ਚਾਹੁੰਦੀਆਂ ਹਨ ਅਤੇ ਲੋਕਾਂ ਦੇ ਹੁੰਗਾਰੇ ਨੂੰ ਆਧਾਰ ਬਣਾ ਕੇ ਹੀ ਨਵੀਂ ਸਿਆਸੀ ਪਾਰਟੀ ਬਣਾਉਣ ਦਾ ਫੈਸਲਾ ਲਿਆ ਜਾਵੇਗਾ। ਭਾਵੇਂ ਇਨ੍ਹਾਂ ਧਿਰਾਂ ਨੇ ਬਰਗਾੜੀ ਵਿਚ ਪਹਿਲੀ ਜੂਨ ਤੋਂ ਚੱਲ ਰਹੇ ਇਨਸਾਫ ਮੋਰਚੇ ਨਾਲ ਨਾਮ ਜੋੜ ਕੇ 'ਇਨਸਾਫ ਮਾਰਚ' ਕਰਨ ਦਾ ਐਲਾਨ ਕੀਤਾ ਹੈ ਪਰ ਬਰਗਾੜੀ ਮੋਰਚੇ ਦੀ ਕੋਈ ਵੀ ਧਿਰ ਇਸ ਇਨਸਾਫ ਮਾਰਚ ਵਿਚ ਸ਼ਾਮਲ ਨਹੀਂ ਹੋਈ ਹੈ।

'ਆਪ' ਦੇ ਬਾਗੀ ਧੜੇ ਦੇ ਆਗੂ ਤੇ ਪਾਰਟੀ ਵਿਚੋਂ ਮੁਅੱਤਲ ਕੀਤੇ ਵਿਧਾਇਕ ਸੁਖਪਾਲ ਖਹਿਰਾ, ਲੋਕ ਇਨਸਾਫ ਪਾਰਟੀ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਤੇ ਬਲਵਿੰਦਰ ਸਿੰਘ ਬੈਂਸ ਅਤੇ ਪੰਜਾਬ ਮੰਚ ਦੇ ਮੁਖੀ ਤੇ 'ਆਪ' ਵਿਚੋਂ ਮੁਅੱਤਲ ਕੀਤੇ ਪਟਿਆਲਾ ਤੋਂ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਨੇ ਐਲਾਨ ਕੀਤਾ ਕਿ ਇਨਸਾਫ ਮਾਰਚ ਦੇ ਅਖੀਰਲੇ ਦਿਨ ਪਟਿਆਲਾ ਵਿਚ ਸਮਾਪਤੀ ਰੈਲੀ ਦੌਰਾਨ ਲੋਕਾਂ ਕੋਲੋਂ ਤੀਸਰੇ ਸਿਆਸੀ ਫਰੰਟ ਨੂੰ ਬਣਾਉਣ ਦੀ ਲੋੜ ਬਾਰੇ ਰਾਇ ਲਈ ਜਾਵੇਗੀ ਅਤੇ ਜੇਕਰ ਲੋਕਾਂ ਨੇ ਨਵਾਂ ਫਰੰਟ ਬਣਾਉਣ ਦੀ ਹਾਮੀ ਭਰੀ ਤਾਂ ਨਵੀਂ ਸਿਆਸੀ ਪਾਰਟੀ ਉਸਾਰੀ ਜਾਵੇਗੀ।

ਇਨ੍ਹਾਂ ਧਿਰਾਂ ਨੇ 8 ਦਸੰਬਰ ਨੂੰ ਤਲਵੰਡੀ ਸਾਬੋ ਤੋਂ ਇਨਸਾਫ ਮਾਰਚ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ ਅਤੇ ਇਹ 9 ਦਿਨਾਂ ਮਾਰਚ 16 ਦਸੰਬਰ ਨੂੰ ਪਟਿਆਲਾ ਵਿਚ ਸਮਾਪਤ ਹੋਵੇਗਾ। ਇਸ ਮੌਕੇ ਸ੍ਰੀ ਖਹਿਰਾ ਅਤੇ ਡਾ. ਗਾਂਧੀ ਨੇ ਖੁਲਾਸਾ ਕੀਤਾ ਕਿ ਨਵੀਂ ਸਿਆਸੀ ਪਾਰਟੀ ਬਣਾਉਣ ਲਈ ਉਨ੍ਹਾਂ ਦੀਆਂ ਦੋ-ਤਿੰਨ ਮੀਟਿੰਗਾਂ ਹੋ ਚੁੱਕੀਆਂ ਹਨ ਅਤੇ ਜਲਦੀ ਹੀ ਸੁੱਚਾ ਸਿੰਘ ਛੋਟੇਪੁਰ, ਜਗਮੀਤ ਸਿੰਘ ਬਰਾੜ ਅਤੇ ਹੋਰ ਪੰਜਾਬੀ ਹਿਤੈਸ਼ੀ ਧਿਰਾਂ ਨੂੰ ਨਾਲ ਲੈ ਕੇ ਨਵੀਂ ਸਿਆਸੀ ਪਾਰਟੀ ਉਸਾਰੀ ਜਾਵੇਗੀ। ਸ੍ਰੀ ਖਹਿਰਾ ਨੇ ਕਿਹਾ ਕਿ ਉਹ ਇਸ ਲਈ ਆਪਣੇ ਵਿਧਾਇਕ ਦੇ ਅਹੁਦਾ ਵੀ ਤਿਆਗਣ ਲਈ ਤਿਆਰ ਹਨ।

ਦੱਸਣਯੋਗ ਹੈ ਕਿ 'ਆਪ' ਦੇ ਬਾਗੀ ਧੜੇ ਨਾਲ ਅੱਠ ਵਿਧਾਇਕ ਹਨ ਪਰ ਮੀਡੀਆ ਕਾਨਫਰੰਸ ਵਿਚ ਸ੍ਰੀ ਖਹਿਰਾ ਸਮੇਤ ਪਾਰਟੀ ਵਿਚੋਂ ਮੁਅੱਤਲ ਕੀਤੇ ਵਿਧਾਇਕ ਕੰਵਰ ਸੰਧੂ ਹਾਜ਼ਰ ਸਨ ਜਦਕਿ ਤਿੰਨ ਵਿਧਾਇਕ ਜੈ ਕਿਸ਼ਨ ਰੋੜੀ, ਜਗਤਾਰ ਸਿੰਘ ਜੱਗਾ ਅਤੇ ਮਾਸਟਰ ਬਲਦੇਵ ਸਿੰਘ ਹਾਜ਼ਰ ਨਹੀਂ ਸਨ। ਇਸ ਮੌਕੇ ਸ੍ਰੀ ਖਹਿਰਾ ਨੇ ਦੋਸ਼ ਲਾਇਆ ਕਿ ਕੈਪਟਨ ਨੇ ਲਾਂਘੇ ਦੇ ਮੁੱਦੇ ਉਪਰ ਪਾਕਿਸਤਾਨ ਦਾ ਸੱਦਾ ਠੁਕਰਾ ਕੇ ਬੜੀ ਛੋਟੀ ਗੱਲ ਕੀਤੀ ਪਰ ਉਹ ਇਹ ਦੱਸਣ ਕਿ ਉਨ੍ਹਾਂ ਸਰਕਾਰੀ ਰਿਹਾਇਸ਼ ਵਿਚ ਆਪਣੀ ਪਾਕਿਸਤਾਨੀ ਮਹਿਲਾ ਦੋਸਤ ਨੂੰ ਕਿਉਂ ਰੱਖਿਆ ਹੈ। ਦੂਜੇ ਪਾਸੇ ਸਿਮਰਜੀਤ ਬੈਂਸ ਨੇ ਦੋਸ਼ ਲਾਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਦੇ ਮਾਮਲੇ ਵਿਚ ਬਾਦਲ ਦਲ ਦੇ ਪੋਲ ਖੁੱਲ੍ਹ ਗਈ ਹੈ ਪਰ ਮੁੱਖ ਮੰਤਰੀ ਵੱਲੋਂ ਬਾਦਲਾਂ ਦਾ ਸਿਆਸੀ ਭਵਿੱਖ ਬਚਾਉਣ ਲਈ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਨੂੰ ਅੱਗੇ ਵਿਸ਼ੇਸ਼ ਜਾਂਚ ਟੀਮ ਬਣਾ ਕੇ ਖੂਹ ਖਾਤੇ ਪਾਇਆ ਜਾ ਰਿਹਾ ਹੈ।

## ਅਕਾਲੀ ਦਲ ਦੀ ਟੇਕ ਹੁਣ ਕਰਤਾਰਪੁਰ ਲਾਂਘੇ 'ਤੇ

*(ਸਫਾ ਇਕ ਦੀ ਬਾਕੀ)*

ਦੇ ਯਤਨਾਂ ਦੀ ਹੋਈ ਸ਼ੁਰੂਆਤ ਤੋਂ ਬਾਅਦ ਪਾਰਟੀ ਨੇ ਇਸ ਨੂੰ ਛੁਟਿਆਉਣ ਦਾ ਯਤਨ ਹੀ ਨਹੀਂ ਕੀਤਾ ਸੀ ਸਗੋਂ ਵੱਖਰੀ ਮੁਹਿੰਮ ਵਜੋਂ ਵੀ ਪ੍ਰਚਾਰਿਆ ਸੀ।

ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਉਸ ਵਕਤ ਨਵਜੋਤ ਸਿੰਘ ਸਿੱਧੂ ਵਲੋਂ ਪਾਕਿਸਤਾਨ ਸੈਨਾ ਦੇ ਮੁਖੀ ਨੂੰ ਪਾਈ ਜੱਫ਼ੀ ਅਤੇ ਭਾਰਤ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨਾਲ ਕੀਤੀ ਮੁਲਾਕਾਤ ਨੂੰ ਵੀ ਸਿਆਸੀ ਰੰਗਤ ਦੇ ਕੇ ਭੰਡਿਆ ਸੀ।

ਹੁਣ ਸਿਆਸਤ ਨੇ ਅਜਿਹਾ ਮੋੜ ਕੱਟਿਆ ਹੈ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਸ਼ਿਰਕਤ ਵਾਲੇ ਕਰਤਾਰਪੁਰ ਲਾਂਘੇ ਦੇ 28 ਨਵੰਬਰ ਦੇ ਨੀਂਹ ਪੱਥਰ ਸਮਾਗਮ ਵਿਚ ਨਵਜੋਤ ਸਿੰਘ ਸਿੱਧੂ ਨੇ ਪਾਕਿਸਤਾਨ ਸਰਕਾਰ ਦੇ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ।

## ਗਾਇਕ ਮੁਹੰਮਦ ਅਜ਼ੀਜ਼ ਨਹੀਂ ਰਹੇ

**ਮੁੰਬਈ:** ਉਘੇ ਪਿੱਠ ਵਰਤੀ ਗਾਇਕ ਮੁਹੰਮਦ ਅਜ਼ੀਜ਼ (64) ਦਾ ਦੇਹਾਂਤ ਹੋ ਗਿਆ ਹੈ। ਉਨ੍ਹਾਂ ਨੇ ਨਾਨਾਵਤੀ ਹਸਪਤਾਲ 'ਚ ਆਖਰੀ ਸਾਹ ਲਿਆ। ਅਜ਼ੀਜ਼ ਨੇ ਕਰੀਬ ਵੀਹ ਹਜ਼ਾਰ ਗੀਤਾਂ ਨੂੰ ਆਪਣੀ ਆਵਾਜ਼ ਦਿੱਤੀ।

ਫਿਲਮ 'ਮਰਦ' ਵਿਚ ਅਮਿਤਾਭ ਬਚਨ ਲਈ ਗਾਏ ਗੀਤ 'ਮਰਦ ਟਾਂਗੇਵਾਲਾ' ਤੋਂ ਉਨ੍ਹਾਂ ਨੂੰ ਪ੍ਰਸਿੱਧੀ ਮਿਲੀ। ਉਨ੍ਹਾਂ ਨੇ ਸੂਫੀ ਗੀਤ ਅਤੇ ਭਜਨ ਵੀ ਗਾਏ। ਮੰਨਿਆ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਦਿਲ ਦਾ ਦੌਰਾ ਪਿਆ ਹੈ।

# ਭਾਰਤ ਵਿਚ ਔਰਤਾਂ ਦੀ ਹੋਣੀ ਬਾਰੇ ਦਿਲ ਕੰਬਾਊ ਅੰਕੜੇ

**ਸੰਯੁਕਤ ਰਾਸ਼ਟਰ:** ਯੂ.ਐਨ. ਵੱਲੋਂ ਕੀਤੇ ਇਕ ਅਧਿਐਨ ਮੁਤਾਬਕ ਭਾਰਤ ਵਿਚ ਦਾਜ ਖਿਲਾਫ ਕਾਨੂੰਨ ਹੋਣ ਦੇ ਬਾਵਜੂਦ ਦਾਜ ਕਾਰਨ ਵੱਡੀ ਗਿਣਤੀ ਵਿਚ ਔਰਤਾਂ ਦੇ ਕਤਲ ਹੋ ਰਹੇ ਹਨ। ਅਧਿਐਨ ਮੁਤਾਬਕ ਵਿਸ਼ਵ ਭਰ ਵਿਚ ਔਰਤਾਂ ਲਈ ਉਨ੍ਹਾਂ ਦੇ ਘਰ ਸਭ ਤੋਂ ਵੱਧ ਖਤਰਨਾਕ ਥਾਵਾਂ ਹਨ। ਡਰੱਗਜ਼ ਤੇ ਕ੍ਰਾਈਮ ਬਾਰੇ ਯੂਨਾਈਟਿਡ ਨੇਸ਼ਨਜ਼ ਦੇ ਦਫਤਰ ਵੱਲੋਂ ਪ੍ਰਕਾਸ਼ਿਤ ਇਕ ਨਵੀਂ ਖੋਜ ਮੁਤਾਬਕ ਪਿਛਲੇ ਸਾਲ ਵਿਸ਼ਵ ਭਰ ਵਿਚ ਲਗਭਗ 87,000 ਔਰਤਾਂ ਦੇ ਕਤਲ ਹੋਏ ਸਨ ਅਤੇ ਕਰੀਬ 50,000 ਜਾਂ 58 ਫੀਸਦੀ ਔਰਤਾਂ ਨੂੰ ਉਨ੍ਹਾਂ ਦੇ ਪਤੀ ਜਾਂ ਪਰਿਵਾਰਕ ਮੈਂਬਰਾਂ ਵੱਲੋਂ ਕਤਲ ਕਰ ਦਿੱਤਾ ਗਿਆ ਸੀ।

ਅਧਿਐਨ ਮੁਤਾਬਕ ਹਰ ਘੰਟੇ ਵਿਚ ਛੇ ਔਰਤਾਂ ਦਾ ਕਤਲ ਉਨ੍ਹਾਂ ਦੇ ਜਾਣ-ਪਛਾਣ ਦੇ ਮੈਂਬਰਾਂ ਵੱਲੋਂ ਕਰ ਦਿੱਤਾ ਜਾਂਦਾ ਹੈ। ਸਾਲ 1995–2013 ਦੇ ਅੰਕੜਿਆਂ ਮੁਤਾਬਕ ਭਾਰਤ ਵਿਚ ਔਰਤਾਂ ਦੇ ਕਤਲ ਦੀ ਦਰ ਸਾਲ 2016 ਵਿਚ 2.8 ਫੀਸਦੀ ਸੀ। ਭਾਰਤ ਵਿਚ 15 ਤੋਂ 49 ਸਾਲ ਦੀਆਂ ਔਰਤਾਂ ਤੇ ਲੜਕੀਆਂ ਵਿਚੋਂ 33.5 ਫੀਸਦੀ ਨੇ ਆਪਣੀ ਜ਼ਿੰਦਗੀ ਵਿਚ ਸਰੀਰਕ ਹਿੰਸਾ ਦਾ ਇਕ ਵਾਰ ਅਤੇ 18.9 ਫੀਸਦੀ ਨੇ ਪਿਛਲੇ 12 ਮਹੀਨਿਆਂ ਵਿਚ ਇਕ ਵਾਰ ਸਾਹਮਣਾ ਕਰਨਾ ਪਿਆ ਸੀ। ਭਾਰਤ ਵਿਚ ਦਾਜ ਕਾਰਨ ਹੋਣ ਵਾਲੇ ਕਤਲ ਧਿਆਨਦੇਣਯੋਗ ਵਿਸ਼ਾ ਹੈ। ਅਧਿਐਨ ਮੁਤਾਬਕ ਕੌਮੀ ਅਪਰਾਧ ਰਿਕਾਰਡ ਬਿਓਰੋ ਤੋਂ ਦਾਜ ਕਾਰਨ ਹੋਏ ਕਤਲਾਂ ਸਬੰਧੀ ਮਿਲੇ ਅੰਕੜਿਆਂ ਮੁਤਾਬਕ ਭਾਰਤ ਵਿਚ ਹਰ ਸਾਲ ਹੋਣ ਵਾਲੇ ਔਰਤਾਂ ਦੇ ਕਤਲਾਂ ਵਿਚੋਂ 40 ਤੋਂ 50 ਫੀਸਦੀ ਦਾਜ ਕਾਰਨ ਹੋਣ ਵਾਲੇ ਕਤਲ ਹੁੰਦੇ ਹਨ।

# ਅਰਦਾਸ ਮਨਜ਼ੂਰ: ਦੋਹਾਂ ਪੰਜਾਬਾਂ ਦੀ ਪਵੇਗੀ ਗਲਵੱਕੜੀ

*(ਸਫਾ ਇਕ ਦੀ ਬਾਕੀ)*

ਪ੍ਰੋਟੋਕੋਲ ਅਨੁਸਾਰ ਮੁੱਖ ਮਹਿਮਾਨ, ਕੇਂਦਰੀ ਮੰਤਰੀ, ਸੂਬੇ ਦੇ ਮੁੱਖ ਮੰਤਰੀ, ਮੰਤਰੀ, ਹਲਕੇ ਦੇ ਵਿਧਾਇਕ ਅਤੇ ਲੋਕ ਸਭਾ ਮੈਂਬਰ ਦਾ ਨਾਮ ਆਉਣਾ ਚਾਹੀਦਾ ਹੈ, ਉਸ ਤੋਂ ਬਾਅਦ ਹੀ ਵਿਰੋਧੀ ਧਿਰ ਦੇ ਆਗੂ ਦਾ ਨਾਮ ਆ ਸਕਦਾ ਹੈ। ਇਸ ਤੋਂ ਖਫਾ ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਨੀਂਹ ਪੱਥਰ 'ਤੇ ਉਕਰੇ ਆਪਣੇ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਨਾਮ ਕਾਲੀ ਟੇਪ ਲਗਾ ਕੇ ਢੱਕ ਦਿੱਤੇ, ਜਿਸ ਮਗਰੋਂ ਨੀਂਹ ਪੱਥਰ ਬਦਲਣ ਦਾ ਫੈਸਲਾ ਹੋਇਆ। ਇਸ ਮਾਮਲੇ ਵਿਚ ਸਭ ਤੋਂ ਵੱਧ ਹੌਲਾਪਣ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦਿਖਾਇਆ। ਕੈਪਟਨ ਨੇ ਜਿਥੇ ਪਾਕਿਸਤਾਨ ਸਰਕਾਰ ਦੇ ਸੱਦੇ ਨੂੰ ਪਹਿਲਾਂ ਹੀ ਰੱਦ ਕਰ ਦਿੱਤਾ ਸੀ, ਉਥੇ ਨੀਂਹ ਪੱਥਰ ਸਮਾਗਮ ਦੌਰਾਨ ਪਾਕਿਸਤਾਨ ਹਕੂਮਤ ਦਾ ਧੰਨਵਾਦ ਕਰਨ ਦੀ ਥਾਂ ਫੌਜ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੂੰ ਵੰਗਾਰਨਾ ਸ਼ੁਰੂ ਕਰ ਦਿੱਤਾ। ਕੈਪਟਨ ਇਹ ਵੀ ਦਾਅਵਾ ਕਰ ਰਹੇ ਹਨ ਕਿ ਉਨ੍ਹਾਂ ਨੇ ਨਵਜੋਤ ਸਿੱਧੂ ਨੂੰ ਪਾਕਿਸਤਾਨ ਜਾਣ ਤੋਂ ਰੋਕਿਆ ਸੀ ਪਰ ਉਹ ਮੰਨੇ ਨਹੀਂ।

ਦੱਸ ਦਈਏ ਕਿ ਪਾਕਿਸਤਾਨ ਵਲੋਂ 28 ਨਵੰਬਰ ਨੂੰ ਕੋਰੀਡੋਰ ਦਾ ਨੀਂਹ ਪੱਥਰ ਰੱਖਿਆ ਗਿਆ ਸੀ। ਇਸ ਸਮਾਗਮ ਲਈ ਭਾਰਤੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ, ਕੈਪਟਨ ਅਮਰਿੰਦਰ ਸਿੰਘ ਤੇ ਨਵਜੋਤ ਸਿੰਘ ਸਿੱਧੂ ਨੂੰ ਸੱਦਾ ਦਿੱਤਾ ਗਿਆ ਸੀ। ਕੈਪਟਨ ਤੇ ਸੁਸ਼ਮਾ ਸਵਰਾਜ ਨੇ ਪਾਕਿਸਤਾਨ ਜਾਣੋਂ ਸਾਫ ਨਾਂਹ ਕਰ ਦਿੱਤੀ। ਸੁਸ਼ਮਾ ਨੇ ਆਪਣੀ ਥਾਂ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਤੇ ਹਰਦੀਪ ਸਿੰਘ ਪੁਰੀ ਨੂੰ ਪਾਕਿਸਤਾਨ ਭੇਜਿਆ। ਭਾਰਤ ਦੇ ਇਸ ਸੌੜੇਪਣ ਦੀ ਪਾਕਿਸਤਾਨ ਵਿਚ ਵੀ ਨੁਕਤਾਚੀਨੀ ਹੋ ਰਹੀ ਹੈ। ਪਾਕਿਸਤਾਨ ਪੁੱਜਦੇ ਹੀ ਸਿੱਧੂ ਨੂੰ ਸਥਾਨਕ ਮੀਡੀਆ ਨੇ ਸਵਾਲ ਕਰ ਦਿੱਤਾ ਕਿ ਇਹ ਮਾਮਲਾ ਭਾਰਤੀ ਸਿੱਖਾਂ ਦਾ ਹੈ ਤੇ ਪਾਕਿਸਤਾਨ ਇਸ ਬਾਰੇ ਖੁੱਲ੍ਹਦਿਲੀ ਤੇ ਭਾਰਤ ਆਕੜ ਦਿਖਾ ਰਿਹਾ ਹੈ।

# ਗ੍ਰਨੇਡ ਹਮਲਾ: ਸਿੱਖ ਨੌਜਵਾਨਾਂ ਦੀ ਗ੍ਰਿਫਤਾਰੀ 'ਤੇ ਉਠੇ ਸਵਾਲ

*(ਸਫਾ ਇਕ ਦੀ ਬਾਕੀ)*

ਕਾਰਵਾਈ ਉਤੇ ਵੱਡੇ ਸਵਾਲ ਚੁੱਕ ਰਹੇ ਹਨ। ਬਿਕਰਮਜੀਤ ਸਿੰਘ ਦੇ ਘਰਦਿਆਂ ਦਾ ਕਹਿਣਾ ਹੈ ਕਿ ਜਿਸ ਸਮੇਂ ਹਮਲਾ ਹੋਇਆ, ਉਹ ਖੇਤਾਂ ਵਿਚ ਕੰਮ ਕਰ ਰਿਹਾ ਸੀ। ਘਰਦਿਆਂ ਦੇ ਦਾਅਵੇ ਤੋਂ ਅਗਲੇ ਹੀ ਦਿਨ ਪੁਲਿਸ ਹਿਰਾਸਤ ਵਿਚ ਹੋਣ ਦੇ ਬਾਵਜੂਦ ਬਿਕਰਮਜੀਤ ਦਾ ਬਿਆਨ ਆ ਗਿਆ ਕਿ ਉਹ ਗ੍ਰਨੇਡ ਧਮਾਕਾ ਕਰਨ ਤੋਂ ਬਾਅਦ ਖੇਤਾਂ ਵਿਚ ਚਲਾ ਗਿਆ ਸੀ। ਪੁਲਿਸ ਕਾਰਵਾਈ ਉਤੇ ਇਸ ਗੱਲੋਂ ਵੀ ਸਵਾਲ ਉਠ ਰਹੇ ਹਨ ਕਿ ਬੰਬ ਧਮਾਕੇ ਵਿਚ ਗ੍ਰਿਫਤਾਰ ਕੀਤਾ ਮੁਲਜ਼ਮ ਕਿਸ ਤਰ੍ਹਾਂ ਮੀਡੀਆ ਅੱਗੇ ਆ ਕੇ ਦਾਅਵਾ ਕਰ ਗਿਆ ਕਿ ਧਮਾਕਾ ਉਸੇ ਨੇ ਕੀਤਾ ਹੈ ਤੇ ਇਹ ਕਾਰਾ ਕਰ ਕੇ ਉਹ ਖੇਤਾਂ ਵਿਚ ਚਲਾ ਗਿਆ। ਦੂਜੇ ਨੌਜਵਾਨ ਦਾ ਪਰਿਵਾਰ ਵੀ ਪੁਲਿਸ ਦੇ ਦਾਅਵਿਆਂ ਨੂੰ ਝੁਠਲਾਉਣ ਲਈ ਅੱਗੇ ਆ ਗਿਆ ਹੈ। ਅਵਤਾਰ ਸਿੰਘ ਖਾਲਸਾ ਦੇ ਪਰਿਵਾਰ ਨੇ ਦਾਅਵਾ ਕੀਤਾ ਹੈ ਕਿ ਜਦੋਂ ਇਹ ਬੰਬ ਧਮਾਕਾ ਹੋਇਆ, ਉਸ ਵੇਲੇ ਅਵਤਾਰ ਸਿੰਘ ਆਪਣੇ ਘਰ ਵਿਚ ਸੀ। ਉਸ ਵੇਲੇ ਘਰ ਵਿਚ ਉਸਾਰੀ ਦਾ ਕੰਮ ਚਲ ਰਿਹਾ ਸੀ ਤੇ ਉਹ ਇਸ ਕੰਮ ਦੀ ਨਿਗਰਾਨੀ ਕਰ ਰਿਹਾ ਸੀ। ਉਸ ਦੇ ਪਿਤਾ ਗੁਰਦਿਆਲ ਸਿੰਘ ਨੇ ਪੁਲਿਸ ਦੇ ਇਸ ਦਾਅਵੇ ਕਿ ਉਸ ਦੇ ਇਟਲੀ ਰਹਿੰਦੇ ਰਿਸ਼ਤੇਦਾਰ ਨੇ ਉਸ ਨੂੰ ਹਥਿਆਰ ਮੁਹੱਈਆ ਕਰਨ ਵਿਚ ਮਦਦ ਕੀਤੀ ਹੈ, ਨੂੰ ਬੇਬੁਨਿਆਦ ਕਰਾਰ ਦਿੰਦਿਆਂ ਆਖਿਆ ਕਿ ਉਨ੍ਹਾਂ ਕੋਲ ਘਰ ਵਿਚ ਤਿੰਨ ਲਾਇਸੈਂਸੀ ਹਥਿਆਰ ਹਨ। ਉਸ ਨੂੰ ਹਥਿਆਰਾਂ ਵਾਸਤੇ ਬਾਹਰ ਕਹਿਣ ਦੀ ਕੀ ਲੋੜ ਸੀ। ਜਿਸ ਟਿਊਬਵੈੱਲ ਤੋਂ ਅਵਤਾਰ ਦੀ ਗ੍ਰਿਫਤਾਰੀ ਦਾ ਦਾਅਵਾ ਕੀਤਾ ਜਾ ਰਿਹਾ ਹੈ, ਉਹ ਵੀ ਉਨ੍ਹਾਂ ਦੇ ਰਿਸ਼ਤੇਦਾਰਾਂ ਦਾ ਹੈ। ਜੇ ਕੋਈ ਅਜਿਹੀ ਗੱਲ ਹੁੰਦੀ ਤਾਂ ਉਨ੍ਹਾਂ ਦਾ ਇਹ ਰਿਸ਼ਤੇਦਾਰ ਇਸ ਬਾਰੇ ਜ਼ਰੂਰ ਜਾਣਕਾਰੀ ਦਿੰਦਾ। ਪਰਿਵਾਰਕ ਮੈਂਬਰਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੀ ਨੇੜਤਾ ਪੰਥਕ ਜਥੇਬੰਦੀਆਂ ਨਾਲ ਹੈ।

ਕੁਝ ਮਹੀਨੇ ਪਹਿਲਾਂ ਚੋਗਾਵਾਂ 'ਚ ਨਿਰੰਕਾਰੀ ਭਵਨ ਦੀ ਉਸਾਰੀ ਖਿਲਾਫ਼ ਹੋਏ ਰੋਸ ਵਿਖਾਵੇ ਵਿਚ ਉਸ ਨੇ ਹਿੱਸਾ ਲਿਆ ਸੀ। ਉਸ ਰੋਸ ਵਿਖਾਵੇ





ਵਿਚ ਹੋਰ ਵੀ ਕਈ ਲੋਕ ਸ਼ਾਮਲ ਸਨ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਪੁਲਿਸ ਉਨ੍ਹਾਂ ਦੇ ਹੋਰ ਰਿਸ਼ਤੇਦਾਰਾਂ ਨੂੰ ਵੀ ਤੰਗ ਪਰੇਸ਼ਾਨ ਕਰ ਰਹੀ ਹੈ।

ਗੌਰਤਲਬ ਹੈ ਕਿ ਅੰਮ੍ਰਿਤਸਰ ਦੇ ਅਦਲੀਵਾਲ ਪਿੰਡ ਵਿਚ ਸ਼ਰਧਾਲੂਆਂ 'ਤੇ ਗ੍ਰਨੇਡ ਨਾਲ ਹਮਲਾ ਕਰਨ ਦੀ ਘਟਨਾ ਵਿਚ 3 ਜਣੇ ਹਲਾਕ ਹੋਏ ਸਨ ਅਤੇ 16 ਜ਼ਖ਼ਮੀ ਹੋ ਗਏ ਸਨ। ਪੁਲਿਸ ਦਾ ਦਾਅਵਾ ਹੈ ਕਿ ਅਵਤਾਰ ਸਿੰਘ ਦੇ ਪਾਕਿਸਤਾਨ ਦੀ ਆਈ.ਐਸ.ਆਈ. ਦੀ ਹਮਾਇਤ ਵਾਲੇ ਕੇ.ਐਲ.ਐਫ. ਦੇ ਹਰਮੀਤ ਸਿੰਘ ਹੈਪੀ ਉਰਫ ਪੀ.ਐਚ.ਡੀ. ਨਾਲ ਵੀ ਸਬੰਧ ਹੋਣ ਦੀ ਪੁਸ਼ਟੀ ਹੋਈ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਗੁਰਵੀਰ ਸਿੰਘ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਗੁਰਦੁਆਰਾ ਨਨਕਾਣਾ ਸਾਹਿਬ ਨੂੰ ਛੇਵਾਂ ਤਖਤ ਬਣਾਉਣ ਦਾ ਸੁਝਾਅ ਰੱਦ



**ਅੰਮ੍ਰਿਤਸਰ:** ਅਕਾਲ ਤਖਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਪਾਕਿਸਤਾਨ ਸਥਿਤ ਗੁਰਦੁਆਰਾ ਨਨਕਾਣਾ ਸਾਹਿਬ ਨੂੰ ਛੇਵਾਂ ਤਖਤ ਬਣਾਉਣ ਦੇ ਸੁਝਾਅ ਨੂੰ ਰੱਦ ਕਰ ਦਿੱਤਾ ਗਿਆ ਅਤੇ ਇਸ ਨੂੰ ਅਕਾਲ ਤਖਤ ਦੀ ਸਰਵਉੱਚਤਾ ਨੂੰ ਢਾਹ ਲਾਉਣ ਵਾਲਾ ਕਰਾਰ ਦਿੱਤਾ ਗਿਆ।

ਇਸ ਇਕੱਤਰਤਾ ਵਿਚ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ, ਤਖਤ ਸ੍ਰੀ ਹਜ਼ੂਰ ਸਾਹਿਬ ਤੋਂ ਮੀਤ ਜਥੇਦਾਰ ਗਿਆਨੀ ਜੋਤ ਇੰਦਰ ਸਿੰਘ ਅਤੇ ਅਕਾਲ ਤਖਤ ਦੇ ਹੈੱਡ ਗ੍ਰੰਥੀ ਗਿਆਨੀ ਮਲਕੀਤ ਸਿੰਘ ਸ਼ਾਮਲ ਹੋਏ। ਗਿਆਨੀ ਗੁਰਬਚਨ ਸਿੰਘ ਵੱਲੋਂ ਅਸਤੀਫ਼ਾ ਦੇਣ ਅਤੇ ਗਿਆਨੀ ਹਰਪ੍ਰੀਤ ਸਿੰਘ ਦੇ ਕਾਰਜਕਾਰੀ ਜਥੇਦਾਰ ਬਣਨ ਮਗਰੋਂ ਪੰਜ ਸਿੰਘ ਸਾਹਿਬਾਨ ਦੀ ਇਹ ਪਲੇਠੀ ਇਕੱਤਰਤਾ ਸੀ। ਇਕੱਤਰਤਾ ਮਗਰੋਂ ਕੀਤੇ ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਨਨਕਾਣਾ ਸਾਹਿਬ ਨੂੰ ਛੇਵਾਂ ਤਖਤ ਬਣਾਉਣ ਦੇ ਸੁਝਾਅ ਨੂੰ ਰੱਦ ਕਰ ਦਿੱਤਾ ਗਿਆ ਹੈ। ਉਨ੍ਹਾਂ ਆਖਿਆ ਕਿ ਇਹ ਗੁਰੂ ਸਾਹਿਬ ਵੱਲੋਂ ਸਥਾਪਤ ਪੰਚ ਪ੍ਰਧਾਨੀ ਪ੍ਰਥਾ ਦੇ ਵਿਰੁੱਧ ਹੈ।

ਦੱਸ ਦਈਏ ਕਿ ਪਾਕਿਸਤਾਨ ਸਥਿਤ ਗੁਰਦੁਆਰਾ ਨਨਕਾਣਾ ਸਾਹਿਬ ਵਿਖੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਕਰਵਾਏ ਸਮਾਗਮ ਵਿਚ ਗੁਰਦੁਆਰਾ ਨਨਕਾਣਾ ਸਾਹਿਬ ਨੂੰ ਸਿੱਖ ਕੌਮ ਦਾ ਛੇਵਾਂ ਤਖਤ ਐਲਾਨਣ ਦੀ ਮੰਗ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਉਠਾਈ ਸੀ। ਸਰਨਾ ਅਤੇ ਉਨ੍ਹਾਂ ਦੇ ਭਰਾ ਹਰਵਿੰਦਰ ਸਿੰਘ ਸਰਨਾ ਗੁਰਪੁਰਬ ਸਮਾਗਮ ਵਿਚ ਸ਼ਾਮਲ ਹੋਣ ਲਈ ਪਾਕਿਸਤਾਨ ਗਏ ਸਨ। ਇਸ ਦੌਰਾਨ ਪਰਮਜੀਤ ਸਿੰਘ ਸਰਨਾ ਨੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਵਿਸ਼ਵ ਭਰ ਵਿਚ ਘਰ-ਘਰ ਪਹੁੰਚਾਉਣ ਦਾ ਸੁਨੇਹਾ ਦਿੰਦਿਆਂ ਮੰਗ ਕੀਤੀ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਨੂੰ ਸਿੱਖ ਕੌਮ ਦਾ ਛੇਵਾਂ ਤਖਤ ਐਲਾਨਣ ਵਾਸਤੇ ਮਤਾ ਪਾਸ ਕੀਤਾ ਜਾਵੇ।

ਇਸ ਮਤੇ ਦੇ ਹੱਕ ਵਿਚ ਸਮਾਗਮ ਵਿਚ ਹਾਜ਼ਰ ਸਮੂਹ ਸੰਗਤ ਨੇ ਤੇ ਜੈਕਾਰਿਆਂ ਦੀ ਗੂੰਜ ਨਾਲ ਇਸ ਸੁਝਾਅ ਨੂੰ ਪ੍ਰਵਾਨਗੀ ਦਿੱਤੀ। ਉਨ੍ਹਾਂ ਕਿਹਾ ਕਿ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਨੂੰ ਤਖ਼ਤ ਵਜੋਂ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਦਾਅਵਾ ਕੀਤਾ ਕਿ ਇਸ ਸੁਝਾਅ ਤੇ ਸ਼੍ਰੋਮਣੀ ਕਮੇਟੀ ਦੇ ਜਥੇ ਦੇ ਆਗੂ ਵੱਲੋਂ ਵੀ ਹਾਮੀ ਭਰੀ ਗਈ ਹੈ। ਇਸ ਤੋਂ ਬਾਅਦ ਇਕ ਮਸਲਾ ਅਕਾਲ ਤਖਤ ਉਤੇ ਵਿਚਾਰਿਆ ਗਿਆ ਤੇ ਇਸ ਸੁਝਾਅ ਨੂੰ ਰੱਦ ਕਰ ਦਿੱਤਾ ਗਿਆ।

## ਲੌਂਗੋਵਾਲ ਵੱਲੋਂ ਸਰਨਾ ਦੇ ਬਿਆਨ ਦਾ ਵਿਰੋਧ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਸਿੱਖ ਆਗੂ ਪਰਮਜੀਤ ਸਿੰਘ ਸਰਨਾ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਦੇ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਨੂੰ ਛੇਵਾਂ ਤਖਤ ਐਲਾਨਣ ਦੇ ਬਿਆਨ ਨੂੰ ਸਿੱਖ ਕੌਮ ਨੂੰ ਇਕ ਨਵੇਂ ਵਿਵਾਦ ਵਿਚ ਪਾਉਣ ਦਾ ਯਤਨ ਕਰਾਰ ਦਿੱਤਾ ਹੈ। ਸ੍ਰੀ ਲੌਂਗੋਵਾਲ ਨੇ ਕਿਹਾ ਕਿ ਉਹ ਕੌਮ ਅੰਦਰ ਬੇਲੋੜੀ ਦੁਵਿਧਾ ਪਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੀਆਂ ਮਹਾਨ ਪਰੰਪਰਾਵਾਂ ਤੇ ਰਵਾਇਤਾਂ ਨੂੰ ਬਦਲਣ ਦਾ ਕਿਸੇ ਨੂੰ ਹੱਕ ਨਹੀਂ ਹੈ।

# ਨੂਰਮਹਿਲ ਡੇਰੇ ਦੇ ਸਮਾਗਮ 'ਚ ਸਿਆਸੀ ਆਗੂਆਂ ਨੇ ਭਰੀ ਹੁੰਮ-ਹੁੰਮਾ ਕੇ ਹਾਜ਼ਰੀ

**ਜਲੰਧਰ:** ਨੂਰਮਹਿਲ ਸਥਿਤ ਬਹੁ ਚਰਚਿਤ ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਕਰਵਾਏ ਗਏ ਵਿਸ਼ੇਸ਼ ਸਮਾਗਮ ਵਿਚ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਤੇ ਸਾਬਕਾ ਕੇਂਦਰੀ ਮੰਤਰੀ ਪਰਨੀਤ ਕੌਰ ਸਣੇ ਹੋਰ ਕਈ ਸਿਆਸੀ ਆਗੂਆਂ ਨੇ ਸ਼ਿਰਕਤ ਕੀਤੀ। ਸਮਾਗਮ ਮੌਕੇ ਸਖਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ ਤੇ ਡੇਰੇ ਨੂੰ ਆਉਣ ਜਾਣ ਵਾਲੇ ਹਰ ਰਾਹ 'ਤੇ ਪੁਲਿਸ ਵੱਲੋਂ ਗੱਡੀਆਂ ਦੀ ਚੈਕਿੰਗ ਕੀਤੀ ਜਾ ਰਹੀ ਸੀ।

ਅੰਮ੍ਰਿਤਸਰ ਵਿਚ ਹੋਏ ਹਮਲੇ ਦੇ ਮੱਦੇਨਜ਼ਰ ਪੁਲਿਸ ਵੱਲੋਂ ਵਿਸ਼ੇਸ਼ ਚੌਕਸੀ ਵਰਤੀ ਜਾ ਰਹੀ ਹੈ। ਦੱਸਣਯੋਗ ਹੈ ਕਿ ਇਸ ਡੇਰੇ ਦਾ ਵੀ ਕਈ ਵਾਰ ਸਿੱਖ ਸੰਸਥਾਵਾਂ ਨਾਲ ਸਿੱਧਾ ਟਕਰਾਅ ਹੋ ਚੁੱਕਾ ਹੈ। ਡੇਰੇ ਦੇ ਬਾਨੀ ਆਸ਼ੂਤੋਸ਼ 29 ਜਨਵਰੀ 2014 ਤੋਂ ਡੂੰਘੀ ਸਮਾਧੀ ਵਿਚ ਦੱਸੇ ਜਾ ਰਹੇ ਹਨ ਤੇ ਉਨ੍ਹਾਂ ਦੇ ਸਰੀਰ ਨੂੰ ਫਰੀਜ਼ਰ ਵਿਚ ਰੱਖਿਆ ਹੋਇਆ ਹੈ। ਡੇਰੇ ਦੇ ਪ੍ਰਬੰਧਕਾਂ ਵੱਲੋਂ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਆਸ਼ੂਤੋਸ਼ ਮਹਾਰਾਜ ਸਮਾਧੀ ਵਿਚੋਂ ਜ਼ਰੂਰ ਵਾਪਸ ਆਉਣਗੇ। ਡੇਰੇ ਵੱਲੋਂ ਕਰਵਾਏ ਗਏ ਸਮਾਗਮ ਨੂੰ 'ਨਵਲ ਭਰੋ ਸਮਾਰੋਹ' ਦਾ ਨਾਂ ਦਿੱਤਾ ਗਿਆ ਸੀ।

# ਸੁਖਬੀਰ ਵੱਲੋਂ ਡੇਰਾ ਬਿਆਸ ਮੁਖੀ ਨੂੰ ਸਿਰੋਪਾਉ ਪਾਉਣ ਦਾ ਮਾਮਲਾ ਭਖਿਆ

**ਫਾਜ਼ਿਲਕਾ:** ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਹਰਸਿਮਰਤ ਕੌਰ ਬਾਦਲ ਘਰ ਕਰਵਾਏ ਗਏ ਧਾਰਮਿਕ ਸਮਾਗਮ ਵਿਚ ਪਹੁੰਚੇ ਡੇਰਾ ਬਾਬਾ ਜੈਮਲ ਸਿੰਘ ਸਤਿਸੰਗ ਘਰ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਦੇ ਗਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਸਿਰੋਪਾ ਪਾਉਣ ਦਾ ਮਾਮਲਾ ਭਖ ਗਿਆ ਹੈ। ਜ਼ਿਕਰਯੋਗ ਹੈ ਕਿ ਫਾਜ਼ਿਲਕਾ ਜ਼ਿਲ੍ਹੇ ਵਿਚ ਵਧੇਰੇ ਵਸੋਂ ਰਾਏ ਸਿੱਖ ਅਤੇ ਕੰਬੋਜ ਬਰਾਦਰੀ ਦੀ ਹੈ। ਇਹ ਅਬਾਦੀ ਵੱਡੇ ਪੱਧਰ ਉਤੇ ਡੇਰਾ ਬਿਆਸ ਦੀ ਸ਼ਰਧਾਲੂ ਹੈ। ਸੁਖਬੀਰ ਬਾਦਲ ਵੱਲੋਂ ਡੇਰਾ ਬਿਆਸ ਮੁਖੀ ਦੇ ਗਲ ਸਿਰੋਪਾ ਪਾਉਣ ਅਤੇ ਸਮਾਗਮ ਵਿਚ ਸ਼ਿਰਕਤ ਕਰਨ ਬਾਰੇ ਸੋਸ਼ਲ ਮੀਡੀਆ ਉਤੇ ਵੀਡੀਓ ਵਾਇਰਲ ਹੋ ਜਾਣ ਕਾਰਨ ਇਹ ਮੁੱਦਾ ਸਿਆਸੀ ਤੂਲ ਫੜ ਗਿਆ ਹੈ।

ਇਸ ਸਬੰਧੀ ਆਮ ਆਦਮੀ ਪਾਰਟੀ ਯੂਥ ਵਿੰਗ ਦੇ ਸੂਬਾਈ ਮੀਤ ਪ੍ਰਧਾਨ ਮਹਿੰਦਰ ਸਿੰਘ ਕਚੂਰਾ ਨੇ ਕਿਹਾ ਕਿ ਡੇਰਾ ਮੁਖੀ ਦਾ ਸੁਖਬੀਰ ਦੇ ਹੱਥੋਂ ਸਿਰੋਪਾ ਪਾਉਣਾ ਅਤਿ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਡੇਰਾ ਮੁਖੀ ਵੱਲੋਂ ਸਿੱਧੇ ਤੌਰ ਉਤੇ ਅਕਾਲੀ ਦਲ ਬਾਦਲ ਦੇ ਪਰਿਵਾਰਕ ਸਮਾਗਮਾਂ ਵਿਚ ਸ਼ਿਰਕਤ ਕਰਨਾ ਆਮ ਲੋਕਾਂ ਨੂੰ ਡੇਰੇ ਨਾਲੋਂ ਦੂਰ ਕਰਨਾ ਹੈ। ਇਸ ਸਬੰਧੀ ਲੋਕ ਸਭਾ ਹਲਕਾ ਫਿਰੋਜ਼ਪੁਰ ਤੋਂ ਸੰਸਦ ਮੈਂਬਰ ਸ਼ੇਰ ਸਿੰਘ ਘੁਬਾਇਆ ਨੇ ਕਿਹਾ ਕਿ ਜੇਕਰ ਬਾਦਲ ਪਰਿਵਾਰ ਬਾਬਾ ਜੀ ਦੀ ਇੱਜ਼ਤ ਕਰਦਾ ਹੁੰਦਾ ਹਾਂ ਖੁਦ ਸਿਰੋਪਾਉ ਉਨ੍ਹਾਂ ਹੱਥੋਂ ਪਵਾਉਂਦੇ। ਇਸ ਸਬੰਧੀ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਪ੍ਰਧਾਨ ਰਾਜਿੰਦਰ ਭਦੌੜ ਨੇ ਕਿਹਾ ਇਨ੍ਹਾਂ ਦੇ ਹਿੱਤ ਇੱਕ ਦੂਸਰੇ ਨਾਲ ਸਾਂਝੇ ਹਨ। ਜ਼ਿਕਰਯੋਗ ਹੈ ਕਿ ਲੰਘੀਆਂ ਵਿਧਾਨ ਸਭਾ ਚੋਣਾਂ ਦੌਰਾਨ ਡੇਰਾ ਮੁਖੀ ਸੁਖਬੀਰ ਬਾਦਲ ਦੇ ਹਲਕੇ ਜਲਾਲਾਬਾਦ ਦੇ ਸਤਿਸੰਗ ਘਰ ਵਿਖੇ ਪਹੁੰਚੇ ਸਨ। ਇਸ ਮੌਕੇ ਉਨ੍ਹਾਂ ਨਾਲ ਬਿਕਰਮ ਸਿੰਘ ਮਜੀਠੀਆ, ਸੁਖਬੀਰ ਸਿੰਘ ਬਾਦਲ ਅਤੇ ਕਈ ਹੋਰ ਅਕਾਲੀ ਨੇਤਾ ਮੌਜੂਦ ਸਨ, ਜਿਸ ਦਾ ਆਮ ਲੋਕਾਂ ਨੇ ਬਹੁਤ ਬੁਰਾ ਮਨਾਇਆ ਸੀ।

## ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਛਾਪਣ ਲਈ ਜਰਮਨੀ ਤੋਂ ਮੰਗਵਾਈ ਜਾਵੇਗੀ ਮਸ਼ੀਨ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਛਾਪਣ ਲਈ ਜਰਮਨੀ ਤੋਂ ਅਤਿ ਆਧੁਨਿਕ ਪ੍ਰਿੰਟਿੰਗ ਮਸ਼ੀਨ ਮੰਗਵਾ ਰਹੀ ਹੈ। ਇਹ ਪੂਰੀ ਤਰ੍ਹਾਂ ਕੰਪਿਊਟਰੀਕ੍ਰਿਤ ਹੋਵੇਗੀ। ਮਸ਼ੀਨ ਮਈ 2019 ਤੋਂ ਕਾਰਜ ਸ਼ੁਰੂ ਕਰ ਦੇਵੇਗੀ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਦੱਸਿਆ ਕਿ ਪੂਰੀ ਤਰ੍ਹਾਂ ਵਾਤਾਵਰਨ ਪੱਖੀ 'ਸੀਓ2' ਨਿਊਟ੍ਰਲ ਫੋਰ ਕਲਰ ਪ੍ਰਿੰਟਿੰਗ ਮਸ਼ੀਨ ਦੀ ਕੀਮਤ ਕੋਈ ਅੱਠ ਕਰੋੜ ਰੁਪਏ ਦੇ ਕਰੀਬ ਹੈ ਅਤੇ ਇਹ ਗੁਰਦੁਆਰਾ ਰਕਾਬਗੰਜ ਸਥਿਤ ਗੁਰੂ ਗ੍ਰੰਥ ਸਾਹਿਬ ਭਵਨ ਵਿਚ ਸਥਾਪਤ ਕੀਤੀ ਜਾਵੇਗੀ। ਨਵੀਂ ਮਸ਼ੀਨ ਭਾਰਤ ਵਿਚ ਅਪਰੈਲ 2019 ਤੱਕ ਪੁੱਜ ਜਾਣ ਦੀ ਸੰਭਾਵਨਾ ਹੈ ਅਤੇ ਮਈ ਵਿਚ ਕੰਮ ਸ਼ੁਰੂ ਕਰ ਦੇਵੇਗੀ। ਇਹ ਮਸ਼ੀਨ ਇਕ ਦਿਨ ਵਿਚ 10,000 ਅੰਗ ਛਾਪਣ ਦੀ ਸਮਰੱਥਾ ਰੱਖਦੀ ਹੈ। ਜ਼ਿਕਰਯੋਗ ਹੈ ਕਿ ਦੇਸ਼ ਵਿਦੇਸ਼ ਵਿਚ ਸ਼ਰਧਾਲੂਆਂ ਵੱਲੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਦੀ ਕੀਤੀ ਜਾ ਰਹੀ ਮੰਗ ਦੇ ਮੱਦੇਨਜ਼ਰ ਦਿੱਲੀ ਕਮੇਟੀ ਨੇ ਇਹ ਪਹਿਲਕਦਮੀ ਕੀਤੀ ਹੈ।

# ਪਾਕਿਸਤਾਨ ਨੂੰ ਜਾਂਦਾ ਪਾਣੀ ਰੋਕਣ ਲਈ ਭਾਰਤ ਸਰਗਰਮ

**ਨਵੀਂ ਦਿੱਲੀ:** ਭਾਰਤ ਨੇ ਦੋ ਡੈਮਾਂ ਦੀ ਉਸਾਰੀ ਸਮੇਤ ਤਿੰਨ ਪ੍ਰੋਜੈਕਟਾਂ ਉਤੇ ਤੇਜ਼ੀ ਨਾਲ ਕੰਮ ਮੁਕੰਮਲ ਕਰਨ ਦਾ ਫੈਸਲਾ ਲਿਆ ਹੈ ਤਾਂ ਜੋ ਸਿੰਧ ਜਲ ਸਮਝੌਤੇ ਤਹਿਤ ਮੁਲਕ ਦੇ ਹਿੱਸੇ ਦਾ ਪਾਣੀ ਪਾਕਿਸਤਾਨ ਜਾਣ 'ਤੇ ਰੋਕ ਲਗਾਈ ਜਾ ਸਕੇ।

ਸਰਕਾਰੀ ਅਧਿਕਾਰੀਆਂ ਨੇ ਕਿਹਾ ਕਿ ਤਿੰਨ ਪ੍ਰੋਜੈਕਟਾਂ 'ਚ ਸ਼ਾਹਪੁਰ ਕੰਢੀ ਡੈਮ ਪ੍ਰੋਜੈਕਟ, ਸਤਲੁਜ-ਬਿਆਸ ਲਿੰਕ (ਪੰਜਾਬ) ਅਤੇ ਜੰਮੂ ਕਸ਼ਮੀਰ ਵਿਚ ਉਝ ਡੈਮ ਪ੍ਰੋਜੈਕਟ ਸ਼ਾਮਲ ਹਨ।

ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਲਾਲ ਫੀਤਾਸ਼ਾਹੀ ਅਤੇ ਅੰਤਰ ਰਾਜੀ ਵਿਵਾਦਾਂ 'ਚ ਫਸ ਗਏ ਸਨ ਪਰ ਹੁਣ ਇਨ੍ਹਾਂ ਪ੍ਰੋਜੈਕਟਾਂ ਦੇ ਕੰਮ 'ਚ ਤੇਜ਼ੀ ਲਿਆਉਣ ਦਾ ਫੈਸਲਾ ਲਿਆ ਗਿਆ ਹੈ। ਸਿੰਧ ਜਲ ਸਮਝੌਤੇ ਤਹਿਤ ਸਤਲੁਜ, ਬਿਆਸ ਅਤੇ ਰਾਵੀ ਦਰਿਆਵਾਂ ਦਾ ਪਾਣੀ ਭਾਰਤ ਵੱਲੋਂ ਵਰਤਿਆ ਜਾਂਦਾ ਹੈ ਜਦਕਿ ਚਨਾਬ, ਜਿਹਲਮ ਅਤੇ ਸਿੰਧ ਦੇ ਪਾਣੀਆਂ ਦੀ ਵਰਤੋਂ ਪਾਕਿਸਤਾਨ ਵੱਲੋਂ ਕੀਤੀ ਜਾਂਦੀ ਹੈ। ਕੁੱਲ 168 ਮਿਲੀਅਨ ਏਕੜ ਫੁੱਟ ਪਾਣੀਆਂ 'ਚੋਂ ਭਾਰਤ ਦਾ ਹਿੱਸਾ 33 ਮਿਲੀਅਨ ਏਕੜ ਫੁੱਟ ਹੈ ਜੋ ਕਿ ਕਰੀਬ 20 ਫੀਸਦੀ ਬਣਦਾ ਹੈ।

ਅਧਿਕਾਰੀ ਨੇ ਕਿਹਾ ਕਿ ਸਿੰਧ ਜਲ ਸਮਝੌਤੇ ਤਹਿਤ ਭਾਰਤ ਵੱਲੋਂ ਕਰੀਬ 93-94 ਫੀਸਦੀ ਪਾਣੀ ਦੀ ਵਰਤੋਂ ਕੀਤੀ ਜਾਂਦੀ ਹੈ ਜਦਕਿ ਬਾਕੀ ਦਾ ਅਣਵਰਤਿਆ ਪਾਣੀ ਪਾਕਿਸਤਾਨ ਚਲਾ ਜਾਂਦਾ ਹੈ।

# ਕੈਪਟਨ ਸਰਕਾਰ ਨੇ ਸੁਖਬੀਰ ਦਾ ਸਿਟੀ ਸੈਂਟਰ ਦਾ ਸੁਪਨਾ ਕੀਤਾ ਚਕਨਾਚੂਰ

**ਮੁਹਾਲੀ:** ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ) ਦੇ ਸੈਂਟਰ ਪਲੇਸ ਇਥੋਂ ਦੇ ਫੇਜ਼-8 (ਸੈਕਟਰ-62) ਵਿਚ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਸਿਟੀ ਸੈਂਟਰ ਬਣਾਉਣ ਦਾ ਸੁਪਨਾ ਚਕਨਾਚੂਰ ਹੋ ਗਿਆ ਹੈ।



ਅਕਾਲੀ ਸਰਕਾਰ ਵੇਲੇ ਜੂਨੀਅਰ ਬਾਦਲ ਨੇ 24 ਫਰਵਰੀ 2009 ਨੂੰ ਦਸਹਿਰਾ ਗਰਾਊਂਡ ਵਿਚ ਸਿਟੀ ਸੈਂਟਰ ਦਾ ਨੀਂਹ ਪੱਥਰ ਰੱਖਿਆ ਸੀ ਪਰ ਬਾਦਲ ਵਜ਼ਾਰਤ ਦੇ ਕਾਰਜਕਾਲ ਵਿਚ ਇਸ ਪ੍ਰਾਜੈਕਟ ਦੀ ਉਸਾਰੀ ਲਈ ਇਕ ਇੱਟ ਤੱਕ ਨਹੀਂ ਲੱਗੀ ਅਤੇ ਨਾ ਹੀ ਨੀਂਹ ਪੱਥਰ ਰੱਖੇ ਜਾਣ ਮਗਰੋਂ ਹੁਕਮਰਾਨਾਂ ਅਤੇ ਗਮਾਡਾ ਅਧਿਕਾਰੀਆਂ ਵੱਲੋਂ ਇਸ ਪ੍ਰਾਜੈਕਟ ਨੂੰ ਤਵੱਜੋ ਦਿੱਤੀ ਗਈ। ਹੁਣ ਕੈਪਟਨ ਸਰਕਾਰ ਨੇ ਜੂਨੀਅਰ ਬਾਦਲ ਦੇ ਇਸ ਸੁਪਨਮਈ ਪ੍ਰਾਜੈਕਟ 'ਤੇ ਪਾਣੀ ਫੇਰਦਿਆਂ ਗਮਾਡਾ ਰਾਹੀਂ ਦਸਹਿਰਾ ਗਰਾਊਂਡ ਦੀ ਜ਼ਮੀਨ ਪ੍ਰਾਈਵੇਟ ਕੰਪਨੀ ਨੂੰ ਵੇਚ ਦਿੱਤੀ ਹੈ ਤੇ ਇਸ ਨਾਲ ਖੇਡ ਮੈਦਾਨ ਵਾਲੀ ਥਾਂ ਵੀ ਵੇਚੀ ਗਈ ਹੈ।

ਗਮਾਡਾ ਅਧਿਕਾਰੀ ਬਲਜੀਤ ਸਿੰਘ ਵਾਲੀਆ ਨੇ ਦੱਸਿਆ ਕਿ ਈ-ਨਿਲਾਮੀ ਰਾਹੀਂ 6.69 ਏਕੜ ਅਤੇ 5.1 ਏਕੜ ਉਕਤ ਦੋਵੇਂ ਸਾਈਟਾਂ ਨਿਲਾਮ ਕਰ ਕੇ ਕ੍ਰਮਵਾਰ 219.71 ਕਰੋੜ ਰੁਪਏ ਅਤੇ 203.36 ਕਰੋੜ ਰੁਪਏ ਪ੍ਰਾਪਤ ਕੀਤੇ ਗਏ ਹਨ। ਇਹ ਦੋਵੇਂ ਸਾਈਟਾਂ ਰਿਹਾਇਸ਼ੀ ਅਤੇ ਕਾਰੋਬਾਰ ਮੰਤਵ ਲਈ ਵੇਚੀਆਂ ਗਈਆਂ ਹਨ। ਇਸ ਤਰ੍ਹਾਂ ਗਮਾਡਾ ਦੇ ਇਸ ਫੈਸਲੇ ਨਾਲ ਦਸਹਿਰਾ ਕਮੇਟੀ ਨੂੰ ਜਿਥੇ ਦਸਹਿਰੇ ਦਾ ਤਿਉਹਾਰ ਮਨਾਉਣ ਅਤੇ ਖਿਡਾਰੀ ਨੌਜਵਾਨਾਂ ਅਤੇ ਬੱਚਿਆਂ ਨੂੰ ਖੇਡਣ ਵਿਚ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ ਕਿਉਂਕਿ ਖੇਡ ਵਿਭਾਗ ਅਤੇ ਗਮਾਡਾ ਦੇ ਖੇਡ ਸਟੇਡੀਅਮਾਂ ਵਿਚ ਫੀਸ ਲੈ ਕੇ ਖੇਡਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ ਜਦੋਂਕਿ ਰੈਜ਼ੀਡੈਂਟਸ ਵੈੱਲਫੇਅਰ ਸੁਸਾਇਟੀਆਂ ਵੱਲੋਂ ਰਿਹਾਇਸ਼ੀ ਖੇਤਰ ਵਿਚਲੇ ਪਾਰਕਾਂ ਵਿਚ ਬੱਚਿਆਂ ਦੇ ਖੇਡਣ 'ਤੇ ਪਾਬੰਦੀ ਲਾਈ ਗਈ ਹੈ।

ਅਕਾਲੀ ਕੌਂਸਲਰ ਅਤੇ ਪੰਜਾਬੀ ਵਿਰਸਾ ਸਭਿਆਚਾਰਕ ਸੁਸਾਇਟੀ ਦੇ ਪ੍ਰਧਾਨ ਸਤਵੀਰ ਸਿੰਘ ਧਨੋਆ ਨੇ ਗਮਾਡਾ ਵੱਲੋਂ ਦਸਹਿਰਾ ਗਰਾਊਂਡ ਅਤੇ ਖੇਡ ਮੈਦਾਨ ਦੀ ਜ਼ਮੀਨ ਵੇਚਣ ਦੀ ਸਖਤ ਨਿਖੇਧੀ ਕਰਦਿਆਂ ਕਿਹਾ ਕਿ ਦਸਹਿਰਾ ਗਰਾਊਂਡ ਲੋਕਾਂ ਲਈ ਖੇਡਾਂ, ਸਭਿਆਚਾਰਕ, ਸਮਾਜਿਕ ਅਤੇ ਧਾਰਮਿਕ ਗਤੀਵਿਧੀਆਂ ਦਾ ਇਕ ਵੱਡਾ ਕੇਂਦਰ ਸੀ। ਪਿਛਲੇ ਕਈ ਸਾਲਾਂ ਤੋਂ ਲਗਾਤਾਰ ਇਥੇ ਕੋਈ ਨਾ ਕੋਈ ਗਤੀਵਿਧੀ ਹੁੰਦੀ ਰਹਿੰਦੀ ਹੈ। ਇਥੋਂ ਤੱਕ ਸਿਆਸੀ ਰੈਲੀਆਂ ਵੀ ਕੀਤੀਆਂ ਜਾਂਦੀਆਂ ਰਹੀਆਂ ਹਨ। ਸ਼ਹਿਰ ਵਾਸੀਆਂ ਦੀਆਂ ਭਾਵਨਾਵਾਂ ਕਈ ਦਹਾਕਿਆਂ ਤੋਂ ਇਸ ਜ਼ਮੀਨ ਨਾਲ ਜੁੜੀਆਂ ਹੋਈਆਂ ਹਨ। ਇਥੇ ਰੋਜ਼ਾਨਾ ਸੈਂਕੜਿਆਂ ਦੀ ਗਿਣਤੀ ਵਿਚ ਖਿਡਾਰੀ ਖੇਡਦੇ ਅਤੇ ਪ੍ਰੈਕਟਿਸ ਕਰਦੇ ਹਨ ਅਤੇ ਸ਼ਹਿਰ ਦੇ ਕਈ ਉਘੇ ਖਿਡਾਰੀ ਦਸਹਿਰਾ ਗਰਾਊਂਡ ਦੀ ਹੀ ਦੇਣ ਹਨ।

**ਹਾਸ਼ਿਮਪੁਰਾ ਕਾਂਡ**

## 12 ਸਾਬਕਾ ਪੁਲਿਸ ਮੁਲਾਜ਼ਮਾਂ ਖਿਲਾਫ ਵਾਰੰਟ ਜਾਰੀ

**ਨਵੀਂ ਦਿੱਲੀ:** ਮੇਰਠ ਦੇ ਹਾਸ਼ਿਮਪੁਰਾ ਮੁਹੱਲੇ ਵਿਚ 1987 ਵਿਚ ਹੋਏ 42 ਵਿਅਕਤੀਆਂ ਦੇ ਕਤਲ ਦੇ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਮਿਲਣ ਦੇ ਬਾਵਜੂਦ ਆਤਮ ਸਮਰਪਣ ਨਾ ਕਰਨ ਵਾਲੇ ਉੱਤਰ ਪ੍ਰਦੇਸ਼ ਪੁਲਿਸ ਦੇ 12 ਸਾਬਕਾ ਮੁਲਾਜ਼ਮਾਂ ਖਿਲਾਫ਼ ਦਿੱਲੀ ਦੀ ਇਕ ਅਦਾਲਤ ਨੇ ਗੈਰ ਜ਼ਮਾਨਤੀ ਵਾਰੰਟ ਜਾਰੀ ਕਰ ਦਿੱਤੇ ਹਨ। ਦਿੱਲੀ ਹਾਈ ਕੋਰਟ ਨੇ ਇਸ ਮਾਮਲੇ ਵਿਚ 16 ਸਾਬਕਾ ਪੁਲਿਸ ਮੁਲਾਜ਼ਮਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ ਅਤੇ 22 ਨਵੰਬਰ ਤੱਕ ਆਤਮ ਸਮਰਪਣ ਕਰਨ ਦੀ ਹਦਾਇਤ ਕੀਤੀ ਸੀ।

# ਜਥੇਦਾਰ ਵੱਲੋਂ ਰਾਜੋਆਣਾ ਦੀ ਰਿਹਾਈ ਅਗਲੇ ਸਾਲ ਤੱਕ ਯਕੀਨੀ ਬਣਾਉਣ ਦੇ ਨਿਰਦੇਸ਼

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਨੇ ਸ਼੍ਰੋਮਣੀ ਕਮੇਟੀ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਬਲਵੰਤ ਸਿੰਘ ਰਾਜੋਆਣਾ ਦੀ ਰਿਹਾਈ ਅਗਲੇ ਸਾਲ ਤੱਕ ਯਕੀਨੀ ਬਣਾਏ। ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਦੀ ਪ੍ਰਧਾਨਗੀ ਕਰਨ ਮਗਰੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕਿਹਾ ਕਿ ਉਹ ਅਗਲੇ ਸਾਲ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਤੋਂ ਪਹਿਲਾਂ ਇਸ ਸਬੰਧੀ ਲੋੜੀਂਦੀ ਕਾਰਵਾਈ ਕਰਨ।

ਜਥੇਦਾਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਬੇਅੰਤ ਸਿੰਘ ਹੱਤਿਆ ਕਾਂਡ ਵਿਚ ਸਜ਼ਾ-ਏ-ਮੌਤ ਹਾਸਲ ਭਾਈ ਰਾਜੋਆਣਾ ਦੀ ਰਹਿਮ ਪਟੀਸ਼ਨ ਪਿਛਲੇ ਸੱਤ ਸਾਲਾਂ ਤੋਂ ਰਾਸ਼ਟਰਪਤੀ ਕੋਲ ਬਕਾਇਆ ਪਈ ਹੈ।

ਸ਼੍ਰੋਮਣੀ ਕਮੇਟੀ ਜ਼ੋਰਦਾਰ ਹੰਭਲਾ ਮਾਰੇ ਤਾਂ ਜੋ ਰਾਸ਼ਟਰਪਤੀ ਕੋਲ ਪਈ ਅਪੀਲ ਦੇ ਹਾਂ ਪੱਖੀ ਨਤੀਜੇ ਨਿਕਲਣ ਅਤੇ ਭਾਈ ਰਾਜੋਆਣਾ ਰਿਹਾਅ ਹੋ ਜਾਣ। ਇਸ ਦੌਰਾਨ ਸਿੰਘ ਸਾਹਿਬਾਨ ਨੇ ਭਾਰਤ ਅਤੇ ਪਾਕਿਸਤਾਨ ਸਰਕਾਰਾਂ ਵੱਲੋਂ ਸਿੱਖ ਸ਼ਰਧਾਲੂਆਂ ਲਈ ਪਾਕਿਸਤਾਨ ਦੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਕਰਤਾਰਪੁਰ ਲਾਂਘਾ ਖੋਲ੍ਹਣ ਦੇ ਸੁਹਿਰਦ ਯਤਨਾਂ ਦੀ ਸ਼ਲਾਘਾ ਕੀਤੀ।

# ਆਰ. ਐਸ. ਐਸ ਨੇ ਰਾਮ ਮੰਦਿਰ ਦੀ ਉਸਾਰੀ ਦੀਆਂ ਖਿੱਚੀਆਂ ਤਿਆਰੀਆਂ

**ਅਯੁੱਧਿਆ:** ਅਯੁੱਧਿਆ ਵਿਚ ਰਾਮ ਮੰਦਰ ਦੇ ਨਿਰਮਾਣ ਲਈ ਬੁਲਾਈ ਧਰਮ ਸਭਾ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਆਖਿਆ ਕਿ ਮੰਦਰ ਨਿਰਮਾਣ ਲਈ ਤਰੀਕਾਂ ਦਾ ਐਲਾਨ ਅਗਲੇ ਸਾਲ ਹੋਣ ਵਾਲੇ ਕੁੰਭ ਮੇਲੇ ਦੌਰਾਨ ਕੀਤਾ ਜਾਵੇਗਾ। ਵੀ.ਐਚ.ਪੀ. ਆਗੂ ਰਾਮਜੀ ਦਾਸ ਨੇ ਆਖਿਆ ਹੈ ਕਿ ਰਾਮ ਮੰਦਰ ਦੇ ਨਿਰਮਾਣ ਲਈ ਤਰੀਕ ਦਾ ਐਲਾਨ 2019 ਦੇ ਕੁੰਭ ਮੇਲੇ ਦੌਰਾਨ ਕੀਤਾ ਜਾਵੇਗਾ ਜੋ ਪ੍ਰਯਾਗਰਾਜ ਵਿਚ ਕੀਤਾ ਜਾਵੇਗਾ। ਵੀ.ਐਚ.ਪੀ. ਦੇ ਮੀਤ ਪ੍ਰਧਾਨ ਚੰਪਤ ਰਾਏ ਨੇ ਆਖਿਆ ਕਿ ਰਾਮ ਮੰਦਰ ਲਈ ਇਕ ਇੰਚ ਜਗ੍ਹਾ ਵੀ ਨਹੀਂ ਛੱਡੀ ਜਾਵੇਗੀ ਅਤੇ ਇਸ ਨੇ ਮੰਗ ਕੀਤੀ ਕਿ ਸੁੰਨੀ ਵਕਫ ਬੋਰਡ ਨੂੰ ਬਾਬਰੀ ਮਸਜਿਦ-ਰਾਮ ਜਨਮ ਭੂਮੀ ਵਿਵਾਦ 'ਚੋਂ ਆਪਣਾ ਕੇਸ ਵਾਪਸ ਲੈ ਲੈਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਰਾਮ ਮੰਦਰ ਦੇ ਮੁੱਦੇ ਉਤੇ ਕੋਈ ਚਰਚਾ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਜ਼ਮੀਨ ਦੀ ਵੰਡ ਸਾਨੂੰ ਪ੍ਰਵਾਨ ਨਹੀਂ ਹੈ ਅਤੇ ਭਗਵਾਨ ਰਾਮ ਲਈ ਸਾਰੀ ਜ਼ਮੀਨ ਚਾਹੁੰਦੇ ਹਾਂ। ਹਿੰਦੂ ਇਹ ਪ੍ਰਵਾਨ ਨਹੀਂ ਕਰਨਗੇ ਕਿ ਵਿਵਾਦਪੂਰਨ ਜ਼ਮੀਨ ਦੇ ਕਿਸੇ ਵੀ ਟੁਕੜੇ 'ਤੇ ਨਮਾਜ਼ ਅਦਾ ਕੀਤੀ ਜਾਵੇ। ਰਾਮ ਜਨਮ ਭੂਮੀ ਨਿਆਸ ਦੇ ਮੁਖੀ ਨ੍ਰਿਤਿਆ ਗੋਪਾਲਦਾਸ ਨੇ ਆਖਿਆ ਕਿ ਇਸ ਤਰ੍ਹਾਂ ਦੀ ਇਕੱਤਰਤਾ ਦਰਸਾਉਂਦੀ ਹੈ ਕਿ ਸਮਾਜ ਦੇ ਵੱਖ-ਵੱਖ ਵਰਗਾਂ ਦੇ ਲੋਕ ਰਾਮ ਮੰਦਰ ਨਾਲ ਜੁੜੇ ਹੋਏ ਹਨ। ਅਸੀਂ ਅਦਾਲਤਾਂ ਦਾ ਸਤਿਕਾਰ ਕਰਦੇ ਹਾਂ। ਸਾਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਯੂਪੀ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਤੋਂ ਬਹੁਤ ਉਮੀਦਾਂ ਹਨ।

ਧਰਮ ਸਭਾ ਵਾਲੀ ਜਗ੍ਹਾ 'ਤੇ ਤਰ੍ਹਾਂ ਤਰ੍ਹਾਂ ਦੇ ਭਗਵੇਂ ਰੰਗ ਦੀਆਂ ਝੰਡੀਆਂ, ਬੈਨਰ ਤੇ ਪਗੜੀਆਂ ਨਜ਼ਰ ਆ ਰਹੀਆਂ ਸਨ ਤੇ ਉਹ ਮੰਦਰ ਨਿਰਮਾਣ ਲਈ ਅਹਿਦ ਲੈਂਦੇ ਨਜ਼ਰ ਆ ਰਹੇ ਸਨ।

ਇਕ ਧਾਰਮਿਕ ਆਗੂ ਰਾਮ ਭਦਰਚਾਰੀਆ ਨੇ ਆਖਿਆ ਕਿ 23 ਨਵੰਬਰ ਨੂੰ ਮੇਰੀ ਕੇਂਦਰ ਦੇ ਇਕ ਸੀਨੀਅਰ ਮੰਤਰੀ ਨਾਲ ਗੱਲਬਾਤ ਹੋਈ ਸੀ ਜਿਸ ਨੇ ਭਰੋਸਾ ਦਿਵਾਇਆ ਸੀ ਕਿ 11 ਦਸੰਬਰ ਨੂੰ ਚੋਣ ਜ਼ਾਬਤਾ ਖਤਮ ਹੋਣ ਤੋਂ ਬਾਅਦ ਪ੍ਰਧਾਨ ਮੰਤਰੀ ਉਨ੍ਹਾਂ ਨਾਲ ਬੈਠਣਗੇ ਤੇ ਕੋਈ ਫੈਸਲਾ ਲੈਣਗੇ ਤਾਂ ਕਿ ਰਾਮ ਮੰਦਰ ਦੀ ਉਸਾਰੀ ਹੋ ਸਕੇ। ਸਾਨੂੰ ਇਹ ਵੀ ਦੱਸਿਆ ਗਿਆ ਕਿ ਸਾਡੇ ਨਾਲ ਧੋਖਾ ਨਹੀਂ ਕੀਤਾ ਜਾਵੇਗਾ ਤੇ ਮੈਂ ਮਹਿਸੂਸ ਕਰਦਾ ਹਾਂ ਕਿ ਪਾਰਲੀਮੈਂਟ ਦੇ ਸਰਦ ਰੁੱਤ ਦੇ ਇਜਲਾਸ ਦੌਰਾਨ ਆਰਡੀਨੈਂਸ ਵਾਲਾ ਰਸਤਾ ਅਖਤਿਆਰ ਕੀਤਾ ਜਾ ਸਕਦਾ ਹੈ। ਅਯੁੱਧਿਆ ਜ਼ਿਲ੍ਹਾ ਪੰਚਾਇਤ ਦੇ ਮੈਂਬਰ ਬਬਲੂ ਖਾਨ ਨੇ ਕਿਹਾ ਕਿ ਤਿੰਨ ਸਾਲਾਂ ਤੋਂ ਉਹ ਮੰਦਰ ਅੰਦੋਲਨ ਨਾਲ ਜੁੜੇ ਹਨ ਤੇ ਇਹ ਇਸ ਸ਼ਹਿਰ ਦੇ ਮਿਲੇ ਜੁਲੇ ਸਭਿਆਚਾਰ ਦਾ ਪ੍ਰਤੀਕ ਹੈ। 'ਧਰਮ ਸਭਾ' ਕਰੀਬ ਪੰਜ ਘੰਟੇ ਚੱਲੀ ਤੇ ਵੱਖ ਵੱਖ ਆਸ਼ਰਮਾਂ ਤੇ ਅਖਾੜਿਆਂ ਦੇ 50 ਦੇ ਕਰੀਬ ਮਹੰਤ ਸ਼ਾਮਲ ਹੋਏ।




## ਊਧਵ ਠਾਕਰੇ ਨੇ ਮੋਦੀ ਸਰਕਾਰ ਨੂੰ ਘੇਰਿਆ

**ਅਯੁੱਧਿਆ:** ਸ਼ਿਵ ਸੈਨਾ ਦੇ ਮੁਖੀ ਊਧਵ ਠਾਕਰੇ ਨੇ ਆਖਿਆ ਕਿ ਜੇ ਅਯੁੱਧਿਆ ਵਿਚ ਰਾਮ ਮੰਦਰ ਨਾ ਬਣਿਆ ਤਾਂ ਕੇਂਦਰ ਵਿਚ ਭਾਜਪਾ ਦੀ ਸਰਕਾਰ ਨਹੀਂ ਬਚ ਸਕਦੀ ਤੇ ਮੰਦਰ ਨਿਰਮਾਣ ਲਈ ਆਰਡੀਨੈਂਸ ਲਿਆਉਣਾ ਚਾਹੀਦਾ ਹੈ ਤਾਂ ਕਿ ਹਿੰਦੂਆਂ ਦੀਆਂ ਭਾਵਨਾਵਾਂ ਦਾ ਖਿਆਲ ਰੱਖਿਆ ਜਾ ਸਕੇ। ਉਧਰ, ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਕੇਸ਼ਵ ਪ੍ਰਸ਼ਾਦ ਮੌਰੀਆ ਨੇ ਆਖਿਆ ਕਿ ਮੰਦਰ ਅੰਦੋਲਨ ਦੌਰਾਨ ਸ਼ਿਵ ਸੈਨਾ ਦੀ ਕੋਈ ਭੂਮਿਕਾ ਨਹੀਂ ਸੀ ਤੇ ਲੋਕਾਂ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਭਾਜਪਾ ਸ਼ਾਨਦਾਰ ਰਾਮ ਮੰਦਰ ਬਣਾਉਣ ਦੇ ਹੱਕ ਵਿਚ ਹੈ।

## ਭਾਜਪਾ ਵੱਲੋਂ ਨਾਕਾਮੀਆਂ ਤੋਂ ਧਿਆਨ ਹਟਾਉਣ ਦਾ ਹਰਬਾ: ਅਖਿਲੇਸ਼ ਯਾਦਵ

**ਲਖਨਊ:** ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਕਿਹਾ ਹੈ ਕਿ ਅਯੁੱਧਿਆ ਵਿਚ ਰਾਮ ਮੰਦਰ ਲਈ ਵੀ.ਐਚ.ਪੀ., ਆਰ.ਐਸ.ਐਸ., ਭਾਜਪਾ ਤੇ ਹੋਰਨਾਂ ਜਥੇਬੰਦੀਆਂ ਦਾ ਸਾਂਝਾ ਪ੍ਰਦਰਸ਼ਨ ਕਾਲਾ ਧਨ ਤੇ ਬੇਰੁਜ਼ਗਾਰੀ ਜਿਹੇ ਮਸਲਿਆਂ 'ਤੇ ਮੋਦੀ ਸਰਕਾਰ ਦੀਆਂ ਨਾਕਾਮੀਆਂ ਨੂੰ ਛੁਪਾਉਣ ਦਾ ਹਰਬਾ ਸੀ। ਉਨ੍ਹਾਂ ਇਕ ਬਿਆਨ ਵਿਚ ਕਿਹਾ ਕਿ ਮੈਂ ਸੂਬੇ ਤੇ ਦੇਸ਼ ਦੇ ਲੋਕਾਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਵੀ.ਐਚ.ਪੀ., ਆਰ.ਐਸ.ਐਸ., ਭਾਜਪਾ ਤੇ ਹੋਰਨਾਂ ਜਥੇਬੰਦੀਆਂ ਦੇ ਸਾਂਝੇ ਸ਼ੋਅ ਨੂੰ ਗੰਭੀਰਤਾ ਨਾਲ ਨਹੀਂ ਲਿਆ।

## ਮੁਸਲਮਾਨਾਂ ਖਿਲਾਫ ਮਾਹੌਲ ਬਣਾਇਆ ਜਾ ਰਿਹੈ: ਮੌਲਾਨਾ ਵਲੀ ਰਹਿਮਾਨੀ

**ਲਖਨਊ:** ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਨੇ ਆਖਿਆ ਕਿ ਵਿਸ਼ਵ ਹਿੰਦੂ ਪ੍ਰੀਸ਼ਦ ਵੱਲੋਂ 'ਧਰਮ ਸਭਾ' ਕਰਵਾ ਕੇ ਤੇ ਸ਼ਿਵ ਸੈਨਾ ਦੇ ਮੁਖੀ ਊਧਵ ਠਾਕਰੇ ਵੱਲੋਂ ਸੁਪਰੀਮ ਕੋਰਟ ਨੂੰ ਸਿੱਧੀ ਚੁਣੌਤੀ ਦਿੱਤੀ ਗਈ ਹੈ ਤੇ ਮੁਸਲਮਾਨਾਂ ਖਿਲਾਫ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ। ਬੋਰਡ ਦੇ ਜਨਰਲ ਸਕੱਤਰ ਮੌਲਾਨਾ ਵਲੀ ਰਹਿਮਾਨੀ ਨੇ ਕਿਹਾ ਕਿ ਇਹ ਕਿਸੇ ਮਸਜਿਦ ਦੀ ਜਗ੍ਹਾ ਦੇਣ ਦਾ ਮਾਮਲਾ ਨਹੀਂ ਸਗੋਂ ਅਸੂਲ ਦਾ ਮਸਲਾ ਹੈ ਕਿ ਹੌਲੀ ਹੌਲੀ ਕਿੰਨੀਆਂ ਕੁ ਮਸੀਤਾਂ ਕੁਰਬਾਨ ਕਰਨੀਆਂ ਪੈਣਗੀਆਂ।

## ਕਾਂਗਰਸ ਨੇ ਅਯੁੱਧਿਆ ਮਾਮਲੇ ਦੀ ਸੁਣਵਾਈ ਕਰ ਰਹੇ ਜੱਜਾਂ ਨੂੰ ਧਮਕੀਆਂ ਦਿੱਤੀਆਂ: ਮੋਦੀ

**ਅਲਵਰ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਾਂਗਰਸ 'ਤੇ ਦੋਸ਼ ਲਾਇਆ ਕਿ ਉਸ ਨੇ ਅਯੁੱਧਿਆ ਕੇਸਾਂ ਦੀ ਸੁਣਵਾਈ ਕਰ ਰਹੇ ਸੁਪਰੀਮ ਕੋਰਟ ਦੇ ਜੱਜਾਂ 'ਤੇ ਮਹਾਂਦੋਸ਼ ਚਲਾਉਣ ਦੀ ਧਮਕੀ ਦਿੱਤੀ ਸੀ।

ਕਿਸੇ ਦਾ ਨਾਮ ਲਏ ਬਿਨਾਂ ਸ੍ਰੀ ਮੋਦੀ ਨੇ ਦਾਅਵਾ ਕੀਤਾ ਕਿ ਕਾਂਗਰਸ ਪਾਰਟੀ ਦੇ ਰਾਜ ਸਭਾ ਮੈਂਬਰਾਂ, ਜੋ ਵਕੀਲ ਵੀ ਹਨ, ਨੇ ਸੁਪਰੀਮ ਕੋਰਟ ਦੇ ਜੱਜਾਂ 'ਤੇ ਅਯੁੱਧਿਆ ਮਾਮਲੇ 'ਚ ਸੁਣਵਾਈ 2019 ਦੀਆਂ ਲੋਕ ਸਭਾ ਚੋਣਾਂ ਤੱਕ ਬਕਾਇਆ ਰੱਖਣ ਲਈ ਦਬਾਅ ਬਣਾਇਆ। ਪ੍ਰਧਾਨ ਮੰਤਰੀ ਨੇ ਕਿਹਾ ਕਿ ਕਾਂਗਰਸ ਨੂੰ ਲੋਕਤੰਤਰ ਅਤੇ ਨਿਆਂਪਾਲਿਕਾ 'ਤੇ ਕੋਈ ਭਰੋਸਾ ਨਹੀਂ ਹੈ।

## ਮਸ਼ਹੂਰ ਸਿਤਾਰਵਾਦਕ ਉਸਤਾਦ ਇਮਰਤ ਖਾਨ ਦਾ ਦੇਹਾਂਤ

**ਨਵੀਂ ਦਿੱਲੀ:** ਸਾਰੀ ਜ਼ਿੰਦਗੀ ਸਿਤਾਰ ਤੇ ਸੁਰਬਹਾਰ ਦੇ ਨਾਂ ਕਰਨ ਵਾਲੇ ਸ਼ਾਸਤਰੀ ਸੰਗੀਤਕਾਰ ਉਸਤਾਦ ਇਮਰਤ ਖਾਨ ਦਾ ਸੰਖੇਪ ਬਿਮਾਰੀ ਤੋਂ ਬਾਅਦ ਅਮਰੀਕਾ ਵਿਚ ਦੇਹਾਂਤ ਹੋ ਗਿਆ। ਉਹ 83 ਸਾਲਾਂ ਦੇ ਸਨ।

ਉਨ੍ਹਾਂ ਦੇ ਪੁੱਤਰ ਨਿਸ਼ਾਤ ਖਾਨ ਨੇ ਦੱਸਿਆ ਕਿ ਇਮਰਤ ਖਾਨ ਨੇ ਸੇਂਟ ਲੁਈਸ ਦੇ ਹਸਪਤਾਲ 'ਚ ਆਖਰੀ ਸਾਹ ਲਏ। ਉਨ੍ਹਾਂ ਨੂੰ ਨਿਮੋਨੀਆ ਹੋ ਗਿਆ ਸੀ ਤੇ ਹਫਤੇ ਭਰ ਤੋਂ ਹਸਪਤਾਲ ਦਾਖਲ ਸਨ।

# ਜੰਮੂ ਕਸ਼ਮੀਰ ਦਾ ਸਿਆਸੀ ਸੰਕਟ ਹੋਇਆ ਹੋਰ ਡੂੰਘਾ

**ਸ੍ਰੀਨਗਰ:** ਜੰਮੂ ਕਸ਼ਮੀਰ ਦੀ ਸਿਆਸਤ ਵਿਚ ਨਵੇਂ ਸਮੀਕਰਨ ਬਣਦਿਆਂ ਹੀ ਰਾਜਪਾਲ ਸਤਿਆ ਪਾਲ ਮਲਿਕ ਵੱਲੋਂ ਵਿਧਾਨ ਸਭਾ ਭੰਗ ਕਰਨ ਦੇ ਐਲਾਨ ਨੇ ਰਿਆਸਤ ਦੇ ਸਿਆਸੀ ਭਵਿੱਖ ਬਾਰੇ ਨਵੀਂ ਚਰਚਾ ਛੇੜ ਦਿੱਤੀ ਹੈ। ਰਿਆਸਤ ਦੀ ਸਾਬਕਾ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੇ ਪੀਪਲਜ਼ ਡੈਮੋਕਰੈਟਿਕ ਪਾਰਟੀ (ਪੀ.ਡੀ.ਪੀ.), ਨੈਸ਼ਨਲ ਕਾਨਫਰੰਸ ਅਤੇ ਕਾਂਗਰਸ ਦੀ ਸਹਿਮਤੀ ਨਾਲ ਸਰਕਾਰ ਬਣਾਉਣ ਦੀ ਖਾਹਿਸ਼ ਦਾ ਜਨਤਕ ਤੌਰ ਉਤੇ ਦਾਅਵਾ ਕਰ ਦਿੱਤਾ ਸੀ।

ਇਸੇ ਦੌਰਾਨ ਦੋ ਵਿਧਾਇਕਾਂ ਵਾਲੀ ਪੀਪਲਜ਼ ਕਾਨਫਰੰਸ ਦੇ ਆਗੂ ਸੱਜਾਦ ਲੋਨ ਨੇ ਲੰਡਨ ਤੋਂ ਵਟਸਐਪ ਉੱਤੇ ਆਪਣੇ ਦੋ, ਭਾਜਪਾ ਦੇ 25 ਅਤੇ 18 ਹੋਰ ਵਿਧਾਇਕਾਂ ਦੀ ਹਮਾਇਤ ਹੋਣ ਦਾ ਦਾਅਵਾ ਪੇਸ਼ ਕਰ ਦਿੱਤਾ। ਰਾਜਪਾਲ ਨੇ ਤੁਰਤ ਵਿਧਾਨ ਸਭਾ ਭੰਗ ਕਰਨ ਦਾ ਐਲਾਨ ਕਰ ਦਿੱਤਾ। ਦਲੀਲ ਇਹ ਦਿੱਤੀ ਗਈ ਕਿ ਵੱਡੇ ਸਿਆਸੀ ਵਖਰੇਵਿਆਂ ਕਾਰਨ ਟਿਕਾਊ ਸਰਕਾਰ ਸੰਭਵ ਨਹੀਂ।

2014 ਵਿਚ ਵਿਧਾਨ ਸਭਾ ਚੋਣਾਂ ਦੌਰਾਨ ਕਸ਼ਮੀਰ ਘਾਟੀ, ਜੰਮੂ ਤੇ ਲੱਦਾਖ ਤਿੰਨਾਂ ਦਾ ਹੀ ਫਤਵਾ ਫਿਰਕੂ ਆਧਾਰ ਉਤੇ ਇਸ ਤਰ੍ਹਾਂ ਆਇਆ ਕਿ ਭਾਜਪਾ ਜੰਮੂ ਵਿਚ 25 ਸੀਟਾਂ ਜਿੱਤ ਗਈ। ਵਾਦੀ ਦੀਆਂ ਸੀਟਾਂ ਪੀ.ਡੀ.ਪੀ., ਨੈਸ਼ਨਲ ਕਾਨਫਰੰਸ ਅਤੇ ਕਾਂਗਰਸ ਵਿਚ ਵੰਡੀਆਂ ਗਈਆਂ। ਭਾਜਪਾ ਦੇ ਜੰਮੂ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 370 ਖਤਮ ਕਰਨ ਸਮੇਤ ਕਈ ਬੁਨਿਆਦੀ ਵਖਰੇਵਿਆਂ ਦੇ ਬਾਵਜੂਦ ਪੀ.ਡੀ.ਪੀ. ਨਾਲ ਮਿਲ ਕੇ ਬਣਾਈ ਸਰਕਾਰ ਨੇ ਸਭ ਨੂੰ ਅਚੰਭਿਤ ਕਰ ਦਿੱਤਾ। ਇਸ ਨੂੰ ਦੇਸ਼ ਅਤੇ ਕਸ਼ਮੀਰ ਦੇ ਹਿੱਤ ਵਿਚ ਨਵੇਂ ਸਿਆਸੀ ਤਜਰਬੇ ਵਜੋਂ ਪ੍ਰਚਾਰਿਆ ਗਿਆ ਪਰ ਆਖਰਕਾਰ ਭਾਜਪਾ ਨੇ ਪੀ.ਡੀ.ਪੀ. ਤੋਂ ਸਮਰਥਨ ਵਾਪਸ ਲੈ ਲਿਆ। ਉਸ ਵਕਤ ਤੋਂ ਹੀ ਪੀ.ਡੀ.ਪੀ., ਨੈਸ਼ਨਲ ਕਾਨਫਰੰਸ ਅਤੇ ਕਾਂਗਰਸ ਵਿਧਾਨ ਸਭਾ ਭੰਗ ਕਰ ਕੇ ਚੋਣਾਂ ਕਰਵਾਉਣ ਦੀ ਮੰਗ ਕਰ ਰਹੀਆਂ ਸਨ ਪਰ ਮੰਨਿਆ ਜਾ ਰਿਹਾ ਹੈ ਕਿ ਕੇਂਦਰ ਦੀ ਹਦਾਇਤ ਉਤੇ ਹੁਣ ਤੱਕ ਵਿਧਾਨ ਸਭਾ ਮੁਅੱਤਲ ਰੱਖੀ ਗਈ।

## ਅਪਰੇਸ਼ਨ ਨੀਲਾ ਤਾਰਾ ਇਤਿਹਾਸਕ ਭੁੱਲ: ਜੇਤਲੀ

**ਨਵੀਂ ਦਿੱਲੀ:** 1984 ਦੇ ਸਿੱਖ ਕਤਲੇਆਮ ਨਾਲ ਸਬੰਧਤ ਇਕ ਕੇਸ 'ਚ ਮੁਜਰਮ ਨੂੰ ਮੌਤ ਦੀ ਸਜ਼ਾ ਸੁਣਾਏ ਜਾਣ ਮਗਰੋਂ ਵਿੱਤ ਮੰਤਰੀ ਅਰੁਣ ਜੇਤਲੀ ਨੇ ਕਿਹਾ ਕਿ ਵਿਸ਼ੇਸ਼ ਜਾਂਚ ਟੀਮ (ਸਿੱਟ) ਸਿੱਖ ਨਸਲਕੁਸ਼ੀ ਨਾਲ ਸਬੰਧਤ ਹੋਰਨਾਂ ਕੇਸਾਂ ਦੀ ਜ਼ੋਰਦਾਰ ਤਰੀਕੇ ਨਾਲ ਪੈਰਵੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਅਦਾਲਤ ਵੱਲੋਂ ਸੁਣਾਈਆਂ ਸਜ਼ਾਵਾਂ ਪੀੜਤ ਪਰਿਵਾਰਾਂ ਲਈ ਮਹਿਜ਼ ਧਰਵਾਸ ਮਾਤਰ ਹਨ। 'ਅਪਰੇਸ਼ਨ ਨੀਲਾ ਤਾਰਾ' ਨੂੰ ਇਤਿਹਾਸਕ ਭੁੱਲ ਕਰਾਰ ਦਿੰਦਿਆਂ ਸ੍ਰੀ ਜੇਤਲੀ ਨੇ ਕਿਹਾ ਕਿ 1984 ਤੋਂ 1998, ਉਹ ਅਰਸਾ ਸੀ ਜਦੋਂ '84 ਕਤਲੇਆਮ ਨਾਲ ਸਬੰਧਤ ਸਾਰੇ ਕੇਸਾਂ ਨੂੰ ਦਫਨਾ ਦਿੱਤਾ ਗਿਆ।




ਜੇਤਲੀ ਨੇ ਆਪਣੇ ਬਲੌਗ 'ਚ ਕਿਹਾ ਕਿ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੀ ਪਲੇਠੀ ਐਨ.ਡੀ.ਏ. ਸਰਕਾਰ ਨੇ ਜਸਟਿਸ ਜੀ.ਟੀ. ਨਾਨਾਵਤੀ ਕਮਿਸ਼ਨ ਦਾ ਗਠਨ ਕਰਦਿਆਂ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਦੀ ਸਿਫਾਰਸ਼ ਕੀਤੀ ਸੀ। ਮਗਰੋਂ ਨਰਿੰਦਰ ਮੋਦੀ ਸਰਕਾਰ ਨੇ 2015 ਵਿਚ ਸਾਬਕਾ ਜਸਟਿਸ ਜੀ.ਪੀ. ਮਾਥੁਰ ਦੀ ਅਗਵਾਈ 'ਚ ਸਿੱਟ ਗਠਿਤ ਕੀਤੀ, ਜਿਸ ਨੇ ਅਜਿਹੇ ਕਈ ਕੇਸਾਂ ਦਾ ਪਤਾ ਲਾਇਆ, ਜਿਥੇ ਮੁਲਜ਼ਮ ਦੇ ਪ੍ਰਤੱਖ ਤੌਰ 'ਤੇ ਦੋਸ਼ੀ ਹੋਣ ਦੇ ਬਾਵਜੂਦ ਉਸ ਖਿਲਾਫ਼ ਚਾਰਜਸ਼ੀਟ ਵੀ ਦਾਖਲ ਨਹੀਂ ਕੀਤੀ ਗਈ।

## *26/11 ਹਮਲਾ*

# ਅਮਰੀਕਾ ਨੇ ਦਹਿਸ਼ਤਗਰਦਾਂ ਖਿਲਾਫ ਕਾਰਵਾਈ ਲਈ ਕੀਤੀ ਸੀ ਪੇਸ਼ਕਸ਼

**ਵਾਸ਼ਿੰਗਟਨ:** ਮੁੰਬਈ ਵਿਚ 26/11 ਦੇ ਦਹਿਸ਼ਤੀ ਹਮਲੇ ਦੌਰਾਨ ਤਤਕਾਲੀ ਬੁਸ਼ ਪ੍ਰਸ਼ਾਸਨ ਨੇ ਪਾਕਿਸਤਾਨ ਆਧਾਰਿਤ ਲਸ਼ਕਰ-ਏ-ਤਇਬਾ ਦੇ ਦਹਿਸ਼ਤਗਰਦਾਂ ਦੇ ਖਾਤਮੇ ਲਈ ਵਿਸ਼ੇਸ਼ ਦਸਤੇ ਤਿਆਰ ਰੱਖੇ ਸਨ। ਵ੍ਹਾਈਟ ਹਾਊਸ ਦੇ ਸਾਬਕਾ ਅਧਿਕਾਰੀ ਅਨੀਸ਼ ਗੋਇਲ ਨੇ ਇਸ ਦਾ ਖੁਲਾਸਾ ਕਰਦਿਆਂ ਕਿਹਾ ਕਿ ਭਾਰਤੀ ਅਧਿਕਾਰੀਆਂ ਤੋਂ ਲੋੜੀਂਦੀ ਪ੍ਰਵਾਨਗੀ ਤੋਂ ਪਹਿਲਾਂ ਹੀ ਭਾਰਤੀ ਕਮਾਂਡੋਜ਼ ਨੇ ਦਹਿਸ਼ਤਗਰਦਾਂ ਦਾ ਸਫ਼ਾਇਆ ਕਰ ਦਿੱਤਾ ਸੀ।

ਵ੍ਹਾਈਟ ਹਾਊਸ ਦੇ 26/11 ਸੰਕਟ ਪ੍ਰਬੰਧਨ ਗਰੁੱਪ ਦਾ ਹਿੱਸਾ ਰਹੇ ਗੋਇਲ ਨੇ ਕਿਹਾ ਕਿ ਹੁਣ ਹਮਲੇ ਨੂੰ ਵਾਪਰੇ 10 ਸਾਲਾਂ ਦਾ ਸਮਾਂ ਬੀਤ ਗਿਆ ਹੈ ਪਰ ਅਮਰੀਕਾ ਨੇ ਕਮਾਂਡੋ ਟੀਮ ਮੁੰਬਈ ਭੇਜਣ ਦੀ ਪੇਸ਼ਕਸ਼ ਕੀਤੀ ਸੀ। ਉਨ੍ਹਾਂ ਕਿਹਾ ਕਿ ਖਿੱਤੇ 'ਚ ਅਮਰੀਕਾ ਦੇ ਕੁਝ ਵਿਸ਼ੇਸ਼ ਦਸਤੇ ਮੌਜੂਦ ਸਨ ਅਤੇ ਉਨ੍ਹਾਂ ਨੂੰ ਭਾਰਤੀ ਹੋਟਲ 'ਚ ਤੁਰਤ ਭੇਜ ਕੇ ਦਹਿਸ਼ਤਗਰਦਾਂ ਨੂੰ ਖਤਮ ਕੀਤਾ ਜਾ ਸਕਦਾ ਸੀ।

ਅਨੀਸ਼ ਗੋਇਲ ਨੇ ਕਿਹਾ ਕਿ ਪਹਿਲਾਂ ਭਾਰਤ, ਅਮਰੀਕੀ ਸਹਾਇਤਾ ਲੈਣ ਤੋਂ ਨਾਂਹ-ਨੁਕਰ ਕਰ ਰਿਹਾ ਸੀ ਪਰ ਬਾਅਦ 'ਚ ਜਦੋਂ ਹਮਲੇ ਨੂੰ ਦੋ-ਤਿੰਨ ਦਿਨ ਹੋ ਗਏ ਤਾਂ ਉਨ੍ਹਾਂ ਅਮਰੀਕੀ ਸਹਾਇਤਾ ਲੈਣ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ ਸੀ। ਭਾਰਤੀ ਕਮਾਂਡੋਜ਼ ਵੱਲੋਂ ਦਹਿਸ਼ਤਗਰਦਾਂ ਨੂੰ ਮਾਰ ਮੁਕਾਏ ਜਾਣ ਕਰ ਕੇ ਅਮਰੀਕੀ ਕਮਾਂਡੋ ਭਾਰਤ ਨਹੀਂ ਗਏ ਸਨ। ਜ਼ਿਕਰਯੋਗ ਹੈ ਕਿ ਮੁੰਬਈ 'ਚ ਕਸਾਬ ਅਤੇ ਉਸ ਦੇ ਸਾਥੀਆਂ ਨੇ 166 ਤੋਂ ਵੱਧ ਲੋਕਾਂ ਨੂੰ ਮਾਰ ਦਿੱਤਾ ਸੀ।

# ਹਮਲਾਵਰਾਂ ਦੀ ਸੂਹ ਲਈ 50 ਲੱਖ ਡਾਲਰ ਦਾ ਇਨਾਮ

**ਵਾਸ਼ਿੰਗਟਨ:** ਅਮਰੀਕੀ ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੇ ਪਾਕਿਸਤਾਨ ਨੂੰ 2008 ਦੇ ਮੁੰਬਈ ਹਮਲੇ ਦੇ ਦੋਸ਼ੀਆਂ ਖਿਲਾਫ ਕਾਰਵਾਈ ਲਈ ਆਖਦਿਆਂ ਇਸ ਖੌਫਨਾਕ ਹਮਲੇ ਵਿਚ ਸ਼ਾਮਲ ਲੋਕਾਂ ਦੀ ਗ੍ਰਿਫਤਾਰੀ ਜਾਂ ਉਨ੍ਹਾਂ ਨੂੰ ਕਿਸੇ ਵੀ ਮੁਲਕ ਵਿਚ ਸਜ਼ਾ ਦਿਵਾਉਣ ਵਿਚ ਸਹਾਇਕ ਕਿਸੇ ਵੀ ਤਰ੍ਹਾਂ ਦੀ ਸੂਚਨਾ ਦੇਣ ਵਾਲੇ ਨੂੰ ਪੰਜਾਹ ਲੱਖ ਅਮਰੀਕੀ ਡਾਲਰ (ਲਗਭਗ 35 ਕਰੋੜ ਰੁਪਏ) ਦਾ ਨਵਾਂ ਇਨਾਮ ਦੇਣ ਦਾ ਐਲਾਨ ਕੀਤਾ ਹੈ।

ਟਰੰਪ ਪ੍ਰਸ਼ਾਸਨ ਨੇ ਇਹ ਐਲਾਨ 26/11 ਹਮਲੇ ਦੀ ਦਸਵੀਂ ਬਰਸੀ ਮੌਕੇ ਕੀਤਾ ਹੈ। ਭਾਰਤ ਦੀ ਵਿੱਤੀ ਹੱਬ ਕਹਿ ਜਾਂਦੇ ਮੁੰਬਈ 'ਤੇ ਹੋਏ ਇਸ ਦਹਿਸ਼ਤੀ ਹਮਲੇ ਵਿਚ ਛੇ ਅਮਰੀਕੀਆਂ ਸਮੇਤ 166 ਲੋਕ ਮਾਰੇ ਗਏ ਸਨ। ਮੁੰਬਈ ਹਮਲੇ ਨੂੰ 'ਵਹਿਸ਼ੀ' ਕਾਰਵਾਈ ਕਰਾਰ ਦਿੰਦਿਆਂ ਪੌਂਪੀਓ ਨੇ ਪਾਕਿਸਤਾਨ ਤੇ ਹੋਰਨਾਂ ਮੁਲਕਾਂ ਨੂੰ ਕਿਹਾ ਕਿ ਉਹ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕੌਂਸਲ ਦੇ ਆਪਣੇ ਇਖਲਾਈ ਫ਼ਰਜ਼ਾਂ ਨੂੰ ਕਾਇਮ ਰੱਖਦਿਆਂ ਜ਼ੁਲਮਾਂ ਲਈ ਜ਼ਿੰਮੇਵਾਰ ਲਸ਼ਕਰੇ ਤਇਬਾ ਤੇ ਉਸ ਨਾਲ ਜੁੜੀਆਂ ਹੋਰਨਾਂ ਦਹਿਸ਼ਤੀ ਜਥੇਬੰਦੀਆਂ ਖਿਲਾਫ਼ ਪਾਬੰਦੀਆਂ ਆਇਦ ਕਰਨ।

# ਪਾਕਿਸਤਾਨੀ ਕਵਿੱਤਰੀ ਫਹਿਮੀਦਾ ਰਿਆਜ਼ ਦਾ ਦੇਹਾਂਤ

**ਲਾਹੌਰ:** ਅਗਾਂਹਵਧੂ ਪਾਕਿਸਤਾਨੀ ਲੇਖਿਕਾ, ਕਵਿੱਤਰੀ ਤੇ ਮਨੁੱਖੀ ਹੱਕਾਂ ਬਾਰੇ ਕਾਰਕੁਨ ਫਹਿਮੀਦਾ ਰਿਆਜ਼ ਦਾ ਦੇਹਾਂਤ ਹੋ ਗਿਆ। ਉਹ 73 ਸਾਲਾਂ ਦੇ ਸਨ। ਬੀਬੀ ਰਿਆਜ਼ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਹ ਪਿਛਲੇ ਕੁਝ ਮਹੀਨਿਆਂ ਤੋਂ ਬਿਮਾਰ ਸਨ ਤੇ ਲਾਹੌਰ ਦੇ ਸਥਾਨਕ ਹਸਪਤਾਲ 'ਚ ਦਾਖਲ ਸਨ। ਉਨ੍ਹਾਂ ਦਾ ਜਨਮ 1945 'ਚ ਯੂਪੀ ਦੇ ਮੇਰਠ ਵਿਚ ਸਾਹਿਤਕ ਪਰਿਵਾਰ ਵਿਚ ਹੋਇਆ। ਪਿਛੋਂ ਉਨ੍ਹਾਂ ਦੇ ਪਿਤਾ ਦਾ ਤਬਾਦਲਾ ਸਿੰਧ ਸੂਬੇ ਵਿਚ ਹੋਣ ਕਾਰਨ ਉਹ ਪਾਕਿਸਤਾਨ ਦੇ ਹੈਦਰਾਬਾਦ 'ਚ ਆ ਵੱਸੇ। ਉਨ੍ਹਾਂ ਨਾਰੀਵਾਦੀ ਸਾਹਿਤ ਧਾਰਾ ਦੇ ਪ੍ਰਭਾਵ ਹੇਠ 15 ਦੇ ਕਰੀਬ (ਗਲਪ ਤੇ ਕਵਿਤਾ) ਪੁਸਤਕਾਂ ਲਿਖੀਆਂ।

ਉਨ੍ਹਾਂ ਦੀ ਪਹਿਲੀ ਰਚਨਾ 'ਪੱਥਰ ਦੀ ਜ਼ੁਬਾਨ' 1967 ਵਿਚ ਛਪੀ। ਉਨ੍ਹਾਂ ਦੀਆਂ ਮਸ਼ਹੂਰ ਪੁਸਤਕਾਂ ਵਿਚ 'ਧੁੱਪ', 'ਪੂਰਾ ਚਾਂਦ', 'ਆਦਮੀ ਕੀ ਜ਼ਿੰਦਗੀ' ਆਦਿ ਸ਼ਾਮਲ ਹਨ। 'ਜ਼ਿੰਦਾ ਬਹਾਰ', 'ਗੋਦਾਵਰੀ'



ਤੇ 'ਕਰਾਚੀ' ਉਨ੍ਹਾਂ ਦੇ ਮਸ਼ਹੂਰ ਨਾਵਲ ਹਨ। 1973 ਵਿਚ ਉਨ੍ਹਾਂ ਦੀਆਂ ਕਵਿਤਾਵਾਂ ਦੀ ਦੂਜੀ ਪੁਸਤਕ 'ਬਦਨ ਦਰੀਦਾ' ਛਪਣ ਉਤੇ ਉਨ੍ਹਾਂ 'ਤੇ ਉਕਸਾਊ ਕਵਿਤਾ ਲਿਖਣ ਦਾ ਦੋਸ਼ ਲਾਇਆ ਗਿਆ ਤੇ 1980 'ਚ ਫੌਜੀ ਤਾਨਾਸ਼ਾਹ ਜਨਰਲ ਜ਼ਿਆ-ਉਲ-ਹੱਕ ਦੇ ਰਾਜ ਸਮੇਂ ਬੀਬੀ ਫਹਿਮੀਦਾ ਤੇ ਉਸ ਦੇ ਸ਼ੌਹਰ ਜ਼ਫ਼ਰ ਨੂੰ ਕਈ ਕੇਸ ਚਲਾ ਕੇ ਦੋਵਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਬੀਬੀ ਫਹਿਮੀਦਾ ਦੇ ਪ੍ਰਸ਼ੰਸਕਾਂ ਨੇ ਉਨ੍ਹਾਂ ਨੂੰ ਜ਼ਮਾਨਤ 'ਤੇ ਰਿਹਾਅ ਕਰਵਾ ਲਿਆ। ਇਸ ਮਗਰੋਂ ਉਹ ਆਪਣੀ ਭੈਣ ਤੇ ਦੋ ਛੋਟੇ ਬੱਚਿਆਂ ਨਾਲ ਭਾਰਤ ਚਲੇਗੇ, ਜਿਥੇ ਮਸ਼ਹੂਰ ਪੰਜਾਬੀ ਕਵਿੱਤਰੀ ਅੰਮ੍ਰਿਤਾ ਪ੍ਰੀਤਮ ਨੇ ਉਨ੍ਹਾਂ ਦੀ ਮਦਦ ਕੀਤੀ। ਬੀਬੀ ਫਹਿਮੀਦਾ ਤੇ ਉਨ੍ਹਾਂ ਦੇ ਪਰਿਵਾਰ ਨੇ ਜਨਰਲ ਜ਼ਿਆ ਦੀ ਮੌਤ ਤੱਕ ਤਕਰੀਬਨ ਸੱਤ ਸਾਲ ਭਾਰਤ 'ਚ ਬਿਤਾਏ।

# ਪੰਜਾਬ ਸਰਕਾਰ ਦੀ ਬੇਰੁਖੀ ਨੇ ਗੰਨਾ ਕਾਸ਼ਤਕਾਰ ਬੁਰੇ ਫਸਾਏ

**ਚੰਡੀਗੜ੍ਹ:** ਡੂੰਘੇ ਸੰਕਟ ਵਿਚ ਧਸੀ ਪੰਜਾਬ ਦੀ ਕਿਸਾਨੀ ਵੱਲੋਂ ਕਣਕ-ਝੋਨੇ ਦੇ ਚੱਕਰ ਵਿਚੋਂ ਨਿਕਲਣ ਲਈ ਗੰਨਾ ਬੀਜ ਕੇ ਫਸਲੀ ਵਿਭਿੰਨਤਾ ਦਾ ਅਪਣਾਇਆ ਰਾਹ ਪੰਜਾਬ ਸਰਕਾਰ ਦੀ ਬੇਰੁਖੀ ਕਾਰਨ ਘਾਟੇ ਦਾ ਸੌਦਾ ਬਣ ਗਿਆ ਹੈ। ਪੰਜਾਬ 'ਚ ਇਸ ਵਾਰ ਗੰਨਾ 12% ਵੱਧ ਬੀਜਿਆ ਗਿਆ ਹੈ, ਪਰ ਪੰਜਾਬ ਦੀਆਂ 70 ਫੀਸਦੀ ਤੋਂ ਵੱਧ ਗੰਨੇ ਦੀ ਖਰੀਦ ਕਰਨ ਵਾਲੀਆਂ ਨਿੱਜੀ ਖੰਡ ਮਿੱਲਾਂ ਨੇ ਘਾਟੇ ਵਿਚ ਜਾਣ ਕਾਰਨ ਇਸ ਸੀਜ਼ਨ ਵਿਚ ਰਾਜ ਸਰਕਾਰ ਵੱਲੋਂ ਗੰਨੇ ਦੀ ਮਿਥੀ 315 ਰੁਪਏ ਕੁਇੰਟਲ ਕੀਮਤ 'ਤੇ ਗੰਨਾ ਖਰੀਦਣ ਤੇ ਪਿੜਾਈ ਕਰਨ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ।

ਕੈਪਟਨ ਸਰਕਾਰ ਦਾ ਅਵੇਸਲਾਪਣ ਇੰਨਾ ਹੈਰਾਨੀਜਨਕ ਹੈ ਕਿ ਪਿੜਾਈ ਸ਼ੁਰੂ ਕਰਨ ਦਾ ਸੀਜ਼ਨ ਲੰਘ ਰਿਹਾ ਹੈ, ਪਰ ਸਰਕਾਰ ਦੇ ਕੰਨ 'ਤੇ ਅਜੇ ਤੱਕ ਵੀ ਜੂੰ ਨਹੀਂ ਸਰਕ ਰਹੀ। ਕਰੀਬ 450 ਕਰੋੜ ਰੁਪਏ ਤਾਂ ਕਿਸਾਨਾਂ ਦੇ ਪਿਛਲੇ ਸਾਲ ਦੇ ਬਕਾਏ ਖੜ੍ਹੇ ਹਨ ਤੇ ਇਸ ਵਾਰ ਨਿੱਜੀ ਮਿੱਲਾਂ ਵਾਲਿਆਂ ਨੇ ਪਿੜਾਈ ਸੀਜ਼ਨ ਸ਼ੁਰੂ ਕਰਨ ਲਈ ਹਾਲੇ ਤੱਕ ਪਤਾ ਲੱਗਾ ਹੈ ਕਿ ਪਿੜਾਈ ਲਾਇਸੰਸ ਅਪਲਾਈ ਵੀ ਨਹੀਂ ਕੀਤੇ ਹਨ। ਇਸ ਤੋਂ ਪਹਿਲਾਂ ਹਰ ਸਾਲ ਅਕਤੂਬਰ ਮਹੀਨੇ ਲਾਇਸੰਸ ਹਾਸਲ ਕਰ ਕੇ ਨਵੰਬਰ ਦੇ ਅੱਧ ਦੇ ਨੇੜ ਪਿੜਾਈ ਸੀਜ਼ਨ ਸ਼ੁਰੂ ਹੋ ਜਾਂਦਾ ਹੈ। ਨਿੱਜੀ ਖੰਡ ਮਿੱਲ ਮਾਲਕਾਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਵੱਲੋਂ ਗੰਨੇ ਦਾ ਭਾਅ ਪਹਿਲਾਂ 255 ਰੁਪਏ ਕੁਇੰਟਲ ਮਿਥਿਆ



ਤੇ ਫਿਰ ਪਿਛਲੇ ਸਾਲ 275 ਰੁਪਏ ਕਰ ਦਿੱਤਾ ਗਿਆ। ਉਸ ਸਮੇਂ ਖੰਡ ਦੀ ਕੀਮਤ 3500 ਤੋਂ 3600 ਰੁਪਏ ਕੁਇੰਟਲ ਸੀ ਪਰ ਹੁਣ ਖੰਡ ਦੀ ਕੀਮਤ 2900 ਰੁਪਏ ਰਹਿ ਗਈ ਹੈ। ਪਹਿਲਾਂ ਸ਼ੀਰਾ 5 ਤੋਂ 6 ਸੌ ਰੁਪਏ ਕੁਇੰਟਲ ਵਿਕਦਾ ਸੀ, ਪਰ ਹੁਣ ਸ਼ੀਰਾ ਮੁਫਤ ਵਿਚ ਚੁਕਾਉਣ ਲਈ ਕਿਰਾਇਆ ਮਿੱਲਾਂ ਵਾਲੇ ਦਿੰਦੇ ਹਨ।

ਨਿੱਜੀ ਖੰਡ ਮਿੱਲ ਮਾਲਕ ਐਸੋਸੀਏਸ਼ਨ ਦੇ ਪ੍ਰਧਾਨ ਜਰਨੈਲ ਸਿੰਘ ਵਾਹਦ ਨੇ ਦੱਸਿਆ ਕਿ ਸਾਲ 2015-16 ਵਿਚ ਕਿਸਾਨਾਂ ਦਾ ਬਕਾਇਆ ਦੇਣ ਲਈ ਪੰਜਾਬ ਸਰਕਾਰ ਨੇ 200 ਕਰੋੜ ਰੁਪਏ ਦਾ ਕਰਜ਼ਾ ਲੈ ਕੇ ਮਿੱਲਾਂ ਨੂੰ ਦਿੱਤਾ ਸੀ ਤੇ ਵਿਆਜ ਸਰਕਾਰ ਵੱਲੋਂ ਤਾਰਨ ਦੀ ਜ਼ਿੰਮੇਵਾਰੀ ਲਈ ਸੀ। ਪਹਿਲੇ ਸਾਲ ਤਾਂ ਇਹ ਵਿਆਜ ਸਰਕਾਰ ਨੇ ਦਿੱਤਾ, ਪਰ ਮੁੜ ਕੈਪਟਨ ਸਰਕਾਰ ਬਣਨ ਬਾਅਦ ਇਹ ਵਿਆਜ ਨਹੀਂ ਦਿੱਤਾ ਤੇ ਮਿੱਲਾਂ ਸਿਰ ਵਿਆਜ ਦੀ 65 ਕਰੋੜ ਰੁਪਏ ਦੀ ਰਕਮ ਖੜ੍ਹੀ ਹੈ। ਉਤਪਾਦਕਾਂ ਨੂੰ ਰਾਜ ਸਰਕਾਰ ਵੱਲੋਂ ਮਿਥਿਆ ਮੁੱਲ ਦੇਣ ਲਈ ਬਾਦਲ ਸਰਕਾਰ ਸਮੇਂ 50 ਰੁਪਏ ਪ੍ਰਤੀ ਕੁਇੰਟਲ ਕਿਸਾਨਾਂ ਨੂੰ ਸਰਕਾਰ ਵੱਲੋਂ ਦਿੱਤਾ ਗਿਆ ਸੀ ਜਿਸ ਨਾਲ ਮਿੱਲਾਂ ਘਾਟੇ ਤੋਂ ਬਚ ਗਈਆਂ ਸਨ ਤੇ ਕਿਸਾਨ ਨੂੰ ਪੂਰਾ ਮੁੱਲ ਮਿਲ ਗਿਆ ਸੀ। ਪੰਜਾਬ, ਹਰਿਆਣਾ ਤੇ ਉੱਤਰ ਪ੍ਰਦੇਸ਼ ਤਿੰਨ ਸੂਬੇ ਹਨ, ਜਿਥੇ ਗੰਨਾ ਮਿਥੇ ਭਾਅ 'ਤੇ ਖਰੀਦਿਆ ਜਾਂਦਾ ਹੈ। ਬਾਕੀ ਰਾਜਾਂ ਵਿਚ ਮੰਡੀ ਦੇ ਹਿਸਾਬ ਕੀਮਤ ਦਿੱਤੀ ਜਾਂਦੀ ਹੈ। ਪਤਾ ਲੱਗਾ ਹੈ ਕਿ ਲੰਘੇ ਸਾਲ ਦਾ ਬਕਾਇਆ ਦੇਣ ਤੇ ਕਿਸਾਨਾਂ ਨੂੰ ਪੂਰਾ ਮੁੱਲ ਦੇਣ ਲਈ ਉੱਤਰ ਪ੍ਰਦੇਸ਼ ਸਰਕਾਰ ਨੇ ਕਿਸਾਨਾਂ ਨੂੰ 4500 ਕਰੋੜ ਰੁਪਏ ਦਿੱਤੇ ਹਨ ਤੇ 4.50 ਰੁਪਏ ਪਿਛਲੇ ਸੀਜ਼ਨ 'ਚ ਇਸੇ ਗੰਨੇ ਦੀ ਪ੍ਰਤੀ ਕੁਇੰਟਲ ਸਬਸਿਡੀ ਦਿੱਤੀ ਹੈ।

ਹਰਿਆਣਾ ਸਰਕਾਰ ਨੇ ਵੀ 200 ਕਰੋੜ ਰੁਪਏ ਦਾ ਸਸਤੇ ਵਿਆਜ ਵਾਲਾ ਕਰਜ਼ਾ ਮਿੱਲਾਂ ਨੂੰ ਲੈ ਕੇ ਦਿੱਤਾ ਹੈ ਤੇ 16 ਰੁਪਏ ਪ੍ਰਤੀ ਕੁਇੰਟਲ ਸਬਸਿਡੀ ਕਿਸਾਨਾਂ ਨੂੰ ਦਿੱਤੀ ਹੈ। ਸ. ਵਾਹਦ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਤਾਂ ਵਾਰ-ਵਾਰ ਕੀਤੀਆਂ ਅਪੀਲਾਂ ਦੇ ਬਾਵਜੂਦ ਅਜੇ ਤੱਕ ਮਿਲਣ ਦੀ ਵਿਹਲ ਵੀ ਨਹੀਂ ਕੱਢੀ। ਸਰਕਾਰੀ ਬੇਰੁਖ਼ੀ ਤੇ ਨਿੱਜੀ ਮਿੱਲ ਮਾਲਕਾਂ ਦੀ ਮਜਬੂਰੀ 'ਚ ਲੱਗਦਾ ਹੈ ਕਿ ਇਸ ਵਾਰ ਪੰਜਾਬ ਦੇ ਗੰਨਾ ਉਤਪਾਦਕ ਖ਼ੂਨ ਪਸੀਨਾ ਵਹਾ ਕੇ ਬੀਜਿਆ ਗੰਨਾ ਖੇਤਾਂ ਵਿਚ ਅੱਗ ਲਗਾ ਕੇ ਸਾੜਨ ਲਈ ਮਜਬੂਰ ਹੋਣਗੇ। ਜੇ ਸਰਕਾਰ ਹੁਣ ਵੀ ਕਿਸੇ ਫੈਸਲੇ 'ਤੇ ਪੁੱਜਦੀ ਹੈ ਤਾਂ ਵੀ 10 ਦਸੰਬਰ ਤੋਂ ਪਹਿਲਾਂ ਪਿੜਾਈ ਸ਼ੁਰੂ ਕਰ ਸਕਣੀ ਸੰਭਵ ਨਹੀਂ ਹੋਵੇਗੀ। ਮਿੱਲ ਮਾਲਕਾਂ ਦਾ ਕਹਿਣਾ ਹੈ ਕਿ ਉਹ ਕਿਸੇ ਵੀ ਹਾਲਤ ਵਿਚ ਕਿਸਾਨਾਂ ਨੂੰ ਸੰਕਟ ਦੇ ਮੂੰਹ 'ਚ ਨਹੀਂ ਧੱਕਣਾ ਚਾਹੁੰਦੇ, ਪਰ ਬੇਹੱਦ ਘੱਟ ਮੁੱਲ 'ਤੇ ਖੰਡ ਵੇਚ ਕੇ ਮਿੱਲ ਚਲਾਉਣਾ ਅਸੰਭਵ ਹੋ ਗਿਆ ਹੈ।

## ਸਿੰਗਾਪੁਰ ਦੀ ਕੰਪਨੀ ਨੇ ਪੰਜਾਬ 'ਚ ਨਿਵੇਸ਼ ਲਈ ਭਰੀ ਹਾਮੀ

**ਚੰਡੀਗੜ੍ਹ:** ਸਿੰਗਾਪੁਰ ਦੀ ਕੰਪਨੀ ਥਿੰਕ ਗੈਸ ਇਨਵੈਸਟਮੈਂਟ ਪੀ.ਟੀ.ਈ. ਲਿਮਿਟਡ (ਥਿੰਕ ਗੈਸ) ਨੇ ਸੂਬੇ ਵਿਚ ਕੁਦਰਤੀ ਗੈਸ ਵੰਡ ਦਾ ਬੁਨਿਆਦੀ ਢਾਂਚਾ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ ਜਿਸ ਨਾਲ 2,000 ਕਰੋੜ ਦਾ ਸਿੱਧਾ ਵਿਦੇਸ਼ੀ ਨਿਵੇਸ਼ (ਐਫ.ਡੀ.ਆਈ.) ਅਤੇ ਰੁਜ਼ਗਾਰ ਦੇ 1,500 ਮੌਕੇ ਪੈਦਾ ਹੋਣ ਦੀ ਆਸ ਹੈ। ਇਹ ਪ੍ਰਸਤਾਵਿਤ ਬੁਨਿਆਦੀ ਢਾਂਚਾ ਲੁਧਿਆਣਾ, ਬਰਨਾਲਾ, ਮੋਗਾ, ਜਲੰਧਰ, ਕਪੂਰਥਲਾ ਅਤੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹਿਆਂ ਦੇ 12,000 ਵਰਗ ਕਿਲੋਮੀਟਰ ਦੇ ਖੇਤਰ ਵਿਚ ਫੈਲੇਗਾ।

ਥਿੰਕ ਗੈਸ ਦੇ ਸੀ.ਈ.ਓ. ਹਰਦੀਪ ਸਿੰਘ ਰਾਏ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਕਰ ਕੇ ਕੰਪਨੀ ਦੀਆਂ ਅਗਲੇ 4-5 ਸਾਲਾਂ ਦੀ ਯੋਜਨਾਵਾਂ ਬਾਰੇ ਚਰਚਾ ਕੀਤੀ। ਉਨ੍ਹਾਂ ਨੇ ਮੁੱਖ ਮੰਤਰੀ ਨੂੰ ਦੱਸਿਆ ਕਿ ਕੰਪਨੀ ਪਹਿਲੇ ਪੜਾਅ ਦਾ ਕੰਮ ਛੇਤੀ ਸ਼ੁਰੂ ਕਰੇਗੀ। ਉਨ੍ਹਾਂ ਦੱਸਿਆ ਕਿ ਕੰਪਨੀ ਦਾ ਉਦੇਸ਼ ਪੰਜਾਬ ਵਿਚ ਸਨਅਤੀ ਖੇਤਰ ਸਮੇਤ ਸ਼ਹਿਰੀ ਤੇ ਪੇਂਡੂ ਖੇਤਰ ਦੇ 45 ਫੀਸਦੀ ਘਰਾਂ ਵਿਚ ਪ੍ਰਵੇਸ਼ ਕਰ ਕੇ ਊਰਜਾ ਦੀ ਖਪਤ ਦੇ ਢੰਗ ਵਿਚ ਤਬਦੀਲੀ ਲਿਆਉਣਾ ਹੈ।

ਇਸ ਪ੍ਰੋਜੈਕਟ ਸਬੰਧੀ ਵਿਚਾਰ-ਚਰਚਾ ਦੌਰਾਨ ਇਨਵੈਸਟਮੈਂਟ ਪ੍ਰਮੋਸ਼ਨ ਦੀ ਵਧੀਕ ਮੁੱਖ ਸਕੱਤਰ ਵਿਨੀ ਮਹਾਜਨ ਅਤੇ ਨਿਵੇਸ਼ ਪੰਜਾਬ ਦੇ ਸੀ.ਈ.ਓ. ਰਜਤ ਅਗਰਵਾਲ ਵੀ ਹਾਜ਼ਰ ਸਨ। ਮੁੱਖ ਮੰਤਰੀ ਨੇ ਇਹ ਪ੍ਰੋਜੈਕਟ ਸਮੇਂ ਸਿਰ ਅਮਲ ਵਿਚ ਲਿਆਉਣ ਲਈ ਸਰਕਾਰ ਵੱਲੋਂ ਕੰਪਨੀ ਨੂੰ ਸਹਿਯੋਗ ਦੇਣ ਦਾ ਭਰੋਸਾ ਦਿੰਦਿਆਂ ਨਿਵੇਸ਼ ਪੰਜਾਬ ਨੂੰ ਕੰਪਨੀ ਨੂੰ ਸਬੰਧਤ ਅਥਾਰਟੀਆਂ ਪਾਸੋਂ ਲੋੜੀਂਦੀਆਂ ਪ੍ਰਵਾਨਗੀਆਂ ਦਿਵਾਉਣ ਦੀ ਹਦਾਇਤ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਇਹ ਪ੍ਰੋਜੈਕਟ ਸੂਬੇ ਵਿਚ ਸਾਫ ਈਂਧਣ ਦੇ ਬੁਨਿਆਦੀ ਢਾਂਚੇ ਦੀ ਸਥਾਪਨਾ ਦਾ ਨਵਾਂ ਦੌਰ ਸ਼ੁਰੂ ਕਰੇਗਾ।

## ਅਧਿਆਪਕਾਂ ਦੇ ਸੰਘਰਸ਼ ਤੋਂ ਕੈਪਟਨ ਸਰਕਾਰ ਬੇਪਰਵਾਹ

**ਚੰਡੀਗੜ੍ਹ:** ਪੰਜਾਬ ਸਰਕਾਰ ਅਧਿਆਪਕਾਂ ਦੀਆਂ ਮੰਗਾਂ ਨੂੰ ਕਿਸੇ ਵੀ ਰੂਪ ਵਿਚ ਮੰਨਣ ਲਈ ਤਿਆਰ ਨਹੀਂ ਜਾਪਦੀ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਧਿਆਪਕਾਂ, ਮੁਲਾਜ਼ਮਾਂ ਅਤੇ ਜਨਤਕ ਜਥੇਬੰਦੀਆਂ ਦੇ ਸੰਘਰਸ਼ ਕਾਰਨ ਕਾਂਗਰਸ ਪਾਰਟੀ ਨੂੰ ਲੱਗ ਰਹੇ ਸਿਆਸੀ ਖੋਰੇ ਤੋਂ ਪੂਰੀ ਤਰ੍ਹਾਂ ਬੇਪਰਵਾਹ ਹਨ, ਜਿਸ ਕਾਰਨ ਆ ਰਹੀਆਂ ਲੋਕ ਸਭਾ ਚੋਣਾ ਦੌਰਾਨ ਕੈਪਟਨ ਸਰਕਾਰ ਦਾ ਇਹ ਵਤੀਰਾ ਹੁਕਮਰਾਨ ਕਾਂਗਰਸ ਪਾਰਟੀ ਨੂੰ ਮਹਿੰਗਾ ਪੈ ਸਕਦਾ ਹੈ। ਸੂਤਰਾਂ ਅਨੁਸਾਰ ਕੈਪਟਨ ਸਰਕਾਰ ਅਤੇ ਕਾਂਗਰਸ ਪਾਰਟੀ ਦੀ ਲੀਡਰਸ਼ਿਪ ਵਿਰੋਧੀ ਧਿਰਾਂ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ (ਆਪ) ਵਿਚ ਪਈ ਫੁਟ ਕਾਰਨ ਲੋਕ ਸੰਘਰਸ਼ਾਂ ਤੋਂ ਬੇਪ੍ਰਵਾਹ ਹੁੰਦੀ ਜਾ ਰਹੀ ਹੈ, ਕਿਉਂਕਿ ਪਾਰਟੀ ਦੀ ਲੀਡਰਸ਼ਿਪ ਮਹਿਸੂਸ ਕਰਦੀ ਹੈ ਕਿ ਭਾਵੇਂ ਲੋਕ ਸਰਕਾਰ ਦੀ ਕਾਰਗੁਜ਼ਾਰੀ ਤੋਂ ਦੁਖੀ ਹਨ ਪਰ ਦੋਵੇਂ ਮੁੱਖ ਵਿਰੋਧੀ ਪਾਰਟੀਆਂ ਦੀ ਫੁੱਟ ਦਾ ਲਾਹਾ ਸਾਲ 2019 ਦੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਨੂੰ ਮਿਲਣਾ ਪੱਕਾ ਹੈ।

ਸੂਤਰਾਂ ਅਨੁਸਾਰ ਐਸ.ਐਸ.ਏ. ਅਤੇ ਰਮਸਾ ਦੇ ਅਧਿਆਪਕਾਂ ਦੀਆਂ ਮੌਜੂਦਾ 42,300 ਰੁਪਏ ਤਨਖਾਹਾਂ ਨੂੰ ਘਟਾ ਕੇ 15,000 ਰੁਪਏ ਪ੍ਰਤੀ ਮਹੀਨਾ ਕਰ ਕੇ ਰੈਗੂਲਰ ਕਰਨ ਦੇ ਫੈਸਲੇ ਤੋਂ ਜਿਥੇ ਸਿੱਖਿਆ ਵਿਭਾਗ ਟੱਸ ਤੋਂ ਮੱਸ ਨਹੀਂ ਜਾਪਦਾ, ਉਥੇ ਮੁੱਖ ਮੰਤਰੀ ਦੇ ਦਫਤਰ ਵਿਚ ਵੀ ਅਜਿਹਾ ਨਜ਼ਰੀਆ ਭਾਰੂ ਹੈ। ਸੂਤਰਾਂ ਅਨੁਸਾਰ ਸਰਕਾਰ ਵਿਚ ਇਹ ਪ੍ਰਭਾਵ ਭਾਰੂ ਹੈ ਕਿ ਅਧਿਆਪਕਾਂ ਨੂੰ ਪੂਰੀਆਂ ਤਨਖਾਹਾਂ ਵਿਚ ਰੈਗੂਲਰ ਕਰਨ ਦੀ ਸੂਰਤ ਵਿਚ ਹੋਰ ਵਿਭਾਗਾਂ ਵਿਚ ਠੇਕੇ ਉਤੇ ਕੰਮ ਕਰਦੇ ਹਜ਼ਾਰਾਂ ਮੁਲਾਜ਼ਮਾਂ ਨੂੰ ਵੀ ਮੁੱਢ



ਤੋਂ ਪੂਰੀਆਂ ਤਨਖਾਹਾਂ ਵਿਚ ਰੈਗੂਲਰ ਕਰਨਾ ਪਵੇਗਾ, ਜਿਸ ਕਾਰਨ ਸਰਕਾਰੀ ਖਜ਼ਾਨੇ 'ਤੇ ਵਿੱਤੀ ਬੋਝ ਪਵੇਗਾ। ਭਾਵੇਂ ਕੁਝ ਮੰਤਰੀ ਦਬਵੀਂ ਜ਼ੁਬਾਨ ਵਿਚ ਕਹਿੰਦੇ ਹਨ ਕਿ ਕਿਸੇ ਵੀ ਮੁਲਾਜ਼ਮ ਦੀ ਤਨਖਾਹ ਘਟਾਉਣੀ ਵਾਜ਼ਬ ਨਹੀਂ ਹੈ ਪਰ ਦੋਵੇਂ ਵਿਰੋਧੀ ਧਿਰਾਂ ਅਕਾਲੀ ਦਲ ਤੇ 'ਆਪ' ਤੋਂ ਸਰਕਾਰ ਨੂੰ ਕੋਈ ਵੱਡੀ ਚੁਣੌਤੀ ਨਾ ਹੋਣ ਕਾਰਨ ਕਾਂਗਰਸ ਤੇ ਸਰਕਾਰ ਅਜਿਹੇ ਸੰਘਰਸ਼ਾਂ ਨੂੰ ਅੱਖੋਂ ਪਰੋਖੇ ਕਰਨ ਦੀ ਨੀਤੀ ਉਪਰ ਹੀ ਚੱਲ ਰਹੀ ਹੈ।

ਇਸੇ ਕਾਰਨ ਅਧਿਆਪਕਾਂ ਦੀਆਂ ਬਦਲੀਆਂ ਤੇ ਮੁਅੱਤਲੀਆਂ ਦਾ ਦੌਰ ਚਲਿਆ ਹੈ ਅਤੇ ਕਈ ਸੰਘਰਸ਼ਸ਼ੀਲ ਅਧਿਆਪਕਾਂ ਦੀ ਥਾਂ ਨਵੇਂ ਅਧਿਆਪਕ ਨਿਯੁਕਤ ਕਰ ਕੇ ਸੰਘਰਸ਼ ਨੂੰ ਖਦੇੜਨ ਦੇ ਯਤਨ ਜਾਰੀ ਹਨ। ਇਹੋ ਕਾਰਨ ਹੈ ਕਿ ਸਰਕਾਰ ਨੇ ਦੀਵਾਲੀ ਮੌਕੇ ਵੀ ਲੱਖਾਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਰੋਹ ਨੂੰ ਟਿੱਚ ਜਾਣਦਿਆਂ ਬਕਾਇਆ ਪਈਆਂ ਡੀਏ ਦੀਆਂ ਚਾਰ ਕਿਸ਼ਤਾਂ ਵਿਚੋਂ ਇਕ ਵੀ ਨਾ ਦੇ ਕੇ ਇਸ ਵਰਗ ਦੀ ਆਵਾਜ਼ ਨੂੰ ਪੂਰੀ ਤਰ੍ਹਾਂ ਨਕਾਰ ਦਿੱਤਾ ਸੀ। ਸਰਕਾਰ ਦੇ ਬੇਪ੍ਰਵਾਹ ਤੇ ਸਖਤ ਰਵੱਈਏ ਕਾਰਨ ਅਧਿਆਪਕ ਤੇ ਮੁਲਜ਼ਮ ਵਰਗਾਂ ਦੀਆਂ ਜਥੇਬੰਦੀਆਂ ਵਿਚ ਵੀ ਖਲਬਲੀ ਮਚੀ ਪਈ ਹੈ ਪਰ ਇਸ ਦੇ ਬਾਵਜੂਦ ਸੂਬੇ ਦੀ ਪੇਤਲੀ ਪਈ ਟਰੇਡ ਯੂਨੀਅਨ ਲਹਿਰ ਵਿਚ ਸੰਜੀਦਗੀ ਨਾਲ ਸਰਕਾਰ ਦੇ ਜਬਰ ਦਾ ਮੁਕਾਬਲਾ ਕਰਨ ਲਈ ਕੋਈ ਸਾਂਝਾ ਮੰਚ ਉਸਾਰਨ ਦੀ ਗੱਲ ਨਹੀਂ ਚੱਲ ਸਕੀ।

## ਕੈਪਟਨ ਨੇ ਸੜਕੀ ਪ੍ਰਾਜੈਕਟਾਂ ਦੀ ਪ੍ਰਵਾਨਗੀ ਲਈ ਗਡਕਰੀ ਦਾ ਨਿੱਜੀ ਦਖਲ ਮੰਗਿਆ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸਬੰਧਤ ਇਤਿਹਾਸਕ ਕਸਬਿਆਂ ਸੁਲਤਾਨਪੁਰ ਲੋਧੀ, ਬਟਾਲਾ ਤੇ ਡੇਰਾ ਬਾਬਾ ਨਾਨਕ ਦੇ ਸੜਕੀ ਪ੍ਰੋਜੈਕਟਾਂ ਦੀ ਜਲਦੀ ਨਾਲ ਪ੍ਰਵਾਨਗੀ



ਲਈ ਕੇਂਦਰੀ ਸੜਕੀ ਟਰਾਂਸਪੋਰਟ ਅਤੇ ਹਾਈਵੇਜ਼ ਮੰਤਰੀ ਨਿਤਿਨ ਗਡਕਰੀ ਦੇ ਨਿੱਜੀ ਦਖਲ ਦੀ ਮੰਗ ਕੀਤੀ ਹੈ। ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਅਗਲੇ ਸਾਲ ਨਵੰਬਰ 'ਚ ਮਨਾਇਆ ਜਾ ਰਿਹਾ ਹੈ। ਨਿਤਿਨ ਗਡਕਰੀ ਨੂੰ ਲਿਖੇ ਇਕ ਪੱਤਰ 'ਚ ਮੁੱਖ ਮੰਤਰੀ ਨੇ ਕਿਹਾ ਕਿ ਪ੍ਰੋਜੈਕਟਾਂ ਨਾਲ ਸਬੰਧਤ ਪੰਜਾਬ ਸਰਕਾਰ ਦੀ ਬੇਨਤੀ ਨੂੰ ਪ੍ਰਵਾਨ ਕਰਨ ਲਈ ਉਹ ਭਾਰਤ ਸਰਕਾਰ ਦੇ ਬਹੁਤ ਧੰਨਵਾਦੀ ਹਨ।

ਉਨ੍ਹਾਂ ਕਿਹਾ ਕਿ ਸ਼ਰਧਾਲੂਆਂ ਲਈ ਕਰਤਾਰਪੁਰ ਲਈ ਲਾਂਘਾ ਖੋਲ੍ਹਣ ਲਈ ਉਹ ਵਿਸ਼ੇਸ਼ ਤੌਰ 'ਤੇ ਕੇਂਦਰ ਸਰਕਾਰ ਦੇ ਧੰਨਵਾਦੀ ਹਨ। ਇਨ੍ਹਾਂ ਧਾਰਮਿਕ ਕਸਬਿਆਂ ਦੀ ਇਤਿਹਾਸਕ ਮਹੱਤਤਾ ਦੇ ਮੱਦੇਨਜ਼ਰ ਕੈਪਟਨ ਨੇ ਸੁਲਤਾਨਪੁਰ ਲੋਧੀ, ਬਟਾਲਾ, ਡੇਰਾ ਬਾਬਾ ਨਾਨਕ ਅਤੇ ਗੁਰਦਾਸਪੁਰ 'ਚ ਸੜਕਾਂ ਦਾ ਪੱਧਰ ਉਚਾ ਚੁੱਕਣ ਲਈ ਕੇਂਦਰੀ ਸੜਕੀ ਫੰਡ (ਸੀ.ਆਰ.ਐਫ.) ਅਧੀਨ ਵਾਧੂ 150 ਕਰੋੜ ਰੁਪਏ ਦੇਣ ਦੀ ਵੀ ਮੰਗ ਕੀਤੀ ਹੈ। ਮੁੱਖ ਮੰਤਰੀ ਨੇ 260 ਕਰੋੜ ਰੁਪਏ ਦੀ ਅਨੁਮਾਨਿਤ ਲਾਗਤ ਨਾਲ 21.300 ਕਿਲੋਮੀਟਰ ਦਾ ਟੋਟਾ (ਆਰ.ਡੀ 16.800 ਤੋਂ 38.100 ਤੱਕ, ਜੋ ਇਸ ਵੇਲੇ 10 ਮੀਟਰ ਕੈਰੀਵੇਜ਼ ਦੇ ਨਾਲ ਦੋ ਮਾਰਗੀ ਹੈ) ਚਾਰ-ਮਾਰਗੀ ਕਰਨ ਦੀ ਵੀ ਕੇਂਦਰੀ ਮੰਤਰੀ ਤੋਂ ਮੰਗ ਕੀਤੀ ਹੈ। ਇਹ ਟੋਟਾ ਜਲੰਧਰ-ਕਪੂਰਥਲਾ-ਸੁਲਤਾਨਪੁਰ ਲੋਧੀ ਐਨ.ਐਚ. 703 ਦਾ ਹਿੱਸਾ ਹੈ। ਇਹ ਬਹੁਤ ਮਹੱਤਵਪੂਰਨ ਹਾਈਵੇਅ ਹੈ, ਜੋ ਸੁਲਤਾਨਪੁਰ ਲੋਧੀ ਨੂੰ ਬਾਕੀ ਪੰਜਾਬ ਨਾਲ ਅਤੇ ਉਸ ਤੋਂ ਪਰੇ ਵੀ ਜੋੜਦਾ ਹੈ।

ਇਸ ਹਾਈਵੇ (0.0 ਤੋਂ 16.800 ਤੱਕ) ਦਾ ਵਿਸ਼ੇਸ਼ ਟੋਟਾ ਪਹਿਲਾਂ ਹੀ ਚਾਰ-ਮਾਰਗੀ ਹੈ ਤੇ ਇਹ ਗੋਲਾਈਦਾਰ ਸੜਕ ਦੇ ਰੂਪ 'ਚ ਕਪੂਰਥਲਾ ਕਸਬੇ ਦਾ ਬਾਈਪਾਸ ਹੈ ਪਰ ਸ਼ਰਧਾਲੂਆਂ ਦਾ ਆਉਣਾ-ਜਾਣਾ ਵਧਣ ਦੀ ਸੰਭਾਵਨਾ ਕਾਰਨ 21.300 ਕਿਲੋਮੀਟਰ ਦਾ ਟੋਟਾ ਚਾਰ-ਮਾਰਗੀ ਕਰਨਾ ਜ਼ਰੂਰੀ ਹੈ। ਮੁੱਖ ਮੰਤਰੀ ਨੇ ਤਰਨ ਤਾਰਨ-ਗੋਇੰਦਵਾਲ ਸਾਹਿਬ-ਕਪੂਰਥਲਾ ਸੜਕ ਨੂੰ ਤੁਰਤ ਨੈਸ਼ਨਲ ਹਾਈਵੇਅ ਐਲਾਨਣ ਲਈ ਵੀ ਜ਼ੋਰ ਪਾਇਆ ਹੈ ਕਿਉਂਕਿ ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸਬੰਧਤ ਹੈ ਅਤੇ ਸੁਲਤਾਨਪੁਰ ਲੋਧੀ ਨੂੰ ਅੰਮ੍ਰਿਤਸਰ ਨਾਲ ਜੋੜਦਾ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਕੇਂਦਰ ਸਰਕਾਰ ਦੇ ਪੱਤਰ ਰਾਹੀਂ ਪਹਿਲਾਂ ਹੀ ਉਪਰੋਕਤ ਸੜਕ ਨੂੰ ਰਾਸ਼ਟਰੀ ਹਾਈਵੇਜ਼ ਐਲਾਨਣ ਦੀ ਸਿਧਾਂਤਕ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ।

## ਅੰਮ੍ਰਿਤਸਰ ਰੇਲ ਹਾਦਸੇ ਸਬੰਧੀ ਰੇਲਵੇ ਨੂੰ ਕਲੀਨ ਚਿੱਟ

**ਨਵੀਂ ਦਿੱਲੀ:** ਰੇਲਵੇ ਦੇ ਮੁੱਖ ਕਮਿਸ਼ਨਰ ਸੁਰੱਖਿਆ (ਸੀ.ਸੀ.ਆਰ.ਐਸ.) ਵੱਲੋਂ ਦੁਸਹਿਰੇ ਵਾਲੇ ਦਿਨ ਅੰਮ੍ਰਿਤਸਰ 'ਚ ਵਾਪਰੇ ਦਰਦਨਾਕ



ਰੇਲ ਹਾਦਸੇ ਦੀ ਜਾਂਚ ਬਾਰੇ ਦਿੱਤੀ ਆਰਜ਼ੀ ਰਿਪੋਰਟ 'ਚ ਦੱਸਿਆ ਹੈ ਕਿ ਇਹ ਹਾਦਸਾ ਲੋਕਾਂ ਵੱਲੋਂ ਵਰਤੀ ਗਈ 'ਅਣਗਹਿਲੀ' ਕਾਰਨ ਵਾਪਰਿਆ ਹੈ ਜੋ ਰੇਲ ਪੱਟੜੀ 'ਤੇ ਖੜੇ ਹੋ ਕੇ ਦੁਸਹਿਰਾ ਮੇਲਾ ਵੇਖ ਰਹੇ ਸਨ, ਇਸ ਮਾਮਲੇ 'ਚ ਉਨ੍ਹਾਂ ਰੇਲਵੇ ਨੂੰ ਕਲੀਨ ਚਿੱਟ ਦੇ ਦਿੱਤੀ ਹੈ।

ਸੀ.ਸੀ.ਆਰ.ਐਸ. ਸ੍ਰੀ ਐਸ.ਕੇ. ਪਾਠਕ ਨੇ ਆਪਣੀ ਜਾਂਚ ਰਿਪੋਰਟ 'ਚ ਕਿਹਾ ਹੈ ਕਿ ਉਨ੍ਹਾਂ ਦੇ ਸਪੁਰਦ ਵੇਰਵਿਆਂ ਸਹਿਤ ਜੋ ਵਾਸਤਵਿਕ ਤੱਥ (ਸਬੂਤ) ਪੇਸ਼ ਕੀਤੇ ਗਏ ਹਨ, ਉਨ੍ਹਾਂ ਦਾ ਧਿਆਨ ਪੂਰਵਕ ਅਧਿਐਨ ਕਰਨ ਬਾਅਦ ਉਹ ਇਸ ਨਤੀਜੇ 'ਤੇ ਅੱਪੜੇ ਹਨ ਕਿ ਅੰਮ੍ਰਿਤਸਰ ਰੇਲਵੇ ਸਟੇਸ਼ਨ ਲਾਗੇ ਜੋੜਾ ਫਾਟਕ ਨੇੜੇ ਚੱਲਦੀ ਗੱਡੀ ਨਾਲ ਵਾਪਰਿਆ ਦਰਦਨਾਕ ਹਾਦਸਾ ਲੋਕਾਂ ਦੀ ਅਣਗਹਿਲੀ ਕਾਰਨ ਹੋਇਆ ਹੈ। ਰਿਪੋਰਟ 'ਚ ਦੱਸਿਆ ਗਿਆ ਹੈ ਕਿ ਰੇਲਵੇ ਦੇ ਇਸ ਸੈਕਸ਼ਨ 'ਤੇ ਰੇਲ ਦੀ ਸਪੀਡ 100 ਕਿਲੋਮੀਟਰ ਤੱਕ ਦੀ ਗਤੀ ਨਾਲ ਚਲਾਉਣ ਦੀ ਇਜਾਜ਼ਤ ਹੈ ਤੇ ਹਾਦਸੇ ਸਮੇਂ ਰੇਲ ਗੱਡੀ ਦੀ ਸਪੀਡ 82 ਕਿਲੋਮੀਟਰ ਪ੍ਰਤੀ ਘੰਟਾ ਸੀ। ਡਰਾਈਵਰ ਨੇ ਭੀੜ ਨੂੰ ਵੇਖ ਕੇ ਬ੍ਰੇਕ ਲਗਾਈ ਸੀ ਤੇ ਇਹ ਦੂਰੀ 389 ਮੀਟਰ ਸੀ। ਜ਼ਿਕਰਯੋਗ ਹੈ ਕਿ 19 ਅਕਤੂਬਰ ਨੂੰ ਦੁਸਹਿਰੇ ਵਾਲੇ ਦਿਨ ਵਾਪਰੇ ਰੇਲ ਹਾਦਸੇ 'ਚ 60 ਲੋਕ ਮਾਰੇ ਗਏ ਸਨ ਤੇ 50 ਤੋਂ ਵੱਧ ਜ਼ਖ਼ਮੀ ਹੋ ਗਏ ਸਨ।

# ਅਮਰੀਕਾ ਦੀਆਂ ਮੱਧਕਾਲੀ ਚੋਣਾਂ: ਇਕ ਨਜ਼ਰ

ਅਮਰੀਕਾ ਦੇ ਸੰਵਿਧਾਨ ਅਨੁਸਾਰ ਕੇਂਦਰ ਵਿਚ ਤਿੰਨ ਸ਼ਾਖਾਵਾਂ ਹਨ-ਦੇਸ਼ ਦਾ ਰਾਸ਼ਟਰਪਤੀ (ਪ੍ਰੈਜ਼ੀਡੈਂਟ), ਕਾਂਗਰਸ ਅਤੇ ਸੁਪਰੀਮ ਕੋਰਟ, ਜੋ ਆਪਣੇ ਆਪ ਵਿਚ ਅਜ਼ਾਦ ਹਨ। ਜਿਸ ਤਰ੍ਹਾਂ ਹਿੰਦੁਸਤਾਨ ਵਿਚ ਲੋਕ ਸਭਾ ਅਤੇ ਰਾਜ ਸਭਾ ਹਨ, ਇਸੇ ਤਰ੍ਹਾਂ ਅਮਰੀਕਾ ਵਿਚ ਸੈਨੇਟ ਅਤੇ ਹਾਊਸ ਆਫ ਰਿਪ੍ਰਜ਼ੈਂਟੇਟਿਵਜ਼ ਹਨ। ਦੋਹਾਂ ਨੂੰ ਮਿਲਾ ਕੇ ਕਾਂਗਰਸ ਕਿਹਾ ਜਾਂਦਾ ਹੈ।

ਪ੍ਰੈਜ਼ੀਡੈਂਟ, ਸੈਨੇਟ ਅਤੇ ਹਾਊਸ ਇਕੋ ਪਾਰਟੀ ਦੇ ਵੀ ਹੋ ਸਕਦੇ ਹਨ ਅਤੇ ਵੱਖੋ ਵੱਖ ਪਾਰਟੀਆਂ ਦੇ ਵੀ। ਅਮਰੀਕਾ ਵਿਚ ਮੁੱਖ ਦੋ ਹੀ ਪਾਰਟੀਆਂ ਹਨ-ਰਿਪਬਲਿਕਨ ਅਤੇ ਡੈਮੋਕਰੈਟ। ਭਾਵੇਂ ਹੋਰ ਕਈ ਛੋਟੀਆਂ



**ਪ੍ਰੇਮ ਮਾਨ**
**ਫੋਨ: 860-983-5002**

ਛੋਟੀਆਂ ਪਾਰਟੀਆਂ ਹਨ ਜਿਵੇਂ ਗਰੀਨ ਪਾਰਟੀ ਤੇ ਲਿਬਰਟੇਰੀਅਨ ਪਾਰਟੀ ਪਰ ਇਨ੍ਹਾਂ ਦਾ ਕਦੇ ਵੀ ਕੋਈ ਉਮੀਦਵਾਰ ਨਹੀਂ ਚੁਣਿਆ ਗਿਆ।

ਪ੍ਰੈਜ਼ੀਡੈਂਟ ਦੀ ਚੋਣ ਥੋੜੀ ਗੁੰਝਲਦਾਰ ਢੰਗ ਨਾਲ ਹੁੰਦੀ ਹੈ, ਜਿਸ ਵਿਚ ਹਰ ਸੂਬੇ (ਸਟੇਟ) ਨੂੰ ਉਸ ਦੇ ਕਾਂਗਰਸ ਵਿਚ ਮੈਂਬਰਾਂ ਅਨੁਸਾਰ ਇਲੈਕਟੋਰਲ ਕਾਲਜ ਵੋਟਾਂ ਵੰਡੀਆਂ ਜਾਂਦੀਆਂ ਹਨ। ਸੈਨੇਟ ਦੇ 100 ਮੈਂਬਰ ਹਨ-ਹਰ ਸੂਬੇ ਤੋਂ ਦੋ ਸੈਨੇਟਰ ਚੁਣੇ ਜਾਂਦੇ ਹਨ, ਭਾਵੇਂ ਸੂਬਾ ਛੋਟਾ ਹੋਵੇ ਜਾਂ ਵੱਡਾ। ਹਰ ਸੈਨੇਟਰ ਦੀ ਮਿਆਦ ਛੇ ਸਾਲ ਹੁੰਦੀ ਹੈ। ਹਰ ਦੋ ਸਾਲ ਬਾਅਦ ਲਗਭਗ 33% ਸੈਨੇਟਰ ਚੁਣੇ ਜਾਂਦੇ ਹਨ। ਹਾਊਸ ਦੇ 435 ਮੈਂਬਰ ਹਨ, ਜਿਨ੍ਹਾਂ ਦੀ ਮਿਆਦ ਸਿਰਫ ਦੋ ਸਾਲ ਹੈ। ਹਰ ਸੂਬੇ ਲਈ ਉਸ ਦੀ ਆਬਾਦੀ ਦੇ ਆਧਾਰ 'ਤੇ ਹਾਊਸ ਮੈਂਬਰਾਂ ਦੀ ਗਿਣਤੀ ਨਿਰਧਾਰਤ ਕੀਤੀ ਜਾਂਦੀ ਹੈ। ਦਸ ਸਾਲਾਂ ਬਾਅਦ ਹੁੰਦੀ ਮਰਦਮਸ਼ੁਮਾਰੀ ਦੇ ਆਧਾਰ 'ਤੇ ਸੂਬੇ ਦੇ ਮੈਂਬਰਾਂ ਦੀ ਗਿਣਤੀ ਵਧ-ਘਟ ਸਕਦੀ ਹੈ। ਡਿਸਟ੍ਰਿਕਟ ਆਫ ਕੋਲੰਬੀਆ ਕੋਈ ਸੂਬਾ ਨਹੀਂ ਸਗੋਂ ਆਪਣੇ ਆਪ ਵਿਚ ਇਕ ਸ਼ਹਿਰ ਹੀ ਹੈ ਜਿਸ ਨੂੰ ਵਾਸ਼ਿੰਗਟਨ ਡੀ. ਸੀ. ਕਿਹਾ ਜਾਂਦਾ ਹੈ ਅਤੇ ਇਹ ਅਮਰੀਕਾ ਦੀ ਰਾਜਧਾਨੀ ਹੈ। ਪ੍ਰੈਜ਼ੀਡੈਂਟ ਦੀ ਚੋਣ ਲਈ ਇਸ ਨੂੰ ਵੀ ਇਕ ਸੈਨੇਟਰ ਅਤੇ ਦੋ ਹਾਊਸ ਮੈਂਬਰ ਦਿੱਤੇ ਗਏ ਹਨ ਪਰ ਇਨ੍ਹਾਂ ਕੋਲ ਕਾਂਗਰਸ ਵਿਚ ਵੋਟ ਪਾਉਣ ਦਾ ਹੱਕ ਨਹੀਂ ਹੈ।

ਪ੍ਰੈਜ਼ੀਡੈਂਟ ਦੀ ਚੋਣ ਹਰ ਚਾਰ ਸਾਲ ਬਾਅਦ ਹੁੰਦੀ ਹੈ। ਪ੍ਰੈਜ਼ੀਡੈਂਟ ਦੀਆਂ ਦੋ ਚੋਣਾਂ ਦੇ ਮੱਧ ਵਿਚ ਜੋ ਚੋਣ ਹੁੰਦੀ ਹੈ, ਉਸ ਵਿਚ ਸੈਨੇਟ ਦੇ ਲਗਭਗ 33% ਅਤੇ ਹਾਊਸ ਦੇ ਸਾਰੇ 435 ਮੈਂਬਰ ਚੁਣੇ ਜਾਂਦੇ ਹਨ ਅਤੇ ਇਨ੍ਹਾਂ ਨੂੰ ਮੱਧਕਾਲੀ ਚੋਣਾਂ ਕਹਿੰਦੇ ਹਨ। ਇਹ ਸਭ ਚੋਣਾਂ ਨਵੰਬਰ ਮਹੀਨੇ ਦੇ ਪਹਿਲੇ ਮੰਗਲਵਾਰ ਹੁੰਦੀਆਂ ਹਨ। ਕਈ ਸੂਬਿਆਂ ਵਿਚ ਵੋਟਰ ਦੋ ਤਿੰਨ ਹਫਤੇ ਪਹਿਲਾਂ ਵੀ ਵੋਟ ਪਾ ਸਕਦੇ ਹਨ। ਸਾਰੇ ਸੂਬਿਆਂ ਵਿਚ ਵੋਟਰ ਡਾਕ ਰਾਹੀਂ ਵੋਟ ਪਾਉਣ ਲਈ ਰਜਿਸਟਰ ਕਰ ਸਕਦੇ ਹਨ। ਇਸ ਤਰ੍ਹਾਂ ਵੋਟ ਵਾਲਾ ਪੇਪਰ ਤੁਹਾਨੂੰ ਤਿੰਨ ਚਾਰ ਹਫਤੇ ਪਹਿਲਾਂ ਹੀ ਘਰ ਆ ਜਾਂਦਾ ਹੈ ਅਤੇ ਤੁਸੀਂ ਉਹ ਭਰ ਕੇ ਚੋਣਾਂ ਵਾਲੇ ਦਿਨ ਤੋਂ ਪਹਿਲਾਂ ਡਾਕ ਵਿਚ ਪਾਉਣਾ ਹੁੰਦਾ ਹੈ। ਇਸ ਤਰ੍ਹਾਂ ਤੁਹਾਨੂੰ ਵੋਟ ਪਾਉਣ ਲਈ ਕਿਤੇ ਵੀ ਜਾਣ ਦੀ ਲੋੜ ਨਹੀਂ ਪੈਂਦੀ।

ਇਸ ਸਾਲ ਮੱਧਕਾਲੀ ਚੋਣਾਂ 6 ਨਵੰਬਰ ਨੂੰ ਸਨ। ਲਗਭਗ 40 ਮਿਲੀਅਨ ਲੋਕਾਂ ਨੇ ਵੋਟਾਂ 6 ਨਵੰਬਰ ਤੋਂ ਪਹਿਲਾਂ ਹੀ ਪਾ ਦਿੱਤੀਆਂ ਸਨ। ਅੰਦਾਜ਼ੇ ਮੁਤਾਬਕ ਇਸ ਵਾਰੀ 114 ਮਿਲੀਅਨ ਲੋਕਾਂ ਨੇ ਵੋਟਾਂ ਪਾਈਆਂ। ਨਵੰਬਰ 2016 ਦੀਆਂ ਚੋਣਾਂ ਵਿਚ 137 ਮਿਲੀਅਨ ਲੋਕਾਂ ਨੇ ਵੋਟਾਂ ਪਾਈਆਂ ਸਨ। ਆਮ ਤੌਰ 'ਤੇ ਮੱਧਕਾਲੀ ਚੋਣਾਂ ਵਿਚ ਘੱਟ ਲੋਕ ਵੋਟਾਂ ਪਾਉਂਦੇ ਹਨ ਪਰ ਜਿਸ ਸਾਲ ਪ੍ਰੈਜ਼ੀਡੈਂਟ ਦੀ ਚੋਣ ਹੋਵੇ, ਉਸ ਸਾਲ ਜ਼ਿਆਦਾ ਲੋਕ ਵੋਟਾਂ ਪਾਉਂਦੇ ਹਨ। ਇਸ ਵਾਰ ਮੱਧਕਾਲੀ ਚੋਣਾਂ ਵਿਚ ਪਿਛਲੇ ਸਭ ਰਿਕਾਰਡ ਟੁੱਟੇ ਹਨ।

ਸੈਨੇਟ ਵਿਚ 52 ਸੀਟਾਂ ਰਿਪਬਲਿਕਨ ਪਾਰਟੀ ਅਤੇ 47 ਸੀਟਾਂ ਡੈਮੋਕਰੈਟਿਕ ਪਾਰਟੀ ਨੇ ਜਿੱਤੀਆਂ ਹਨ। ਹਾਲੇ ਇਕ ਸੀਟ ਦਾ ਨਤੀਜਾ ਨਹੀਂ ਆਇਆ। ਮਿਸੀਸਿੱਪੀ ਸੂਬੇ ਵਿਚ ਕਿਸੇ ਵੀ ਉਮੀਦਵਾਰ ਨੂੰ 50% ਵੋਟਾਂ ਨਾ ਮਿਲਣ ਕਰ ਕੇ ਦੋ ਮੁੱਖ ਉਮੀਦਵਾਰਾਂ ਲਈ 27 ਨਵੰਬਰ ਨੂੰ ਮੁੜ ਤੋਂ ਵੋਟਾਂ ਪੈਣਗੀਆਂ। ਅਮਰੀਕਾ ਦੇ ਕੁਝ ਸੂਬਿਆਂ ਵਿਚ ਕਾਨੂੰਨ ਹੈ ਕਿ ਜੇਤੂ ਉਮੀਦਵਾਰ ਨੂੰ ਘੱਟੋ ਘੱਟ 50% ਵੋਟਾਂ ਜ਼ਰੂਰ ਪੈਣ। ਇਨ੍ਹਾਂ ਦੋ ਸੀਟਾਂ ਦੇ ਨਤੀਜੇ ਨਾ ਆਉਣ ਦੇ ਬਾਵਜੂਦ ਸੈਨੇਟ ਵਿਚ ਰਿਪਬਲਿਕਨ ਪਾਰਟੀ ਨੂੰ ਬਹੁਮਤ ਮਿਲ ਗਿਆ ਹੈ।

ਹਾਊਸ ਲਈ ਜੋ ਨਤੀਜੇ ਆ ਗਏ ਹਨ, ਉਨ੍ਹਾਂ ਅਨੁਸਾਰ 233 ਉਮੀਦਵਾਰ ਡੈਮੋਕਰੈਟਿਕ ਪਾਰਟੀ ਅਤੇ 200 ਰਿਪਬਲਿਕਨ ਪਾਰਟੀ ਦੇ ਜਿੱਤੇ ਹਨ। ਦੋ ਥਾਂਵਾਂ 'ਤੇ ਕਿਸੇ ਨਾ ਕਿਸੇ ਕਾਰਨ ਕਰਕੇ ਨਤੀਜੇ ਹਾਲੇ ਐਲਾਨੇ ਨਹੀਂ ਗਏ। ਇਸ ਦੇ ਬਾਵਜੂਦ ਹਾਊਸ ਵਿਚ ਡੈਮੋਕਰੈਟਿਕ ਪਾਰਟੀ ਜੇਤੂ ਹੋ ਗਈ ਹੈ ਅਤੇ ਇਸ ਨੂੰ ਬਹੁਮਤ ਮਿਲ ਗਿਆ ਹੈ। ਇਨ੍ਹਾਂ ਚੋਣਾਂ ਤੋਂ ਪਹਿਲਾਂ ਸੈਨੇਟ ਅਤੇ ਹਾਊਸ-ਦੋਹਾਂ ਵਿਚ ਰਿਪਬਲਿਕਨ ਪਾਰਟੀ ਦਾ ਬਹੁਮਤ ਸੀ। ਇਸ ਤਰ੍ਹਾਂ ਚੋਣਾਂ ਤੋਂ ਪਹਿਲਾਂ ਪ੍ਰੈਜ਼ੀਡੈਂਟ ਵੀ ਰਿਪਬਲਿਕਨ ਪਾਰਟੀ ਦਾ ਸੀ, ਅਤੇ ਸੈਨੇਟ ਤੇ ਹਾਊਸ ਵਿਚ ਵੀ ਰਿਪਬਲਿਕਨ ਪਾਰਟੀ ਦਾ ਕੰਟਰੋਲ ਸੀ। ਹੁਣ ਹਾਊਸ ਡੈਮੋਕਰੈਟਿਕ ਪਾਰਟੀ ਦੇ ਕੰਟਰੋਲ ਅਧੀਨ ਆ ਗਿਆ ਹੈ।

ਇਸ ਤੋਂ ਇਲਾਵਾ 36 ਸੂਬਿਆਂ ਵਿਚ ਗਵਰਨਰ ਲਈ ਵੀ ਚੋਣਾਂ ਹੋਈਆਂ ਅਤੇ ਸਾਰੇ ਸੂਬਿਆਂ ਵਿਚ ਸੂਬੇ ਦੀ ਸੈਨੇਟ ਅਤੇ ਹਾਊਸ ਲਈ ਵੀ ਹੋਈਆਂ। ਇਨ੍ਹਾਂ ਮੱਧਕਾਲੀ ਚੋਣਾਂ ਦੇ ਨਤੀਜਿਆਂ ਤੋਂ ਬਾਅਦ 27 ਸੂਬਿਆਂ ਦੇ ਗਵਰਨਰ ਰਿਪਬਲਿਕਨ ਪਾਰਟੀ ਦੇ ਹਨ ਅਤੇ 23 ਸੂਬਿਆਂ ਦੇ ਗਵਰਨਰ ਡੈਮੋਕਰੈਟਿਕ ਪਾਰਟੀ ਦੇ ਹਨ। ਇਨ੍ਹਾਂ ਚੋਣਾਂ ਤੋਂ ਪਹਿਲਾਂ 16 ਸੂਬਿਆਂ ਵਿਚ ਡੈਮੋਕਰੈਟਿਕ ਪਾਰਟੀ ਦੇ ਗਵਰਨਰ ਸਨ।

ਇਨ੍ਹਾਂ ਚੋਣਾਂ ਤੋਂ ਜੋ ਕੁਝ ਵਿਸ਼ੇਸ਼ ਗੱਲਾਂ ਉਭਰ ਕੇ ਆਈਆਂ, ਉਹ ਹਨ:

1. ਹੁਣ ਤੱਕ ਸੱਭ ਤੋਂ ਵੱਧ ਔਰਤਾਂ ਹਾਊਸ ਲਈ ਚੁਣੀਆਂ ਗਈਆਂ ਹਨ ਜੋ ਕਦੇ ਪਹਿਲਾਂ ਨਹੀਂ ਹੋਇਆ। ਹਾਲੇ ਕੁਝ ਨਤੀਜੇ ਆਉਣੇ ਬਾਕੀ ਹਨ।

2. ਹੁਣ ਤੱਕ 23 ਔਰਤਾਂ ਸੈਨੇਟ ਲਈ ਚੁਣੀਆਂ ਜਾ ਚੁੱਕੀਆਂ ਹਨ।

3. ਇਨ੍ਹਾਂ ਚੋਣਾਂ ਵਿਚ ਸੈਨੇਟ, ਹਾਊਸ ਅਤੇ ਗਵਰਨਰਾਂ ਦੀਆਂ 585 ਸੀਟਾਂ ਲਈ 276 ਉਮੀਦਵਾਰ ਔਰਤਾਂ ਸਨ।

4. ਚੋਣਾਂ ਵੇਲੇ ਵੋਟਰਾਂ ਤੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਅਨੁਸਾਰ 41% ਵੋਟਰਾਂ ਲਈ ਹੈਲਥ ਕੇਅਰ ਸਭ ਤੋਂ ਵੱਧ ਮਹੱਤਤਾ ਵਾਲਾ ਮੁੱਦਾ ਸੀ। 23% ਲਈ ਇਮੀਗਰੇਸ਼ਨ ਦਾ ਮੁੱਦਾ ਅਹਿਮ ਸੀ। 22% ਲਈ ਦੇਸ਼ ਦੀ ਆਰਥਕ ਹਾਲਤ ਅਹਿਮ ਸਨ, ਅਤੇ 14% ਲਈ ਹੋਰ ਮੁੱਦੇ ਮਹੱਤਤਾ ਰੱਖਦੇ ਸਨ। ਲਗਭਗ 56% ਵੋਟਰਾਂ ਨੇ ਕਿਹਾ ਕਿ ਦੇਸ਼ ਗਲਤ ਪਾਸੇ ਨੂੰ ਜਾ ਰਿਹਾ ਹੈ। 77% ਵੋਟਰਾਂ ਨੇ ਆਖਿਆ ਕਿ ਦੇਸ਼ ਰਾਜਨੀਤਕ ਪੱਖੋਂ ਬਹੁਤ ਵੰਡਿਆ ਹੋਇਆ ਹੈ।

5. ਪਹਿਲੀ ਵਾਰੀ ਜੈਰਡ ਪੋਲਿਸ ਨਾਂ ਦਾ ਸਮਲਿੰਗੀ ਆਦਮੀ ਕਿਸੇ ਸੂਬੇ ਦਾ ਗਵਰਨਰ ਚੁਣਿਆ ਗਿਆ ਹੈ। ਇਹ ਸੂਬਾ ਕਾਲੋਰਾਡੋ ਹੈ।

6. ਪਹਿਲੀ ਵਾਰੀ ਦੋ ਮੁਸਲਮਾਨ ਔਰਤਾਂ ਹਾਊਸ ਦੀਆਂ ਮੈਂਬਰ ਚੁਣੀਆਂ ਗਈਆਂ ਹਨ। ਰਾਸ਼ੀਦਾ ਟਲੇਬ, ਜੋ ਪੈਲਸਟੀਨੀਅਨ ਮਾਪਿਆਂ ਦੀ ਬੱਚੀ ਹੈ, ਮਿਸ਼ੀਗਨ ਸਟੇਟ ਤੋਂ ਚੁਣੀ ਗਈ ਹੈ। ਇਲਹਾਨ ਓਮਾਰ, ਜੋ ਸਮਾਲੀਅਨ ਮਾਪਿਆਂ ਦੀ ਧੀ ਹੈ, ਮਿਨੀਸੋਟਾ ਸਟੇਟ ਤੋਂ ਚੁਣੀ ਗਈ ਹੈ।

7. ਪਹਿਲੀ ਵਾਰੀ ਨੇਟਿਵ ਅਮੈਰਿਕਨ (ਜਿਨ੍ਹਾਂ ਨੂੰ ਕਦੇ ਰੈਡ ਇੰਡੀਅਨ ਕਿਹਾ ਜਾਂਦਾ ਸੀ) ਦੇ ਪਿਛੋਕੜ ਦੀਆਂ ਦੋ ਔਰਤਾਂ ਹਾਊਸ ਦੀਆਂ ਮੈਂਬਰ ਚੁਣੀਆਂ ਗਈਆਂ ਹਨ। ਸ਼ਾਰਿਸ ਡੇਵਿਡਜ਼ ਕੈਨਸਸ ਸਟੇਟ ਅਤੇ ਡੈਬਰਾ ਹਾਲੈਂਡ ਨਿਊ ਮੈਕਸੀਕੋ ਤੋਂ ਚੁਣੀ ਗਈ ਹੈ।

8. ਸਾਫੀਆ ਵਾਜ਼ੀਰ ਅਫਗਾਨਿਸਤਾਨ ਵਿਚ ਜੰਮੀ ਸੀ। ਉਹ ਛੋਟੀ ਉਮਰ ਦੀ ਹੀ ਸੀ ਜਦੋਂ ਉਸ ਦਾ ਸਾਰਾ ਪਰਿਵਾਰ ਸ਼ਰਨਾਰਥੀ ਬਣ ਕੇ ਉਜ਼ਬੇਕਿਸਤਾਨ ਚਲਾ ਗਿਆ। ਸਾਲ 2007 ਵਿਚ ਇਹ ਪਰਿਵਾਰ ਅਮਰੀਕਾ ਆ ਕੇ ਨਿਊ ਹੈਂਪਸ਼ਾਇਰ ਸਟੇਟ ਵਿਚ ਵਸ ਗਿਆ। ਸਾਫੀਆ ਵਾਜ਼ੀਰ ਇਨ੍ਹਾਂ ਚੋਣਾਂ ਵਿਚ ਨਿਊ ਹੈਂਪਸ਼ਾਇਰ ਤੋਂ ਹਾਊਸ ਲਈ ਚੁਣੀ ਗਈ ਹੈ। ਉਹ 27 ਸਾਲਾਂ ਦੀ ਹੈ ਅਤੇ ਦੋ ਬੱਚਿਆਂ ਦੀ ਮਾਂ ਹੈ।

9. ਕਈ ਸੂਬਿਆਂ ਵਿਚ ਭੰਗ ਨੂੰ ਮੈਡੀਕਲ ਲੋੜਾਂ ਲਈ ਵਰਤਣ ਦਾ ਮੁੱਦਾ ਵੋਟਰਾਂ ਨੇ ਪਾਸ ਕਰ ਦਿੱਤਾ ਹੈ। ਮਿਸ਼ੀਗਨ ਸਟੇਟ ਵਿਚ ਤਾਂ ਮਨੋਰੰਜਨ ਲਈ ਵੀ ਭੰਗ ਵਰਤਣ ਦਾ ਮੁੱਦਾ ਪਾਸ ਹੋ ਗਿਆ ਹੈ।

10. ਫਲੋਰਿਡਾ ਸਟੇਟ ਵਿਚ ਵੋਟਰਾਂ ਨੇ ਇਸ ਮੁੱਦੇ ਨੂੰ ਪਾਸ ਕਰ ਦਿੱਤਾ ਹੈ ਕਿ ਜਿਨ੍ਹਾਂ ਲੋਕਾਂ ਨੇ ਜੁਰਮਾਂ ਵਿਚ ਸਜ਼ਾ ਭੁਗਤ ਲਈ ਹੈ, ਉਹ ਹੁਣ ਵੋਟ ਪਾ ਸਕਣਗੇ। ਅਮਰੀਕਾ ਦੇ ਕੁਝ ਸੂਬਿਆਂ ਵਿਚ ਅਜਿਹੇ ਲੋਕਾਂ ਨੂੰ ਵੋਟ ਪਾਉਣ ਦਾ ਹੱਕ ਹੈ ਅਤੇ ਕਈ ਸਟੇਟਾਂ ਵਿਚ ਨਹੀਂ। ਅੰਦਾਜ਼ਾ ਹੈ ਕਿ ਫਲੋਰਿਡਾ ਵਿਚ ਵੋਟ ਪਾਉਣ ਦੀ ਉਮਰ ਦੇ ਲੋਕਾਂ ਵਿਚ ਅਜਿਹੇ ਲੋਕਾਂ ਦੀ ਗਿਣਤੀ ਲਗਭਗ 9% ਹੈ।



11. ਆਇਓਵਾ ਸਟੇਟ ਤੋਂ ਹਾਊਸ ਦਾ ਆਧੁਨਿਕ ਮੈਂਬਰ ਸਟੀਵ ਕਿੰਗ ਫਿਰ ਚੁਣਿਆ ਗਿਆ ਹੈ, ਭਾਵੇਂ ਉਸ ਨੂੰ ਉਸ ਦੀ ਰਿਪਬਲਿਕਨ ਪਾਰਟੀ ਦਾ ਸਮਰਥਨ ਹਾਸਲ ਨਹੀਂ ਸੀ। ਸਟੀਵ ਕਿੰਗ 'ਤੇ ਨਸਲਵਾਦੀ ਹੋਣ ਦਾ ਦੋਸ਼ ਲਾਇਆ ਜਾਂਦਾ ਹੈ। ਉਸ ਨੂੰ ਸੱਜੇ ਪੱਖੀ ਗੋਰਿਆਂ ਦੀਆਂ ਅਤਿਵਾਦੀ ਪਾਰਟੀਆਂ ਦਾ ਸਮਰਥਕ ਵੀ ਕਿਹਾ ਜਾਂਦਾ ਹੈ। ਉਸ ਨੇ ਹੁਣੇ ਹੁਣੇ ਨਸ਼ਰ ਹੋਈ ਇਕ ਵੀਡੀਓ ਵਿਚ ਬਾਹਰਲੇ ਮੁਲਕਾਂ ਤੋਂ ਆਏ ਇਮੀਗਰਾਂਟ ਲੋਕਾਂ ਨੂੰ 'ਗੰਦੇ' ਆਖਿਆ ਹੈ।

12. ਅਲੈਗਜ਼ੈਂਡਰੀਆ ਓਕਾਸੀਓ-ਕੋਰਟਿਜ਼ ਨਾਂ ਦੀ 27 ਸਾਲਾਂ ਦੀ ਲੜਕੀ ਨਿਊ ਯਾਰਕ ਦੇ ਬਰਾਂਕਸ ਹਿੱਸੇ ਤੋਂ ਹਾਊਸ ਲਈ ਚੁਣੀ ਗਈ ਹੈ। ਇਹ ਪਹਿਲੀ ਵਾਰ ਹੋਇਆ ਹੈ ਕਿ ਕੋਈ ਔਰਤ ਇੰਨੀ ਛੋਟੀ ਉਮਰ ਵਿਚ ਹਾਊਸ ਦੀ ਮੈਂਬਰ ਚੁਣੀ ਗਈ ਹੋਵੇ। ਸਾਲ ਕੁ ਪਹਿਲਾਂ ਰਾਜਨੀਤੀ ਵਿਚ ਆਉਣ ਤੋਂ ਪਹਿਲਾਂ ਉਹ ਇਕ ਸ਼ਰਾਬਖਾਨਾ ਕਲੱਬ ਵਿਚ ਸ਼ਰਾਬ ਵਰਤਾਉਣ ਦਾ ਕੰਮ ਕਰਦੀ ਸੀ।

13. ਮੈਸਾਚੂਸਟ ਸਟੇਟ ਤੋਂ ਪਹਿਲੀ ਵਾਰੀ ਇਕ ਕਾਲੇ ਰੰਗ ਦੀ ਔਰਤ (ਆਇਆਨਾ ਪਰੈਸਲੀ) ਹਾਊਸ ਲਈ ਚੁਣੀ ਗਈ ਹੈ।

14. ਵਿਸਕਾਨਸਨ, ਕੈਨਸਸ, ਇਲੀਨਾਏ, ਮੇਨ, ਨੇਵਾਡਾ ਅਤੇ ਨਿਊ ਮੈਕਸੀਕੋ ਸਟੇਟਾਂ ਵਿਚ ਗਵਰਨਰ, ਸੈਨੇਟ ਅਤੇ ਹਾਊਸ-ਤਿੰਨੇ ਹੀ ਡੈਮੋਕਰੈਟਿਕ ਪਾਰਟੀ ਜਿੱਤ ਗਈ ਹੈ। ਮੱਧਕਾਲੀ ਚੋਣਾਂ ਤੋਂ ਬਾਅਦ 14 ਸਟੇਟਾਂ ਵਿਚ ਗਵਰਨਰ, ਸੈਨੇਟ ਅਤੇ ਹਾਊਸ-ਤਿੰਨੇ ਹੀ ਡੈਮੋਕਰੈਟਿਕ ਪਾਰਟੀ ਦੇ ਹਨ, 23 ਸਟੇਟਾਂ ਵਿਚ ਇਹ ਤਿੰਨੇ ਰਿਪਬਲਿਕਨ ਪਾਰਟੀ ਦੇ ਕੰਟਰੋਲ ਵਿਚ ਹਨ ਅਤੇ 13 ਸਟੇਟਾਂ ਵਿਚ ਇਹ ਤਿੰਨੇ ਦੋਵਾਂ ਪਾਰਟੀਆਂ ਦੀਆਂ ਰਲਵੀਆਂ ਹਨ। ਸਟੇਟ ਸਰਕਾਰਾਂ ਦੀ ਮਹੱਤਤਾ ਇਸ ਗੱਲ ਵਿਚ ਹੈ ਕਿ ਹਰ ਦਸ ਸਾਲਾਂ ਬਾਅਦ ਜਦੋਂ ਮਰਦਮਸ਼ੁਮਾਰੀ ਹੁੰਦੀ ਹੈ ਤਾਂ ਸਟੇਟ ਹਾਊਸ ਦੀਆਂ ਸੀਟਾਂ ਉਨ੍ਹਾਂ ਦੀ ਆਬਾਦੀ ਮੁਤਾਬਕ ਮੁੜ ਵੰਡੀਆਂ ਜਾਂਦੀਆਂ ਹਨ। ਇਨ੍ਹਾਂ ਨਵੀਆਂ ਸੀਟਾਂ ਅਨੁਸਾਰ ਸਟੇਟ ਸਰਕਾਰਾਂ ਵੱਖ ਵੱਖ ਹਲਕਿਆਂ ਦੀਆਂ ਹੱਦਾਂ ਆਪਣੇ ਅਨੁਸਾਰ ਨਿਰਧਾਰਤ ਕਰ ਸਕਦੀਆਂ ਹਨ। ਕਈ ਵਾਰੀ ਇਹ ਸਰਹੱਦਾਂ ਇਸ ਤਰ੍ਹਾਂ ਨਿਰਧਾਰਤ ਕੀਤੀਆਂ ਜਾਂਦੀਆਂ ਹਨ ਕਿ ਇਕ ਪਾਰਟੀ ਨੂੰ ਦੂਜੀ ਨਾਲੋਂ ਵੱਧ ਫਾਇਦਾ ਹੋਵੇ।

ਰਾਸ਼ੀਦਾ ਟਲੇਬ, ਇਲਹਾਨ ਓਮਾਰ, ਸ਼ਾਰਿਸ ਡੇਵਿਡਜ਼, ਡੈਬਰਾ ਹਾਲੈਂਡ, ਅਲੈਗਜ਼ੈਂਡਰੀਆ ਓਕਾਸੀਓ-ਕੋਰਟਿਜ਼ ਅਤੇ ਆਇਆਨਾ ਪਰੈਸਲੀ-ਸਾਰੀਆਂ ਔਰਤਾਂ ਡੈਮੋਕਰੈਟਿਕ ਪਾਰਟੀ ਵਲੋਂ ਉਮੀਦਵਾਰ ਸਨ।

ਹੁਣ ਹਾਊਸ ਦਾ ਕੰਟਰੋਲ ਡੈਮੋਕਰੈਟਿਕ ਪਾਰਟੀ ਕੋਲ ਆ ਜਾਣ ਨਾਲ ਦੇਸ਼ 'ਤੇ ਕੀ ਅਸਰ ਪਵੇਗਾ? ਇਸ ਦੇ ਹੇਠ ਲਿਖੇ ਸਿੱਟੇ ਨਿਕਲ ਸਕਦੇ ਹਨ:

1. ਹੁਣ ਡੌਨਲਡ ਟਰੰਪ ਆਪਣੀਆਂ ਮਨਮਰਜ਼ੀਆਂ ਖੁੱਲ੍ਹੇਆਮ ਨਹੀਂ ਕਰ ਸਕੇਗਾ। ਅਮਰੀਕਾ ਵਿਚ ਹਰ ਕਾਨੂੰਨ ਸੈਨੇਟ ਅਤੇ ਹਾਊਸ-ਦੋਹਾਂ ਨੂੰ ਪਾਸ ਕਰਨਾ ਪੈਂਦਾ ਹੈ। ਹੁਣ ਉਹੀ ਕਾਨੂੰਨ ਪਾਸ ਹੋਣਗੇ, ਜਿਨ੍ਹਾਂ 'ਤੇ ਦੋਹੇਂ ਪਾਰਟੀਆਂ ਸਹਿਮਤ ਹੋਣਗੀਆਂ।

> ***ਹਾਊਸ ਲਈ ਜੋ ਨਤੀਜੇ ਆ ਗਏ ਹਨ, ਉਨ੍ਹਾਂ ਅਨੁਸਾਰ 233 ਉਮੀਦਵਾਰ ਡੈਮੋਕਰੈਟਿਕ ਪਾਰਟੀ ਅਤੇ 200 ਰਿਪਬਲਿਕਨ ਪਾਰਟੀ ਦੇ ਜਿੱਤੇ ਹਨ। ਦੋ ਥਾਂਵਾਂ 'ਤੇ ਕਿਸੇ ਨਾ ਕਿਸੇ ਕਾਰਨ ਕਰਕੇ ਨਤੀਜੇ ਹਾਲੇ ਐਲਾਨੇ ਨਹੀਂ ਗਏ। ਇਸ ਦੇ ਬਾਵਜੂਦ ਹਾਊਸ ਵਿਚ ਡੈਮੋਕਰੈਟਿਕ ਪਾਰਟੀ ਜੇਤੂ ਹੋ ਗਈ ਹੈ ਅਤੇ ਇਸ ਨੂੰ ਬਹੁਮਤ ਮਿਲ ਗਿਆ ਹੈ। ਇਨ੍ਹਾਂ ਚੋਣਾਂ ਤੋਂ ਪਹਿਲਾਂ ਸੈਨੇਟ ਅਤੇ ਹਾਊਸ-ਦੋਹਾਂ ਵਿਚ ਰਿਪਬਲਿਕਨ ਪਾਰਟੀ ਦਾ ਬਹੁਮਤ ਸੀ। ਇਸ ਤਰ੍ਹਾਂ ਚੋਣਾਂ ਤੋਂ ਪਹਿਲਾਂ ਪ੍ਰੈਜ਼ੀਡੈਂਟ ਵੀ ਰਿਪਬਲਿਕਨ ਪਾਰਟੀ ਦਾ ਸੀ, ਅਤੇ ਸੈਨੇਟ ਤੇ ਹਾਊਸ ਵਿਚ ਵੀ ਰਿਪਬਲਿਕਨ ਪਾਰਟੀ ਦਾ ਕੰਟਰੋਲ ਸੀ। ਹੁਣ ਹਾਊਸ ਡੈਮੋਕਰੈਟਿਕ ਪਾਰਟੀ ਦੇ ਕੰਟਰੋਲ ਅਧੀਨ ਆ ਗਿਆ ਹੈ।***

2. ਡੌਨਲਡ ਟਰੰਪ ਅਤੇ ਰਿਪਬਲਿਕਨ ਪਾਰਟੀ ਪਹਿਲਾਂ ਹੀ ਇਕ ਟੈਕਸ ਕਾਨੂੰਨ ਬਣਾ ਕੇ ਅਮੀਰ ਲੋਕਾਂ ਅਤੇ ਕਾਰਪੋਰੇਸ਼ਨਾਂ ਦੇ ਟੈਕਸ ਘਟਾ ਚੁਕੇ ਹਨ। ਚੋਣਾਂ ਤੋਂ ਪਹਿਲਾਂ ਡੌਨਲਡ ਟਰੰਪ ਇਕ ਹੋਰ ਟੈਕਸ ਕਾਨੂੰਨ ਪਾਸ ਕਰਨ ਦੀ ਗੱਲ ਕਰ ਰਿਹਾ ਸੀ, ਜਿਸ ਵਿਚ ਲੋਕਾਂ ਦੇ ਟੈਕਸ ਘਟਾਏ ਜਾਣਗੇ। ਹੁਣ ਇਹੋ ਜਿਹਾ ਕਾਨੂੰਨ ਪਾਸ ਨਹੀਂ ਹੋਵੇਗਾ ਬਸ਼ਰਤੇ ਕਿ ਪਿਛਲੇ ਕਾਨੂੰਨ ਵਿਚ ਸੋਧਾਂ ਕਰ ਕੇ ਮੱਧ ਅਤੇ ਹੇਠਲੀ ਸ਼੍ਰੇਣੀ ਦੇ ਲੋਕਾਂ ਨੂੰ ਫਾਇਦਾ ਹੋਵੇ। ਚੋਣਾਂ ਤੋਂ ਬਾਅਦ ਟਰੰਪ ਨੇ ਇਸ ਨਵੇਂ ਟੈਕਸ ਕਾਨੂੰਨ ਦੀ ਗੱਲ ਹੀ ਨਹੀਂ ਕੀਤੀ। ਲਗਦਾ, ਇਹ ਸਿਰਫ ਵੋਟਾਂ ਲੈਣ ਲਈ ਛੱਡਿਆ ਇਕ ਸ਼ੋਸ਼ਾ ਹੀ ਸੀ।

3. ਹਾਊਸ ਟਰੰਪ ਦੇ ਰੂਸ ਨਾਲ ਸਬੰਧਾਂ ਦੀ ਜਾਂਚ-ਪੜਤਾਲ ਕਰ ਸਕਦਾ ਹੈ। ਸਾਲ ਕੁ ਪਹਿਲਾਂ ਹਾਊਸ ਵਲੋਂ ਅਜਿਹੀ ਜਾਂਚ-ਪੜਤਾਲ ਗੋਲ-ਮੋਲ ਗੱਲਾਂ ਕਰ ਕੇ ਬੰਦ ਕਰ ਦਿੱਤੀ ਗਈ ਸੀ ਕਿਉਂਕਿ ਹਾਊਸ ਵਿਚ ਰਿਪਬਲਿਕਨ ਪਾਰਟੀ ਦਾ ਬਹੁਮਤ ਸੀ।

4. ਹਾਊਸ ਟਰੰਪ ਨੂੰ ਸੰਮਨ ਜਾਰੀ ਕਰ ਕੇ ਉਸ ਦੀਆਂ ਟੈਕਸ ਫਾਈਲਾਂ ਲੈ ਸਕਦਾ ਹੈ ਅਤੇ ਉਨ੍ਹਾਂ ਦੀ ਛਾਣ ਬੀਨ ਕਰ ਸਕਦਾ ਹੈ। ਹੁਣ ਤੱਕ ਟਰੰਪ ਨੇ ਆਪਣੀਆਂ ਟੈਕਸ ਫਾਈਲਾਂ ਦੇਣ ਤੋਂ ਨਾਂਹ ਕੀਤੀ ਹੈ। ਬਹੁਤ ਦੇਰ ਤੋਂ ਇਹ ਰਵਾਇਤ ਹੈ ਕਿ ਅਮਰੀਕਾ ਦਾ ਪ੍ਰੈਜ਼ੀਡੈਂਟ ਬਣਨ ਵਾਲਾ ਉਮੀਦਵਾਰ ਆਪਣੀਆਂ ਟੈਕਸ ਫਾਈਲਾਂ ਮੀਡੀਆ ਨੂੰ ਦਿੰਦਾ ਹੈ ਤਾਂ ਜੋ ਲੋਕ ਦੇਖ ਸਕਣ ਕਿ ਇਸ ਇਨਸਾਨ ਨੇ ਕਿਸੇ ਗਲਤ ਢੰਗ ਨਾਲ ਟੈਕਸ ਦੇਣ ਤੋਂ ਆਪਣਾ ਬਚਾ ਤਾਂ ਨਹੀਂ ਕੀਤਾ।

5. ਹਾਊਸ ਕੋਲ ਟਰੰਪ ਅਤੇ ਉਸ ਦੀ ਬੇਟੀ ਇਵਾਨਕਾ ਦੇ ਚੀਨ ਨਾਲ ਵਪਾਰਕ ਸਬੰਧਾਂ ਦੀ ਪੁੱਛ-ਪੜਤਾਲ ਕਰਨ ਦਾ ਹੱਕ ਹੈ ਅਤੇ ਉਮੀਦ ਹੈ ਕਿ ਹਾਊਸ ਇਨ੍ਹਾਂ ਸਬੰਧਾਂ ਦੀ ਜ਼ਰੂਰ ਜਾਂਚ ਕਰੇਗਾ।

6. ਹਾਊਸ ਟਰੰਪ ਅਤੇ ਉਸ ਦੇ ਜੁਆਈ ਜੈਰਡ ਕੁਸ਼ਨਰ ਦੇ ਸਾਊਦੀ ਅਰਬ ਨਾਲ ਵਪਾਰਕ ਸਬੰਧਾਂ ਬਾਰੇ ਜਾਂਚ-ਪੜਤਾਲ ਕਰ ਸਕਦਾ ਹੈ। ਹਾਊਸ ਟਰੰਪ ਵਲੋਂ ਸਾਊਦੀ ਅਰਬ ਨੂੰ ਹਥਿਆਰਾਂ ਦੀ ਵਿਕਰੀ ਬੰਦ ਕਰ ਕੇ ਸਾਊਦੀ ਅਰਬ ਤੇ ਯਮਨ ਵਿਚ ਸਾਊਦੀ ਅਰਬ ਵਲੋਂ ਛੇੜੀ ਜੰਗ ਬੰਦ ਕਰਨ ਲਈ ਦਬਾਅ ਪਾ ਸਕਦਾ ਹੈ।

7. ਹਾਊਸ ਟਰੰਪ ਵਲੋਂ ਪੇਸ਼ ਕੀਤੇ ਸਾਲਾਨਾ ਬਜਟ ਨੂੰ ਰੱਦ ਕਰ ਸਕਦਾ ਹੈ।

ਡੈਮੋਕਰੈਟਿਕ ਪਾਰਟੀ ਦੇ ਸੈਨੇਟ ਨਾ ਜਿੱਤ ਸਕਣ ਦਾ ਇਕ ਵੱਡਾ ਨੁਕਸਾਨ ਇਹ ਹੈ ਕਿ ਅਗਲੇ ਦੋ ਸਾਲਾਂ ਵਿਚ ਫੈਡਰਲ ਸਰਕਾਰ ਅਧੀਨ ਆਉਂਦੀਆਂ ਕਚਹਿਰੀਆਂ (ਫੈਡਰਲ ਕੋਰਟਾਂ) ਦੇ ਸਾਰੇ ਨਵੇਂ ਜੱਜ ਸੱਜੇ-ਪੱਖੀ ਹੀ ਲਾਏ ਜਾਣਗੇ। ਇਨ੍ਹਾਂ ਕਚਹਿਰੀਆਂ ਵਿਚ ਜਦੋਂ ਵੀ ਕੋਈ ਥਾਂ ਖਾਲੀ ਹੁੰਦੀ ਹੈ ਤਾਂ ਉਸ ਨੂੰ ਭਰਨ ਲਈ ਪ੍ਰੈਜ਼ੀਡੈਂਟ ਜੱਜ ਦਾ ਨਾਂ ਪੇਸ਼ ਕਰਦਾ ਹੈ ਅਤੇ ਸੈਨੇਟ ਉਸ ਨੂੰ ਮਨਜ਼ੂਰੀ ਦਿੰਦੀ ਹੈ। ਇਸ ਵਿਚ ਹਾਊਸ ਦੀ ਕੋਈ ਭੂਮਿਕਾ ਨਹੀਂ ਹੁੰਦੀ।

ਇਨ੍ਹਾਂ ਮੱਧਕਾਲੀ ਚੋਣਾਂ ਤੋਂ ਬਾਅਦ ਡੌਨਲਡ ਟਰੰਪ ਨੇ ਜੋ ਟਿੱਪਣੀਆਂ ਕੀਤੀਆਂ ਹਨ, ਉਨ੍ਹਾਂ 'ਚੋਂ ਜ਼ਿਆਦਾ ਤਾਂ ਹਾਸੋਹੀਣੀਆਂ ਹੀ ਹਨ, ਜਿਵੇਂ:

1. ਚੋਣਾਂ ਦੇ ਨਤੀਜੇ ਡੈਮੋਕਰੈਟਿਕ ਪਾਰਟੀ ਲਈ ਫਿਟਕਾਰ ਹਨ ਕਿਉਂਕਿ ਉਨ੍ਹਾਂ ਨੇ ਸੁਪਰੀਮ ਕੋਰਟ ਲਈ ਨਾਮਜ਼ਦ ਕੀਤੇ ਜੱਜ ਬਰੈਟ ਕੈਵਾਨਾਘ ਦਾ ਵਿਰੋਧ ਕੀਤਾ ਸੀ।

2. ਰਿਪਬਲਿਕਨ ਪਾਰਟੀ ਦੇ ਜਿਨ੍ਹਾਂ ਉਮੀਦਵਾਰਾਂ ਨੇ ਮੇਰੀ ਮਦਦ ਠੁਕਰਾਈ ਸੀ, ਉਹ ਹਾਰ ਗਏ ਹਨ।

3. ਅਮਰੀਕਾ ਦੀਆਂ 2016 ਦੀਆਂ ਚੋਣਾਂ ਵਿਚ ਰੂਸ ਦੀ ਦਖਲ ਅੰਦਾਜ਼ੀ ਦੀ ਜਾਂਚ-ਪੜਤਾਲ ਸਿਰਫ ਸਭ ਨੂੰ ਬੁੱਧੂ ਬਣਾਉਣ ਵਾਲੀ ਗੱਲ ਹੈ।

4. ਮੈਂ ਅਮਰੀਕਾ ਵਿਚ ਏਕਤਾ ਦੇਖਣੀ ਚਾਹਾਂਗਾ। ਮੀਡੀਆ ਨੂੰ ਵੀ ਇਹੋ ਕਰਨਾ ਚਾਹੀਦਾ ਹੈ।

5. ਮੇਰੇ ਵਿਚਾਰ ਵਿਚ ਹੁਣ (ਪ੍ਰੈਜ਼ੀਡੈਂਟ ਅਤੇ ਕਾਂਗਰਸ ਵਿਚਾਲੇ) ਕੰਮ ਘੱਟ ਠੱਪ ਹੋਵੇਗਾ।

6. ਚੋਣਾਂ ਵਿਚ ਮੇਰੇ ਹਿੱਸਾ ਲੈਣ ਨਾਲ ਡੈਮੋਕਰੈਟਿਕ ਪਾਰਟੀ ਦੀ ਜਿੱਤ ਨੂੰ ਠੱਲ੍ਹ ਪੈ ਗਈ ਸੀ।

7. ਸੀ. ਐਨ. ਐਨ. (ਟੀ. ਵੀ. ਚੈਨਲ) ਲੋਕਾਂ ਦਾ ਵੈਰੀ ਹੈ।

8. ਜੇ ਹਾਊਸ ਨੇ ਮੇਰੀ ਜਾਂਚ-ਪੜਤਾਲ ਕੀਤੀ ਤਾਂ ਅਸੀਂ ਉਨ੍ਹਾਂ ਦੀ ਜਾਂਚ-ਪੜਤਾਲ ਕਰਾਂਗੇ ਅਤੇ ਅਗਲੇ ਦੋ ਸਾਲ ਇਸੇ ਤਰ੍ਹਾਂ ਲੰਘ ਜਾਣਗੇ, ਪਰ ਹੋਵੇਗਾ ਕੁਝ ਨਹੀਂ।

ਮੀਡੀਆ ਅਨੁਸਾਰ ਚੋਣਾਂ ਦੇ ਨਤੀਜੇ ਆਉਣ ਵੇਲੇ ਟਰੰਪ ਆਪਣੇ ਕੁਝ ਦੋਸਤਾਂ ਨਾਲ ਟੀ. ਵੀ. 'ਤੇ ਨਤੀਜਿਆਂ ਦੀਆਂ ਖਬਰਾਂ ਸੁਣ ਰਿਹਾ ਸੀ। ਜਦੋਂ ਡੈਮੋਕਰੈਟਿਕ ਪਾਰਟੀ ਦੇ ਉਮੀਦਵਾਰ ਜਿੱਤ ਰਹੇ ਸਨ ਤਾਂ ਟਰੰਪ ਬਹੁਤ ਗੁੱਸੇ ਵਿਚ ਸੀ। ਅਗਲੇ ਦਿਨ ਇਕ ਪ੍ਰੈਸ ਕਾਨਫਰੰਸ ਵਿਚ ਟਰੰਪ ਨੇ ਸੀ. ਐਨ. ਐਨ. ਦੇ ਰਿਪੋਰਟਰ ਜਿਮ ਅਕੋਸਟਾ ਦੀ ਬੇਇੱਜ਼ਤੀ ਕੀਤੀ, ਕਿਉਂਕਿ ਜਿਮ ਅਕੋਸਟਾ ਨੇ ਟਰੰਪ ਨੂੰ ਇਕ ਸਵਾਲ ਪੁੱਛਿਆ ਸੀ, ਜਿਸ ਦਾ ਉਹ ਜਵਾਬ ਨਹੀਂ ਸੀ ਦੇਣਾ ਚਾਹੁੰਦਾ। ਉਸੇ ਦਿਨ ਵ੍ਹਾਈਟ ਹਾਊਸ ਨੇ ਜਿਮ ਅਕੋਸਟਾ ਦਾ ਪਾਸ ਰੱਦ ਕਰ ਦਿੱਤਾ, ਜਿਸ ਕਾਰਨ ਹੁਣ ਉਹ ਅਜਿਹੀਆਂ ਪ੍ਰੈਸ ਕਾਨਫਰੰਸਾਂ ਵਿਚ ਨਹੀਂ ਜਾ ਸਕੇਗਾ। ਟਰੰਪ ਪਿਛਲੇ ਤਿੰਨ ਸਾਲਾਂ ਤੋਂ ਸੀ. ਐਨ. ਐਨ. ਨੂੰ ਲੋਕਾਂ ਦਾ ਦੁਸ਼ਮਣ ਆਖ ਰਿਹਾ ਹੈ, ਕਿਉਂਕਿ ਸੀ. ਐਨ. ਐਨ. ਟਰੰਪ ਦੇ ਪਾਜ ਉਧੇੜਦਾ ਹੈ ਅਤੇ

*(ਬਾਕੀ ਅਗਲੇ ਸਫੇ 'ਤੇ)*

# ਅਤੀਤ ਦੀ ਵਡਿੱਤਣ ਦੇ ਵਹਿਮ 'ਚ ਉਲਝੇ ਲੋਕ ਕਰਨ ਕੀ!

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਦੁਨੀਆਂ ਅੱਗੇ ਵੱਲ ਵਧ ਰਹੀ ਹੈ। ਪਹਿਲਾਂ ਸਾਨੂੰ ਸ਼ਿਕਵਾ ਹੁੰਦਾ ਸੀ ਕਿ ਦੁਨੀਆਂ ਦੀ ਰਫਤਾਰ ਵੱਧ ਹੈ, ਸਾਡੇ ਭਾਰਤ ਦੀ ਰਫਤਾਰ ਉਨ੍ਹਾਂ ਦੇਸ਼ਾਂ ਦੇ ਬਰਾਬਰ ਨਹੀਂ, ਜਿਨ੍ਹਾਂ ਦੀ ਬਰਾਬਰੀ ਕਰਨ ਦੀਆਂ ਗੱਲਾਂ ਹੁੰਦੀਆਂ ਹਨ। ਬਾਅਦ ਵਿਚ ਇਥੇ ਉਹ ਦੌਰ ਵੀ ਆਇਆ, ਜਦੋਂ ਜਾਪਣ ਲੱਗਾ, ਭਾਰਤ ਦੀ ਰਫਤਾਰ ਵਿਚ ਖੜੋਤ ਆਈ ਜਾਂਦੀ ਹੈ, ਅੱਗੇ ਨਹੀਂ ਵਧ ਰਿਹਾ। ਆਖਰ ਉਹ ਦੌਰ ਵੀ ਆ ਗਿਆ, ਜਦੋਂ ਲੋਕ ਇਹ ਕਹਿਣ ਲੱਗੇ ਕਿ ਭਾਰਤ ਅੱਗੇ ਵੱਲ ਨੂੰ ਜਾਣ ਦੀ ਥਾਂ ਭੂਤ-ਕਾਲ, ਬੀਤੇ ਸਮੇਂ ਵੱਲ ਵਧਣ ਲੱਗ ਪਿਆ ਹੈ। ਇਹ ਚਰਚਾ ਵੀ ਅੱਜ ਕੱਲ੍ਹ ਕੋਈ ਨਹੀਂ ਕਰਦਾ। ਏਦਾਂ ਲੱਗਦਾ ਹੈ ਕਿ ਇਸ ਦੀ ਪਿੱਛਲ-ਖੁਰੀ ਚਾਲ ਨੂੰ ਲੋਕਾਂ ਨੇ ਭਾਣਾ ਸਮਝ ਕੇ ਪ੍ਰਵਾਨ ਕਰ ਲਿਆ ਹੈ।

ਇਸ ਵਿਚ ਸ਼ੱਕ ਨਹੀਂ ਕਿ ਬਾਕੀਆਂ ਜਿੰਨੀ ਰਫਤਾਰ ਨਾ ਸਹੀ, ਫਿਰ ਵੀ ਭਾਰਤ ਪਹਿਲੇ ਪੰਝੀ ਸਾਲਾਂ ਦੌਰਾਨ ਕੁਝ ਨਾ ਕੁਝ ਅੱਗੇ ਵਧਦਾ ਰਿਹਾ। ਚੀਨ ਤੇ ਜਾਪਾਨ ਵਰਗੇ ਦੇਸ਼ਾਂ ਜਿੰਨੀ ਰਫਤਾਰ ਉਦੋਂ ਵੀ ਨਹੀਂ ਸੀ। ਆਜ਼ਾਦੀ ਮਿਲਣ ਦਾ ਸਬੱਬ ਉਦੋਂ ਬਣਿਆ ਸੀ, ਜਦੋਂ ਦੂਜੀ ਸੰਸਾਰ ਜੰਗ ਮੁੱਕਣ ਨੂੰ ਦੋ ਸਾਲ ਮਸਾਂ ਹੋਏ ਸਨ। ਚੀਨ ਤੇ ਭਾਰਤ ਅੱਗੜ-ਪਿੱਛੜ ਹੀ ਆਪਣੀ ਕਿਸਮਤ ਦੇ ਆਪ ਮਾਲਕ ਬਣੇ ਸਨ। ਚੀਨ ਅੱਗੇ ਨਿਕਲਣ ਲੱਗ ਪਿਆ। ਜਾਪਾਨ ਨੂੰ ਦੂਜੀ ਸੰਸਾਰ ਜੰਗ ਨੇ ਉਦੋਂ ਤੱਕ ਬੁਰੀ ਤਰ੍ਹਾਂ ਤਬਾਹ ਕਰ ਦਿੱਤਾ ਸੀ। ਜੰਗ ਮੁੱਕੀ ਤਾਂ ਉਹ ਵੀ ਅੱਗੇ ਵਧਣ ਲੱਗ ਪਿਆ।

ਭਾਰਤ ਦੀ ਅੱਗੇ ਵੱਲ ਪੇਸ਼ਕਦਮੀ ਉਨ੍ਹਾਂ ਦੋਹਾਂ ਵਰਗੀ ਨਹੀਂ ਸੀ। ਨਤੀਜਨ ਸਾਥੋਂ ਡੇਢ ਸਾਲ ਪਿੱਛੋਂ ਆਪਣੇ ਮੁਕੱਦਰ ਦਾ ਮਾਲਕ ਬਣਿਆ ਚੀਨ ਅੱਜ ਮਨੁੱਖੀ ਵਸੀਲਿਆਂ ਦੇ ਵਿਕਾਸ ਪੱਖੋਂ ਸੰਸਾਰ ਦੀ ਸੂਚੀ ਵਿਚ 86ਵੇਂ ਥਾਂ ਹੈ ਤੇ ਭਾਰਤ ਦਾ ਨੰਬਰ 130ਵਾਂ ਦਰਜ ਕੀਤਾ ਗਿਆ ਹੈ। ਜੀਅ ਪ੍ਰਤੀ ਆਮਦਨ ਦੇ ਪੱਖ ਤੋਂ ਚੀਨ ਦਾ ਨੰਬਰ 72ਵਾਂ ਤੇ ਸਾਡੇ ਭਾਰਤ ਦਾ 140ਵਾਂ ਪੜ੍ਹਨ ਨੂੰ ਮਿਲਦਾ ਹੈ। ਇਸ ਸ਼ਰਮ ਤੋਂ ਬਚਣ ਲਈ ਇਹ ਦੱਸਿਆ ਜਾਂਦਾ ਹੈ ਕਿ ਭਾਰਤ ਭਾਵੇਂ ਪਛੜਿਆ ਹੈ, ਪਰ ਪਾਕਿਸਤਾਨ ਨਾਲੋਂ ਤਾਂ ਨਹੀਂ ਪਛੜਿਆ। ਇਹ ਸਿਰਫ ਦਿਲ ਨੂੰ ਤਸੱਲੀ ਦੇਣ ਵਾਲੀ ਦਲੀਲ ਹੈ।

ਜਿਹੜੇ ਪਹਿਲੇ ਪੰਝੀ ਕੁ ਸਾਲਾਂ ਵਿਚ ਇਸ ਦੇਸ਼ ਨੇ ਅੱਗੇ ਵੱਲ ਕਦਮ ਪੁੱਟੇ ਸਨ, ਜਦੋਂ ਇਹ ਐਟਮੀ ਤਾਕਤ ਵਾਲਾ ਦੇਸ਼ ਬਣਿਆ ਸੀ, ਜਦੋਂ ਇਸ ਨੇ ਜਹਾਜ ਬਣਾਉਣ ਦੀ ਸਮਰੱਥਾ ਹਾਸਲ ਕੀਤੀ ਸੀ, ਜਦੋਂ ਇਸ ਨੇ ਸਪੇਸ ਵੱਲ ਉਡਾਰੀ ਭਰਨ ਦਾ ਮਨ ਬਣਾਇਆ ਸੀ, ਉਦੋਂ ਦਾ ਭਾਰਤ ਅੱਜ ਦੇ ਭਾਰਤ ਤੋਂ ਬੜਾ ਵੱਖਰਾ ਸੀ। ਉਸ ਵੇਲੇ ਭਾਰਤ ਸਰਕਾਰ ਆਪਣੇ ਨਾਗਰਿਕਾਂ ਨੂੰ ਵਿਗਿਆਨਕ ਨਜ਼ਰੀਆ ਵਿਕਸਿਤ ਕਰਨ ਲਈ ਪ੍ਰੇਰਦੀ ਹੁੰਦੀ ਸੀ ਤੇ ਉਸ ਤੋਂ ਬਾਅਦ ਦੀ ਸਰਕਾਰ ਨੇ ਇਸ ਤੋਂ ਉਲਟ ਪਾਸੇ ਵੱਲ ਮੂੰਹ ਕਰ ਲਿਆ ਸੀ। ਵਿਗਿਆਨ ਦੀਆਂ ਗੱਲਾਂ ਕਰ ਚੁਕੀ ਇੰਦਰਾ ਗਾਂਧੀ ਨੂੰ ਜਦੋਂ ਇੱਕ ਵੱਡੀ ਹਾਰ ਦੀ ਸੱਟ ਝੱਲਣ ਤੋਂ ਬਾਅਦ ਦੇਸ਼ ਦੀ ਕਮਾਨ ਮੁੜ ਸੌਂਪੀ ਗਈ, ਉਦੋਂ ਤੱਕ ਪੁਰਾਣੀ ਇੰਦਰਾ ਗਾਂਧੀ ਦੀ ਥਾਂ ਉਹ ਨਵੀਂ ਇੰਦਰਾ ਗਾਂਧੀ ਬਣਨ ਲੱਗ ਪਈ ਸੀ, ਜਿਸ ਦੇ ਇਰਦ-ਗਿਰਦ ਧੀਰੇਂਦਰ ਬ੍ਰਹਮਚਾਰੀ ਵਰਗੇ ਸਾਧ-ਸੰਤ ਤੇ ਸਵਾਮੀ ਇਹ ਕਹਿੰਦੇ ਫਿਰਦੇ ਸਨ ਕਿ ਉਹ ਸਾਥੋਂ ਪੁੱਛੇ ਬਿਨਾ ਕੋਈ ਕੰਮ ਨਹੀਂ ਕਰਦੀ। ਉਸ ਦਾ ਪੁੱਤਰ ਰਾਜੀਵ ਗਾਂਧੀ ਵੀ ਮੋੜ ਕੱਟ ਕੇ ਆਪਣੇ ਨਾਨੇ ਜਵਾਹਰ ਲਾਲ ਦੇ ਰਾਹ ਪੈਣ ਦੀ ਥਾਂ ਸਾਧਾਂ-ਸਵਾਮੀਆਂ ਦੇ ਆਖੇ ਬਾਬਰੀ ਮਸਜਿਦ ਵਿਚਲੇ ਉਸ ਕਮਰੇ ਦਾ ਤਾਲਾ ਤੋੜ ਕੇ ਪੂਜਾ ਕਰਨ ਤੁਰ ਪਿਆ ਸੀ, ਜਿਸ ਤੋਂ ਅਦਾਲਤਾਂ ਨੇ ਮਨ੍ਹਾਂ ਕੀਤਾ ਸੀ।

ਕਾਰਨ ਇਹ ਸੀ ਕਿ ਸਾਧਾਂ-ਸੰਤਾਂ ਨੇ ਕਿਹਾ ਸੀ ਕਿ ਉਥੇ ਪੂਜਾ ਕੀਤੀ ਚੋਣਾਂ ਦਾ ਲਾਭ ਕਰੇਗੀ। ਇਹੋ ਫਾਰਮੂਲਾ ਜਦੋਂ ਭਾਜਪਾ ਨੇ ਵਰਤਿਆ ਤਾਂ ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਵਾਲੇ ਸਾਧ-ਸੰਤ ਉਸ ਪਾਸੇ ਦਲ-ਬਦਲੀ ਕਰ ਗਏ। ਨਤੀਜਾ ਇਹ ਨਿਕਲਿਆ ਕਿ ਨਹਿਰੂ-ਗਾਂਧੀ ਪਰਿਵਾਰ ਨੂੰ ਤਾਂ ਰਾਜ ਮਹਿਲਾਂ ਵਿਚੋਂ ਬਨਵਾਸ ਮਿਲਿਆ ਹੀ, ਜਵਾਹਰ ਲਾਲ ਨਹਿਰੂ ਤੇ ਉਸ ਦੇ ਵਿਗਿਆਨਕ ਸੋਚ ਵਾਲੇ ਆਗੂਆਂ ਦੀ ਅਗਵਾਈ ਵਾਲੇ ਭਾਰਤ ਦਾ ਸਟੇਅਰਿੰਗ ਵੀ ਉਲਟ ਪਾਸੇ ਨੂੰ ਘੁੰਮਦਾ ਗਿਆ।

ਅਜੋਕਾ ਭਾਰਤ ਨਹਿਰੂ ਵਾਲਾ ਨਹੀਂ, ਇੰਦਰਾ ਤੇ ਰਾਜੀਵ ਵਾਲਾ ਵੀ ਨਹੀਂ, ਸਗੋਂ ਵਾਜਪਾਈ ਦੇ ਦੌਰ ਦਾ ਭਾਰਤ ਵੀ ਨਹੀਂ, ਜਿੱਥੇ ਪਿਛਲੀਆਂ ਲੀਹਾਂ ਤੋਂ ਪਾਸਾ ਵੱਟਣ ਵੇਲੇ ਕੁਝ ਸ਼ਰਮ-ਝਿਜਕ ਹੁੰਦੀ ਸੀ। ਅੱਜ ਦੇ ਭਾਰਤ ਵਿਚ ਨਰਿੰਦਰ ਮੋਦੀ ਤੇ ਉਹੋ ਜਿਹੇ ਹੋਰ ਆਗੂਆਂ ਦਾ ਸਿੱਕਾ ਚਲਦਾ ਹੈ, ਜੋ ਆਰਾਮ ਨਾਲ ਵਿਗਿਆਨ ਨੂੰ ਵਹਿਮ-ਭਰਮ ਦੇ ਪੈਰਾਂ ਹੇਠਾਂ ਇੰਜ ਰੋਲ ਦਿੰਦੇ ਹਨ ਕਿ ਇਸ ਦਾ ਵਿਰੋਧ ਕਰਨ ਦੀ ਜੁਰਅਤ ਕਰਨ ਵਾਲੇ ਨਹੀਂ ਲੱਭਦੇ ਤੇ ਅਕਲ ਨਾਲ ਜਮਾਂਦਰੂ ਵਿਰੋਧ ਰੱਖਣ ਵਾਲੇ ਲੋਕ ਬੱਲੇ-ਬੱਲੇ ਕਰੀ ਜਾਂਦੇ ਹਨ।

ਵਿਗਿਆਨ ਤਾਂ ਭਾਰਤ ਦੀ ਵਿਰਾਸਤ ਸੀ। ਕਿਸੇ ਵੇਲੇ ਭਾਰਤ ਦੇ ਵਿਗਿਆਨੀਆਂ ਨੇ ਬਿਨਾ ਦੂਰਬੀਨ ਤੋਂ ਰਾਤਾਂ ਨੂੰ ਅਸਮਾਨ ਵੱਲ ਝਾਕ ਕੇ ਤਾਰੇ ਗਿਣੇ ਤੇ ਇਸ ਤਰ੍ਹਾਂ ਦਾ ਲੇਖਾ ਬਣਾਇਆ ਸੀ ਕਿ ਅੱਜ ਵੀ ਉਸ ਨੂੰ ਗਲਤ ਨਹੀਂ ਕਿਹਾ ਜਾ ਸਕਦਾ। ਬਿਹਾਰ ਦੇ ਇੱਕ ਪਿੰਡ ਦਾ ਨਾਂ ਤਾਰੇਗਣਾ ਇਸ ਲਈ ਪਿਆ ਸੀ ਕਿ ਉਸ ਦੌਰ ਵਿਚ ਜਦੋਂ ਵੀ ਸੂਰਜ ਗ੍ਰਹਿਣ ਦਾ ਦਿਨ ਆਉਂਦਾ ਤਾਂ ਖੋਜੀ ਸੋਚ ਵਾਲੇ ਲੋਕ ਵਹੀਰਾਂ ਘੱਤ ਕੇ ਉਥੇ ਜਾ ਪੁੱਜਦੇ ਸਨ। ਅੱਜ ਵੀ ਸੂਰਜ ਗ੍ਰਹਿਣ ਦੇ ਦਿਨ ਸੰਸਾਰ ਭਰ ਦੇ ਤਾਰਾ ਵਿਗਿਆਨੀਆਂ ਲਈ ਉਹ ਪਿੰਡ ਮੱਕਾ ਬਣ ਜਾਂਦਾ ਹੈ, ਕਿਉਂਕਿ ਇਹ ਭਾਰਤ ਦੇ ਵਿਗਿਆਨ ਦੀ ਵਿਰਾਸਤ ਹੈ। ਅਜੋਕੇ ਪ੍ਰਧਾਨ ਮੰਤਰੀ ਨਾਲ ਅਜਿਹੇ ਲੋਕ ਖੜੇ ਹਨ, ਜੋ ਵਿਗਿਆਨ ਨੂੰ ਚਿੜਾਉਂਦੀਆਂ ਗੱਲਾਂ ਕਰਦੇ ਹਨ।

*ਅਜੋਕਾ ਭਾਰਤ ਨਹਿਰੂ ਵਾਲਾ ਨਹੀਂ, ਇੰਦਰਾ ਤੇ ਰਾਜੀਵ ਵਾਲਾ ਵੀ ਨਹੀਂ, ਸਗੋਂ ਵਾਜਪਾਈ ਦੇ ਦੌਰ ਦਾ ਭਾਰਤ ਵੀ ਨਹੀਂ, ਜਿੱਥੇ ਪਿਛਲੀਆਂ ਲੀਹਾਂ ਤੋਂ ਪਾਸਾ ਵੱਟਣ ਵੇਲੇ ਕੁਝ ਸ਼ਰਮ-ਝਿਜਕ ਹੁੰਦੀ ਸੀ। ਅੱਜ ਦੇ ਭਾਰਤ ਵਿਚ ਨਰਿੰਦਰ ਮੋਦੀ ਤੇ ਉਹੋ ਜਿਹੇ ਹੋਰ ਆਗੂਆਂ ਦਾ ਸਿੱਕਾ ਚਲਦਾ ਹੈ, ਜੋ ਆਰਾਮ ਨਾਲ ਵਿਗਿਆਨ ਨੂੰ ਵਹਿਮ-ਭਰਮ ਦੇ ਪੈਰਾਂ ਹੇਠਾਂ ਇੰਜ ਰੋਲ ਦਿੰਦੇ ਹਨ ਕਿ ਇਸ ਦਾ ਵਿਰੋਧ ਕਰਨ ਦੀ ਜੁਰਅਤ ਕਰਨ ਵਾਲੇ ਨਹੀਂ ਲੱਭਦੇ ਤੇ ਅਕਲ ਨਾਲ ਜਮਾਂਦਰੂ ਵਿਰੋਧ ਰੱਖਣ ਵਾਲੇ ਲੋਕ ਬੱਲੇ-ਬੱਲੇ ਕਰੀ ਜਾਂਦੇ ਹਨ।*

ਪਿਛਲੀ ਵਾਰੀ ਭਾਰਤ ਦੀ ਸਾਇੰਸ ਕਾਂਗਰਸ ਵਿਚ ਆਉਣ ਤੋਂ ਸੰਸਾਰ ਪ੍ਰਸਿੱਧ ਵਿਗਿਆਨੀ ਵੈਂਕਟਾਰਮਨ ਰਾਮਾਕ੍ਰਿਸ਼ਨਨ ਨੇ ਇਹ ਕਹਿ ਕੇ ਨਾਹ ਕਰ ਦਿੱਤੀ ਕਿ ਇਥੇ ਸਾਇੰਸ ਕਾਂਗਰਸ ਦੇ ਨਾਂ ਉਤੇ ਸਰਕਸ ਚਲਦੀ ਹੈ। ਏਡੀ ਤਕੜੀ ਚੋਟ ਉਨ੍ਹਾਂ ਨੇ ਇਸ ਲਈ ਕੀਤੀ ਕਿ ਪ੍ਰਧਾਨ ਮੰਤਰੀ ਤੇ ਉਸ ਦੇ ਸਾਥੀ ਗੱਲਾਂ ਹੀ ਅਜਿਹੀਆਂ ਕਰਦੇ ਹਨ।

ਵੈਂਕਟਾਰਮਨ ਰਾਮਾਕ੍ਰਿਸ਼ਨਨ ਨੇ ਅਮਰੀਕਾ 'ਚ ਇੱਕ ਸੈਮੀਨਾਰ 'ਚ ਆਖਿਆ ਕਿ ਉਹ ਭਾਰਤ ਵਿਚ ਇੱਕ ਵਾਰੀ ਇਹ ਸੁਣ ਆਏ ਹਨ ਕਿ ਹਵਾਈ ਜਹਾਜ ਬਾਕੀ ਦੁਨੀਆਂ ਨੇ ਬਾਅਦ ਵਿਚ ਬਣਾਇਆ, ਭਾਰਤ ਵਿਚ ਦੋ ਹਜ਼ਾਰ ਸਾਲ ਪਹਿਲਾਂ ਬਣ ਗਿਆ ਸੀ। ਜਿਸ ਦਾ ਕੋਈ ਸਬੂਤ ਨਹੀਂ, ਉਸ ਨੂੰ ਇਸ ਆਧਾਰ 'ਤੇ ਜਾਇਜ਼ ਠਹਿਰਾਇਆ ਜਾਂਦਾ ਹੈ ਕਿ ਫਲਾਣੇ ਗ੍ਰੰਥ 'ਚ ਲਿਖਿਆ ਹੈ, ਫਲਾਣਾ ਵਿਅਕਤੀ 'ਬਿਬਾਣ' ਉਤੇ ਸਵਾਰ ਹੋ ਕੇ ਫਲਾਣੇ ਥਾਂ ਗਿਆ ਸੀ। ਇਹ ਮੰਨ ਲਿਆ ਜਾਵੇ ਤਾਂ ਇਹ ਵੀ ਦੱਸਣਾ ਪੈਂਦਾ ਹੈ ਕਿ ਇਹ ਵਿਮਾਨ ਜਾਂ ਜਹਾਜ ਉਤਰਨ ਤੇ ਉਡਣ ਦਾ ਉਦੋਂ ਵਾਲਾ ਹਵਾਈ ਅੱਡਾ ਫਲਾਣੇ ਥਾਂ ਲੱਭਾ ਹੈ। ਸ਼ਾਇਦ ਇਹ ਵੀ ਕਿਸੇ ਦਿਨ ਕਹਿ ਦਿੱਤਾ ਜਾਵੇ, ਕਿਉਂਕਿ ਪ੍ਰਧਾਨ ਮੰਤਰੀ ਮੋਦੀ ਇਹ ਕਹਿ ਚੁਕੇ ਹਨ ਕਿ ਭਾਰਤ ਵਿਚ ਪਲਾਸਟਿਕ ਸਰਜਰੀ ਕਈ ਹਜ਼ਾਰ ਸਾਲ ਪਹਿਲਾਂ ਵੀ ਹੁੰਦੀ ਸੀ।

ਕੇਂਦਰ ਸਰਕਾਰ ਚਲਾ ਰਹੀ ਪਾਰਟੀ ਦੇ ਇੱਕ ਪ੍ਰਮੁੱਖ ਆਗੂ ਨੇ ਇਹ ਵੀ ਕਹਿ ਦਿੱਤਾ ਹੈ ਕਿ ਵਟਸਐਪ ਬਾਕੀ ਦੁਨੀਆਂ ਨੇ ਆਹ 4-5 ਸਾਲ ਪਹਿਲਾਂ ਚੱਲਦਾ ਵੇਖਿਆ ਹੋਵੇਗਾ, ਭਾਰਤ 'ਚ ਇਹ ਮਹਾਂਭਾਰਤ ਦੀ ਜੰਗ ਵੇਲੇ ਵੀ ਹੁੰਦਾ ਸੀ, ਇਸੇ ਕਰਕੇ ਉਸ ਜੰਗ ਵੇਲੇ ਰਾਜਾ ਧ੍ਰਿਤਰਾਸ਼ਟਰ ਦੇ ਕੋਲ ਖੜਾ ਸੰਜੇ ਉਨ੍ਹਾਂ ਨੂੰ ਜੰਗ ਦਾ ਸਾਰਾ ਹਾਲ ਨਾਲੋ ਨਾਲ ਦੱਸੀ ਜਾਂਦਾ ਸੀ। ਇਲਾਜ ਪ੍ਰਣਾਲੀ ਬਾਰੇ ਵੀ ਇਹੋ ਦਾਅਵਾ ਕੀਤਾ ਜਾ ਰਿਹਾ ਹੈ ਅਤੇ ਮਿਜ਼ਾਈਲਾਂ ਨੂੰ ਉਸ ਯੁੱਗ ਦੇ ਖਿਆਲੀ ਅਗਨ-ਸ਼ਾਸਤਰਾਂ ਨਾਲ ਮੇਲਿਆ ਜਾ ਰਿਹਾ ਹੈ।

ਹੈਰਾਨੀ ਉਦੋਂ ਹੁੰਦੀ ਹੈ, ਜਦੋਂ ਇੱਕੋ ਸਾਹੇ ਦੇਸ਼ ਦਾ ਪ੍ਰਧਾਨ ਮੰਤਰੀ ਇਸ ਵਕਤ ਦੀਆਂ ਵਿਗਿਆਨਕ ਖੋਜਾਂ ਨੂੰ ਰੱਦ ਕਰਨ ਦੇ ਨਾਲ ਇਹ ਦਾਅਵਾ ਵੀ ਕਰੀ ਜਾਂਦਾ ਹੈ ਕਿ ਉਸ ਦੀ ਅਗਵਾਈ ਹੇਠ ਦੇਸ਼ ਨੇ ਵਿਗਿਆਨ ਦੇ ਪੱਖ ਤੋਂ ਬਹੁਤ ਵੱਡੇ ਕਦਮ ਚੁੱਕੇ ਹਨ। ਭਾਰਤ ਦੀ ਪੁਲਾੜ ਖੋਜ ਸੰਸਥਾ 'ਇਸਰੋ' ਦਾ ਭੇਜਿਆ ਉਪ ਗ੍ਰਹਿ ਜਿਸ ਦਿਨ ਮੰਗਲ ਤਾਰੇ ਤੱਕ ਪਹੁੰਚ ਗਿਆ ਤੇ ਪਰਿਕਰਮਾ ਕਰਨ ਲੱਗ ਪਿਆ ਤਾਂ ਪ੍ਰਧਾਨ ਮੰਤਰੀ ਮੋਦੀ ਨੇ ਮਾਣ ਨਾਲ ਆਖਿਆ ਕਿ ਮੇਰੀ ਸਰਕਾਰ ਦੀ ਅਗਵਾਈ ਹੇਠ ਦੇਸ਼ ਨੇ ਇਹ ਟੀਚਾ ਵੀ ਹਾਸਲ ਕਰ ਲਿਆ ਹੈ। ਇੱਕ ਕਾਂਗਰਸੀ ਆਗੂ ਨੇ ਮਜ਼ਾਕ ਉਡਾਉਂਦਿਆਂ ਕਿਹਾ ਕਿ ਪਿਛਲੀ ਮਨਮੋਹਨ ਸਿੰਘ ਸਰਕਾਰ ਦਾ ਉਡਾਇਆ ਉਪ ਗ੍ਰਹਿ ਮੰਗਲ ਤੱਕ ਪਹੁੰਚ ਗਿਆ ਤਾਂ ਇਸ ਵਿਚ ਮੌਜੂਦਾ ਸਰਕਾਰ ਦੀ ਅਗਵਾਈ ਤੇ ਮਿਹਨਤ ਕਿਹੜੀ ਸੀ? ਭਾਜਪਾ ਵਾਲਿਆਂ ਨੇ ਇਸ ਦਾ ਜਵਾਬ ਨਹੀਂ ਸੀ ਦਿੱਤਾ, ਪਰ ਭਾਰਤ ਦੇ ਇੱਕ ਵੱਡੇ ਵਿਅੰਗਕਾਰ ਸੰਪਤ ਸਰਲ ਨੇ ਜਵਾਬ ਦੇ ਦਿੱਤਾ। ਉਸ ਨੇ ਆਪਣੇ ਪ੍ਰੋਗਰਾਮ ਵਿਚ ਕਿਹਾ ਕਿ ਏਨੀ ਗੱਲ ਵੀ ਛੋਟੀ ਨਹੀਂ ਕਿ ਨਰਿੰਦਰ ਮੋਦੀ ਨੇ ਮਨਮੋਹਨ ਸਿੰਘ ਦੀ ਸਰਕਾਰ ਦੇ ਛੱਡੇ ਹੋਏ ਉਪ-ਗ੍ਰਹਿ ਨੂੰ ਮੰਗਲ ਤੱਕ ਪਹੁੰਚ ਲੈਣ ਦਿੱਤਾ ਹੈ, ਕਿਤੇ ਪਿੱਛੇ ਮੁੜਨ ਲਈ ਇਹ ਨਹੀਂ ਕਹਿ ਦਿੱਤਾ ਕਿ ਪੁਰਾਤਨ ਗ੍ਰੰਥਾਂ ਮੁਤਾਬਕ 'ਮੰਗਲ' ਨਾਰਾਜ਼ ਹੋ ਗਿਆ ਤਾਂ ਹੋਰ ਕੋਈ ਸਿਆਪਾ ਨਾ ਪਾ ਦੇਵੇ।

ਜਿਵੇਂ ਦੇ ਹਾਲਾਤ ਹਨ, ਜਦੋਂ ਇਸ ਦੇਸ਼ ਵਿਚ ਮਹਾਂਭਾਰਤ ਦੇ ਯੁੱਗ ਵਿਚ ਵਟਸਐਪ ਭਾਰਤ ਵਿਚ ਚੱਲਦਾ ਹੋਣ ਦੀ ਗੱਲ ਕਹੀ ਜਾ ਰਹੀ ਹੈ, ਕੱਲ ਨੂੰ ਚੰਦਰ-ਮਿਸ਼ਨ ਲਈ ਸਾਰੀ ਤਿਆਰੀ ਛੱਡ ਕੇ ਇਹ ਫੈਸਲਾ ਕੀਤਾ ਜਾ ਸਕਦਾ ਹੈ ਕਿ ਚੰਦ ਕੋਈ ਆਮ ਗ੍ਰਹਿ ਨਹੀਂ, ਦੇਵਤਾ ਹੈ, ਉਸ ਨੂੰ ਛੋਹਣ ਦੀ ਗਲਤੀ ਮਨੁੱਖ ਨੂੰ ਨਹੀਂ ਕਰਨੀ ਚਾਹੀਦੀ। ਕਿਹਾ ਜਾਂਦਾ ਹੈ ਕਿ ਭਾਰਤ ਤਰੱਕੀ ਨਹੀਂ ਕਰਦਾ, ਏਦਾਂ ਦੀਆਂ ਸੋਚਾਂ ਨਾਲ ਤਰੱਕੀ ਕਰੇਗਾ ਕਿਵੇਂ? ਹਜ਼ਾਰਾਂ ਸਾਲ ਪਿਛੇ ਗੱਡੇ ਕਿੱਲਿਆਂ ਨਾਲ ਜਦੋਂ ਪੈਰ ਬੱਝੇ ਹੋਣ ਤਾਂ ਵਿਗਿਆਨਕ ਤਰੱਕੀ ਦੇ ਸੁਫਨੇ ਹੀ ਲਏ ਜਾ ਸਕਦੇ ਹਨ, ਉਨ੍ਹਾਂ ਦੇ ਚਸਕੇ ਵੀ ਲਏ ਜਾ ਸਕਦੇ ਹਨ, ਪਰ ਸੰਸਾਰ ਨਾਲ ਬਰ ਮੇਚਣਾ ਤੇ ਤਰੱਕੀ ਕਰਨਾ ਸੌਖਾ ਨਹੀਂ ਹੋ ਸਕਦਾ।

ਫਿਰ ਭਾਰਤ ਦੇ ਲੋਕਾਂ ਨੂੰ ਕਰਨਾ ਕੀ ਚਾਹੀਦਾ ਹੈ? ਲੱਖ ਟਕੇ ਦਾ ਇਹ ਸਵਾਲ ਜਦੋਂ ਦੇਸ਼ ਦੇ ਲੋਕਾਂ ਦੇ ਸਾਹਮਣੇ ਹੈ ਤਾਂ ਇਸ ਦਾ ਹੱਲ ਵੀ ਭਾਰਤ ਦੇ ਲੋਕਾਂ ਨੂੰ ਸੋਚਣਾ ਪਵੇਗਾ-ਉਦੋਂ, ਜਦੋਂ ਅਗਲੀਆਂ ਆਮ ਚੋਣਾਂ ਹੋਣਗੀਆਂ।

# ਅਮਰੀਕਾ ਦੀਆਂ ਮੱਧਕਾਲੀ ਚੋਣਾਂ: ਇਕ ਨਜ਼ਰ

*(ਪਿਛਲੇ ਸਫੇ ਤੋਂ ਜਾਰੀ)*

ਉਸ ਦੇ ਝੂਠ ਨੰਗੇ ਕਰਦਾ ਹੈ। ਸੀ. ਐਨ. ਐਨ. ਨੇ ਜਿਮ ਅਕੋਸਟਾ ਦਾ ਪਾਸ ਰੱਦ ਕਰਨ ਲਈ ਟਰੰਪ ਅਤੇ ਵ੍ਹਾਈਟ ਹਾਊਸ ਦੇ ਖਿਲਾਫ ਕਚਹਿਰੀ ਵਿਚ ਮੁਕੱਦਮਾ ਦਰਜ ਕਰ ਦਿੱਤਾ ਸੀ। ਇਸ ਕੇਸ ਵਿਚ ਸੀ. ਐਨ. ਐਨ. ਦੀ ਜਿੱਤ ਹੋਈ ਅਤੇ ਜਿਮ ਅਕੋਸਟਾ ਨੂੰ ਉਸ ਦਾ ਪਾਸ ਵਾਪਸ ਦੇ ਦਿੱਤਾ ਗਿਆ। ਫੈਕਟ ਚੈਕਰ ਡਾਟਾਬੇਸ ਏਜੰਸੀ ਅਨੁਸਾਰ ਟਰੰਪ ਨੇ ਆਪਣੀ ਪ੍ਰਧਾਨਗੀ ਦੀ ਮਿਆਦ ਦੇ ਪਹਿਲੇ 649 ਦਿਨਾਂ ਵਿਚ 6420 ਝੂਠੇ ਅਤੇ ਗੁਮਰਾਹਕੁਨ ਦਾਅਵੇ ਕੀਤੇ।

ਇਨ੍ਹਾਂ ਮੱਧਕਾਲੀ ਚੋਣਾਂ ਤੋਂ ਦੂਜੇ ਦਿਨ ਹੀ ਟਰੰਪ ਨੇ ਆਪਣੇ ਬਣਾਏ ਅਟਾਰਨੀ ਜਰਨਲ ਜੈਫ ਸੈਸ਼ਨਜ਼ ਦੀ ਛੁੱਟੀ ਕਰ ਦਿੱਤੀ। ਜਦੋਂ ਟਰੰਪ ਪ੍ਰੈਜ਼ੀਡੈਂਟ ਲਈ ਚੋਣ ਲੜ ਰਿਹਾ ਸੀ ਤਾਂ ਜੈਫ ਸੈਸ਼ਨਜ਼ ਰਿਪਬਲਿਕਨ ਪਾਰਟੀ ਦਾ ਸੈਨੇਟਰ ਸੀ। ਜੈਫ ਸੈਸ਼ਨਜ਼ ਰਿਪਬਲਿਕਨ ਪਾਰਟੀ ਦੇ ਲੀਡਰਾਂ ਵਿਚੋਂ ਸਭ ਤੋਂ ਪਹਿਲਾ ਇਨਸਾਨ ਸੀ ਜਿਸ ਨੇ ਟਰੰਪ ਨੂੰ ਪ੍ਰੈਜ਼ੀਡੈਂਟ ਦੀ ਚੋਣ ਲਈ ਆਪਣਾ ਸਮਰਥਨ ਦਿੱਤਾ ਸੀ। ਇਸੇ ਕਾਰਨ ਜਦੋਂ ਟਰੰਪ ਪ੍ਰੈਜ਼ੀਡੈਂਟ ਬਣਿਆ ਤਾਂ ਉਸ ਨੇ ਜੈਫ ਸੈਸ਼ਨਜ਼ ਨੂੰ ਅਟਾਰਨੀ ਜਰਨਲ ਬਣਾ ਕੇ ਉਸ ਦੇ ਸਮਰਥਨ ਦਾ ਕਰਜ਼ਾ ਉਤਾਰਿਆ ਸੀ। ਫਿਰ ਟਰੰਪ ਦੇ ਜ਼ੋਰ ਪਾਉਣ ਦੇ ਬਾਵਜੂਦ ਜੈਫ ਸੈਸ਼ਨਜ਼ ਨੇ ਰੂਸ ਦੀ 2016 ਦੀਆਂ ਚੋਣਾਂ ਵਿਚ ਕੀਤੀ ਦਖਲ ਅੰਦਾਜ਼ੀ ਦੀ ਜਾਂਚ-ਪੜਤਾਲ ਨੂੰ ਬੰਦ ਨਹੀਂ ਸੀ ਕੀਤਾ ਕਿਉਂਕਿ ਉਸ ਨੇ ਆਪਣੇ ਆਪ ਨੂੰ ਇਸ ਜਾਂਚ-ਪੜਤਾਲ ਤੋਂ ਬਾਹਰ ਰੱਖਣ ਲਈ ਸੈਨੇਟ ਨਾਲ ਵਾਅਦਾ ਕੀਤਾ ਸੀ। ਕਾਰਨ ਇਹ ਸੀ ਕਿ ਉਸ ਦਾ ਨਾਂ ਵੀ ਇਸ ਜਾਂਚ-ਪੜਤਾਲ ਵਿਚ ਬੋਲਦਾ ਹੈ। ਇਸੇ ਕਰਕੇ ਟਰੰਪ ਲਗਭਗ ਡੇਢ ਸਾਲ ਤੋਂ ਜੈਫ ਸੈਸ਼ਨਜ਼ ਨੂੰ ਬੁਰਾ ਭਲਾ ਆਖ ਰਿਹਾ ਸੀ। ਕਿਹਾ ਤਾਂ ਇਹ ਜਾਂਦਾ ਹੈ ਕਿ ਟਰੰਪ ਅਤੇ ਸੈਸ਼ਨਜ਼ ਦੋਵੇਂ ਹੀ ਨਸਲਵਾਦੀ ਹਨ ਅਤੇ ਗੋਰਿਆਂ ਦੀਆਂ ਸੱਜੇ-ਪੱਖੀ ਅਤਿਵਾਦੀ ਸੰਸਥਾਵਾਂ ਦੇ ਸਮਰਥਕ ਹਨ। ਹੁਣ ਉਮੀਦ ਇਹ ਕੀਤੀ ਜਾਂਦੀ ਹੈ ਕਿ ਟਰੰਪ ਦੇ ਆਪ ਲਾਏ ਹੋਰ ਬਹੁਤ ਸਾਰੇ ਅਫਸਰ ਵੀ ਨੌਕਰੀਆਂ ਤੋਂ ਮੁਕਤ ਕਰ ਦਿੱਤੇ ਜਾਣਗੇ। ਇਸ ਵੇਲੇ ਵ੍ਹਾਈਟ ਹਾਊਸ ਦੇ ਮੁਖੀ ਜੌਹਨ ਕੈਲੀ ਅਤੇ ਹੋਮਲੈਂਡ ਸਿਕਿਉਰਿਟੀ ਸੈਕਟਰੀ ਕ੍ਰਿਸਟਨ ਨੈਲਸਨ ਦੇ ਆਪਣੇ ਅਹੁਦੇ ਛੱਡਣ ਦੀ ਅਫਵਾਹ ਬਹੁਤ ਗਰਮ ਹੈ।

*ਹੁਣ ਤੱਕ ਸੌ ਤੋਂ ਵੱਧ ਔਰਤਾਂ ਹਾਊਸ ਲਈ ਚੁਣੀਆਂ ਗਈਆਂ ਹਨ ਜੋ ਕਦੇ ਪਹਿਲਾਂ ਨਹੀਂ ਹੋਇਆ। ਹਾਲੇ ਕੁਝ ਨਤੀਜੇ ਆਉਣੇ ਬਾਕੀ ਹਨ। ਹੁਣ ਤੱਕ 23 ਔਰਤਾਂ ਸੈਨੇਟ ਲਈ ਚੁਣੀਆਂ ਜਾ ਚੁੱਕੀਆਂ ਹਨ। ਇਨ੍ਹਾਂ ਚੋਣਾਂ ਵਿਚ ਸੈਨੇਟ, ਹਾਊਸ ਅਤੇ ਗਵਰਨਰਾਂ ਦੀਆਂ 585 ਸੀਟਾਂ ਲਈ 276 ਉਮੀਦਵਾਰ ਔਰਤਾਂ ਸਨ।*

ਅਗਲੇ ਦੋ ਸਾਲ ਟਰੰਪ ਲਈ ਬਹੁਤ ਔਖੇ ਹੋਣਗੇ। ਉਸ ਨੂੰ ਹਾਊਸ ਵਿਚਲੀ ਡੈਮੋਕਰੈਟਿਕ ਪਾਰਟੀ ਦੀ ਬਹੁਮਤ ਨਾਲ ਰਲ ਕੇ ਕੰਮ ਕਰਨਾ ਪਵੇਗਾ। ਪਿਛਲੇ ਦੋ ਸਾਲ ਟਰੰਪ ਨੇ ਡੈਮੋਕਰੈਟਿਕ ਪਾਰਟੀ ਦੇ ਲੀਡਰਾਂ ਨਾਲ ਕਦੇ ਵੀ ਅਹਿਮ ਸਲਾਹ-ਮਸ਼ਵਰਾ ਨਹੀਂ ਕੀਤਾ, ਸਗੋਂ ਉਨ੍ਹਾਂ ਨੂੰ ਬੁਰਾ-ਭਲਾ ਹੀ ਆਖਿਆ। ਜੇ ਹਾਊਸ ਦੇ ਡੈਮੋਕਰੈਟਿਕ ਲੀਡਰ ਚਾਹੁਣ ਤਾਂ ਉਹ ਅਗਲੇ ਦੋ ਸਾਲ ਟਰੰਪ ਨੂੰ ਬੇਹੱਦ ਜ਼ਲੀਲ ਕਰ ਸਕਦੇ ਹਨ ਅਤੇ ਉਸ ਦੀ ਜ਼ਿੰਦਗੀ ਨਰਕ ਬਣਾ ਸਕਦੇ ਹਨ। ਟਰੰਪ ਦਾ ਸਾਰਾ ਏਜੰਡਾ ਫਾਈਲਾਂ ਵਿਚ ਦੱਬਿਆ ਰਹਿ ਸਕਦਾ ਹੈ।

ਇਨ੍ਹਾਂ ਮੱਧਕਾਲੀ ਚੋਣਾਂ ਵੇਲੇ ਟਰੰਪ ਨੇ ਬਹੁਤ ਗਲਤ ਬਿਆਨੀਆਂ ਕੀਤੀਆਂ, ਝੂਠ ਅਤੇ ਫਰੇਬ ਵਾਲੀਆਂ ਗੱਲਾਂ ਕੀਤੀਆਂ, ਜਿਨ੍ਹਾਂ ਵਿਚ ਕੋਈ ਸੱਚਾਈ ਨਹੀਂ ਸੀ। ਉਸ ਨੇ ਫਲੋਰਿਡਾ ਸਟੇਟ ਵਿਚ ਗਵਰਨਰ ਲਈ ਕਾਲੇ ਮੂਲ ਦੇ ਡੈਮੋਕਰੈਟ ਉਮੀਦਵਾਰ ਐਂਡਰੀਊ ਗਿੱਲਮ ਨੂੰ ਚੋਰ ਆਖਿਆ। ਇਸੇ ਤਰ੍ਹਾਂ ਜਾਰਜੀਆ ਵਿਚ ਡੈਮੋਕਰੈਟਿਕ ਪਾਰਟੀ ਦੀ ਗਵਰਨਰ ਲਈ ਕਾਲੇ ਰੰਗ ਦੀ ਉਮੀਦਵਾਰ ਸਟੇਸੀ ਐਬਰਾਹਮਜ਼ ਨੂੰ ਗਵਰਨਰ ਦੇ ਅਹੁਦੇ ਲਈ ਯੋਗ ਨਾ ਹੋਣ ਦਾ ਨਾਅਰਾ ਲਾਇਆ। ਇਸੇ ਸਮੇਂ ਦੌਰਾਨ ਰੋਜ਼ ਟਰੰਪ ਨੇ ਦੱਖਣੀ ਅਮਰੀਕਾ ਅਤੇ ਲੈਟਨ ਦੇਸ਼ਾਂ ਦੇ ਗਰੀਬ ਲੋਕਾਂ ਦੇ ਕਾਫਲੇ ਵਿਰੁਧ ਬਹੁਤ ਬੁਰੀਆਂ ਗੱਲਾਂ ਕਹੀਆਂ। ਇਹ ਕਾਫਲਾ ਪੰਜ ਤੋਂ ਸੱਤ ਹਜ਼ਾਰ ਲੋਕਾਂ ਦਾ ਹੈ, ਜੋ ਮੈਕਸੀਕੋ ਰਾਹੀਂ ਅਮਰੀਕਾ ਵਲ ਨੂੰ ਤੁਰੇ ਹੋਏ ਹਨ। ਟਰੰਪ ਨੇ ਇਹ ਵੀ ਆਖਿਆ ਕਿ ਇਸ ਕਾਫਲੇ ਵਿਚ ਅਤਿਵਾਦੀ ਅਤੇ ਅਪਰਾਧੀ ਹਨ। ਉਸ ਨੇ 15,000 ਫੌਜੀ ਮੈਕਸੀਕੋ ਦੇ ਬਾਰਡਰ 'ਤੇ ਭੇਜਣ ਦਾ ਐਲਾਨ ਵੀ ਕੀਤਾ, ਜਿਨ੍ਹਾਂ ਵਿਚੋਂ ਕੁਝ ਫੌਜੀ ਭੇਜ ਵੀ ਦਿੱਤੇ ਗਏ।

ਟਰੰਪ ਨੇ ਇਹ ਸਭ ਗੱਲਾਂ ਸਿਰਫ ਲੋਕਾਂ ਨੂੰ ਭੜਕਾ ਕੇ ਰਿਪਬਲਿਕਨ ਪਾਰਟੀ ਨੂੰ ਵੋਟਾਂ ਪਵਾਉਣ ਲਈ ਕੀਤੀਆਂ, ਪਰ ਚੋਣਾਂ ਪਿਛੋਂ ਹੁਣ ਤੱਕ ਟਰੰਪ ਨੇ ਕਾਫਲੇ ਦੀ ਗੱਲ ਇਕ ਵਾਰੀ ਵੀ ਨਹੀਂ ਕੀਤੀ। ਚੋਣਾਂ ਤੋਂ ਪਹਿਲਾਂ ਟਰੰਪ ਨੇ ਅਮਰੀਕਾ ਵਿਚ ਸੈਰ ਲਈ ਜਾਂ ਕੱਚੇ ਤੌਰ 'ਤੇ ਆਈਆਂ ਔਰਤਾਂ ਦੇ ਅਮਰੀਕਾ ਵਿਚ ਜਨਮੇ ਬੱਚਿਆਂ ਨੂੰ ਅਮਰੀਕਨ ਨਾਗਰਿਕਤਾ ਦੇਣੀ ਬੰਦ ਕਰਨ ਬਾਰੇ ਵੀ ਬਿਆਨ ਦਿੱਤੇ, ਪਰ ਚੋਣਾਂ ਪਿਛੋਂ ਇਸ ਦਾ ਕੋਈ ਜ਼ਿਕਰ ਨਾ ਕੀਤਾ। ਚੋਣਾਂ ਤੋਂ ਕੁਝ ਦਿਨ ਪਹਿਲਾਂ ਟਰੰਪ ਨੇ ਟੀ. ਵੀ. 'ਤੇ ਇਕ ਇਸ਼ਤਿਹਾਰ ਦੇਣਾ ਸ਼ੁਰੂ ਕੀਤਾ, ਜਿਸ ਵਿਚ ਮੈਕਸੀਕੋ ਤੋਂ ਆਏ ਇਕ ਕੱਚੇ ਆਦਮੀ ਨੂੰ ਡੈਮੋਕਰੈਟਿਕ ਪਾਰਟੀ ਨਾਲ ਜੋੜਿਆ, ਜਿਸ ਨੇ ਅਮਰੀਕਾ ਵਿਚ ਪੁਲਿਸ ਦੇ ਦੋ ਬੰਦੇ ਮਾਰੇ ਸਨ ਅਤੇ ਹੁਣ ਜੇਲ੍ਹ ਵਿਚ ਹੈ। ਪਰ ਅਖਬਾਰਾਂ ਨੇ ਖੋਜ ਕਰ ਕੇ ਇਹ ਖਬਰ ਛਾਪੀ ਕਿ ਇਹ ਬੰਦਾ ਰਿਪਬਲਿਕਨ ਪਾਰਟੀ ਦੇ ਸਾਬਕਾ ਰਾਸ਼ਟਰਪਤੀ ਜਾਰਜ ਬੁਸ਼ ਵੇਲੇ ਮੈਕਸੀਕੋ ਤੋਂ ਆਇਆ ਸੀ। ਸੀ. ਐਨ. ਐਨ. ਟੀ. ਵੀ. ਨੇ ਇਸ ਇਸ਼ਤਿਹਾਰ ਨੂੰ ਟੀ. ਵੀ. 'ਤੇ ਚਲਾਉਣ ਤੋਂ ਨਾਂਹ ਕਰ ਦਿੱਤੀ, ਕਿਉਂਕਿ ਇਹ ਇਸ਼ਤਿਹਾਰ ਨਸਲਵਾਦੀ ਸੀ। ਫਿਰ ਬਾਕੀ ਟੀ. ਵੀ. ਚੈਨਲਾਂ ਨੇ ਵੀ ਇਸ ਨੂੰ ਚਲਾਉਣ ਤੋਂ ਨਾਂਹ ਕਰ ਦਿੱਤੀ ਸੀ।

ਅਸਲ ਵਿਚ ਅਮਰੀਕਾ ਦੇ ਦੋ ਹਿੱਸੇ ਹਨ। ਇਕ ਹਿੱਸਾ ਅਮਰੀਕਾ ਦੇ ਵਿਚਕਾਰ ਵਾਲੇ ਅਤੇ ਦੱਖਣੀ ਸੂਬਿਆਂ ਦਾ ਹੈ, ਜਿਨ੍ਹਾਂ ਵਿਚ ਰਿਪਬਲਿਕਨ ਪਾਰਟੀ ਦੇ ਸਮਰਥਕਾਂ ਦੀ ਬਹੁਤਾਤ ਹੈ ਅਤੇ ਇਨ੍ਹਾਂ ਨੂੰ ਰੈਡ ਸਟੇਟਸ (ਲਾਲ ਸੂਬੇ) ਕਿਹਾ ਜਾਂਦਾ ਹੈ। ਅਮਰੀਕਾ ਦਾ ਦੂਜਾ ਹਿੱਸਾ ਪੂਰਬੀ ਅਤੇ ਪੱਛਮੀ ਸੂਬੇ ਹਨ, ਜਿਨ੍ਹਾਂ ਵਿਚ ਡੈਮੋਕਰੈਟਿਕ ਪਾਰਟੀ ਦੇ ਵੱਧ ਸਮਰਥਕ ਹਨ। ਇਨ੍ਹਾਂ ਨੂੰ ਬਲੂ ਸਟੇਟਸ (ਨੀਲੇ ਸੂਬੇ) ਕਿਹਾ ਜਾਂਦਾ ਹੈ। ਇਸ ਤਰ੍ਹਾਂ ਲਾਲ ਰੰਗ ਰਿਪਬਲਿਕਨ ਪਾਰਟੀ ਨਾਲ ਜੁੜਿਆ ਹੋਇਆ ਹੈ ਅਤੇ ਨੀਲਾ ਰੰਗ ਡੈਮੋਕਰੈਟਿਕ ਪਾਰਟੀ ਨਾਲ। ਰਿਪਬਲਿਕਨ ਸਟੇਟਾਂ ਵਿਚ ਵਧੇਰੇ ਲੋਕ ਧਾਰਮਕ, ਸੱਜੇ-ਪੱਖੀ, ਗੋਰੇ ਅਤੇ ਘੱਟ ਪੜ੍ਹੇ-ਲਿਖੇ ਹਨ। ਡੈਮੋਕਰੈਟਿਕ ਸਟੇਟਾਂ ਵਿਚ ਲੋਕ ਵੱਧ ਪੜ੍ਹੇ-ਲਿਖੇ, ਲਿਬਰਲ ਖਿਆਲਾਂ ਵਾਲੇ, ਵੱਖ ਵੱਖ ਰੰਗਾਂ ਦੇ ਅਤੇ ਘੱਟ ਧਾਰਮਿਕ ਖਿਆਲਾਂ ਵਾਲੇ ਹਨ। ਇਕ ਹੋਰ ਅਹਿਮ ਗੱਲ ਇਹ ਹੈ ਕਿ ਸਿਆਣੀ ਉਮਰ ਦੇ ਬਹੁਤੇ ਲੋਕ ਰਿਪਬਲਿਕਨ ਹਨ ਤੇ ਨਵੀਂ ਉਮਰ ਦੇ ਬਹੁਤੇ ਲੋਕ ਡੈਮੋਕਰੈਟਿਕ ਪਾਰਟੀ ਨਾਲ ਹਨ।

ਟਰੰਪ ਦੇ ਜਿੱਤਣ ਦਾ ਇਕ ਕਾਰਨ ਇਹ ਵੀ ਹੈ ਕਿ ਬਹੁਤ ਸਾਰੇ ਗੋਰਿਆਂ ਨੂੰ (ਸਭ ਨੂੰ ਨਹੀਂ) ਇਹ ਫਿਕਰ ਹੈ ਕਿ ਉਨ੍ਹਾਂ ਦੀ ਗਿਣਤੀ ਅਮਰੀਕਾ ਵਿਚ ਘਟਦੀ ਜਾ ਰਹੀ ਹੈ ਅਤੇ ਇਕ ਦਿਨ ਅੱਧ ਤੋਂ ਹੇਠਾਂ ਚਲੀ ਜਾਵੇਗੀ। ਸਾਲ 2015 ਵਿਚ ਅਮਰੀਕਾ ਵਿਚ 62% ਲੋਕ ਗੋਰੇ, 12% ਲੋਕ ਕਾਲੇ, 18% ਹਿਸਪੈਨਿਕ (ਮੈਕਸੀਕੋ ਅਤੇ ਹੋਰ ਅਜਿਹੇ ਦੇਸ਼ਾਂ ਤੋਂ), 6% ਏਸ਼ੀਅਨ ਅਤੇ 2% ਹੋਰ ਲੋਕ ਸਨ। ਪੀਊ ਰਿਸਰਚ ਸੈਂਟਰ ਦਾ ਅੰਦਾਜ਼ਾ ਹੈ ਕਿ 2065 ਵਿਚ ਅਮਰੀਕਾ ਵਿਚ ਲਗਭਗ 46% ਗੋਰੇ ਹੋਣਗੇ, 13% ਕਾਲੇ, 24% ਹਿਸਪੈਨਿਕ, 14% ਏਸ਼ੀਅਨ ਅਤੇ 2% ਹੋਰ ਨਸਲਾਂ ਦੇ ਲੋਕ ਹੋਣਗੇ। ਟਰੰਪ ਅਤੇ ਰਿਪਬਲਿਕਨ ਪਾਰਟੀ ਇਮੀਗਰੇਸ਼ਨ ਦੇ ਵਿਰੁਧ ਹੈ, ਕਿਉਂਕਿ ਇਸ ਤਰ੍ਹਾਂ ਜੋ ਲੋਕ ਆ ਰਹੇ ਹਨ, ਉਹ ਗੋਰੇ ਘੱਟ ਹਨ ਅਤੇ ਦੂਜੀਆਂ ਨਸਲਾਂ ਦੇ ਵੱਧ। ਜਿਨ੍ਹਾਂ ਗੋਰਿਆਂ ਨੂੰ ਆਪਣੀ ਗਿਣਤੀ ਘਟ ਜਾਣ ਦਾ ਫਿਕਰ ਹੈ, ਉਹ ਰਿਪਬਲਿਕਨ ਪਾਰਟੀ ਅਤੇ ਟਰੰਪ ਦੇ ਸਮਰਥਕ ਹਨ। ਲਿਬਰਲ ਵਿਚਾਰਾਂ ਵਾਲੇ ਬਹੁਤੇ ਗੋਰੇ ਡੈਮੋਕਰੈਟਿਕ ਪਾਰਟੀ ਨਾਲ ਹਨ। ਕਾਲੇ, ਹਿਸਪੈਨਿਕ ਅਤੇ ਏਸ਼ੀਅਨ ਲੋਕਾਂ ਵਿਚੋਂ ਬਹੁਤੇ ਡੈਮੋਕਰੈਟਿਕ ਪਾਰਟੀ ਨੂੰ ਵੋਟਾਂ ਪਾਉਂਦੇ ਹਨ। ਅੰਦਾਜ਼ੇ ਅਨੁਸਾਰ ਇਨ੍ਹਾਂ ਚੋਣਾਂ ਵਿਚ 77% ਏਸ਼ੀਅਨ ਵੋਟਰਾਂ ਨੇ ਡੈਮੋਕਰੈਟਿਕ ਅਤੇ 23% ਨੇ ਰਿਪਬਲਿਕਨ ਪਾਰਟੀ ਨੂੰ ਵੋਟਾਂ ਪਾਈਆਂ। ਹਿਸਪੈਨਿਕ (ਜਿਨ੍ਹਾਂ ਨੂੰ ਲਾਟੀਨੋ ਵੀ ਕਿਹਾ ਜਾਂਦਾ ਹੈ) ਵੋਟਰਾਂ ਵਿਚੋਂ 68% ਨੇ ਡੈਮੋਕਰੈਟਿਕ ਪਾਰਟੀ, 30% ਨੇ ਰਿਪਬਲਿਕਨ ਪਾਰਟੀ ਅਤੇ 2% ਵੋਟਰਾਂ ਨੇ ਹੋਰ ਪਾਰਟੀਆਂ ਨੂੰ ਵੋਟਾਂ ਪਾਈਆਂ।

2020 ਵਿਚ ਹੋਣ ਵਾਲੀਆਂ ਪ੍ਰੈਜ਼ੀਡੈਂਟ, ਸੈਨੇਟ ਅਤੇ ਹਾਊਸ ਦੀਆਂ ਚੋਣਾਂ ਲਈ ਹੁਣੇ ਤੋਂ ਮੁਹਿੰਮ ਸ਼ੁਰੂ ਹੋ ਗਈ ਹੈ, ਖਾਸ ਕਰ ਕੇ ਪ੍ਰੈਜ਼ੀਡੈਂਟ ਦੀ ਚੋਣ ਲਈ। ਬਹੁਤ ਛੇਤੀ ਇਹ ਮੁਹਿੰਮ ਬਹੁਤ ਤੇਜ਼ ਹੋ ਜਾਵੇਗੀ। ਟਰੰਪ ਨੇ ਰਿਪਬਲਿਕਨ ਪਾਰਟੀ ਵਲੋਂ ਪ੍ਰੈਜ਼ੀਡੈਂਟ ਦੇ ਅਹੁਦੇ ਲਈ ਉਮੀਦਵਾਰ ਵਜੋਂ ਬਹੁਤ ਦੇਰ ਪਹਿਲਾਂ ਹੀ ਪੇਪਰ ਭਰ ਦਿੱਤੇ ਸਨ। ਡੈਮੋਕਰੈਟਿਕ ਪਾਰਟੀ ਵਲੋਂ ਇਸ ਵੇਲੇ 2020 ਦੀ ਪ੍ਰਧਾਨਗੀ ਦੀ ਚੋਣ ਲਈ ਕਈ ਉਮੀਦਵਾਰ ਹਨ। ਦੇਖੋ ਕੌਣ ਅੱਗੇ ਆਉਂਦਾ ਹੈ?

ਪੰਜਾਬ ਟਾਈਮਜ਼

*ਸਨਿਚਰਵਾਰ, ਪਹਿਲੀ ਦਸੰਬਰ 2018*

## ਉਚਾ ਦਰ ਬਾਬੇ ਨਾਨਕ ਦਾ

ਐਤਕੀਂ ਬਾਬੇ ਨਾਨਕ ਦਾ ਆਗਮਨ ਪੁਰਬ ਬਹੁਤ ਸੁਭਾਗਾ ਆਇਆ ਹੈ। ਹਰ ਕਿਸਮ ਦੀ ਸਿਆਸਤ ਦੇ ਬਾਵਜੂਦ, ਕਰਤਾਰਪੁਰ ਲਈ ਰਾਹ ਮੋਕਲੇ ਹੋਣ ਲੱਗ ਪਏ ਹਨ। ਚੜ੍ਹਦੇ ਪੰਜਾਬ ਦੇ ਲੋਕਾਂ, ਖਾਸ ਕਰਕੇ ਸਿੱਖਾਂ ਦੀ ਇਹ ਚਿਰੋਕਣੀ ਮੰਗ ਸੀ ਕਿ ਕਰਤਾਰਪੁਰ ਜਿਥੇ ਪਹਿਲੇ ਪਾਤਿਸ਼ਾਹ ਨੇ ਆਪਣੀ ਹਯਾਤੀ ਦੇ ਅਖੀਰਲੇ 18 ਵਰ੍ਹੇ ਕਿਰਤ ਕਰਦਿਆਂ ਅਤੇ ਬਾਣੀ ਰਚਦਿਆਂ ਲੰਘਾਏ ਸਨ, ਉਸ ਸਥਾਨ ਦੇ ਦਰਸ਼ਨਾਂ ਲਈ ਰਾਹ ਸੌਖਾ ਕੀਤਾ ਜਾਵੇ। ਜਾਪਦਾ ਹੈ, ਅੱਜ ਸੱਤ ਦਹਾਕਿਆਂ ਬਾਅਦ ਇਹ ਅਰਦਾਸ ਮਨਜ਼ੂਰ ਹੋਈ ਹੈ, ਜਿਸ ਵਿਚ ਹਰ ਸਿੱਖ ਵਿਛੜੇ ਗੁਰਧਾਮਾਂ ਦੇ ਦਰਸ਼ਨਾਂ-ਦੀਦਾਰਿਆਂ ਲਈ ਅਰਜ਼ੋਈ ਕਰਦਾ ਰਿਹਾ ਹੈ। ਇਸ ਦਾ ਸਬੱਬ ਬਾਬੇ ਨਾਨਕ ਦਾ ਅਗਲੇ ਸਾਲ ਆ ਰਿਹਾ 550ਵਾਂ ਆਗਮਨ ਪੁਰਬ ਬਣਿਆ ਹੈ। ਹਿੰਦੋਸਤਾਨ ਅਤੇ ਪਾਕਿਸਤਾਨ ਪਿਛਲੇ ਕੁਝ ਸਮੇਂ ਤੋਂ ਇਕ ਖਾਸ ਤਰ੍ਹਾਂ ਦੀ ਸੌੜੀ ਸਿਆਸਤ ਕਾਰਨ ਇਕ-ਦੂਜੇ ਵੱਲ ਪਿੱਠ ਕਰੀ ਖੜ੍ਹੇ ਸਨ ਪਰ ਪਾਕਿਸਤਾਨ ਵਿਚ ਇਸੇ ਸਾਲ ਅਗਸਤ ਮਹੀਨੇ ਇਮਰਾਨ ਖਾਨ ਦੀ ਅਗਵਾਈ ਵਿਚ ਸਰਕਾਰ ਬਣਨ ਵੇਲੇ ਵਕਤ ਨੇ ਅਜਿਹਾ ਗੇੜ ਖਾਧਾ ਕਿ ਅੱਜ ਗੱਲ ਕਰਤਾਰਪੁਰ ਲਾਂਘਾ ਖੁੱਲ੍ਹਣ ਤੱਕ ਜਾ ਅੱਪੜੀ ਹੈ। ਜੇ ਅਸੀਂ ਸਭ ਸਿਆਸਤਾਂ ਇਕ ਪਾਸੇ ਰੱਖ ਕੇ ਪੜਚੋਲ ਕਰੀਏ ਤਾਂ ਇਸ ਦਾ ਸਿਹਰਾ ਬਿਨਾਂ ਸ਼ੱਕ, ਕਾਂਗਰਸੀ ਵਜ਼ੀਰ ਅਤੇ ਸਾਬਕਾ ਕ੍ਰਿਕਟ ਖਿਡਾਰੀ ਨਵਜੋਤ ਸਿੰਘ ਸਿੱਧੂ ਨੂੰ ਜਾਂਦਾ ਹੈ। ਇਮਰਾਨ ਖਾਨ ਨੇ ਉਸ ਵਕਤ ਆਪਣੇ ਹਲਫਦਾਰੀ ਸਮਾਗਮ ਮੌਕੇ ਸਿੱਧੂ ਤੋਂ ਇਲਾਵਾ ਆਪਣੇ ਕੁਝ ਹੋਰ ਕ੍ਰਿਕਟ ਦੋਸਤਾਂ ਨੂੰ ਵੀ ਸੱਦਾ ਭੇਜਿਆ ਸੀ। ਭਾਜਪਾ ਦੀ ਸੌੜੀ ਸਿਆਸਤ ਨੇ ਇਸ ਨੂੰ ਦੇਸ਼ ਧਰੋਹ ਨਾਲ ਜੋੜ ਕੇ ਰਾਹ ਡੱਕਣ ਦੀ ਕੋਸ਼ਿਸ਼ ਕੀਤੀ, ਪਰ ਸਿੱਧੂ ਨੇ ਇਸ ਦੀ ਰੱਤੀ ਭਰ ਵੀ ਪ੍ਰਵਾਹ ਨਾ ਕਰਦਿਆਂ ਇਮਰਾਨ ਖਾਨ ਦੇ ਸਮਾਗਮ ਵਿਚ ਸ਼ਿਰਕਤ ਕੀਤੀ ਅਤੇ ਉਥੇ ਹੀ ਫੌਜ ਮੁਖੀ ਕਮਰ ਜਾਵੇਦ ਬਾਜਵਾ ਨੇ ਉਸ ਨਾਲ ਕਰਤਾਰਪੁਰ ਲਾਂਘਾ ਖੁੱਲ੍ਹਣ ਬਾਰੇ ਇੱਛਾ ਜ਼ਾਹਿਰ ਕੀਤੀ ਸੀ। ਇਹ ਸਮੁੱਚੀ ਕਹਾਣੀ ਉਸ ਵਕਤ ਭਾਵੇਂ ਸਿਆਸਤ ਦੀ ਭੇਟ ਚੜ੍ਹ ਗਈ ਸੀ, ਪਰ ਸਿੱਧੂ ਆਪਣੇ ਸਟੈਂਡ ਉਤੇ ਕਾਇਮ ਰਿਹਾ ਅਤੇ ਹੁਣ ਪਾਕਿਸਤਾਨ ਸਰਕਾਰ ਦੀ ਪਹਿਲਕਦਮੀ ਕਾਰਨ ਹਾਲਾਤ ਉਕਾ ਹੀ ਬਦਲ ਗਏ ਜਾਪਦੇ ਹਨ।

ਅਸਲ ਵਿਚ ਪਾਕਿਸਤਾਨ ਨੇ ਕਰਤਾਰਪੁਰ ਲਾਂਘੇ ਬਾਰੇ ਹਿੰਦੋਸਤਾਨ ਦੀ ਮੋਦੀ ਸਰਕਾਰ ਦਾ ਜਵਾਬ ਉਡੀਕੇ ਬਗੈਰ ਆਪਣੇ ਵਾਲੇ ਪਾਸੇ ਲਾਂਘਾ ਤਿਆਰ ਕਰਨ ਦਾ ਪ੍ਰਾਜੈਕਟ ਤਿਆਰ ਕਰ ਲਿਆ। ਇਹ ਭਾਵੇਂ ਪਾਕਿਸਤਾਨ ਸਰਕਾਰ ਦੀ ਅਣਸਰਦੀ ਲੋੜ ਸੀ ਪਰ ਇਸ ਨਾਲ ਦੋਹਾਂ ਪੰਜਾਬਾਂ ਦੀ ਗਲਵੱਕੜੀ ਲਈ ਮਾਹੌਲ ਬਣ ਗਿਆ। ਉਂਜ, ਪਾਕਿਸਤਾਨ ਦੀ ਇਸ ਤਿਆਰੀ ਬਾਰੇ ਹਿੰਦੋਸਤਾਨ ਦੀਆਂ ਖੁਫੀਆ ਏਜੰਸੀਆਂ ਨੂੰ ਭਿਣਕ ਤਕ ਨਾ ਪਈ। ਜਦੋਂ ਪਤਾ ਲੱਗਿਆ ਤਾਂ ਤੁਰੰਤ ਕੈਬਨਿਟ ਮੀਟਿੰਗ ਬੁਲਾ ਕੇ ਪਾਕਿਸਤਾਨ ਤੋਂ ਪਹਿਲਾਂ ਆਪਣੇ ਵਾਲੇ ਪਾਸੇ ਲਾਂਘੇ ਦਾ ਨੀਂਹ ਪੱਥਰ ਰੱਖਣ ਦਾ ਐਲਾਨ ਕਰ ਦਿੱਤਾ। ਇਹ ਗੱਲ ਐਨ ਵੱਖਰੀ ਹੈ ਕਿ ਉਥੇ ਵੀ ਮੋਦੀ ਸਰਕਾਰ ਨੇ ਆਪਣੀ ਮਰਜ਼ੀ ਚਲਾਉਣ ਦੀ ਕੋਸ਼ਿਸ਼ ਕੀਤੀ ਅਤੇ ਆਪਣੇ ਬਿਨਾਂ ਸ਼ਰਤ, ਪੱਕੇ ਭਾਈਵਾਲ ਬਾਦਲਾਂ ਨੂੰ ਚੁਣਾਵੀ ਫਾਇਦਾ ਪਹੁੰਚਾਉਣ ਲਈ ਪਹਿਲਾਂ ਤਾਂ ਕੇਂਦਰੀ ਵਜ਼ੀਰਾਂ ਹਰਸਿਮਰਤ ਕੌਰ ਬਾਦਲ ਅਤੇ ਹਰਦੀਪ ਸਿੰਘ ਪੁਰੀ ਨੂੰ ਪਾਕਿਸਤਾਨੀ ਸਮਾਗਮ ਲਈ ਚੁਣ ਲਿਆ, ਫਿਰ ਸਭ ਪ੍ਰੋਟੋਕੋਲ ਤੋੜਦਿਆਂ ਬਾਦਲਾਂ ਦੇ ਨਾਂ ਨੀਂਹ ਪੱਥਰ ਉਤੇ ਉਕਰਾਉਣ ਦਾ ਕੋਝਾ ਕਾਰਜ ਕੀਤਾ। ਸਮਾਗਮ ਵਿਚ ਜਿਸ ਤਰ੍ਹਾਂ ਦੀ ਸਿਆਸਤ ਕੀਤੀ ਗਈ, ਉਸ ਤੋਂ ਸਾਰੇ ਜਹਾਨ ਵਿਚ ਦੁਰ-ਦੁਰ ਹੀ ਹੋਈ ਹੈ। ਇਸ ਮਾਮਲੇ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਸਰਕਾਰ ਤੋਂ ਵੀ ਮਾੜਾ ਕਾਰਜ ਕਰ ਦਿਖਾਇਆ ਹੈ। ਜਦੋਂ ਬਾਬੇ ਨਾਨਕ ਦੇ ਆਗਮਨ ਪੁਰਬ ਮੌਕੇ ਦੋ ਪੰਜਾਬ ਗਲਵੱਕੜੀ ਪਾ ਰਹੇ ਹਨ ਤਾਂ ਕੈਪਟਨ ਨੇ ਪਾਕਿਸਤਾਨ ਜਾਣ ਦਾ ਸੱਦਾ ਠੁਕਰਾ ਕੇ ਇਹ ਨਿੱਘ ਹਾਸਲ ਕਰਨ ਦਾ ਮੌਕਾ ਗੁਆ ਲਿਆ ਹੈ। ਸਿਆਸੀ ਚਰਚਾ ਹੈ ਕਿ ਉਸ ਨੇ ਅਜਿਹਾ ਪੰਜਾਬ ਦੀਆਂ ਹਿੰਦੂ ਵੋਟਾਂ ਬਟੋਰਨ ਖਾਤਰ ਕੀਤਾ ਹੈ।

ਜਾਹਰ ਹੈ ਕਿ ਇਸ ਸਿਲਸਿਲੇ ਵਿਚ ਜੋ ਵੀ ਕੋਝਾ ਯਤਨ ਹੋਇਆ ਹੈ, ਉਹ ਵੋਟਾਂ ਦੀ ਸਿਆਸਤ ਕਾਰਨ ਹੀ ਹੋਇਆ ਹੈ, ਜੋ ਹਿੰਦੋਸਤਾਨੀ ਢਾਂਚੇ ਨੂੰ ਬੁਰੀ ਤਰ੍ਹਾਂ ਚਿੰਬੜੀ ਹੋਈ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਬਾਬੇ ਨਾਨਕ ਦਾ 550ਵਾਂ ਆਗਮਨ ਪੁਰਬ ਅਗਲੇ ਸਾਲ ਹੋ ਰਹੀਆਂ ਲੋਕ ਸਭਾ ਚੋਣਾਂ ਤੋਂ ਮਗਰੋਂ ਆਉਣਾ ਹੈ। ਹੁਣ ਤਕ ਦਾ ਰਿਕਾਰਡ ਦੱਸਦਾ ਹੈ ਕਿ ਭਾਜਪਾ ਨੇ ਹਰ ਚੋਣ ਵਿਚ ਪਾਕਿਸਤਾਨ ਨੂੰ ਖਾਸ ਏਜੰਡਾ ਜ਼ਰੂਰ ਬਣਾਇਆ ਹੈ ਤਾਂ ਕਿ ਵੋਟਰਾਂ ਨੂੰ ਧਰੁਵੀਕਰਨ ਦੇ ਗੇੜ ਵਿਚ ਪਾ ਕੇ ਵੱਧ ਤੋਂ ਵੱਧ ਵੋਟਾਂ ਫੁੰਡੀਆਂ ਜਾ ਸਕਣ। ਦੇਖਣਾ ਪਵੇਗਾ ਕਿ ਜਦੋਂ ਕਰਤਾਰਪੁਰ ਲਾਂਘਾ ਤਿਆਰ ਹੋ ਰਿਹਾ ਹੋਵੇਗਾ ਤਾਂ ਇਹ ਲੋਕ ਪਾਕਿਸਤਾਨ ਖਿਲਾਫ ਕਿਸ ਤਰ੍ਹਾਂ ਦਾ ਚੋਣ ਪ੍ਰਚਾਰ ਕਰ ਰਹੇ ਹੋਣਗੇ।

ਬਾਬੇ ਨਾਨਕ ਨੇ ਆਵਾਮ ਨੂੰ ਸਰਬੱਤ ਦੇ ਭਲੇ ਦਾ ਸੁਨੇਹਾ ਦਿੱਤਾ ਹੈ ਅਤੇ ਉਨ੍ਹਾਂ ਦਾ ਹਰ ਕਾਰਜ ਇਸ ਪਾਸੇ ਸੇਧਤ ਰਿਹਾ ਹੈ। ਉਨ੍ਹਾਂ ਦਾ ਸਾਂਝ ਦਾ ਇਹ ਸੁਨੇਹਾ ਸੰਸਾਰ ਦੇ ਹਰ ਫਿਰਕੇ ਅਤੇ ਹਰ ਜੀਆ-ਜੰਤ ਲਈ ਹੈ। ਆਪਣੀ ਬਾਣੀ ਵਿਚ ਉਨ੍ਹਾਂ 'ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣਿਐ ਕਿਛੁ ਕਹੀਐ॥' ਦਾ ਪ੍ਰਸਾਰ ਕੀਤਾ। ਧਿਆਨ ਦੇਣ ਵਾਲਾ ਨੁਕਤਾ ਇਹ ਹੈ ਕਿ ਇਸ ਬਾਣੀ ਵਿਚ ਉਨ੍ਹਾਂ ਪਹਿਲਾਂ ਅਗਲੇ ਦੀ ਗੱਲ ਸੁਣਨ ਅਤੇ ਆਪਣੀ ਗੱਲ ਬਾਅਦ ਵਿਚ ਕਹਿਣ ਬਾਰੇ ਆਖਿਆ ਹੈ-ਕਿਛੁ ਸੁਣਿਐ ਕਿਛੁ ਕਹੀਐ। ਗੋਸਟਿ, ਭਾਵ ਸੰਵਾਦ ਬਾਰੇ ਉਨ੍ਹਾਂ ਦਾ ਬੰਨ੍ਹਿਆ ਇਹ ਸਿਧਾਂਤ ਅਸਲ ਵਿਚ ਬਹੁਤੀਆਂ ਸਮੱਸਿਆਵਾਂ ਪਹਿਲਾਂ ਹੀ ਹੱਲ ਕਰ ਦਿੰਦਾ ਹੈ। ਜੇ ਤੁਸੀਂ ਅਗਲੇ ਨੂੰ ਪਹਿਲਾਂ ਗੱਲ ਕਰਨ ਦਾ ਮੌਕਾ ਦਿੰਦੇ ਹੋ, ਅਗਲੇ ਦੀ ਗੱਲ ਸੁਣਦੇ ਹੋ ਤਾਂ ਅਗਾਂਹ ਸੰਵਾਦ ਦੀ ਵਧੇਰੇ ਗੁੰਜਾਇਸ਼ ਬਣ ਜਾਂਦੀ ਹੈ। ਬਾਬੇ ਨਾਨਕ ਨੇ ਇਸ ਸਿਧਾਂਤ ਨੂੰ ਆਪਣੇ ਜੀਵਨ ਵਿਚ ਮਿਥ ਕੇ ਲਾਗੂ ਕੀਤਾ ਅਤੇ ਵੱਖ-ਵੱਖ ਥਾਈਂ ਜਾ ਕੇ ਮਾੜੇ ਤੋਂ ਮਾੜੇ ਬੰਦੇ ਨਾਲ ਵੀ ਸੰਵਾਦ ਰਚਾਇਆ ਤੇ ਉਨ੍ਹਾਂ ਸਭ ਨੂੰ ਸਹੀ ਰਾਹ ਪਾਇਆ। ਅੱਜ ਆਪਾ-ਧਾਪੀ ਵਾਲੀ ਸਿਆਸਤ ਦੇ ਇਸ ਦੌਰ ਵਿਚ ਬਾਬੇ ਨਾਨਕ ਦਾ ਇਹ ਸੁਨੇਹਾ ਬਹੁਤ ਵੱਡੇ ਅਰਥ ਰੱਖਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਬਾਈ ਲਈ ਭਵਿੱਖਵਾਣੀ?*

ਕੁਰਸੀ ਵਾਸਤੇ ਧਰਮ ਨੂੰ ਵਰਤਣੇ ਦਾ, ਚੰਗਾ ਹਾਕਮਾਂ ਵਾਲਾ ਕਿਰਦਾਰ ਨਾਹੀਂ।
ਫਲ ਭੁਗਤੇ 'ਕਾਲੀ' ਬੇਅਦਬੀਆਂ ਦਾ, ਏਨੀ ਕਿਸੇ ਨੂੰ ਪਈ ਫਿਟਕਾਰ ਨਾਹੀਂ।
ਬੱਝੀ ਆਸ ਹੈ 'ਕੁਝ' ਪੰਜਾਬੀਆਂ ਨੂੰ, ਸ਼ਾਇਦ ਰਾਜਾ ਜੀ ਕਰਨ ਲਾਚਾਰ ਨਾਹੀਂ।
ਪਾਣੀ ਵਿਚ ਮਧਾਣੀ ਜੇ ਪਾਈ ਜਾਣੀ, ਕੈਪਟਨ ਸਾਬ੍ਹ ਲਈ ਸਹੀ ਵਿਹਾਰ ਨਾਹੀਂ।
ਸਿੱਟਾ ਕੱਢ ਕੇ 'ਸਿਟ' ਨੇ ਸਿੱਟਿਆ ਨਾ, ਜੇਲ੍ਹ ਵਿਚ ਜੇ ਕੋਈ ਗੁਨਹਗਾਰ ਨਾਹੀਂ।
ਦੇਖ ਲੈਣਾ ਫਿਰ 'ਬਾਈ' ਦੀ ਚੋਣ ਵੇਲੇ, ਰਹਿਣੀ ਮੋਤੀਆਂ ਵਾਲੀ ਸਰਕਾਰ ਨਾਹੀਂ!

# ਕਰਤਾਰਪੁਰ ਲਾਂਘਾ: ਸਿਆਸੀ ਤੇ ਧਾਰਮਕ ਮਾਅਨੇ

*ਕਰਤਾਰਪੁਰ ਲਾਂਘਾ ਖੁੱਲ੍ਹਣ ਬਾਰੇ ਗੱਲ ਆਖਰਕਾਰ ਚੱਲ ਪਈ ਹੈ। ਇਸ ਭਾਰਤ ਅਤੇ ਪਾਕਿਸਤਾਨ ਸਰਕਾਰਾਂ ਵਿਚਾਲੇ ਕਾਫੀ ਲੰਮੇ ਸਮੇਂ ਤੋਂ ਚਲੀ ਆ ਰਹੀ ਖੜੋਤ ਵੀ ਇਕ ਤਰ੍ਹਾਂ ਨਾਲ ਖਤਮ ਹੋਣ ਦੇ ਰਾਹ ਪੈ ਗਈ ਹੈ। ਸਿੱਖਾਂ ਵਲੋਂ ਇਹ ਲਾਂਘਾ ਖੋਲ੍ਹਣ ਦੀ ਮੰਗ ਚਿਰਾਂ ਤੋਂ ਕੀਤੀ ਜਾ ਰਹੀ ਸੀ। ਮੁਲਕ ਦੀ ਵੰਡ ਤੋਂ ਇਹ ਸ਼ਾਇਦ ਪਹਿਲੀ ਵਾਰ ਹੈ ਕਿ ਇਸ ਪੱਧਰ ਦੀ ਆਪਣੀ ਸਾਂਝ ਪੈਣ ਲਈ ਰਾਹ ਮੋਕਲਾ ਹੋਇਆ ਹੈ। ਸੀਨੀਅਰ ਪੱਤਰਕਾਰ ਬਲਜੀਤ ਬੱਲੀ ਨੇ ਇਨ੍ਹਾਂ ਸਭ ਮਸਲਿਆਂ ਬਾਰੇ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ। -ਸੰਪਾਦਕ*

ਵਾਦ ਵਿਵਾਦ ਹੋ ਰਿਹਾ ਹੈ ਕਿ 22 ਨਵੰਬਰ ਨੂੰ ਕੇਂਦਰੀ ਕੈਬਨਿਟ ਵਲੋਂ ਕਰਤਾਰਪੁਰ ਸਾਹਿਬ ਲਾਂਘਾ ਉਸਾਰਨ ਵਾਲਾ ਫ਼ੈਸਲਾ ਸਿਆਸੀ ਤੇ ਕੂਟਨੀਤਕ ਸੁਹਿਰਦਤਾ ਦਾ ਪ੍ਰਤੀਕ ਹੈ ਜਾਂ ਇਕ ਖ਼ਾਸ ਤਰ੍ਹਾਂ ਦੀ ਸਿਆਸੀ ਧਾਰਮਿਕ ਸਰਜੀਕਲ ਸਟ੍ਰਾਈਕ ਹੈ। ਪਿਛਲੇ ਕਾਫ਼ੀ ਸਮੇਂ ਤੋਂ ਸਰਹੱਦ ਅਤੇ ਜੰਮੂ ਕਸ਼ਮੀਰ ਵਿਚ ਵਾਪਰ ਰਹੀਆਂ ਘਟਨਾਵਾਂ ਕਰ ਕੇ ਪਾਕਿਸਤਾਨ ਨਾਲ ਤਣਾਅ ਅਤੇ ਕੁੜੱਤਣ ਭਰੇ ਸਬੰਧ ਚੱਲ ਰਹੇ ਹਨ, ਦੋਵਾਂ ਮੁਲਕਾਂ ਦੀਆਂ



ਸਰਕਾਰਾਂ ਵਿਚਕਾਰ ਕੂਟਨੀਤਕ ਪੱਧਰ 'ਤੇ ਵਾਰਤਾਲਾਪ ਅਤੇ ਮਿਲਣੀਆਂ ਠੱਪ ਹੋਈਆਂ ਪਈਆਂ ਹਨ। ਪੰਜਾਬ ਪੁਲਿਸ ਦੇ ਦਾਅਵੇ ਕਿ

**ਬਲਜੀਤ ਬੱਲੀ**
ਫੋਨ: +91-99151-77722

ਅੰਮ੍ਰਿਤਸਰ ਵਿਚ ਨਿਰੰਕਾਰੀ ਸਤਿਸੰਗ 'ਤੇ ਹਮਲੇ ਪਿੱਛੇ ਵੀ ਪਾਕਿਸਤਾਨ ਦੀ ਆਈ.ਐਸ.ਆਈ. ਦੀ ਸ਼ਹਿ ਨਾਲ ਕੰਮ ਕਰ ਰਹੇ ਖਾਲਿਸਤਾਨੀ ਗਰੁੱਪ ਦਾ ਹੱਥ ਹੈ, ਨੇ ਵੀ ਇਸ ਤਣਾਅ ਪੂਰਨ ਮਾਹੌਲ ਵਿਚ ਵਾਧਾ ਕੀਤਾ।

ਪਾਕਿਸਤਾਨ ਦੀ ਫ਼ੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਵਲੋਂ ਨਵਜੋਤ ਸਿੰਘ ਸਿੱਧੂ ਨਾਲ ਕੀਤੀ ਕਾਨਾਫੂਸੀ ਨੇ ਪਾਸਾ ਪਲਟ ਦਿੱਤਾ। ਸਿਰਫ਼ ਪੰਜਾਬ ਅਤੇ ਭਾਰਤ ਦੇ ਨਹੀਂ ਸਗੋਂ ਦੁਨੀਆਂ ਭਰ ਦੇ ਸਿੱਖਾਂ ਅੰਦਰ ਇਹ ਮੰਗ ਚਰਚਾ ਦਾ ਵਿਸ਼ਾ ਬਣੀ ਰਹੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਸਮਾਗਮਾਂ ਦਾ ਇਹ ਮੁੱਦਾ ਕੇਂਦਰੀ ਬਿੰਦੂ ਬਣ ਗਿਆ। ਨਤੀਜੇ ਵਜੋਂ ਪੰਜਾਬ ਜਾਂ ਸਿੱਖ ਪੱਖੀ ਕਹਾਉਂਦੀਆਂ ਸਭ ਧਿਰਾਂ ਦੀ ਲਾਂਘੇ ਦੀ ਵਕਾਲਤ ਕਰਨਾ ਮਜਬੂਰੀ ਬਣ ਗਈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਮਾਮਲੇ 'ਤੇ ਸਰਗਰਮੀ ਦਿਖਾਈ। ਉਨ੍ਹਾਂ ਵਿਧਾਨ ਸਭਾ ਵਿਚ ਮਤਾ ਵੀ ਪੁਆਇਆ, ਕੈਪਟਨ ਸਰਕਾਰ ਨੇ ਕੇਂਦਰ ਨਾਲ ਚਿੱਠੀ-ਪੱਤਰ ਵੀ ਕੀਤਾ। ਅਕਾਲੀ ਦਲ ਦੀ ਲੀਡਰਸ਼ਿਪ ਨੇ ਸਿੱਧੇ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਰਾਹੀਂ ਇਹ ਮੁੱਦਾ ਚੁੱਕਿਆ। ਮੋਦੀ ਸਰਕਾਰ ਵਿਚ ਕੈਬਨਿਟ ਮੰਤਰੀ ਹਰਸਿਮਰਤ ਬਾਦਲ ਨੇ ਵੀ ਲਿਖਤੀ ਅਤੇ ਜ਼ੁਬਾਨੀ ਇਸ ਕਾਰੀਡੋਰ ਦੀ ਮੰਗ ਉਠਾਈ, ਪਰ ਵਿਦੇਸ਼ ਮੰਤਰਾਲੇ ਵੱਲੋਂ ਇਹ ਗੋਲ-ਮੋਲ ਜਵਾਬ ਮਿਲਦਾ ਰਿਹਾ ਕਿ ਪਾਕਿਸਤਾਨ ਹੀ ਤਿਆਰ ਨਹੀਂ। ਪ੍ਰਧਾਨ ਮੰਤਰੀ ਵਲੋਂ ਇਸ ਮਾਮਲੇ ਬਾਰੇ ਧਾਰੀ ਚੁੱਪ ਅਜਿਹਾ ਪ੍ਰਭਾਵ ਦੇਣ ਲੱਗੀ ਕਿ ਮੋਦੀ ਸਰਕਾਰ ਇਸ ਮਾਮਲੇ ਬਾਰੇ ਉਦਾਸੀਨ ਵਤੀਰਾ ਅਪਣਾ ਰਹੀ ਹੈ ਜਿਸ ਕਰਕੇ ਸਿੱਖ ਮਨਾਂ ਅੰਦਰ ਮੋਦੀ ਸਰਕਾਰ ਦਾ ਨਾਂਹ-ਪੱਖੀ ਅਕਸ ਬਣ ਗਿਆ ਤੇ ਇਮਰਾਨ ਸਰਕਾਰ ਸਿੱਖਾਂ ਲਈ ਫਰਾਖ਼ਦਿਲ ਲੱਗਣ ਲੱਗੀ। ਅਕਾਲੀ ਲੀਡਰਸ਼ਿਪ ਲਈ ਵੀ ਕਾਫ਼ੀ ਕਸੂਤੀ ਹਾਲਤ ਬਣੀ ਹੋਈ ਸੀ। ਜਨਰਲ ਬਾਜਵਾ ਦੇ ਛੱਡੇ ਗੁੱਝੇ ਤੀਰ ਤੋਂ ਬਾਅਦ ਪਾਕਿਸਤਾਨ ਵਲੋਂ ਦੋ ਤਿੰਨ ਵਾਰ ਖੁੱਲ੍ਹੇਆਮ ਇਹ ਐਲਾਨ ਕੀਤੇ ਗਏ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਵਰ੍ਹੇ ਦੌਰਾਨ ਕਰਤਾਰਪੁਰ ਸਾਹਿਬ ਲਈ ਵੀਜ਼ਾ-ਮੁਕਤ ਲਾਂਘੇ ਲਈ ਤਿਆਰ ਹੈ।

ਅਜਿਹੇ ਮਾਹੌਲ ਵਿਚ ਕੇਂਦਰੀ ਕੈਬਨਿਟ ਵਲੋਂ ਪ੍ਰਕਾਸ਼ ਪੁਰਬ ਤੋਂ ਇਕ ਦਿਨ ਪਹਿਲਾਂ ਕਰਤਾਰਪੁਰ ਕਾਰੀਡੋਰ ਬਣਾਉਣ ਦੇ ਅਚਾਨਕ ਕੀਤੇ ਫ਼ੈਸਲੇ ਨੇ ਸਭ ਧਿਰਾਂ ਨੂੰ ਹੈਰਾਨ ਕਰ ਦਿੱਤਾ। ਸਿਰਫ਼ ਕਾਰੀਡੋਰ ਹੀ ਨਹੀਂ ਸਗੋਂ 550 ਸਾਲਾ ਪ੍ਰਕਾਸ਼ ਪੁਰਬ ਦੇ ਸਮਾਗਮਾਂ ਨਾਲ ਜੋੜ ਕੇ ਹੋਰ ਬਹੁਤ ਅਹਿਮ ਫ਼ੈਸਲੇ ਕੀਤੇ। ਜਿਸ ਢੰਗ ਨਾਲ ਕੇਂਦਰੀ ਕੈਬਨਿਟ ਵਲੋਂ ਇਹ ਫ਼ੈਸਲਾ ਕੀਤਾ ਗਿਆ ਅਤੇ ਇਸ ਤੋਂ ਬਾਅਦ ਜਿਸ ਤਰ੍ਹਾਂ ਭਾਰਤ ਵਾਲੇ ਪਾਸੇ 26 ਨਵੰਬਰ ਨੂੰ ਉਪ ਰਾਸ਼ਟਰਪਤੀ ਵੈਂਕੱਈਆ ਨਾਇਡੂ ਅਤੇ ਕੈਪਟਨ ਅਮਰਿੰਦਰ ਸਿੰਘ ਵਲੋਂ ਨੀਂਹ ਪੱਥਰ ਰੱਖਿਆ ਗਿਆ ਅਤੇ 28 ਨਵੰਬਰ ਨੂੰ ਇਮਰਾਨ ਖ਼ਾਨ ਵਲੋਂ ਕਰਤਾਰਪੁਰ ਵਿਚ ਇਸ ਦਾ ਨੀਂਹ-ਪੱਥਰ ਰੱਖਣ ਦੇ ਫਟਾ-ਫਟ ਐਲਾਨ ਹੋਏ, ਇਹ ਸਭ ਅਚੰਭੇ ਵਾਲੇ ਹੀ ਹਨ। 22 ਨਵੰਬਰ ਦੀ ਜਿਸ ਕੈਬਨਿਟ ਮੀਟਿੰਗ ਵਿਚ ਲਾਂਘੇ ਦਾ ਮਤਾ ਪਾਸ ਕੀਤਾ ਗਿਆ, ਉਹ ਏਜੰਡੇ ਵਿਚ ਸ਼ਾਮਲ ਨਹੀਂ ਸੀ। ਤਟ-ਫੱਟ ਏਜੰਡਾ ਬਣਾ ਕੇ ਇਹ ਫ਼ੈਸਲੇ ਕੀਤੇ ਗਏ। ਇਹ ਸਾਰਾ ਉਦੋਂ ਕੀਤਾ, ਜਦੋਂ ਇਹ ਸੂਹ ਮਿਲੀ ਕਿ ਪਾਕਿਸਤਾਨ ਨੇ 27 ਜਾਂ 28 ਨਵੰਬਰ ਨੂੰ ਕਰਤਾਰਪੁਰ ਵਿਚ ਲਾਂਘੇ ਦਾ ਨੀਂਹ ਪੱਥਰ ਰੱਖਣ ਦਾ ਫ਼ੈਸਲਾ ਕਰ ਲਿਆ ਹੈ। ਇਸ ਨੇ ਇਕਦਮ ਦ੍ਰਿਸ਼ ਬਦਲ ਦਿੱਤਾ। ਭਾਰਤੀ ਖੁਫ਼ੀਆ ਏਜੰਸੀਆਂ ਦੀ ਕਾਰਗੁਜ਼ਾਰੀ 'ਤੇ ਵੀ ਸਵਾਲ ਖੜ੍ਹੇ ਹੋਏ ਕਿ ਪਾਕਿਸਤਾਨ ਦੇ ਫ਼ੈਸਲੇ ਬਾਰੇ ਇੰਨੀ ਦੇਰੀ ਨਾਲ ਕਿਉਂ ਪਤਾ ਲੱਗਾ? ਮਜਬੂਰੀ ਨਾਲ ਕੀਤੇ ਇਸ ਫ਼ੈਸਲੇ ਨੂੰ ਕੇਂਦਰ ਸਰਕਾਰ ਨੇ ਆਪਣੀ ਕਲਾਕਾਰੀ-ਰੰਗਤ ਦੇ ਕੇ ਪੇਸ਼ ਕੀਤਾ। ਇਹ ਬੇਸ਼ੱਕ ਮਜਬੂਰੀ ਵਿਚ ਕੀਤਾ ਗਿਆ, ਪਰ ਫਿਰ ਵੀ ਇਹ ਇਤਿਹਾਸਕ ਫ਼ੈਸਲਾ ਹੈ। ਇਸ ਦੇ ਬਹੁਤ ਦੂਰਗਾਮੀ ਨਤੀਜੇ ਨਿਕਲ ਸਕਦੇ ਹਨ।

ਉਂਜ, ਇਸ ਨਾਲ ਆਪਣੇ ਅਤੇ ਭਾਜਪਾ ਸਰਕਾਰ ਦੇ ਘੱਟ ਗਿਣਤੀ ਤੇ ਇਥੋਂ ਤਕ ਕਿ ਸਿੱਖ ਵਿਰੋਧੀ ਬਣੇ ਜਾਂ ਬਣਦੇ ਜਾ ਰਹੇ ਅਕਸ ਸੁਧਾਰਨ ਵਿਚ ਮੋਦੀ ਨੂੰ ਮਦਦ ਮਿਲੇਗੀ। ਦੇਸ਼-ਵਿਦੇਸ਼ ਵਿਚ ਖਾਲਿਸਤਾਨੀ ਅਤੇ ਗਰਮ-ਖ਼ਿਆਲ ਸਿੱਖ ਧੜਿਆਂ ਵਲੋਂ ਮੋਦੀ ਸਰਕਾਰ ਵਿਰੋਧੀ ਕੀਤੇ ਜਾ ਰਹੇ ਤਿੱਖੇ ਪ੍ਰਚਾਰ ਦੀ ਧਾਰ ਵੀ ਕੁਝ ਖੁੰਢੀ ਹੋ



ਸਕਦੀ ਹੈ। 1984 ਦੇ ਸਿੱਖ ਕਤਲੇਆਮ ਦੇ ਦੋ ਦੋਸ਼ੀਆਂ ਨੂੰ ਸਜ਼ਾ ਮਿਲਣ ਤੋਂ ਫੌਰੀ ਬਾਅਦ ਕੀਤਾ ਗਿਆ ਉਪਰੋਕਤ ਫ਼ੈਸਲਾ ਜੇਕਰ ਸਹੀ ਭਾਵਨਾ ਨਾਲ ਲਾਗੂ ਕੀਤਾ ਜਾਵੇ ਤਾਂ ਇਹ ਸਿੱਖਾਂ ਅਤੇ ਖ਼ਾਸ ਕਰ ਕੇ ਨੌਜਵਾਨਾਂ ਦੇ ਇਕ ਹਿੱਸੇ ਵਿਚ ਬੇਗਾਨਗੀ ਦੀ ਭਾਵਨਾ ਨੂੰ ਘਟਾਉਣ ਵਿਚ ਸਹਾਈ ਹੋ ਸਕਦਾ ਹੈ।

ਜੇਕਰ ਅਗਲੇ ਵਰ੍ਹੇ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੇ ਪੱਖ ਤੋਂ ਦੇਖੀਏ ਤਾਂ ਸਿੱਖ ਵੋਟ ਬੈਂਕ ਦਾ ਮਹੱਤਵ ਸਿਰਫ਼ ਪੰਜਾਬ ਵਿਚ ਹੀ ਨਹੀਂ ਸਗੋਂ ਹਰਿਆਣਾ, ਹਿਮਾਚਲ, ਰਾਜਸਥਾਨ, ਮੱਧ ਪ੍ਰਦੇਸ਼, ਯੂ.ਪੀ., ਉਤਰਾਖੰਡ, ਦਿੱਲੀ ਅਤੇ ਕੁਝ ਹੋਰ ਸੂਬਿਆਂ ਅੰਦਰ ਵੀ ਹੈ। ਇਕ ਅਨੁਮਾਨ ਅਨੁਸਾਰ ਲੋਕ ਸਭਾ ਦੀਆਂ ਕੁਲ 35 ਸੀਟਾਂ ਅਜਿਹੀਆਂ ਹਨ ਜਿਥੇ ਸਿੱਖ ਵੋਟ ਚੋਣ ਨਤੀਜਿਆਂ ਨੂੰ ਸਿੱਧੇ ਪ੍ਰਭਾਵਿਤ ਕਰਦੇ ਹਨ।

ਮੋਦੀ ਸਰਕਾਰ ਦੇ ਕਰਤਾਰਪੁਰ ਲਾਂਘੇ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਾਲ ਭਰ ਚੱਲਣ ਵਾਲੇ ਪ੍ਰਕਾਸ਼ ਪੁਰਬ ਪ੍ਰੋਗਰਾਮ ਲਈ ਕੀਤੇ ਫ਼ੈਸਲਿਆਂ ਨੇ ਪੰਜਾਬ ਅਤੇ ਖ਼ਾਸ ਕਰ ਕੇ ਸਿੱਖ ਰਾਜਨੀਤੀ 'ਤੇ ਵੀ ਸਿੱਧਾ ਅਤੇ ਅਸਿੱਧਾ ਅਸਰ ਪਾਉਣਾ ਹੈ। ਪ੍ਰਧਾਨ ਮੰਤਰੀ ਸਿਰਫ਼ ਇਨ੍ਹਾਂ ਐਲਾਨਾਂ ਤਕ ਹੀ ਸੀਮਤ ਨਹੀਂ ਰਹੇ ਸਗੋਂ ਸਿੱਖ ਜਗਤ ਅੰਦਰ ਸੁਖਦ ਅਨੁਭਵ ਦੇਣ ਅਤੇ ਆਪਣੇ ਅਕਸ ਨੂੰ ਧਰਮ ਨਿਰਪੱਖ ਦਰਸਾਉਣ ਲਈ ਉਹ ਹੋਰ ਵੀ ਅੱਗੇ ਚਲੇ ਗਏ। 23 ਨਵੰਬਰ ਨੂੰ ਗੁਰਪੁਰਬ ਮੌਕੇ ਸੁਖਬੀਰ ਸਿੰਘ ਬਾਦਲ ਅਤੇ ਹਰਸਿਮਰਤ ਕੌਰ ਬਾਦਲ ਦੀ ਰਿਹਾਇਸ਼ 'ਤੇ ਜਾ ਕੇ ਗੁਰਪੁਰਬ ਸਮਾਗਮ ਵਿਚ ਸ਼ਾਮਲ ਹੀ ਨਹੀਂ ਹੋਏ ਸਗੋਂ ਹਿੰਦ-ਪਾਕਿ ਸਬੰਧਾਂ ਦੇ ਹਵਾਲੇ ਨਾਲ 'ਬਰਲਿਨ ਦਿ ਗਰੇਟ ਦੀਵਾਰ' ਢਾਹੇ ਜਾਣ ਦੀ ਮਿਸਾਲ ਦੇ ਕੇ ਸਭ ਨੂੰ ਹੈਰਾਨ ਵੀ ਕੀਤਾ।

ਇਹ ਸਾਰਾ ਘਟਨਾਕ੍ਰਮ ਅਕਾਲੀ ਲੀਡਰਸ਼ਿਪ ਅਤੇ ਖ਼ਾਸ ਕਰਕੇ ਸੁਖਬੀਰ ਸਿੰਘ ਬਾਦਲ ਲਈ ਵੱਡੀ ਨਿਆਮਤ ਹੈ। ਪਿਛਲੇ ਸਮੇਂ ਵਿਚ ਗਾਹੇ-ਬਗਾਹੇ ਇਹ ਪ੍ਰਭਾਵ ਚੱਲਦਾ ਰਿਹਾ ਕਿ ਪ੍ਰਧਾਨ ਮੰਤਰੀ ਅਕਾਲੀ ਲੀਡਰਸ਼ਿਪ ਅਤੇ ਇਸ ਨੂੰ ਦਰਪੇਸ਼ ਮੁਸ਼ਕਲਾਂ-ਮਸਲਿਆਂ ਦੀ ਬਹੁਤੀ ਪ੍ਰਵਾਹ ਨਹੀਂ ਕਰਦੇ। ਅਕਾਲੀ -ਭਾਜਪਾ ਗਠਜੋੜ ਵਿਚ ਤਣਾਅ ਅਤੇ ਆਪਸੀ ਦੂਰੀ ਦੀਆਂ ਖ਼ਬਰਾਂ ਵੀ ਆਉਂਦੀਆਂ ਰਹੀਆਂ। ਸੁਖਬੀਰ ਸਿੰਘ ਬਾਦਲ ਨੇ ਪੰਜਾਬ ਤੋਂ ਬਾਹਰ ਵੀ ਲੋਕ ਸਭਾ ਚੋਣਾਂ ਆਪਣੇ ਦਮ 'ਤੇ ਲੜਨ ਦਾ ਐਲਾਨ ਕੀਤਾ ਸੀ। ਇਹ ਮੰਨਿਆ ਜਾਵੇਗਾ ਕਿ ਮੋਦੀ ਨੇ ਅਜਿਹੇ ਮੌਕੇ ਅਕਾਲੀ ਲੀਡਰਸ਼ਿਪ ਨੂੰ ਠੁੰਮ੍ਹਣਾ ਦੇਣ ਦਾ ਯਤਨ ਕੀਤਾ ਹੈ ਜਦੋਂ ਕਿ ਉਹ ਬੇਅਦਬੀ ਤੇ ਸਿੱਖੀ ਨਾਲ ਜੁੜੇ ਵਿਵਾਦਾਂ ਅਤੇ ਅੰਦਰੂਨੀ ਵਿਰੋਧ ਕਰਨ ਸਿਆਸੀ ਦਬਾਅ ਹੇਠ ਵਿਚਰ ਰਹੇ ਸਨ। ਇਸ ਨਾਲ ਗੱਠਜੋੜ ਵੀ ਮਜ਼ਬੂਤ ਹੋਏਗਾ ਅਤੇ ਅਕਾਲੀਆਂ ਦਾ ਮਨੋਬਲ ਵੀ ਵਧੇਗਾ।

ਉਂਜ ਤਾਂ ਕੈਪਟਨ ਸਰਕਾਰ ਅਤੇ ਕਾਂਗਰਸ ਪਾਰਟੀ ਨੇ ਆਪਣੇ ਰਾਜ ਪ੍ਰਬੰਧ ਨਾਲ ਜੁੜੇ ਕਾਰ-ਵਿਹਾਰ ਅਤੇ ਕਾਰਗੁਜ਼ਾਰੀ 'ਤੇ ਟੇਕ ਰੱਖਣ ਦੀ ਪਾਏਦਾਰ ਰਣਨੀਤੀ ਦੀ ਥਾਂ ਪੰਥਕ ਰਾਜਨੀਤੀ ਵਿਚ ਬੇਲੋੜੀ ਦਾਖਲ-ਅੰਦਾਜ਼ੀ ਕਰਕੇ, ਸਿੱਖ ਮੁੱਦਿਆਂ ਨੂੰ ਉਭਾਰ ਕੇ, ਬਾਦਲਾਂ ਨੂੰ ਸਿੱਖ ਵਿਰੋਧੀ ਸਾਬਤ ਕਰਨ ਦੇ ਯਤਨ ਵਿਚ ਅਕਾਲੀਆਂ ਨੂੰ ਪੰਜਾਬ ਦੀ ਰਾਜਨੀਤੀ ਵਿਚ ਸੈਂਟਰ ਸਟੇਜ 'ਤੇ ਲੈ ਆਂਦਾ ਹੈ, ਪਰ ਹੁਣ ਮੋਦੀ ਦੇ 'ਮਿਹਰ ਭਰੇ' ਹੱਥ ਕਰਕੇ ਅਕਾਲੀ ਲੀਡਰਸ਼ਿਪ ਹਮਲਾਵਰ ਰੁਖ਼ ਅਖ਼ਤਿਆਰ ਕਰੇਗੀ। ਦਿੱਲੀ ਦੀ ਅਦਾਲਤ ਵੱਲੋਂ 1984 ਦੇ ਦੋਸ਼ੀਆਂ ਨੂੰ ਸੁਣਾਈ ਗਈ ਸਜ਼ਾ ਅਤੇ ਮੋਦੀ ਸਰਕਾਰ ਵੱਲੋਂ ਕੀਤੇ ਸਿੱਖੀ ਨਾਲ ਜੁੜੇ ਤਾਜ਼ਾ ਫ਼ੈਸਲਿਆਂ ਨੇ ਅਕਾਲੀ ਦਲ ਨੂੰ ਮਜ਼ਬੂਤ ਕਰ ਦਿੱਤਾ ਹੈ ਕਿ ਜਿਹੜੇ ਕੰਮ ਕਾਂਗਰਸ ਸਰਕਾਰਾਂ ਅੰਦਰ ਦਹਾਕਿਆਂ ਦੌਰਾਨ ਨਹੀਂ ਹੋਏ, ਉਹ ਅਕਾਲੀ ਦਲ ਦੀ ਸ਼ਮੂਲੀਅਤ ਵਾਲੀ ਮੋਦੀ ਸਰਕਾਰ ਨੇ ਕਰ ਵਿਖਾਏ ਹਨ।

ਇਸ ਮਾਹੌਲ ਵਿਚ ਕੋਈ ਵੀ ਸਰਕਾਰ, ਸਿਆਸੀ ਪਾਰਟੀ, ਕੋਈ ਧਿਰ ਜਾਂ ਵਿਅਕਤੀ ਤਾਜ਼ਾ ਫ਼ੈਸਲਿਆਂ ਦਾ ਸਿਹਰਾ ਲੈਣ ਜਾਂ ਭਵਿਖ ਵਿਚ ਲਾਹਾ ਲੈਣ ਦਾ ਯਤਨ ਕਰੇ ਜਾਂ ਨਾ, ਪਰ ਅਸਲੀਅਤ ਇਹ ਹੈ ਕਿ ਕਰਤਾਰਪੁਰ ਲਾਂਘੇ ਦਾ ਮੋਦੀ ਸਰਕਾਰ ਦਾ ਫ਼ੈਸਲਾ ਆਪਣੇ ਆਪ ਵਿਚ ਬੇਹੱਦ ਸ਼ਲਾਘਾਯੋਗ ਫ਼ੈਸਲਾ ਹੈ ਕਿਉਂਕਿ ਇਹ ਲਾਂਘਾ ਸਿਰਫ਼ ਪਵਿਤਰ ਅਤੇ ਇਤਿਹਾਸਕ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਦਾ ਰਾਹ ਨਹੀਂ ਸਗੋਂ ਦੋਹਾਂ ਮੁਲਕਾਂ ਅਤੇ ਇਨ੍ਹਾਂ ਦੇ ਲੋਕਾਂ ਵਿਚਕਾਰ ਸੰਵਾਦ, ਮੇਲ-ਮਿਲਾਪ ਅਤੇ ਦੋਸਤੀ ਦਾ ਨਵਾਂ ਰਾਹ ਵੀ ਖੋਲ੍ਹ ਸਕਦਾ ਹੈ।

# ਰਾਮ ਮੰਦਿਰ ਲਈ 'ਧਰਮ ਸਭਾ' ਵਿਚੋਂ ਉਭਰੇ ਖਤਰਨਾਕ ਸੰਕੇਤ

**ਬੂਟਾ ਸਿੰਘ**
ਫੋਨ: +91-94634-74342

ਆਰ.ਐਸ.ਐਸ. ਅਤੇ ਇਸ ਨਾਲ ਸਬੰਧਤ ਹਿੰਦੂਤਵ ਜਥੇਬੰਦੀਆਂ ਨੇ ਇਕ ਵਾਰ ਫਿਰ ਹਿੰਦੂ ਫਿਰਕੇ ਦੀਆਂ ਧਾਰਮਕ ਭਾਵਨਾਵਾਂ ਵਰਤ ਕੇ ਭੜਕਾਹਟ ਪੈਦਾ ਕਰਨ ਦੀ ਕੋਸ਼ਿਸ਼ ਤੇਜ਼ ਕਰ ਦਿੱਤੀ ਹੈ। ਪਿਛਲੇ ਦਿਨੀਂ ਪਹਿਲਾਂ ਸ਼ਬਰੀਮਾਲਾ ਮੰਦਿਰ ਤੇ ਫਿਰ ਰਾਮ ਮੰਦਿਰ ਦੇ ਸਵਾਲ ਉਪਰ ਧਾਰਮਕ ਭਾਵਨਾਵਾਂ ਨੂੰ ਤਰਜੀਹ ਦੇਣ ਦੇ ਬਹਾਨੇ ਸੁਪਰੀਮ ਕੋਰਟ ਦੇ ਆਦੇਸ਼ਾਂ ਵਿਰੁਧ ਬਿਆਨਬਾਜ਼ੀ, ਗਿਣੀ-ਮਿੱਥੀ ਯੋਜਨਾ ਦਾ ਹਿੱਸਾ ਹੈ। ਰਾਸ਼ਟਰੀ ਹਿਤਾਂ ਦੇ ਵਾਹਦ ਵਾਰਿਸ ਹੋਣ ਦੇ ਦਾਅਵੇਦਾਰਾਂ ਨੂੰ ਅਦਾਲਤੀ ਅਮਲ 'ਤੇ ਵੀ ਭਰੋਸਾ ਨਹੀਂ। ਦਰਅਸਲ, ਇਹ ਮੌਕਾ ਖਾਸ ਤੌਰ 'ਤੇ ਚੁਣਿਆ ਗਿਆ। ਪੰਜ ਸੂਬਿਆਂ 'ਚ ਵਿਧਾਨ ਸਭਾ ਚੋਣਾਂ ਅਤੇ 2019 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਐਸੇ ਮੁੱਦੇ ਭੜਕਾਉਣਾ ਭਗਵੇਂ ਕੈਂਪ ਦੀ ਅਣਸਰਦੀ ਲੋੜ ਹੈ। ਵਿਕਾਸ ਦੇ ਜੁਮਲੇ ਦਾ ਮੁਲੰਮਾ ਬੁਰੀ ਤਰ੍ਹਾਂ ਲਹਿ ਚੁਕਾ ਹੈ ਅਤੇ ਹੁਣ ਇਸ ਵਿਚ ਵੋਟਰਾਂ ਨੂੰ ਭਰਮਾਉਣ ਲਈ ਪਹਿਲਾਂ ਵਾਲਾ ਜਲੌਅ ਤੇ ਸਮਰੱਥਾ ਨਹੀਂ ਹੈ। ਖੁਦ ਸੱਤਾਧਾਰੀ ਹੋਣ ਕਾਰਨ ਹੁਣ ਭਗਵੇਂ ਆਗੂਆਂ ਲਈ ਆਪਣੀ ਨਾਕਾਮੀ ਤੇ ਆਮ ਲੋਕਾਂ ਦੀ ਆਰਥਿਕ ਜ਼ਿੰਦਗੀ ਨੂੰ ਡੂੰਘੇ ਸੰਕਟ ਵਿਚ ਧੱਕਣ ਵਾਲੇ ਆਪਣੇ ਫੈਸਲਿਆਂ ਬਾਰੇ ਕਿਸੇ ਸ਼ਰੀਕ ਸਿਆਸੀ ਧਿਰ ਨੂੰ ਜ਼ਿੰਮੇਵਾਰ ਠਹਿਰਾਉਣਾ ਸੰਭਵ ਨਹੀਂ। ਇਸੇ ਕਾਰਨ ਹੁਣ ਵੋਟ ਬੈਂਕ ਪੱਕਾ ਕਰਨ ਲਈ ਭਗਵੇਂ ਕੈਂਪ ਦੀ ਮੁੱਖ ਟੇਕ ਹਿੰਦੂ ਫਿਰਕੇ ਦੇ ਜਜ਼ਬਾਤ ਦਾ ਸ਼ੋਸ਼ਣ ਕਰਨ 'ਤੇ ਹੈ।

ਐਪਰ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਹਾਲੀਆ ਮੁਹਿੰਮ ਦਾ ਫੌਰੀ ਮਨੋਰਥ ਚਾਹੇ ਚੋਣਾਂ ਵਿਚ ਹਿੰਦੂ ਪੱਤਾ ਖੇਡ ਕੇ ਸੱਤਾ 'ਤੇ ਮੁੜ ਕਾਬਜ਼ ਹੋਣਾ ਅਤੇ ਆਵਾਮ ਦਾ ਧਿਆਨ ਅਸਲ ਮੁੱਦਿਆਂ, ਖਾਸ ਕਰਕੇ ਮੋਦੀ ਰਾਜ ਦੀਆਂ ਨਾਕਾਮੀਆਂ ਤੋਂ ਹਟਾਉਣਾ ਹੈ, ਪਰ ਇਸ ਦਾ ਅੰਤਮ ਟੀਚਾ ਪੱਕੀ ਫਿਰਕੂ ਪਾਲਾਬੰਦੀ ਰਾਹੀਂ ਹਿੰਦੂ ਰਾਸ਼ਟਰ ਬਣਾਉਣ ਲਈ ਹਾਲਾਤ ਤਿਆਰ ਕਰਨਾ ਹੈ। ਇਸ ਤਰ੍ਹਾਂ ਦੇ ਜਜ਼ਬਾਤੀ ਮੁੱਦਿਆਂ ਦੇ ਕੀਲੇ ਹਿੰਦੂ ਆਵਾਮ ਅਤੇ ਸੰਘ ਦੇ ਸਧਾਰਨ ਹਮਾਇਤੀ ਨਹੀਂ ਜਾਣਦੇ ਕਿ ਹਿੰਦੁਤਵੀ ਆਗੂਆਂ ਦਾ ਧਾਰਮਕ ਅਕੀਦੇ ਦੇ ਤੌਰ 'ਤੇ ਭਗਵਾਨ ਰਾਮ ਨਾਲ ਸ਼ਾਇਦ ਹੀ ਕੋਈ ਲਗਾਓ ਹੋਵੇ, ਉਨ੍ਹਾਂ ਲਈ ਤਾਂ ਇਹ ਮਹਿਜ਼ ਫਿਰਕੂ ਪਾਟਕ ਪਾ ਕੇ ਹਿੰਦੁਤਵ ਦੇ ਏਜੰਡੇ ਲਈ ਸਮਾਜਕ ਆਧਾਰ ਤਿਆਰ ਕਰਨ ਦਾ ਜ਼ਰੀਆ ਹੈ। ਹਿੰਦੂਤਵੀ ਆਗੂਆਂ ਦਾ ਸਪਸ਼ਟ ਐਲਾਨ ਹੈ ਕਿ ਜੇ ਨਿਆਂ ਪ੍ਰਣਾਲੀ ਉਨ੍ਹਾਂ ਦੀਆਂ 'ਭਾਵਨਾਵਾਂ' ਅਨੁਸਾਰ ਨਹੀਂ ਚੱਲਦੀ ਤਾਂ ਉਨ੍ਹਾਂ ਨੂੰ 1992 ਵਾਂਗ ਸੁਪਰੀਮ ਕੋਰਟ ਦੇ ਆਦੇਸ਼ਾਂ ਨੂੰ ਪੈਰਾਂ ਹੇਠ ਦਰੜ ਕੇ ਆਪਣੇ ਧਰਮ ਸੰਸਦੀ ਫਰਮਾਨਾਂ ਨੂੰ ਲਾਗੂ ਕਰਨ ਦਾ ਚੁਣੌਤੀ ਰਹਿਤ ਹੱਕ ਹੈ ਕਿਉਂਕਿ ਉਨ੍ਹਾਂ ਦੀਆਂ ਭਾਵਨਾਵਾਂ ਨਿਆਂ ਦੇ ਤਕਾਜ਼ੇ ਤੋਂ ਉਪਰ ਹਨ।

ਜਿਸ ਤਰ੍ਹਾਂ ਸਿਲਸਿਲੇਵਾਰ ਤਿਆਰੀ ਨਾਲ ਹਾਲ ਹੀ ਵਿਚ ਅਯੁੱਧਿਆ ਵਿਚ 'ਧਰਮ ਸਭਾ' ਸੱਦੀ ਗਈ, ਜਿਵੇਂ ਬਾਬਰੀ ਮਸਜਿਦ, ਗਿਆਨ ਵਾਪੀ ਮਸਜਿਦ (ਵਾਰਾਨਸੀ) ਅਤੇ ਜਾਮਾ ਮਸਜਿਦ (ਨਵੀਂ ਦਿੱਲੀ) ਦੀ ਥਾਂ ਮੰਦਿਰ ਬਣਾਉਣ ਦੇ ਬਿਆਨਾਂ 'ਚ ਤੇਜ਼ੀ ਲਿਆਂਦੀ ਗਈ ਹੈ, 6 ਦਸੰਬਰ 1992 ਨੂੰ ਇਸੇ ਤਰ੍ਹਾਂ ਪੰਜ ਸਾਲ ਲੰਮੀ ਤਿਆਰੀ ਪਿਛੋਂ ਸੰਘ ਦੇ ਹਜੂਮ ਨੇ ਬਾਬਰੀ ਮਸਜਿਦ ਤੋੜੀ ਸੀ। ਫਿਰ ਮੁਸਲਿਮ ਫਿਰਕੇ ਨੂੰ ਦਹਿਸ਼ਤਜ਼ਦਾ ਕਰਨ ਲਈ ਵੱਡੇ ਪੈਮਾਨੇ 'ਤੇ ਹਮਲੇ ਕੀਤੇ ਗਏ। 18 ਮੁਸਲਮਾਨ ਮਾਰੇ ਜਾਣ, 23 ਸਥਾਨਕ ਮਸਜਿਦਾਂ ਤੋੜੇ ਜਾਣ ਅਤੇ ਮੁਸਲਿਮ ਘਰਾਂ ਤੇ ਕਾਰੋਬਾਰਾਂ ਦੀ ਵਿਆਪਕ ਸਾੜ-ਫੂਕ ਦੇ ਬਾਵਜੂਦ ਮੁਸਲਿਮ ਭਾਈਚਾਰੇ ਨੂੰ ਕੋਈ ਨਿਆਂ ਨਾ ਮਿਲਿਆ; ਜਦਕਿ ਇਸ ਦੇ ਪ੍ਰਤੀਕਰਮ ਵਜੋਂ ਹੋਏ ਦਹਿਸ਼ਤੀ ਕਾਂਡਾਂ ਲਈ ਕਥਿਤ ਤੌਰ 'ਤੇ ਜ਼ਿੰਮੇਵਾਰ ਲੋਕਾਂ ਨੂੰ ਸਜ਼ਾ ਦੇਣ ਦੇ ਨਾਂ ਹੇਠ ਦਰਜਨਾਂ ਬੇਕਸੂਰ ਮੁਸਲਿਮ ਪਰਿਵਾਰ ਰਾਜ ਮਸ਼ੀਨਰੀ ਵਲੋਂ ਬਰਬਾਦ ਕਰ ਦਿੱਤੇ ਗਏ। ਢਾਈ ਦਹਾਕੇ ਪਿਛੋਂ ਅਯੁੱਧਿਆ 'ਚ ਕਥਿਤ ਰਾਮ ਭਗਤ ਹਜੂਮ ਦੀ ਮੁੜ ਆਮਦ ਨਾਲ ਮੁਸਲਿਮ ਘੱਟ ਗਿਣਤੀ ਦੀ ਚਿੰਤਾ ਵਧਣੀ ਸੁਭਾਵਿਕ ਹੈ ਜੋ ਯੋਗੀਰਾਜ ਵਿਚ ਪਹਿਲਾਂ ਹੀ ਲਵ ਜਹਾਦ, ਘਰ ਵਾਪਸੀ, ਗਊ ਰੱਖਿਆ ਦੇ ਬਹਾਨੇ ਹਿੰਦੁਤਵੀ ਹਮਾਇਤੀ ਗੁੱਟਾਂ ਦੇ ਹਮਲਿਆਂ ਅਤੇ ਫਰਜ਼ੀ ਪੁਲਿਸ ਮੁਕਾਬਲਿਆਂ ਦੇ ਦਹਿਸ਼ਤਵਾਦੀ ਮਾਹੌਲ ਵਿਚ ਡਰ-ਡਰ ਕੇ ਦਿਨ ਕੱਟ ਰਹੇ ਹਨ। ਹਿੰਦੂਆਂ ਲਈ ਗੰਭੀਰਤਾ ਨਾਲ ਸੋਚਣ ਦਾ ਸਵਾਲ ਇਹ ਹੈ ਕਿ ਇਹ ਕੈਸੀ ਧਾਰਮਕ ਸ਼ਰਧਾ ਹੈ ਕਿ 'ਰਾਮ ਭਗਤਾਂ' ਦੀ ਆਹਟ ਤੋਂ ਸਹਿਮੇ ਘੱਟ ਗਿਣਤੀ ਲੋਕ ਆਪਣੀਆਂ ਬਹੂ-ਬੇਟੀਆਂ ਨੂੰ ਮਹਿਫੂਜ਼ ਕਰਨ ਲਈ ਪਹਿਲਾਂ ਹੀ ਅਯੁੱਧਿਆ-ਫੈਜ਼ਾਬਾਦ ਤੋਂ ਬਾਹਰ ਭੇਜਣਾ ਸ਼ੁਰੂ ਕਰ ਦਿੰਦੇ ਹਨ?

ਅਕਤੂਬਰ ਦੇ ਅਖੀਰ ਵਿਚ ਸੁਪਰੀਮ ਕੋਰਟ ਨੇ ਬਾਬਰੀ ਮਸਜਿਦ ਕੇਸ ਦੀ ਅਗਾਊਂ ਸੁਣਵਾਈ ਦੀ ਅਪੀਲ ਨਾਮਨਜ਼ੂਰ ਕਰ ਦਿੱਤੀ। ਇਹ ਸਾਫ ਹੋਣ ਨਾਲ ਕਿ ਜਨਵਰੀ 2019 ਤੋਂ ਪਹਿਲਾਂ ਕੇਸ ਦੀ ਸੁਣਵਾਈ ਸ਼ੁਰੂ ਨਹੀਂ ਹੋਵੇਗੀ, ਹਿੰਦੂਤਵ ਕੈਂਪ ਲਈ ਸਮੱਸਿਆ ਖੜ੍ਹੀ ਹੋ ਗਈ ਕਿ ਹੁਣ ਰਾਮ ਮੰਦਿਰ ਦੇ ਸਵਾਲ ਨੂੰ ਚੋਣ ਤਿਆਰੀ ਲਈ ਕਿਵੇਂ ਭਖਾਇਆ ਜਾਵੇ। ਆਰ.ਐਸ.ਐਸ. ਸਮੇਤ ਸੰਘ ਪਰਿਵਾਰ ਦੇ ਆਗੂਆਂ ਨੇ ਤਿੱਖੀ ਬਿਆਨਬਾਜ਼ੀ ਸ਼ੁਰੂ ਕਰ ਦਿੱਤੀ। ਸੰਘ ਦੇ ਜਨਰਲ ਸਕੱਤਰ ਭਈਆ ਜੀ ਜੋਸ਼ੀ ਨੇ ਕਿਹਾ ਕਿ ਇਸ ਅਦਾਲਤੀ ਫੈਸਲੇ ਨਾਲ ਹਿੰਦੂ ਬੇਇੱਜ਼ਤ ਮਹਿਸੂਸ ਕਰ ਰਹੇ ਹਨ। ਕੇਂਦਰੀ ਮੰਤਰੀ ਗਿਰੀਰਾਜ ਸਿੰਘ ਦਾ ਬਿਆਨ ਹੋਰ ਵੀ ਸਿੱਧਾ-ਸਪਾਟ ਸੀ ਕਿ ਅਕੀਦੇ ਦਾ ਫੈਸਲਾ ਅਦਾਲਤੀ ਨਿਆਂ ਨਾਲ ਨਹੀਂ ਹੋ ਸਕਦਾ ਅਤੇ ਹਿੰਦੂਆਂ ਦਾ ਸਬਰ ਮੁੱਕਦਾ ਜਾ ਰਿਹਾ ਹੈ। ਨਾਗਪੁਰ ਵਿਚ 'ਹੁੰਕਾਰ ਸਭਾ' ਵਿਚ ਸੰਘ ਮੁਖੀ ਮੋਹਨ ਭਾਗਵਤ ਮੰਗ ਕਰਦੇ ਹਨ ਕਿ 'ਮਾਮਲਾ ਅਦਾਲਤ ਵਿਚ ਹੈ, ਫੈਸਲਾ ਛੇਤੀ ਦਿੱਤਾ ਜਾਵੇ।' ਵਿਸ਼ਵ ਹਿੰਦੂ ਪ੍ਰੀਸ਼ਦ ਦੇ ਆਗੂ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਰਾਮ ਮੰਦਿਰ ਲਈ ਸਮੁੱਚੀ ਜ਼ਮੀਨ ਚਾਹੀਦੀ ਹੈ, ਝਗੜੇ ਦੇ ਹੱਲ ਲਈ ਜ਼ਮੀਨ ਤਿੰਨ ਹਿੱਸਿਆਂ ਵਿਚ ਵੰਡਣ ਦਾ ਅਲਾਹਾਬਾਦ ਹਾਈਕੋਰਟ ਦਾ ਫੈਸਲਾ ਉਨ੍ਹਾਂ ਨੂੰ ਮਨਜ਼ੂਰ ਨਹੀਂ। ਸੰਘ ਦੇ ਬਿਆਨਾਂ ਦਾ ਨਿਚੋੜ ਇਹ ਹੈ ਕਿ ਅਦਾਲਤੀ ਅਮਲ ਵਿਚ ਦੇਰੀ ਹੋ ਰਹੀ ਹੈ, ਸਰਕਾਰ ਆਰਡੀਨੈਂਸ ਜਾਰੀ ਕਰਕੇ ਮੰਦਿਰ ਉਸਾਰਨ ਦੇ ਰਾਹ ਦੇ ਅੜਿੱਕੇ ਦੂਰ ਕਰੇ।

ਇਸ ਸਮੁੱਚੇ ਘਟਨਾਕ੍ਰਮ ਨੂੰ ਦੇਖਦਿਆਂ ਇਹ ਕਿਆਫੇ ਲਾਏ ਜਾ ਰਹੇ ਹਨ: ਕੀ 25 ਨਵੰਬਰ ਨੂੰ ਅਯੁੱਧਿਆ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਝੰਡੇ ਹੇਠ ਕੀਤੀ 'ਧਰਮ ਸਭਾ' ਰਾਮ ਮੰਦਿਰ ਦੇ ਨਾਂ ਹੇਠ ਨੇੜ ਭਵਿਖ ਵਿਚ ਕੀਤੀ ਜਾਣ ਵਾਲੀ ਕਿਸੇ ਵੱਡੀ ਕਾਰਵਾਈ ਦੀ ਤਿਆਰੀ ਹੈ? ਸੰਘ ਨੇ ਬੱਸਾਂ, ਰੇਲ ਗੱਡੀਆਂ ਤੇ ਮੋਟਰ ਸਾਈਕਲਾਂ ਰਾਹੀਂ ਇਕ ਲੱਖ ਵਰਕਰ ਅਯੁੱਧਿਆ ਲਿਆਉਣ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਤਿੰਨ ਲੱਖ ਦਾ ਇਕੱਠ ਕਰਨ ਦੇ ਐਲਾਨ ਕੀਤੇ ਸਨ। ਇਕੱਠ ਦੀ ਗਿਣਤੀ ਤੋਂ ਵੱਧ ਚਿੰਤਾਜਨਕ ਇਸ ਤਾਕਤ ਪ੍ਰਦਰਸ਼ਨ ਪਿੱਛੇ ਕੰਮ ਕਰ ਰਹੇ ਮਨਸੂਬੇ ਅਤੇ ਇਨ੍ਹਾਂ ਨੂੰ ਅੰਜਾਮ ਦੇਣ ਲਈ ਲਗਾਤਾਰ ਚਲਾਈਆਂ ਜਾ ਰਹੀਆਂ ਜ਼ਹਿਰੀ ਮੁਹਿੰਮਾਂ ਹਨ ਜਿਨ੍ਹਾਂ ਜ਼ਰੀਏ ਹਿੰਦੂ ਨੌਜਵਾਨਾਂ ਨੂੰ ਉਨ੍ਹਾਂ ਦੀ ਜ਼ਿੰਦਗੀ ਦੇ ਅਸਲ ਮਸਲਿਆਂ ਤੋਂ ਭਟਕਾ ਕੇ ਮਸਜਿਦ ਦੇ ਖੰਡਰਾਂ 'ਤੇ ਮੰਦਿਰ ਬਣਾਉਣ ਦੇ ਫਿਰਕੂ ਜਹਾਦ ਵਿਚ ਉਲਝਾਇਆ ਜਾ ਰਿਹਾ ਹੈ।

ਸ਼ਾਇਦ ਹੀ ਕਿਸੇ ਨੇ ਧਿਆਨ ਦਿੱਤਾ ਹੋਵੇ ਕਿ ਸਤੰਬਰ ਮਹੀਨੇ 'ਸ੍ਰੀ ਰਾਮ ਮੰਦਿਰ ਨਿਰਮਾਣ ਸਹਿਯੋਗ ਮੰਚ' ਨਾਂ ਦੀ ਨਵੀਂ ਸੰਸਥਾ ਬਣਾਈ ਗਈ। ਅਯੁੱਧਿਆ ਵਿਚ 18 ਅਕਤੂਬਰ ਨੂੰ ਮੁੱਖ ਮੰਤਰੀ ਦੀ 'ਛੋਟੀ ਦੀਵਾਲੀ' ਜਸ਼ਨਬੰਦ ਕਰਨ ਵਿਚ ਇਸ ਸੰਸਥਾ ਦੀ ਭੂਮਿਕਾ ਸੰਘ ਪਰਿਵਾਰ ਵਿਚ ਇਸ ਦੇ ਸਥਾਨ ਦਾ ਜਾਹਰਾ ਸਬੂਤ ਸੀ। ਯੂ.ਪੀ. ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਵਲੋਂ ਮੋਟਰ ਸਾਈਕਲ ਰੈਲੀਆਂ ਕੱਢ ਕੇ ਐਲਾਨ ਕੀਤੇ ਗਏ ਹਨ ਕਿ ਇਹ ਆਖਰੀ ਧਰਮ ਸਭਾ ਹੈ; ਹੁਣ ਹੋਰ ਧਰਮ ਸਭਾਵਾਂ ਨਹੀਂ ਹੋਣਗੀਆਂ, ਹੁਣ ਤਾਂ ਮੰਦਿਰ ਬਣਾਇਆ ਜਾਵੇਗਾ। ਯੋਗੀ ਅਦਿਤਿਆਨਾਥ ਵਲੋਂ 'ਧਰਮ ਸਭਾ' ਤੋਂ ਇਕ ਦਿਨ ਪਹਿਲਾਂ ਅਯੁੱਧਿਆ ਵਿਚ ਭਗਵਾਨ ਰਾਮ ਦਾ 221 ਮੀਟਰ ਉਚਾ ਬੁੱਤ ਲਾਉਣ ਦੀ ਯੋਜਨਾ ਨੂੰ ਮਨਜ਼ੂਰੀ ਦੇਣਾ ਇਸੇ ਦਿਸ਼ਾ ਵਿਚ ਸੰਕੇਤਕ ਕਾਰਵਾਈ ਹੈ। 'ਧਰਮ ਸਭਾ' ਨੂੰ ਸੰਬੋਧਨ ਕਰਨ ਵਾਲੇ ਬੁਲਾਰਿਆਂ ਨੇ ਵੀ ਸਾਫ ਕਿਹਾ ਹੈ ਕਿ ਅਗਲੇ ਸਾਲ ਅਲਾਹਾਬਾਦ ਵਿਚ ਕੁੰਭ ਮੇਲੇ ਮੌਕੇ ਮੰਦਿਰ ਬਣਾਉਣ ਦੀ ਤਾਰੀਕ ਦਾ ਐਲਾਨ ਕੀਤਾ ਜਾਵੇਗਾ।



ਸ਼ਿਵ ਸੈਨਾ ਦੀ ਸੁਰ ਤਾਂ ਹੋਰ ਵੀ ਤਿੱਖੀ ਹੈ। ਇਸ ਦੇ ਆਗੂ ਭਾਵੇਂ ਮੋਦੀ ਸਰਕਾਰ ਵਿਰੁਧ ਤਿੱਖੀ ਬਿਆਨਬਾਜ਼ੀ ਕਰਦੇ ਰਹਿੰਦੇ ਹਨ ਪਰ ਅਯੁੱਧਿਆ ਪਹੁੰਚ ਕੇ ਉਨ੍ਹਾਂ ਦਾ ਮਨੋਰਥ ਰਾਮ ਮੰਦਿਰ ਦੇ ਮਸਲੇ ਨੂੰ ਹੋਰ ਭੜਕਾਉਣਾ ਸੀ। 'ਪਹਿਲੇ ਮੰਦਿਰ, ਫਿਰ ਸਰਕਾਰ' ਦੇ ਐਲਾਨ ਤਹਿਤ ਚਾਰ ਹਜ਼ਾਰ ਸੈਨਿਕ ਅਤੇ ਸੀਨੀਅਰ ਸ਼ਿਵ ਸੈਨਾ ਆਗੂ ਇਕ ਦਿਨ ਪਹਿਲਾਂ ਹੀ ਪੰਜ ਰੇਲ ਗੱਡੀਆਂ 'ਤੇ ਸਵਾਰ ਹੋ ਕੇ ਅਯੁੱਧਿਆ ਪਹੁੰਚ ਗਏ। ਸ਼ਿਵ ਸੈਨਾ ਦੇ ਬੁਲਾਰੇ 'ਸਾਮਨਾ' ਨੇ ਐਲਾਨ ਕੀਤਾ ਕਿ ਉਹ ਕੁੰਭਕਰਨੀ ਨੀਂਦ ਸੌਂ ਰਹੇ ਭਾਜਪਾ ਦੇ 'ਰਾਮ ਭਗਤਾਂ' ਨੂੰ ਜਗਾਉਣ ਲਈ ਅਯੁੱਧਿਆ ਜਾ ਰਹੇ ਹਨ ਜੋ ਰਾਮ ਮੰਦਿਰ ਦੇ ਮੁੱਦੇ ਦੀ ਮਦਦ ਨਾਲ ਸੱਤਾ 'ਚ ਆਏ, ਫਿਰ ਇਸ ਨੂੰ ਮਨੋ ਵਿਸਾਰ ਦਿੱਤਾ ਗਿਆ ਕਿ ਇਹ ਭਗਵਾਨ ਰਾਮ ਤੇ ਹਿੰਦੂਤਵ ਨਾਲ ਸਭ ਤੋਂ ਵੱਡਾ ਧਰੋਹ ਹੈ। ਸ਼ਿਵ ਸੈਨਾ ਦੇ ਸੀਨੀਅਰ ਆਗੂ ਸੰਜੇ ਰਾਵਤ ਨੇ ਭਾਜਪਾ ਨੂੰ ਲਲਕਾਰਿਆ ਕਿ ਬਾਬਰੀ ਮਸਜਿਦ 17 ਮਿੰਟਾਂ 'ਚ ਢਾਹ ਦਿੱਤੀ ਗਈ ਸੀ; ਜਦੋਂ ਸੱਭੇ ਸਰਕਾਰਾਂ ਭਾਜਪਾ ਦੀਆਂ ਹਨ, ਫਿਰ ਮੰਦਿਰ ਉਸਾਰਨ ਲਈ ਕਾਗਜ਼ ਤਿਆਰ ਕਰਨ ਤੇ ਆਰਡੀਨੈਂਸ ਲਿਆਉਣ ਲਈ ਕਿੰਨਾ ਵਕਤ ਲੱਗੇਗਾ?

25 ਨਵੰਬਰ ਦੀ 'ਧਰਮ ਸਭਾ' ਲਈ ਸ਼ਿਵ ਸੈਨਾ ਅਤੇ ਸੰਘ ਪਰਿਵਾਰ ਦਰਮਿਆਨ ਮੁਕਾਬਲੇਬਾਜ਼ੀ ਵਕਤੀ ਰਾਜਨੀਤਕ ਹਿਤਾਂ ਦਾ ਟਕਰਾਓ ਜ਼ਰੂਰ ਹੈ ਲੇਕਿਨ ਇਹ ਇਕੋ ਨਿਸ਼ਾਨੇ 'ਤੇ ਪਹੁੰਚਣ ਦੀ ਦੋਸਤਾਨਾ ਦੌੜ ਹੈ; ਜਿਵੇਂ ਬਾਬਰੀ ਮਸਜਿਦ ਢਾਹੁਣ ਵੇਲੇ ਸਾਂਝ ਸੀ, ਹੁਣ ਵੀ ਫਿਰਕੂ ਪਾਲਾਬੰਦੀ ਦੋਨਾਂ ਦਾ ਸਾਂਝਾ ਨਿਸ਼ਾਨਾ ਹੈ।

ਕੇਂਦਰ ਵਿਚ ਮੋਦੀ ਸਰਕਾਰ ਅਤੇ ਯੂ.ਪੀ. ਸਮੇਤ ਸੂਬਿਆਂ ਦੀਆਂ ਭਾਜਪਾ ਸਰਕਾਰਾਂ ਦੇ ਰਾਜਸੀ ਵਿਹਾਰ ਤੋਂ ਜ਼ਾਹਿਰ ਹੈ ਕਿ ਲੋਕਤੰਤਰ ਦੇ ਨਾਂ ਹੇਠ ਹੋਂਦ ਵਿਚ ਆਏ ਵੋਟਤੰਤਰ ਵਿਚ ਮੁਲਕ ਦੇ ਵਸੀਲਿਆਂ ਅਤੇ ਆਮ ਨਾਗਰਿਕਾਂ ਦੇ ਟੈਕਸਾਂ ਦੇ ਪੈਸੇ ਨੂੰ ਹਾਕਮ ਜਮਾਤੀ ਤਾਕਤਾਂ ਕਿਵੇਂ ਆਪਣੇ ਖਤਰਨਾਕ ਏਜੰਡਿਆਂ ਲਈ ਵਰਤਦੀਆਂ ਹਨ।

ਲਿਹਾਜ਼ਾ, ਹਾਲੀਆ ਲਾਮਬੰਦੀ ਇਸ ਦਾ ਸਬੂਤ ਵੀ ਹੈ ਕਿ ਸੰਘ ਦੀ ਮੂਲ ਫਿਤਰਤ ਅਤੇ ਘੱਟ ਗਿਣਤੀਆਂ ਪ੍ਰਤੀ ਇਸ ਦੀ ਬਦਲਾਲਊ ਜ਼ਿਹਨੀਅਤ ਵਿਚ ਕੋਈ ਬਦਲਾਓ ਨਹੀਂ ਜਿਵੇਂ ਪਿਛਲੇ ਮਹੀਨਿਆਂ ਵਿਚ ਸੰਘ ਦੇ ਮੁਖੀ ਵੱਲੋਂ ਦਾਅਵੇ ਕੀਤੇ ਗਏ ਸਨ। ਸਤੰਬਰ ਮਹੀਨੇ ਦਿੱਲੀ ਵਿਚ ਭਾਸ਼ਣ ਲੜੀ ਵਿਚ ਆਰ.ਐਸ.ਐਸ. ਦੇ ਮੁਖੀ ਮੋਹਨ ਭਾਗਵਤ ਨੇ ਇਹ ਵਾਰ-ਵਾਰ ਦੁਹਰਾਇਆ ਸੀ ਕਿ ਹਿੰਦੂਤਵ ਤਾਂ ਹਰ ਕਿਸੇ ਨੂੰ ਆਪਣੇ ਵਿਚ ਸਮੋਣ ਲਈ ਤਤਪਰ ਵਿਸ਼ਾਲ ਹਿਰਦੇ ਵਾਲੀ ਵਿਚਾਰਧਾਰਾ ਹੈ ਅਤੇ ਇਸ ਬਾਰੇ ਇਹ ਗਲਤ ਪ੍ਰਭਾਵ ਬਣਿਆ ਹੋਇਆ ਹੈ ਕਿ ਇਹ ਮੁਸਲਿਮ ਅਤੇ ਹੋਰ ਧਾਰਮਕ ਘੱਟ ਗਿਣਤੀਆਂ ਨੂੰ ਬਰਦਾਸ਼ਤ ਨਹੀਂ ਕਰਦੀ। ਇਸ ਤੋਂ ਥੋੜ੍ਹੇ ਦਿਨ ਬਾਅਦ ਹੀ 'ਵਿਜੈ ਦਸਮੀ' ਮੌਕੇ ਨਾਗਪੁਰ ਸਦਰ ਮੁਕਾਮ ਵਿਖੇ ਸੰਘ ਦਾ ਸਾਲਾਨਾ ਸਮਾਗਮ ਹੋਇਆ। 'ਵਿਜੈ ਦਸ਼ਮੀ' ਭਾਸ਼ਣ ਵਿਚ ਸੰਘ ਮੁਖੀ ਵਲੋਂ ਬਾਬਰੀ ਮਸਜਿਦ ਵਾਲੀ ਜਗ੍ਹਾ ਉਪਰ ਰਾਮ ਮੰਦਿਰ ਉਸਾਰਨ ਦਾ ਰਾਗ ਮੁੜ ਅਲਾਪੇ ਜਾਣ ਨਾਲ ਸੰਘ ਦਾ ਅਸਲ ਏਜੰਡਾ ਮੁੜ ਸਾਹਮਣੇ ਆ ਗਿਆ। ਦਰਅਸਲ, ਇਹ ਭਾਸ਼ਣ ਸੰਘ ਦੀਆਂ ਸਫਾਂ ਨੂੰ ਇਸ ਮੁੱਦੇ ਉਪਰ ਮੁਹਿੰਮ ਨੂੰ ਭਖਾਉਣ ਦਾ ਇਸ਼ਾਰਾ ਸੀ। ਉਦੋਂ ਤੋਂ ਸੰਘ ਪਰਿਵਾਰ ਦੇ ਵੱਖ-ਵੱਖ ਮੁਹਾਜ਼ ਆਪਣੀ ਨਿਸ਼ਚਿਤ ਭੂਮਿਕਾ ਅਨੁਸਾਰ ਬਿਆਨ ਦੇ ਰਹੇ ਹਨ ਅਤੇ ਲਾਮਬੰਦੀ ਕਰ ਰਹੇ ਹਨ। ਭਾਸ਼ਣਾਂ ਦੀ ਸੁਰ ਤਿੱਖੀ ਹੋ ਗਈ ਹੈ ਅਤੇ ਨਾਅਰਿਆਂ ਵਿਚ ਬਦਲਾਓ ਵੀ ਇਸੇ ਦਾ ਝਲਕਾਰਾ ਹੈ। 'ਮੰਦਿਰ ਵਹੀਂ ਬਨੇਗਾ' ਦੀ ਥਾਂ 'ਮੰਦਿਰ ਜਲਦੀ ਬਨੇਗਾ' ਅਤੇ 'ਮੰਦਿਰ ਵਹੀਂ ਬਨਾਏਂਗੇ' ਦੀ ਥਾਂ 'ਮੰਦਿਰ ਭਵਯਾ (ਬੜਾ) ਬਨਾਏਂਗੇ' ਨੇ ਲੈ ਲਈ ਹੈ।

ਇਹ ਸਭ ਤਿਆਰੀਆਂ ਮਨਹੂਸ ਖਤਰੇ ਦੀ ਦਸਤਕ ਹਨ। ਲੋਕ ਹਿਤੈਸ਼ੀ ਅਤੇ ਭਾਈਚਾਰਕ ਸਾਂਝ ਦੀਆਂ ਮੁੱਦਈ ਤਾਕਤਾਂ ਨੂੰ ਇਸ ਖਤਰਨਾਕ ਲਾਮਬੰਦੀ ਬਾਰੇ ਆਮ ਲੋਕਾਂ ਨੂੰ ਖਬਰਦਾਰ ਕਰਨ ਦੀ ਹਰ ਸੰਭਵ ਵਾਹ ਲਾਉਣੀ ਚਾਹੀਦੀ ਹੈ।

# ਅਯੁੱਧਿਆ ਵਿਵਾਦ: ਸੁਪਰੀਮ ਕੋਰਟ ਦੇ ਫੈਸਲੇ ਦੀ ਉਡੀਕ ਕਿਉਂ ਨਹੀਂ?

**ਉਪੇਂਦਰ ਪ੍ਰਸਾਦ**

ਇਕ ਪਾਸੇ ਮਾਮਲਾ ਸੁਪਰੀਮ ਕੋਰਟ ਵਿਚ ਲਟਕਿਆ ਹੋਇਆ ਹੈ, ਦੂਜੇ ਪਾਸੇ ਅਯੁੱਧਿਆ ਵਿਚ ਐਮਰਜੈਂਸੀ ਵਾਲੀ ਹਾਲਤ ਹੈ। ਮੰਦਰਵਾਦੀ ਅਦਾਲਤ ਦੇ ਫੈਸਲੇ ਦਾ ਇੰਤਜ਼ਾਰ ਕਰਨ ਨੂੰ ਵੀ ਤਿਆਰ ਨਹੀਂ। ਇਸ ਵਿਚ ਸਭ ਤੋਂ ਗੰਭੀਰ ਗੱਲ ਤਾਂ ਇਹ ਹੈ ਕਿ ਮੰਦਰ ਨਿਰਮਾਣ ਦੀਆਂ ਧਮਕੀਆਂ ਦੇ ਵਿਚਕਾਰ ਨਾ ਤਾਂ ਕੇਂਦਰ ਦੀ ਮੋਦੀ ਸਰਕਾਰ ਅਤੇ ਨਾ ਹੀ ਉਤਰ ਪ੍ਰਦੇਸ਼ ਦੀ ਯੋਗੀ ਸਰਕਾਰ ਵਲੋਂ ਕੁਝ ਕਿਹਾ ਜਾ ਰਿਹਾ ਹੈ। ਵਿਵਾਦਤ ਸਥਾਨ ਦੀ ਸੁਰੱਖਿਆ ਲਈ ਭਾਵੇਂ ਪੁਲਿਸ ਦੀ ਵੱਡੇ ਪੈਮਾਨੇ 'ਤੇ ਤਾਇਨਾਤੀ ਕੀਤੀ ਜਾ ਰਹੀ ਹੈ ਪਰ ਸਵਾਲ ਇਹ ਹੈ ਕਿ ਪੁਲਿਸ ਉਥੇ ਕੀ ਕਰੇਗੀ? ਫੈਸਲਾ ਤਾਂ ਸਰਕਾਰ ਦੀ ਰਾਜਨੀਤਕ ਅਗਵਾਈ, ਭਾਵ ਨਰੇਂਦਰ ਮੋਦੀ ਨੇ ਕਰਨਾ ਹੈ।

ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਅਯੁੱਧਿਆ ਮਾਮਲੇ 'ਤੇ ਪ੍ਰਧਾਨ ਮੰਤਰੀ ਮੋਦੀ ਨਾ ਤਾਂ ਆਪਣੀ ਪਾਰਟੀ ਨੂੰ ਭਰੋਸੇ ਵਿਚ ਲੈ ਰਹੇ ਹਨ ਅਤੇ ਨਾ ਨਹੀਂ ਸੰਘ। ਉਨ੍ਹਾਂ ਸੰਵਿਧਾਨ ਦੀ ਸਹੁੰ ਚੁੱਕ ਕੇ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਿਆ ਹੈ, ਉਨ੍ਹਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਕਾਨੂੰਨ ਦੇ ਰਾਜ ਦਾ ਪਾਲਣ ਕਰਨਗੇ ਅਤੇ ਕਰਵਾਉਣਗੇ। ਕਾਨੂੰਨ ਦੇ ਰਾਜ ਦੇ ਪਾਲਣ ਦਾ ਮਤਲਬ ਅਯੁੱਧਿਆ ਵਿਚ ਇਸ ਸਮੇਂ ਸਥਿਤੀ ਨੂੰ ਬਣਾਈ ਰੱਖਣਾ ਹੈ, ਕਿਉਂਕਿ ਸੁਪਰੀਮ ਕੋਰਟ ਦਾ ਇਹ ਆਦੇਸ਼ ਹੈ। ਉਸ ਜ਼ਮੀਨ ਦਾ ਕੇਂਦਰ ਸਰਕਾਰ ਨੇ 1993 ਵਿਚ ਹੀ ਕਬਜ਼ਾ ਲੈ ਲਿਆ ਸੀ। ਤਕਨੀਕੀ ਤੌਰ 'ਤੇ ਇਹ ਕੇਂਦਰ ਸਰਕਾਰ ਦੇ ਪੂਰੇ ਕੰਟਰੋਲ ਵਾਲੀ ਜ਼ਮੀਨ ਹੈ। ਜਦੋਂ ਕਬਜ਼ੇ ਦੇ ਆਦੇਸ਼ ਨੂੰ ਅਦਾਲਤ ਵਿਚ ਚੁਣੌਤੀ ਦਿੱਤੀ ਗਈ ਸੀ ਤਾਂ ਕੇਂਦਰ ਸਰਕਾਰ ਨੇ ਇਹੀ ਕਿਹਾ ਸੀ ਕਿ ਉਸ ਵਲੋਂ ਜ਼ਮੀਨ 'ਤੇ ਕਬਜ਼ਾ ਉਥੇ ਸ਼ਾਂਤੀ ਬਣਾਈ ਰੱਖਣ ਲਈ ਕੀਤਾ ਗਿਆ ਹੈ, ਤਾਂ ਕਿ ਕੋਈ ਵੀ ਪੱਖ ਕਿਸੇ ਵੀ ਤਰ੍ਹਾਂ ਦੀ ਗੜਬੜੀ ਨਾ ਕਰ ਸਕੇ। ਜ਼ਮੀਨ ਕਿਉਂਕਿ ਰਾਜ ਸਰਕਾਰ ਦਾ ਮਾਮਲਾ ਹੁੰਦਾ ਹੈ ਅਤੇ ਜ਼ਮੀਨ 'ਤੇ ਕਬਜ਼ੇ ਦਾ ਅਧਿਕਾਰ ਸੂਬਾ ਸਰਕਾਰ ਦਾ ਹੀ ਹੁੰਦਾ ਹੈ, ਇਸ ਲਈ ਉਸ ਸਮੇਂ ਕੇਂਦਰ ਸਰਕਾਰ ਨੂੰ ਮਹਿਸੂਸ ਹੋਇਆ ਹੋਵੇਗਾ ਕਿ ਵਿਧਾਨ ਸਭਾ ਚੋਣਾਂ ਤੋਂ ਬਾਅਦ ਮੁੜ ਭਾਜਪਾ ਦੀ ਸਰਕਾਰ ਬਣ ਸਕਦੀ ਹੈ ਅਤੇ ਇਹ ਸਰਕਾਰ ਵਿਵਾਦਤ ਸਥਾਨ ਨੂੰ ਆਪਣੇ ਅਧਿਕਾਰ ਹੇਠ ਕਰਕੇ ਉਸ ਨੂੰ ਮੰਦਰ ਨਿਰਮਾਣ ਲਈ ਸਬੰਧਿਤ ਪੱਖ ਨੂੰ ਦੇ ਸਕਦੀ ਹੈ।

ਇਸ ਲਈ ਮਿਲੇ ਵਿਸ਼ੇਸ਼ ਅਧਿਕਾਰ ਦੀ ਵਰਤੋਂ ਕਰਦੇ ਹੋਏ ਕੇਂਦਰ ਸਰਕਾਰ ਨੇ ਉਹ ਜ਼ਮੀਨ ਆਪਣੇ ਅਧਿਕਾਰ ਹੇਠ ਕਰ ਲਈ ਸੀ, ਤਾਂ ਕਿ ਭਵਿਖ ਵਿਚ ਮੰਦਰ ਨਾਲ ਸਬੰਧਿਤ ਕੋਈ ਵੀ ਸੂਬਾ ਸਰਕਾਰ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਕੇ ਉਸ 'ਤੇ ਨਿਰਮਾਣ ਨਾ ਕਰ ਸਕੇ। ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਨੂੰ ਇਹ ਵੀ ਕਿਹਾ ਸੀ ਕਿ ਅਦਾਲਤ ਦੇ ਫੈਸਲੇ ਤੋਂ ਬਾਅਦ ਇਹ ਜ਼ਮੀਨ ਜਿਸ ਧਿਰ ਨੂੰ ਦਿੱਤੀ ਜਾਵੇਗੀ, ਸਰਕਾਰ ਉਸ ਨੂੰ ਦੇ ਦੇਵੇਗੀ। ਕੇਂਦਰ ਸਰਕਾਰ ਦੇ ਇਸ ਭਰੋਸੇ 'ਤੇ ਹੀ ਅਦਾਲਤ ਨੇ ਉਸ ਜ਼ਮੀਨ ਦੇ ਕਬਜ਼ੇ ਬਾਰੇ ਦਾਇਰ ਕੀਤੀ ਅਪੀਲ ਰੱਦ ਨਹੀਂ ਕੀਤੀ ਸੀ ਅਤੇ ਕਿਹਾ ਸੀ ਕਿ ਕੇਂਦਰ ਸਰਕਾਰ ਆਪਣੇ-ਆਪ ਨੂੰ ਉਸ ਜ਼ਮੀਨ ਦਾ ਨਿਗਰਾਨ ਸਮਝੇ ਅਤੇ ਜਦੋਂ ਤੱਕ ਅਦਾਲਤ ਦਾ ਆਖਰੀ ਫੈਸਲਾ ਨਹੀਂ ਆਉਂਦਾ ਉਦੋਂ ਤੱਕ ਉਥੋਂ ਦੀ ਸਥਿਤੀ 'ਤੇ ਕੰਟਰੋਲ ਬਣਾਈ ਰੱਖੇ। ਇਸ ਲਈ ਕਾਨੂੰਨ ਦਾ ਰਾਜ ਉਦੋਂ ਹੀ ਮੰਨਿਆ ਜਾਵੇਗਾ, ਜਦੋਂ ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਵੀ ਸੁਪਰੀਮ ਕੋਰਟ ਦੇ ਆਦੇਸ਼ 'ਤੇ ਅਮਲ ਕਰਦੇ ਸਥਿਤੀ ਨੂੰ ਭੰਗ ਨਹੀਂ ਹੋਣ ਦੇਣਗੀਆਂ। ਇਸ ਸਥਿਤੀ ਨੂੰ ਬਰਕਰਾਰ ਰੱਖਣ ਦਾ ਭਾਵ ਹੈ ਕਿ ਉਥੇ ਕਿਸੇ ਵੀ ਤਰ੍ਹਾਂ ਦਾ ਨਿਰਮਾਣ ਕਾਰਜ ਨਹੀਂ ਕਰਵਾਇਆ ਜਾਵੇਗਾ ਅਤੇ ਮੂਰਤੀ ਜਿਸ ਜਗ੍ਹਾ ਰੱਖੀ ਹੋਈ ਹੈ, ਉਸ ਨੂੰ ਉਸੇ ਜਗ੍ਹਾ ਰਹਿਣ ਦਿੱਤਾ ਜਾਵੇ। ਇਸ ਤੋਂ ਇਲਾਵਾ ਉਥੇ ਜਿਸ ਤਰ੍ਹਾਂ ਦੀ ਵਿਵਸਥਾ ਮਸਜਿਦ ਦੇ ਢਹਿਣ ਤੋਂ ਬਾਅਦ ਚਲ ਰਹੀ ਹੈ, ਉਹ ਵਿਵਸਥਾ ਚਲਦੀ ਰਹਿਣ ਦਿੱਤੀ ਜਾਵੇ ਪਰ ਮੰਦਰਵਾਦੀ ਉਥੇ ਮੰਦਰ ਨਿਰਮਾਣ ਸ਼ੁਰੂ ਕਰਨ ਦੀ ਗੱਲ ਕਰ ਰਹੇ ਹਨ। ਮੰਦਰਵਾਦੀਆਂ ਦਾ ਰੁਖ ਦੇਖਦੇ ਹੋਏ ਤਾਂ ਇਹੀ ਲੱਗ ਰਿਹਾ ਹੈ ਕਿ ਕਾਨੂੰਨ ਦੇ ਰਾਜ ਵਿਚ ਉਨ੍ਹਾਂ ਦੀ ਕੋਈ ਆਸਥਾ ਨਹੀਂ ਹੈ।

ਸ਼ਿਵ ਸੈਨਾ ਦੇ ਪ੍ਰਧਾਨ ਊਧਵ ਠਾਕਰੇ ਕਹਿ ਚੁੱਕੇ ਹਨ, 'ਪਹਿਲਾਂ ਮੰਦਰ, ਫਿਰ ਸਰਕਾਰ।' ਇਸ ਦਾ ਮਤਲਬ ਇਹ ਹੈ ਕਿ ਉਤਰ ਪ੍ਰਦੇਸ਼ ਅਤੇ ਕੇਂਦਰ ਦੀਆਂ ਸਰਕਾਰਾਂ ਭਾਵੇਂ ਚਲੀਆਂ ਜਾਣ ਪਰ ਮੰਦਰ ਤਾਂ ਬਣਾਉਣਾ ਹੀ ਹੈ। ਭਾਜਪਾ ਦਾ ਇਕ ਵਿਧਾਇਕ ਤਾਂ ਇਥੋਂ ਤੱਕ ਕਹਿ ਚੁੱਕਾ ਹੈ ਕਿ ਮੰਦਰ ਬਣਾਉਣ ਲਈ ਜੇ ਸੰਵਿਧਾਨ ਵੀ ਤੋੜਨਾ ਪਵੇ ਤਾਂ ਉਸ ਨੂੰ ਤੋੜ ਦਿੱਤਾ ਜਾਵੇ। ਸ਼ਿਵ ਸੈਨਾ ਦੇ ਇਕ ਨੇਤਾ ਜੋ ਸੰਸਦ ਮੈਂਬਰ ਵੀ ਹਨ, ਦਾ ਕਹਿਣਾ ਹੈ ਕਿ ਮਸਜਿਦ ਤੋੜਨ ਵਿਚ 17 ਮਿੰਟ ਲੱਗੇ ਸੀ, ਮੰਦਰ ਬਣਾਉਣ ਦਾ ਬਿੱਲ ਲਿਆਉਣ ਵਿਚ ਇਸ ਤੋਂ ਵੀ ਘੱਟ ਸਮਾਂ ਲੱਗੇਗਾ। ਫਿਰ ਇਸ ਦਾ ਮਤਲਬ ਇਹ ਸਮਝਿਆ ਜਾਵੇ ਕਿ ਮੰਦਰਵਾਦੀਆਂ ਨੂੰ ਪੂਰਾ ਭਰੋਸਾ ਹੈ ਕਿ ਕੇਂਦਰ ਸਰਕਾਰ ਬਿੱਲ ਲਿਆ ਕੇ ਮੰਦਰ ਨਿਰਮਾਣ ਦੀ ਇਜਾਜ਼ਤ ਦੇ ਦੇਵੇਗੀ ਅਤੇ ਕਬਜ਼ੇ ਵਾਲੀ ਜ਼ਮੀਨ ਨਿਰਮਾਣ ਕਰਨ ਵਾਲਿਆਂ ਨੂੰ ਸੰਭਾਲ ਦਿੱਤੀ ਜਾਵੇਗੀ। ਪਹਿਲਾ ਸਵਾਲ ਤਾਂ ਹੈ: ਕੀ ਕੇਂਦਰ ਸਰਕਾਰ ਸੰਵਿਧਾਨਕ ਤੌਰ 'ਤੇ ਸਮਰੱਥ ਹੈ ਕਿ ਉਹ ਕਿਸੇ ਮੰਦਰ ਨਿਰਮਾਣ ਲਈ ਕਬਜ਼ੇ ਹੇਠ ਕਿਸੇ ਜ਼ਮੀਨ ਨੂੰ ਦੇ ਦੇਵੇ? ਭਾਰਤ ਧਰਮ ਨਿਰਪੱਖ ਦੇਸ਼ ਹੈ ਅਤੇ ਅਤੀਤ ਵਿਚ ਸੁਪਰੀਮ ਕੋਰਟ ਦੇ ਕਈ ਫੈਸਲੇ ਆਏ ਹਨ, ਜਿਨ੍ਹਾਂ ਅਨੁਸਾਰ ਸਰਕਾਰ ਕਿਸੇ ਵੀ ਧਰਮ ਦਾ ਪੱਖ ਨਹੀਂ ਲੈ ਸਕਦੀ। ਸਰਕਾਰ ਆਪਣੇ-ਆਪ ਨੂੰ ਕਿਸੇ ਧਰਮ ਵਿਸ਼ੇਸ਼ ਦੇ ਨਾਲ ਜੋੜ ਕੇ ਵੀ ਨਹੀਂ ਰੱਖ ਸਕਦੀ, ਇਸ ਲਈ ਜ਼ਾਹਰ ਹੈ ਕਿ ਕੇਂਦਰ ਸਰਕਾਰ ਸੰਵਿਧਾਨਕ ਤੌਰ 'ਤੇ ਅਜਿਹਾ ਨਹੀਂ ਕਰ ਸਕਦੀ ਪਰ ਅਤੀਤ ਵਿਚ ਸਰਕਾਰ ਵਲੋਂ ਜਾਰੀ ਕੀਤੇ ਗਏ ਕਈ ਬਿੱਲ ਅਤੇ ਸੰਸਦ ਵਲੋਂ ਬਣਾਏ ਗਏ ਕਈ ਕਾਨੂੰਨਾਂ ਨੂੰ ਸੁਪਰੀਮ ਕੋਰਟ ਅਸੰਵਿਧਾਨਕ ਦੱਸਦੇ ਹੋਏ ਖਤਮ ਕਰ ਚੁੱਕੀ ਹੈ ਪਰ ਅਦਾਲਤ ਉਦੋਂ ਤਸਵੀਰ ਵਿਚ ਆਉਂਦੀ ਹੈ, ਜਦੋਂ ਕਾਨੂੰਨ ਬਣ ਜਾਂਦਾ ਹੈ ਜਾਂ ਬਿੱਲ ਜਾਰੀ ਹੋ ਜਾਂਦਾ ਹੈ, ਉਸ ਤੋਂ ਬਾਅਦ ਹੀ ਉਸ ਨੂੰ ਉਹ ਸਹੀ ਜਾਂ ਗਲਤ ਐਲਾਨ ਕਰਦੀ ਹੈ।

ਮੌਜੂਦਾ ਸਥਿਤੀ ਵਿਚ ਜੇਕਰ ਕੇਂਦਰ ਸਰਕਾਰ ਬਿੱਲ ਰਾਹੀਂ ਵਿਵਾਦਤ ਜ਼ਮੀਨ ਨੂੰ ਮੰਦਰ ਨਿਰਮਾਣ ਲਈ ਦੇ ਦਿੰਦੀ ਹੈ ਤਾਂ ਉਸ ਬਿੱਲ ਵਿਰੁਧ ਸੁਪਰੀਮ ਕੋਰਟ ਅਦਾਲਤ ਵਿਚ ਮਾਮਲਾ ਜਾਣ ਤੋਂ ਬਾਅਦ ਅਦਾਲਤ ਵਲੋਂ ਉਸ 'ਤੇ ਆਖਰੀ ਰੋਕ ਲਗਾਉਣ ਤੱਕ ਮੰਦਰਵਾਦੀਆਂ ਦੇ ਕੋਲ ਕਾਫੀ ਸਮਾਂ ਹੋਵੇਗਾ ਅਤੇ ਇਸ ਦੌਰਾਨ ਉਹ ਨਿਰਮਾਣ ਕਾਰਜ ਨੂੰ ਕਾਨੂੰਨੀ ਜਾਮਾ ਪਹਿਨਾ ਕੇ ਕਰ ਸਕਦੇ ਹਨ। ਉਂਜ, ਸਮੱਸਿਆ ਤਾਂ ਉਸ ਤੋਂ ਬਾਅਦ ਵੀ ਹੋਵੇਗੀ, ਇਸ ਲਈ ਬਿਹਤਰ ਇਹੀ ਹੋਵੇਗਾ ਕਿ ਉਥੇ ਆਮ ਸਥਿਤੀ ਬਣਾਈ ਰੱਖੀ ਜਾਵੇ ਅਤੇ ਸੁਪਰੀਮ ਕੋਰਟ ਦੇ ਫੈਸਲੇ ਦਾ ਇੰਤਜ਼ਾਰ ਕੀਤਾ ਜਾਵੇ, ਪਰ ਕੀ ਅਜਿਹਾ ਹੋ ਸਕੇਗਾ?

# ਕਸ਼ਮੀਰ 'ਚ ਹਿੰਦੂਆਂ ਦੀ ਹੋਣੀ ਦੀ ਹਕੀਕਤ

*ਪੰਜਾਬ ਵਿਚੋਂ ਕਸ਼ਮੀਰੀ ਵਿਦਿਆਰਥੀਆਂ ਦੀ ਫੜੋ-ਫੜਾਈ ਨੇ ਕਸ਼ਮੀਰ ਮਸਲੇ ਨੂੰ ਵੱਖਰਾ ਰੰਗ ਦੇ ਦਿੱਤਾ ਹੈ। ਕਸ਼ਮੀਰ ਦੇ ਹਾਲਾਤ ਖਰਾਬ ਹੋਣ ਕਾਰਨ ਕੁਝ ਸਮੇਂ ਤੋਂ ਕਈ ਕਸ਼ਮੀਰੀ ਮਾਪਿਆਂ ਨੇ ਆਪਣੇ ਬੱਚਿਆਂ ਨੂੰ ਦੂਜੇ ਸੂਬਿਆਂ ਵਿਚ ਭੇਜਣਾ ਸ਼ੁਰੂ ਕੀਤਾ ਹੋਇਆ ਹੈ, ਪਰ ਸਰਕਾਰ ਦੀ ਖਾਸ ਨੀਤੀ ਤਹਿਤ ਜਿਸ ਤਰ੍ਹਾਂ ਕਸ਼ਮੀਰੀਆਂ ਨੂੰ ਬਦਨਾਮ ਕਰਨ ਦੀਆਂ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਇਸ ਦਾ ਮੁੱਖ ਮਕਸਦ ਕਸ਼ਮੀਰੀਆਂ ਨੂੰ ਬਾਕੀ ਮੁਲਕ ਨਾਲੋਂ ਨਿਖੇੜਨਾ ਹੈ। ਇਸ ਤਰ੍ਹਾਂ ਦਾ ਭਾਣਾ 80ਵਿਆਂ ਦੌਰਾਨ ਸਿੱਖਾਂ ਨਾਲ ਵੀ ਵਾਪਰਿਆ ਸੀ। ਉਦੋਂ ਵੀ ਸਭ ਸਿੱਖਾਂ ਨੂੰ ਅਤਿਵਾਦੀ ਬਣਾ ਕੇ ਪੇਸ਼ ਕੀਤਾ ਜਾਣ ਲੱਗਾ ਸੀ। ਗੁਰਪ੍ਰੀਤ ਨੇ ਕੁਝ ਸਮਾਂ ਪਹਿਲਾਂ ਲਿਖੇ ਆਪਣੇ ਇਸ ਲੇਖ ਵਿਚ ਕਸ਼ਮੀਰ ਬਾਰੇ ਕੁਝ ਨੁਕਤੇ ਉਭਾਰੇ ਹਨ। ਇਸ ਵਿਚ ਦੱਸਿਆ ਗਿਆ ਹੈ ਕਿ ਸਰਕਾਰ ਕਿਸੇ ਮਸਲੇ ਨੂੰ ਕਿਸ ਤਰ੍ਹਾਂ ਤੋੜ-ਮਰੋੜ ਕੇ ਪੇਸ਼ ਕਰ ਸਕਦੀ ਹੈ। -ਸੰਪਾਦਕ*

ਕਸ਼ਮੀਰ ਭਾਰਤੀ ਜਮਹੂਰੀਅਤ ਦਾ ਉਹ ਗੁਨਾਹ ਹੈ, ਜੋ ਇਸ ਦੇ ਲੋਕ ਵਿਰੋਧੀ ਕਿਰਦਾਰ ਦਾ ਪਾਜ ਉਘੇੜਦਾ ਹੈ। ਕਸ਼ਮੀਰੀ ਆਵਾਮ ਅੱਜ ਵੀ 1947 ਦੀ ਵੰਡ ਪਿੱਛੋਂ ਪਾਕਿਸਤਾਨੀ ਤੇ ਭਾਰਤੀ ਹਾਕਮਾਂ ਵਲੋਂ ਜਬਰੀ ਅਧੀਨ ਕੀਤੇ ਜਾਣ ਦੇ ਜਖਮਾਂ ਦੀ ਪੀੜ ਸਹਿ ਰਿਹਾ ਹੈ ਪਰ ਕਸ਼ਮੀਰ ਇਹ ਪੀੜ ਚੁੱਪ-ਚਾਪ ਨਹੀਂ ਸਹਿ ਰਿਹਾ ਸਗੋਂ ਉਸ ਦੇ ਸੀਨੇ ਵਿਚ ਰੋਹ ਦਾ ਲਾਵਾ ਮਘ ਰਿਹਾ ਹੈ, ਜੋ ਸਮੇਂ-ਸਮੇਂ ਲੋਕ ਬਗਾਵਤਾਂ, ਸੰਘਰਸ਼ਾਂ ਦੇ ਜਵਾਲਾਮੁਖੀਆਂ ਦੇ ਰੂਪ 'ਚ ਫੁੱਟਦਾ ਰਹਿੰਦਾ ਹੈ।

ਕਸ਼ਮੀਰ ਮਾਮਲੇ ਵਿਚ ਭਾਰਤੀ ਹਾਕਮਾਂ ਨੂੰ ਦੇਸ਼ ਦੇ ਵੱਡੇ ਹਿੱਸੇ ਦੀ ਸਪਸ਼ਟ ਜਾਂ ਚੁੱਪ ਸਹਿਮਤੀ ਲੋੜੀਂਦੀ ਹੈ। ਇਸ ਕਰਕੇ ਉਨ੍ਹਾਂ ਨੇ ਦੇਸ਼ ਦੇ ਲੋਕਾਂ 'ਚ ਕਸ਼ਮੀਰੀਆਂ ਪ੍ਰਤੀ ਨਫਰਤ ਭਰਨ ਲਈ ਪੂਰਾ ਤਾਣ ਲਾਇਆ ਹੋਇਆ ਹੈ। ਮੁੱਖ ਦੋ ਢੰਗ ਵਰਤੇ ਗਏ ਹਨ। ਪਹਿਲਾ, ਭਾਰਤ ਦੀ ਅਖੰਡਤਾ ਦਾ ਤਰਾਨਾ, ਜਿਸ ਦੇ ਅਸਰ ਹੇਠ ਕਸ਼ਮੀਰ ਨੂੰ ਹਰ ਕੀਮਤ 'ਤੇ ਭਾਰਤ ਅਧੀਨ ਰੱਖਣ ਲਈ ਲੋਕਾਂ (ਖਾਸ ਕਰਕੇ ਮੱਧਵਰਗ) ਦਾ ਵੱਡਾ ਹਿੱਸਾ ਸਹਿਮਤ ਹੈ ਤੇ ਨਾਲ ਹੀ ਆਜ਼ਾਦੀ ਦੀ ਮੰਗ ਕਾਰਨ ਉਹ ਹਿੱਸਾ ਕਸ਼ਮੀਰੀਆਂ ਨੂੰ ਨਫਰਤ ਵੀ ਕਰਦਾ ਹੈ। 'ਭਾਰਤ ਦੀ ਅਖੰਡਤਾ' ਦੇ ਇਸ ਤਰਾਨੇ ਨੂੰ ਲੋਕਾਂ ਦੇ ਸੰਘ 'ਚ ਉਤਾਰਨ ਲਈ ਪਾਕਿਸਤਾਨ

ਗੁਰਪ੍ਰੀਤ

ਵਿਰੁਧ ਨਫਰਤ ਦਾ ਵੀ ਸਹਾਰਾ ਲਿਆ ਗਿਆ ਹੈ।

ਇਸ ਮਕਸਦ ਲਈ ਦੂਜੇ ਹਰਬੇ ਤਹਿਤ ਕਸ਼ਮੀਰ ਮਸਲੇ ਨੂੰ ਧਾਰਮਕ ਰੰਗਤ ਦਿੱਤੀ ਗਈ ਹੈ। ਕਸ਼ਮੀਰ ਮਸਲਾ ਧਰਮ, ਜਾਤ, ਨਸਲ ਆਦਿ ਦੇ ਭੇਦ-ਭਾਵ ਤੋਂ ਬਿਨਾ ਉਥੋਂ ਦੇ ਸਾਰੇ ਲੋਕਾਂ ਦਾ ਮਸਲਾ ਹੈ ਪਰ ਇਸ ਨੂੰ ਫਿਰਕੂ ਰੰਗਤ ਦਿੱਤੀ ਜਾ ਚੁਕੀ ਹੈ। ਕਸ਼ਮੀਰ 'ਚ ਬਹੁ ਗਿਣਤੀ ਅਬਾਦੀ ਮੁਸਲਮਾਨਾਂ ਦੀ ਹੈ ਤੇ ਹਿੰਦੂ ਘੱਟ ਗਿਣਤੀ 'ਚ ਹਨ। ਕਸ਼ਮੀਰੀ ਮੁਸਲਮਾਨਾਂ ਤੇ ਹਿੰਦੂਆਂ ਵਿਚਾਲੇ ਫਿਰਕੂ ਵੰਡੀਆਂ ਪਾ ਕੇ ਕਸ਼ਮੀਰੀਆਂ ਨੂੰ ਮੁਸਲਿਮ ਹੋਣ ਦੀ ਪਛਾਣ ਦਿੱਤੀ ਜਾਂਦੀ ਹੈ, ਜਿਨ੍ਹਾਂ ਬਾਰੇ ਪ੍ਰਚਾਰਿਆ ਜਾਂਦਾ ਹੈ ਕਿ ਉਹ ਉਥੋਂ ਦੀ ਹਿੰਦੂ ਅਬਾਦੀ 'ਤੇ ਜਬਰ ਕਰਦੇ ਹਨ। ਭਾਰਤ ਵਿਚ ਬਹੁ ਗਿਣਤੀ ਅਬਾਦੀ ਹਿੰਦੂ ਹੋਣ ਕਾਰਨ ਧਾਰਮਕ ਭਾਵਨਾਵਾਂ ਦੇ ਆਧਾਰ 'ਤੇ ਕਸ਼ਮੀਰੀ ਹਿੰਦੂਆਂ ਨਾਲ ਹਮਦਰਦੀ ਪੈਦਾ ਕਰ ਕੇ ਇਸ ਫਿਰਕੂ ਵੰਡ ਨੂੰ ਕਸ਼ਮੀਰੀ (ਮੁਸਲਿਮ) ਲੋਕਾਂ ਵਿਰੁਧ ਨਫਰਤ ਲਈ ਵਰਤਿਆ ਜਾਂਦਾ ਹੈ।

ਕਸ਼ਮੀਰ ਵਿਚ ਹਿੰਦੂਆਂ ਦੀ ਹੋਣੀ ਦੇ ਮਸਲੇ ਨੂੰ ਗਲਤ ਢੰਗ ਤੇ ਜ਼ੋਰ-ਸ਼ੋਰ ਨਾਲ ਪ੍ਰਚਾਰਿਆ ਗਿਆ ਹੈ। ਸਭ ਤੋਂ ਵੱਧ ਇਹ ਪ੍ਰਚਾਰਿਆ ਜਾਣ ਵਾਲਾ ਮਾਮਲਾ 19 ਜਨਵਰੀ 1990 ਨੂੰ ਕਸ਼ਮੀਰੀ ਪੰਡਿਤਾਂ ਦੀ ਹਿਜਰਤ ਅਤੇ ਉਨ੍ਹਾਂ ਦੀ ਨਸਲਕੁਸ਼ੀ ਹੈ। ਕਈ ਫਿਰਕੂ ਨਫਰਤ ਫੈਲਾਉਣ ਵਾਲੇ ਵਿਦਵਾਨ



*ਕਸ਼ਮੀਰ ਵਿਚ ਸੁਰੱਖਿਆ ਬਲਾਂ ਨਾਲ ਜੂਝ ਰਹੇ ਕਸ਼ਮੀਰੀ ਨੌਜਵਾਨ।*

ਦਾਅਵਾ ਕਰਦੇ ਹਨ ਕਿ 6 ਲੱਖ ਤੋਂ 10 ਲੱਖ ਤੱਕ ਕਸ਼ਮੀਰੀ ਪੰਡਿਤਾਂ ਨੂੰ ਕਸ਼ਮੀਰ ਛੱਡਣਾ ਪਿਆ, ਉਥੇ ਹਜ਼ਾਰਾਂ ਦੀ ਗਿਣਤੀ 'ਚ ਕਸ਼ਮੀਰੀ ਪੰਡਿਤਾਂ ਦੀ ਨਸਲਕੁਸ਼ੀ ਕੀਤੀ ਗਈ।

### ਹਿੰਦੂ-ਮੁਸਲਿਮ ਫਿਰਕਿਆਂ ਦਾ ਇਤਿਹਾਸ

1941 ਵਿਚ ਕਸ਼ਮੀਰ 'ਤੇ ਮਹਾਰਾਜਾ ਹਰੀ ਸਿੰਘ ਦਾ ਰਾਜ ਸੀ। ਉਸ ਵੇਲੇ ਵੀ ਕਸ਼ਮੀਰ ਦੀ ਬਹੁਗਿਣਤੀ ਮੁਸਲਿਮ ਸੀ। ਇਕੱਲੇ ਕਸ਼ਮੀਰ ਵਿਚ (ਪੂਰੇ ਜੰਮੂ ਕਸ਼ਮੀਰ ਵਿਚ ਨਹੀਂ) ਹਿੰਦੂ ਅਬਾਦੀ 79,000 ਦੇ ਕਰੀਬ ਸੀ, ਜੋ ਕੁੱਲ ਅਬਾਦੀ ਦਾ ਕਰੀਬ 5 ਫੀਸਦੀ ਬਣਦੀ ਹੈ। ਉਦੋਂ ਕਸ਼ਮੀਰ ਦੀ ਆਮ ਅਬਾਦੀ ਜਗੀਰੂ ਭੂਮੀਪਤੀਆਂ, ਚੌਧਰੀਆਂ ਹੱਥੋਂ ਪਿਸ ਰਹੀ ਸੀ। ਇਨ੍ਹਾਂ ਜਗੀਰਦਾਰਾਂ ਤੇ ਚੌਧਰੀਆਂ ਦੀ ਬਹੁ ਗਿਣਤੀ ਹਿੰਦੂ ਸੀ ਤੇ ਗਰੀਬ ਕਿਸਾਨਾਂ ਦੀ ਬਹੁ ਗਿਣਤੀ ਮੁਸਲਮਾਨ। ਇਸ ਤਰ੍ਹਾਂ ਕਸ਼ਮੀਰ 'ਚ ਮੌਜੂਦ ਜਮਾਤੀ ਟਕਰਾਓ ਅਤੇ ਧਾਰਮਕ ਵੰਡ ਆਪਸ ਵਿਚ ਗੁੰਦੀਆਂ ਹੋਈਆਂ ਸਨ, ਜੋ ਅੱਗੇ ਜਾ ਕੇ ਕਸ਼ਮੀਰ ਮਾਮਲੇ ਨੂੰ ਫਿਰਕੂ ਰੰਗਤ ਦੇਣ ਦਾ ਆਧਾਰ ਬਣੀਆਂ।

1947 ਵੇਲੇ ਧਰਮ ਦੇ ਆਧਾਰ 'ਤੇ ਭਾਰਤ ਦੀ ਵੰਡ ਵੇਲੇ ਕਸ਼ਮੀਰ ਆਜ਼ਾਦ ਰਿਆਸਤ ਸਭ ਧਰਮਾਂ ਦੀ ਸਾਂਝ ਦਾ ਹੋਕਾ ਦੇ ਰਹੀ ਸੀ। ਗਿਲਗਿਟ ਵਿਚ ਪਾਕਿਸਤਾਨ ਨੇ ਪਹਿਲ ਕਰਕੇ ਆਪਣੀ ਫੌਜ ਭੇਜੀ ਤੇ ਫੇਰ ਭਾਰਤ ਨੇ ਵੀ ਕਸ਼ਮੀਰ 'ਚ ਆਪਣੀ ਫੌਜ ਭੇਜੀ। ਉਦੋਂ ਤੋਂ ਕਸ਼ਮੀਰੀ ਲੋਕ, ਭਾਰਤੀ ਅਤੇ ਪਾਕਿਸਤਾਨੀ ਹਾਕਮਾਂ ਦੇ ਪੁੜਾਂ 'ਚ ਪਿਸਣੇ ਸ਼ੁਰੂ ਹੋ ਗਏ। ਜਦੋਂ ਧਰਮ ਦੇ ਆਧਾਰ 'ਤੇ ਕਸ਼ਮੀਰ ਦੇ ਵੀ ਦੋ ਹਿੱਸੇ ਕਰਨ ਦੀ ਗੱਲ ਚੱਲੀ ਤਾਂ ਸ਼ੇਖ ਅਬਦੁੱਲਾ ਦੀ ਅਗਵਾਈ ਵਿਚ ਕਸ਼ਮੀਰ ਦੇ ਲੋਕਾਂ ਇਸ ਦਾ ਵਿਰੋਧ ਕੀਤਾ। ਉਸ ਵੇਲੇ ਲਾਲ ਚੌਕ 'ਚ 'ਕਸ਼ਮੀਰ ਦੇ ਸ਼ੇਰ ਕੀ ਚਾਹੁੰਦੇ? ਮੁਸਲਿਮ, ਸਿੱਖ, ਹਿੰਦੂ ਏਕਤਾ' ਦੇ ਨਾਹਰੇ ਲਗਦੇ ਸਨ।

1947-48 ਦੇ ਰੌਲੇ ਦੌਰਾਨ ਕਸ਼ਮੀਰੀ ਹਿੰਦੂਆਂ ਦਾ ਇਕ ਹਿੱਸਾ ਕਸ਼ਮੀਰ ਛੱਡ ਗਿਆ। ਉਸ ਪਿਛੋਂ 1951 'ਚ ਸ਼ੇਖ ਅਬਦੁੱਲਾ ਦੀ ਸਰਕਾਰ ਨੇ ਜ਼ਰੱਈ ਸੁਧਾਰ ਕੀਤੇ, ਜਿਸ ਕਾਰਨ ਜਗੀਰੂ ਢਾਂਚਾ ਹਿੱਲਣ ਲੱਗਾ ਤੇ ਜਗੀਰਦਾਰਾਂ ਤੇ ਚੌਧਰੀਆਂ ਦੀਆਂ ਜਾਇਦਾਦਾਂ ਖੁੱਸਣ ਲੱਗੀਆਂ। ਇਸ ਕਾਰਨ ਵੀ ਹਿੰਦੂ ਅਬਾਦੀ ਦਾ ਇਕ ਹੋਰ ਹਿੱਸਾ ਕਸ਼ਮੀਰ ਛੱਡ ਗਿਆ। ਇੰਜ 1951 ਤੱਕ ਹਿੰਦੂ ਅਬਾਦੀ ਦਾ 20 ਫੀਸਦੀ ਹਿੱਸਾ ਕਸ਼ਮੀਰ ਛੱਡ ਗਿਆ।

### ਫਿਰਕੂ ਵੰਡੀਆਂ ਦੇ ਪਹਿਲੇ ਬੀਜ

ਕਸ਼ਮੀਰ ਵਿਚ ਜਮੀਨ ਮਾਲਕੀ ਦੇ ਬਦਲੇ ਰਿਸ਼ਤੇ ਕਰਕੇ ਪੁਰਾਣੇ ਭੋਂ ਮਾਲਕਾਂ ਤੇ ਚੌਧਰੀਆਂ ਦੀ ਸਰਕਾਰ ਨਾਲ ਵਿਰੋਧ ਪੈਦਾ ਹੋ ਗਿਆ। ਇਨ੍ਹਾਂ ਜਗੀਰਦਾਰਾਂ, ਚੌਧਰੀਆਂ ਦੀ ਬਹੁ ਗਿਣਤੀ ਹਿੰਦੂ ਹੋਣ ਕਾਰਨ ਹਿੰਦੂ ਕੱਟੜਪੰਥੀਆਂ ਨੇ ਇਸ ਦਾ ਲਾਹਾ ਲੈਂਦਿਆਂ ਇਸ ਮਸਲੇ ਨੂੰ ਹਿੰਦੂ ਬਨਾਮ ਮੁਸਲਿਮ ਬਣਾ ਕੇ ਕਸ਼ਮੀਰ ਵਿਚ ਫਿਰਕੂ ਵੰਡੀਆਂ ਦੀ ਸ਼ੁਰੂਆਤ ਕਰ ਦਿੱਤੀ। ਇਹ ਕੰਮ ਹਿੰਦੂ ਕੱਟੜਪੰਥੀਆਂ ਦੀ ਰਾਸ਼ਟਰੀ ਸਵੈਮਸੇਵਕ ਸੰਘ (ਆਰ. ਐਸ. ਐਸ.) ਦੀ ਹੀ ਜਥੇਬੰਦੀ ਜੰਮੂ ਪਰਜਾ ਪ੍ਰੀਸ਼ਦ ਕਰਦੀ ਰਹੀ। ਇਸ ਦਾ ਆਗੂ ਬਲਰਾਜ ਮਦਹੋਕ ਸੀ, ਜਿਸ ਨੂੰ ਆਰ. ਐਸ. ਐਸ. ਨੇ 1942 ਵਿਚ ਕਸ਼ਮੀਰ ਭੇਜਿਆ ਸੀ। ਹਿੰਦੂ ਕੱਟੜਪੰਥੀਆਂ ਦੇ ਬੀਜੇ ਇਹ ਕੰਡੇ ਅੱਗੇ ਹੋਰ ਵੱਡੇ ਜ਼ਖਮ ਪੈਦਾ ਕਰਦੇ ਰਹੇ। ਸਿਰਫ 1951 ਵਿਚ ਹੀ ਨਹੀਂ ਸਗੋਂ 1970 ਦੇ ਦਹਾਕੇ ਵਿਚ ਵੀ ਕੱਟੜਪੰਥੀਆਂ ਨੇ ਆਪਣੀ ਸਰਗਰਮੀ ਜਾਰੀ ਰੱਖੀ।

ਫਿਰ ਵੀ ਭਾਰਤੀ ਤੇ ਪਾਕਿਸਤਾਨੀ ਹਾਕਮਾਂ ਵਲੋਂ ਯੋਜਨਾਬੱਧ ਢੰਗ ਨਾਲ ਕਸ਼ਮੀਰ 'ਚ ਹਿੰਦੂਆਂ ਤੇ ਮੁਸਲਮਾਨਾਂ ਵਿਚ ਵੰਡੀਆਂ ਪਾਉਣ ਦੀ ਕੋਸ਼ਿਸ਼ ਜਾਰੀ ਰਹੀ ਪਰ ਇਸ ਦਾ ਉਦੋਂ ਤੱਕ ਕੋਈ ਅਸਰ ਨਾ ਦਿਸਿਆ ਜਦੋਂ ਤੱਕ ਕਸ਼ਮੀਰ ਵਿਚ ਸ਼ਾਂਤਮਈ ਮਾਹੌਲ ਰਿਹਾ। 1980 ਦੇ ਦਹਾਕੇ ਵਿਚ ਕਸ਼ਮੀਰੀ ਲੋਕਾਂ ਦੀ ਬੇਚੈਨੀ ਦੇ ਲੋਕ ਸੰਘਰਸ਼ਾਂ ਦੇ ਰੂਪ ਵਿਚ ਫੁੱਟਣ ਨਾਲ ਹੀ ਇਸ ਫਿਰਕੂ ਵੰਡ ਨੇ ਆਪਣਾ ਅਸਰ ਵਿਖਾਉਣਾ ਸ਼ੁਰੂ ਕਰ ਦਿੱਤਾ। ਉਦੋਂ ਤੱਕ ਕਸ਼ਮੀਰੀ ਮੁਸਲਮਾਨਾਂ ਤੇ ਹਿੰਦੂਆਂ ਵਿਚ ਕਾਫੀ ਭਾਈਚਾਰਕ ਸਾਂਝ ਸੀ। ਅਨੇਕਾਂ ਮਸਜਿਦਾਂ 'ਚ ਹੀ ਹਿੰਦੂਆਂ ਦੇ ਮੰਦਿਰ ਬਣੇ ਹੋਏ ਸਨ। ਸਮਾਜ 'ਚ ਵੀ ਧਰਮ ਦਾ ਪ੍ਰਭਾਵ ਘੱਟ ਸੀ। ਕਸ਼ਮੀਰ ਦੀ ਆਜ਼ਾਦੀ ਲਈ 1977 'ਚ ਬਣੀ ਜੰਮੂ ਕਸ਼ਮੀਰ ਲਿਬਰੇਸ਼ਨ ਫੋਰਸ ਵੀ ਧਰਮ ਨਿਰਪੱਖ ਤਾਕਤ ਹੀ ਸੀ।

### 80 ਦੇ ਦਹਾਕੇ ਦਾ ਖੂਨੀ ਦੌਰ ਤੇ ਕੱਟੜਪੰਥ

1951 ਤੋਂ 1981 ਦੇ ਅਰਸੇ ਦੇ ਦੋ ਵਰਤਾਰਿਆਂ ਨੂੰ ਸਮਝਣਾ ਜ਼ਰੂਰੀ ਹੈ। ਪਹਿਲਾ, ਇਸ ਦੌਰਾਨ ਕਸ਼ਮੀਰੀ ਆਪਣਾ ਰੋਸ ਸ਼ਾਂਤਮਈ ਢੰਗ ਨਾਲ ਜਤਾਉਂਦੇ ਰਹੇ, ਜਿਨ੍ਹਾਂ ਨੂੰ ਵਾਰ-ਵਾਰ ਕੁਚਲਿਆ ਜਾਂਦਾ ਰਿਹਾ। ਇਸ ਕਰਕੇ 1981 ਤੋਂ ਬਾਅਦ ਕਸ਼ਮੀਰ 'ਚ ਹਥਿਆਰਬੰਦ ਸੰਘਰਸ਼ ਸ਼ੁਰੂ ਹੋ ਗਿਆ। ਜੇ. ਕੇ. ਐਲ. ਐਫ. ਦੇ ਆਗੂ ਮਕਬੂਲ ਬੱਟ ਦੇ 1984 ਵਿਚ ਫਾਂਸੀ ਲੱਗਣ ਪਿਛੋਂ ਦਹਾਕੇ ਦੇ ਮਗਰਲੇ ਅੱਧ 'ਚ ਇਹ ਸੰਘਰਸ਼ ਹੋਰ ਵੀ ਖੂਨੀ ਹੋ ਗਿਆ। ਇਸੇ ਦੌਰਾਨ ਹੀ ਮੁਸਲਿਮ ਕੱਟੜਪੰਥੀ ਦਹਿਸ਼ਤਗਰਦ ਤਾਕਤਾਂ ਦਾ ਉਭਾਰ ਹੋ ਗਿਆ ਤੇ ਪਾਕਿਸਤਾਨ ਵਲੋਂ ਵੀ ਮੁਜਾਹਿਦੀਨ ਭੇਜੇ ਜਾਂਦੇ ਰਹੇ। ਦੂਜਾ, ਕਸ਼ਮੀਰ ਵਿਚ ਨੌਕਰਸ਼ਾਹੀ 'ਚ ਵੱਡੇ ਪੱਧਰ 'ਤੇ ਭਰਤੀ ਹਿੰਦੂਆਂ ਵਿਚੋਂ ਹੀ ਹੋਈ। ਜਦੋਂ 1981 ਤੋਂ ਬਾਅਦ ਭਾਰਤੀ ਸੱਤਾ ਨਾਲ ਖੂਨੀ ਜਦੋ-ਜਹਿਦ ਸ਼ੁਰੂ ਹੋਈ ਤਾਂ ਭਾਰਤੀ ਹਕੂਮਤ ਦੇ ਅਫਸਰਾਂ, ਨੌਕਰਸ਼ਾਹਾਂ ਨੂੰ ਵੀ ਨਿਸ਼ਾਨਾ ਬਣਾਇਆ ਜਾਣ ਲੱਗਾ। ਇਨ੍ਹਾਂ ਦੇ ਹਿੰਦੂ ਹੋਣ ਕਾਰਨ ਇਕ ਵਾਰ ਫੇਰ ਹਿੰਦੂ ਕੱਟੜਪੰਥੀਆਂ ਨੂੰ ਇਸ ਨੂੰ ਮੁਸਲਮਾਨਾਂ ਵਲੋਂ ਹਿੰਦੂਆਂ ਦੇ ਕਤਲ ਬਣਾ ਕੇ ਪੇਸ਼ ਕਰਨ ਦਾ ਬਹਾਨਾ ਮਿਲ ਗਿਆ। ਇਨ੍ਹਾਂ ਦੋਹਾਂ ਹੀ ਕਾਰਨਾਂ ਨੇ ਖਾੜਕੂ ਤਾਕਤਾਂ ਵਿਚ ਮੁਸਲਿਮ ਕੱਟੜਪੰਥ ਨੂੰ ਵਧਾਉਣ ਦਾ ਕੰਮ ਕੀਤਾ, ਜਿਸ ਦਾ ਨਤੀਜਾ 1990 ਦੀਆਂ ਘਟਨਾਵਾਂ 'ਚ ਨਿਕਲਿਆ।

### ਕਸ਼ਮੀਰੀ ਪੰਡਿਤਾਂ ਨਾਲ ਕੀ ਵਾਪਰਿਆ?

1989 ਤੋਂ 1992 ਤੱਕ ਦਾ ਸਮਾਂ ਕਸ਼ਮੀਰ ਵਿਚ ਖੂਨੀ ਉਥਲ-ਪੁਥਲ ਦਾ ਸਿਖਰ ਰਿਹਾ। ਇਸੇ ਦੌਰ 'ਚ ਹੀ ਮੁਸਲਿਮ ਕੱਟੜਪੰਥੀਆਂ ਨੇ ਹਿੰਦੂਆਂ ਨੂੰ ਧਮਕੀਆਂ ਦਿੱਤੀਆਂ। ਨਤੀਜੇ ਵਜੋਂ 19 ਜਨਵਰੀ 1990 ਦੀ ਰਾਤ ਪਿਛੋਂ ਵੱਡੀ ਗਿਣਤੀ ਕਸ਼ਮੀਰੀ ਪੰਡਿਤਾਂ ਨੂੰ ਕਸ਼ਮੀਰ ਛੱਡਣਾ ਪਿਆ। ਇਸ ਪਿੱਛੇ ਮੁਸਲਿਮ ਕੱਟੜਪੰਥੀਆਂ ਦੀਆਂ ਧਮਕੀਆਂ ਨਾਲੋਂ ਭਾਰਤੀ ਹਕੂਮਤ ਦੀ ਨੀਤੀ ਵੱਧ ਜ਼ਿੰਮੇਵਾਰ ਸੀ।

1984 ਵਿਚ ਕਾਂਗਰਸ ਸਰਕਾਰ ਨੇ ਜਗਮੋਹਨ ਨੂੰ ਕਸ਼ਮੀਰ ਦਾ ਗਵਰਨਰ ਬਣਾਇਆ। ਜਦੋਂ 1990 ਵਿਚ ਕਸ਼ਮੀਰੀ ਪੰਡਿਤ ਦਹਿਸ਼ਤ ਦੇ ਮਹੌਲ ਵਿਚ ਸਨ ਤਾਂ ਉਸ ਵੇਲੇ ਦੇ ਪ੍ਰਸ਼ਾਸਨਿਕ ਅਧਿਕਾਰੀ ਵਜਾਹਤ ਹਬੀਬਉਲਾ ਨੇ ਕਸ਼ਮੀਰੀ ਮੁਸਲਮਾਨਾਂ ਵਲੋਂ ਹਿੰਦੂਆਂ ਦੀ ਮਦਦ ਦੀ ਪੇਸ਼ਕਸ਼ ਕੀਤੇ ਜਾਣ ਪਿਛੋਂ ਗਵਰਨਰ ਜਗਮੋਹਨ ਨਾਲ ਗੱਲ ਕੀਤੀ ਕਿ ਉਹ ਟੀ. ਵੀ. 'ਤੇ ਬਿਆਨ ਜਾਰੀ ਕਰਕੇ ਮੁਸਲਮਾਨਾਂ ਨੂੰ ਹਿੰਦੂਆਂ ਦੀ ਮਦਦ ਕਰਨ ਲਈ ਕਹਿਣ, ਪਰ ਉਸ ਨੇ ਅਜਿਹਾ ਕੋਈ ਬਿਆਨ ਜਾਰੀ ਨਾ ਕੀਤਾ ਸਗੋਂ ਬਿਆਨ ਦਿੱਤਾ ਕਿ ਸਰਕਾਰ ਕਸ਼ਮੀਰੀ ਹਿੰਦੂਆਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਨਹੀਂ ਲੈ ਸਕਦੀ, ਪਰ ਕਸ਼ਮੀਰ ਛੱਡਣ ਵਾਲੇ ਹਿੰਦੂਆਂ ਲਈ ਖਾਸ ਪ੍ਰਬੰਧ ਕੀਤੇ ਜਾਣਗੇ ਤੇ ਪ੍ਰਸ਼ਾਸਨ ਵਿਚਲੇ ਹਿੰਦੂਆਂ ਦੀ ਤਨਖਾਹ, ਪੈਨਸ਼ਨ ਉਸੇ ਤਰ੍ਹਾਂ ਬਰਕਰਾਰ ਰੱਖੀ ਜਾਵੇਗੀ। ਕਿਹਾ ਜਾਂਦਾ ਹੈ ਕਿ ਸਰਕਾਰ ਦੀ ਨੀਅਤ ਇਹ ਸੀ ਕਿ ਹਿੰਦੂਆਂ ਦੇ ਕਸ਼ਮੀਰ 'ਚੋਂ ਨਿਕਲਣ ਪਿਛੋਂ ਉਨ੍ਹਾਂ ਲਈ ਬਾਗੀ ਮੁਸਲਮਾਨਾਂ ਨਾਲ ਸਿੱਝਣਾ ਸੌਖਾ ਹੋ ਜਾਵੇਗਾ।

ਸਪਸ਼ਟ ਹੈ ਕਿ ਭਾਰਤੀ ਹਕੂਮਤ ਹਿੰਦੂਆਂ ਦੀ ਹਿਜਰਤ ਲਈ ਵੱਧ ਜ਼ਿੰਮੇਵਾਰ ਸੀ। ਆਖਰ ਜੋ ਸਰਕਾਰ ਕਸ਼ਮੀਰ ਵਿਚ ਅਤਿਵਾਦ ਨਾਲ ਸਿੱਝਣ ਦੇ ਨਾਂ 'ਤੇ 7 ਲੱਖ ਫੌਜ ਲਾ ਸਕਦੀ ਹੈ, ਅਫਸਪਾ ਜਿਹੇ ਕਾਨੂੰਨ ਲਾਗੂ ਕਰ ਸਕਦੀ ਹੈ, ਭਲਾ ਉਹ ਹਿੰਦੂ ਅਬਾਦੀ ਦੀ ਸੁਰੱਖਿਆ ਦੇ ਪ੍ਰਬੰਧ ਕਿਉਂ ਨਹੀਂ ਸੀ ਕਰ ਸਕਦੀ? ਜਗਮੋਹਨ ਦਾ ਦੌਰ ਕਸ਼ਮੀਰ ਲਈ ਸਭ ਤੋਂ ਬੁਰਾ ਦੌਰ ਸੀ। ਮੁੜ ਜਗਮੋਹਨ ਭਾਜਪਾ 'ਚ ਸ਼ਾਮਲ ਹੋ ਗਿਆ ਤੇ ਉਸ ਨੂੰ ਆਪਣੇ ਕਾਰੇ ਲਈ ਪਦਮ ਭੂਸ਼ਣ ਵੀ ਮਿਲਿਆ।

ਇਸ ਤਰ੍ਹਾਂ ਕਸ਼ਮੀਰੀ ਹਿੰਦੂਆਂ ਨੂੰ ਕਸ਼ਮੀਰ ਛੱਡਣਾ ਪਿਆ, ਪਰ ਇਹ ਗਿਣਤੀ 7 ਤੋਂ 10 ਲੱਖ ਨਹੀਂ ਸੀ। 1951 ਤੱਕ ਦੀ ਅਬਾਦੀ ਦੇ ਅੰਕੜਿਆਂ ਨੂੰ ਮੁੱਖ ਰੱਖਦਿਆਂ ਮਾਹਿਰਾਂ ਮੁਤਾਬਕ 1990 'ਚ ਕਸ਼ਮੀਰੀ ਪੰਡਿਤਾਂ ਦੀ ਗਿਣਤੀ ਵੱਧ ਤੋਂ ਵੱਧ 1.5 ਲੱਖ ਹੋਵੇਗੀ, ਇਸ ਲਈ 7-10 ਲੱਖ ਦੇ ਅੰਕੜੇ ਵਧਾ-ਚੜ੍ਹਾ ਕੇ ਪੇਸ਼ ਕੀਤੇ ਗਏ ਹਨ। 2011 ਦੀ ਭਾਰਤ ਦੀ ਜਨਗਣਨਾ ਵਿਚੋਂ ਜੰਮੂ ਕਸ਼ਮੀਰ ਦੀ ਅਬਾਦੀ ਸਬੰਧੀ 30 ਦਸਬੰਰ ਦੇ ਇੰਡੀਅਨ ਐਕਸਪ੍ਰੈਸ ਅਖਬਾਰ 'ਚ ਛਪੇ




*ਰੋਸ ਵਿਖਾਵਾ ਕਰ ਰਹੇ ਕਸ਼ਮੀਰੀ ਪੰਡਿਤ।*

ਅੰਕੜਿਆਂ ਮੁਤਾਬਕ 1961 ਤੋਂ 2011 ਵਿਚਾਲੇ ਜੰਮੂ ਤੇ ਕਸ਼ਮੀਰ ਦੀ ਹਿੰਦੂ ਤੇ ਮੁਸਲਿਮ ਅਬਾਦੀ ਦੇ ਅਨੁਪਾਤ 'ਚ ਕੋਈ ਖਾਸ ਤਬਦੀਲੀ ਨਹੀਂ ਆਈ। 1961 'ਚ ਮੁਸਲਿਮ ਅਬਾਦੀ 68.31% ਤੇ ਹਿੰਦੂ ਅਬਾਦੀ 28.45% ਸੀ ਤੇ 2011 'ਚ ਮੁਸਲਿਮ ਅਬਾਦੀ 68.31% ਤੇ ਹਿੰਦੂ ਅਬਾਦੀ 28.43% ਹੈ। ਜੰਮੂ ਕਸ਼ਮੀਰ ਦੇ ਕੁੱਲ 14 ਜ਼ਿਲੇ ਹਨ, ਜਿਨ੍ਹਾਂ ਵਿਚ 6 ਕਸ਼ਮੀਰ ਵਿਚ ਹਨ। 2001 ਤੋਂ 2011 ਵਿਚਾਲੇ ਇਨ੍ਹਾਂ 'ਚੋਂ 5 ਜ਼ਿਲ੍ਹਿਆਂ ਵਿਚ ਮੁਸਲਿਮ ਅਬਾਦੀ ਘਟੀ ਹੈ ਤੇ ਹਿੰਦੂ ਅਬਾਦੀ ਵਧੀ ਹੈ। ਇਕੱਲੇ ਸ੍ਰੀਨਗਰ ਵਿਚ ਮੁਸਲਿਮ ਅਬਾਦੀ ਵਧੀ ਹੈ ਤੇ ਹਿੰਦੂ ਅਬਾਦੀ ਘਟੀ ਹੈ। ਇਨ੍ਹਾਂ ਜ਼ਿਲ੍ਹਿਆਂ ਵਿਚ ਅਬਾਦੀ ਦੇ ਵਾਧੇ-ਘਾਟੇ ਦੀ ਦਰ ਇਕ ਫੀਸਦੀ ਦੇ ਆਸ-ਪਾਸ ਹੀ ਰਹੀ ਹੈ ਤੇ ਕੁੱਲ ਮਿਲਾ ਕੇ ਹਿੰਦੂ ਅਬਾਦੀ ਵਧੀ ਹੈ।

ਇਹ ਧਾਰਨਾ ਵੀ ਝੂਠੀ ਹੀ ਹੈ ਕਿ ਕਸ਼ਮੀਰ ਵਿਚ ਹਜ਼ਾਰਾਂ ਹਿੰਦੂਆਂ ਦੀ ਨਸਲਕੁਸ਼ੀ ਕੀਤੀ ਗਈ ਸੀ। ਜੰਮੂ ਕਸ਼ਮੀਰ ਸਰਕਾਰ ਮੁਤਾਬਕ 1989 ਤੋਂ 2004 ਵਿਚਾਲੇ ਕਤਲ ਹੋਏ ਹਿੰਦੂਆਂ ਦੀ ਗਿਣਤੀ 219 ਹੈ, ਜਦਕਿ ਕਸ਼ਮੀਰੀ ਪੰਡਿਤਾਂ ਦੀ ਇਕ ਸੰਸਥਾ ਮੁਤਾਬਕ ਇਹ ਗਿਣਤੀ 650 ਹੈ। ਇਸ ਨੂੰ ਵੀ ਨਸਲਕੁਸ਼ੀ ਨਹੀਂ ਕਿਹਾ ਜਾ ਸਕਦਾ, ਕਿਉਂਕਿ ਪਹਿਲੀ ਗੱਲ ਇਨ੍ਹਾਂ ਕਤਲਾਂ 'ਚ ਵੱਡਾ ਹਿੱਸਾ ਖਾੜਕੂਆਂ ਹੱਥੋਂ ਅਫਸਰ, ਨੌਕਰਸ਼ਾਹ ਹੋਣ ਕਰਕੇ ਮਾਰਿਆ ਗਿਆ, ਨਾ ਕਿ ਹਿੰਦੂ ਹੋਣ ਕਰਕੇ। ਇਨ੍ਹਾਂ ਕਤਲਾਂ ਦੇ ਸ਼ਿਕਾਰ ਹੋਏ ਅਫਸਰਾਂ 'ਚ ਮੁਸਲਮਾਨ ਵੀ ਸਨ। ਦੂਜੀ ਗੱਲ, ਬੇਸ਼ੱਕ ਇਨ੍ਹਾਂ ਕਤਲਾਂ ਵਿਚ ਇਕ ਹਿੱਸਾ ਵੱਖ-ਵੱਖ ਘਟਨਾਵਾਂ ਵਿਚ ਧਾਰਮਕ ਪਛਾਣ ਤਹਿਤ ਮਾਰੇ ਗਏ ਹਿੰਦੂਆਂ ਦਾ ਵੀ ਸੀ, ਪਰ ਨਾ ਤਾਂ ਮਾਰੇ ਗਏ ਹਿੰਦੂ ਵੱਡੀ ਗਿਣਤੀ ਵਿਚ ਸਨ ਤੇ ਨਾ ਹੀ ਉਨ੍ਹਾਂ ਦਾ ਯੋਜਨਾਬੱਧ ਢੰਗ ਨਾਲ ਕਤਲੇਆਮ ਕੀਤਾ ਗਿਆ ਸੀ। ਤੀਜਾ ਕਾਰਨ ਹਿੰਦੂ ਅਬਾਦੀ ਦਾ ਵੱਡਾ ਹਿੱਸਾ ਭਾਵੇਂ ਕਸ਼ਮੀਰ ਛੱਡ ਗਿਆ ਸੀ ਪਰ ਇਕ ਹਿੱਸਾ ਉਥੇ ਹੀ ਰਿਹਾ। ਜੇ ਹਿੰਦੂਆਂ ਦੀ ਨਸਲਕੁਸ਼ੀ ਹੋ ਰਹੀ ਹੁੰਦੀ ਤਾਂ ਇਹ ਅਬਾਦੀ ਉਥੇ ਜਿਉਂਦੀ ਨਾ ਰਹਿੰਦੀ। ਹੁਣ ਵੀ ਕਸ਼ਮੀਰ ਵਿਚ 3000 ਤੋਂ ਵੱਧ ਹਿੰਦੂ ਪਰਿਵਾਰ ਰਹਿੰਦੇ ਹਨ। ਸਭ ਤੋਂ ਅਹਿਮ ਗੱਲ ਇਹ ਹੈ ਕਿ ਹਿੰਦੂਆਂ ਨਾਲ ਜੋ ਵੀ ਹੋਇਆ, ਉਸ ਲਈ ਭਾਰਤੀ ਤੇ ਪਾਕਿਸਤਾਨੀ ਹਾਕਮ ਅਤੇ ਧਾਰਮਕ ਕੱਟੜਪੰਥੀ ਜ਼ਿੰਮੇਵਾਰ ਸਨ, ਨਾ ਕਿ ਕਸ਼ਮੀਰ ਦੀ ਆਮ ਮੁਸਲਿਮ ਅਬਾਦੀ, ਸਗੋਂ ਆਮ ਮੁਸਲਮਾਨਾਂ ਨੇ ਹਿੰਦੂਆਂ ਦੀ ਮਦਦ ਕੀਤੀ ਜਿਸ ਕਰਕੇ ਉਹ ਹੁਣ ਵੀ ਕਸ਼ਮੀਰ 'ਚ ਰਹਿੰਦੇ ਹਨ।

ਕਸ਼ਮੀਰ ਛੱਡ ਕੇ ਗਏ ਹਿੰਦੂ ਜੰਮੂ, ਦਿੱਲੀ ਤੇ ਹੋਰ ਸੂਬਿਆਂ 'ਚ ਜਾ ਵਸੇ। ਇਨ੍ਹਾਂ ਵਿਚੋਂ ਕਈਆਂ ਨੂੰ ਭਾਰਤੀ ਹਕੂਮਤ ਨੇ ਵਿਸ਼ੇਸ਼ ਸਹੂਲਤਾਂ ਵੀ ਦਿੱਤੀਆਂ, ਪਰ ਵੱਡੇ ਹਿੱਸੇ ਲਈ ਸਰਕਾਰ ਨੇ ਵਸੇਬੇ, ਰੁਜ਼ਗਾਰ ਆਦਿ ਦੇ ਕੋਈ ਠੋਸ ਪ੍ਰਬੰਧ ਨਾ ਕੀਤੇ, ਜਿਸ ਕਰਕੇ ਤਕਲੀਫਾਂ ਵਧੀਆਂ ਹਨ। ਹਿੰਦੂ ਕੱਟੜਪੰਥੀਆਂ ਨੇ ਕਸ਼ਮੀਰੀ ਪੰਡਿਤਾਂ ਨੂੰ ਭੜਕਾ ਕੇ ਮਸਲੇ ਨੂੰ ਹਵਾ ਦੇਣ ਵਿਚ ਪੂਰੀ ਵਾਹ ਲਾਈ, ਪਰ ਉਨ੍ਹਾਂ ਸ਼ਰਨਾਰਥੀਆਂ ਦੀ ਮਾਲੀ ਮਦਦ ਲਈ ਕਦੇ ਵੀ ਕੁਝ ਨਾ ਕੀਤਾ। ਉਲਟਾ ਭਾਰਤੀ ਹਕੂਮਤ ਨੇ ਕਸ਼ਮੀਰ ਵਿਚ ਇਨ੍ਹਾਂ ਨਾਲ ਹੋਏ ਵਿਤਕਰੇ ਨੂੰ ਵਧਾ-ਚੜ੍ਹਾ ਕੇ ਦੱਸ ਕੇ ਭਾਰਤੀ ਲੋਕਾਂ 'ਚ ਕਸ਼ਮੀਰ ਦੇ ਆਮ ਲੋਕਾਂ ਪ੍ਰਤੀ ਨਫਰਤ ਪੈਦਾ ਕੀਤੀ ਅਤੇ ਕਸ਼ਮੀਰੀ ਲੋਕਾਂ 'ਤੇ ਕੀਤੇ ਜਾਂਦੇ ਜਬਰ ਨੂੰ ਜਾਇਜ਼ ਦੱਸਿਆ। ਇਸ ਤਰ੍ਹਾਂ ਕਸ਼ਮੀਰ ਦੇ ਪੀੜਤ ਲੋਕਾਂ ਨੂੰ ਹੀ ਦੋਸ਼ੀ ਬਣਾ ਕੇ ਪੇਸ਼ ਕੀਤਾ ਜਾਂਦਾ ਰਿਹਾ ਹੈ।

### ਕਸ਼ਮੀਰੀ ਮੁਸਲਮਾਨਾਂ ਨਾਲ ਕੀ ਵਾਪਰਿਆ?

ਇਹ ਵੀ ਧਿਆਨ 'ਚ ਰਹੇ ਕਿ ਕਸ਼ਮੀਰੀ ਹਿੰਦੂਆਂ ਦੇ ਕਤਲ ਤੇ ਉਜਾੜੇ ਦੀਆਂ ਘਟਨਾਵਾਂ ਉਦੋਂ ਵਾਪਰੀਆਂ, ਜਦੋਂ ਪੂਰਾ ਕਸ਼ਮੀਰ ਹੀ ਸੜ ਰਿਹਾ ਸੀ। 1989 ਤੋਂ ਹੁਣ ਤੱਕ ਕਸ਼ਮੀਰ ਵਿਚ 70,000 ਤੋਂ ਵੱਧ ਲੋਕ ਮਾਰੇ ਜਾ ਚੁਕੇ ਹਨ, 8000 ਦੇ ਕਰੀਬ ਲਾਪਤਾ ਹਨ, ਹਜ਼ਾਰਾਂ ਲੋਕਾਂ ਦੀਆਂ ਗੁੰਮਨਾਮ ਸਮੂਹਕ ਕਬਰਾਂ ਮਿਲੀਆਂ ਹਨ, ਹਜ਼ਾਰਾਂ ਔਰਤਾਂ ਵਿਧਵਾ ਹੋਈਆਂ, ਲੱਖਾਂ ਬੱਚੇ ਅਪਾਹਜ ਤੇ ਯਤੀਮ ਹੋਏ ਹਨ। ਅਨੇਕਾਂ ਸਮੂਹਕ ਕਤਲ ਦੀਆਂ ਘਟਨਾਵਾਂ ਹਨ, 1992 ਦਾ ਕੁਨਾਨ-ਪੋਸ਼ਪੋਰਾ ਦੀਆਂ ਸਮੂਹਕ ਬਲਾਤਕਾਰ ਦੀਆਂ ਘਟਨਾਵਾਂ ਹਨ। ਇਨ੍ਹਾਂ ਸਭ ਦੇ ਪੀੜਤ ਮੁਸਲਮਾਨ ਹਨ। ਕਸ਼ਮੀਰ ਦੇ ਸੰਤਾਪ ਦੇ ਪੀੜਤ ਇਕੱਲੇ ਹਿੰਦੂ ਨਹੀਂ ਸਗੋਂ ਮੁਸਲਮਾਨ ਤੇ ਹੋਰ ਲੋਕ ਵੀ ਹਨ।

ਅਸਲ 'ਚ ਕਸ਼ਮੀਰੀ ਮੁਸਲਮਾਨਾਂ ਦੀ ਪੀੜ ਹਿੰਦੂਆਂ ਨਾਲੋਂ ਕਿਤੇ ਵੱਧ ਹੈ। ਕਸ਼ਮੀਰੀ ਪੰਡਿਤਾਂ ਦੇ ਇਕ ਹਿੱਸੇ ਨੂੰ ਸਰਕਾਰ ਨੇ ਰਿਆਇਤਾਂ ਦਿੱਤੀਆਂ ਤੇ ਨਾਲ ਹੀ ਉਨ੍ਹਾਂ ਨੂੰ ਹੋਰ ਭਾਰਤੀਆਂ ਦੀ ਹਮਦਰਦੀ ਵੀ ਮਿਲੀ ਪਰ ਮੁਸਲਮਾਨਾਂ ਨੂੰ ਹੁਣ ਵੀ ਕਸ਼ਮੀਰ ਤੋਂ ਬਾਹਰ ਵੀ ਕਈ ਤਰ੍ਹਾਂ ਦੇ ਸੰਤਾਪ ਝੱਲਣੇ ਪੈਂਦੇ ਹਨ। ਉਨ੍ਹਾਂ ਨਾਲ ਬਦਸਲੂਕੀ, ਕੁੱਟਮਾਰ ਹੁੰਦੀ ਹੈ, ਖੁਫੀਆ ਏਜੰਸੀਆਂ ਉਨ੍ਹਾਂ 'ਤੇ ਨਜ਼ਰ ਰੱਖਦੀਆਂ ਹਨ ਤੇ ਉਨ੍ਹਾਂ ਲਈ ਦੋਸਤ ਬਣਾਉਣੇ, ਇਕ ਆਮ ਨਾਗਰਿਕ ਵਾਂਗ ਜ਼ਿੰਦਗੀ ਜੀਣਾ ਔਖਾ ਹੁੰਦਾ ਹੈ। ਜੇ ਹਿੰਦੂਆਂ ਨੂੰ ਆਪਣੀ ਧਰਤੀ ਛੱਡਣੀ ਪਈ ਤਾਂ ਕਸ਼ਮੀਰੀ ਮੁਸਲਮਾਨ ਆਪਣੇ ਹੀ ਘਰਾਂ 'ਚ ਜੇਲ੍ਹ ਤੇ ਤਸੀਹਾਘਰ ਜਿਹੀ ਜ਼ਿੰਦਗੀ ਜਿਉਂ ਰਹੇ ਹਨ।

1993 ਤੋਂ ਬਾਅਦ ਸ਼ਾਂਤੀ ਦੇ ਮੰਨੇ ਜਾਂਦੇ ਦੌਰ ਵਿਚ ਵੀ ਭਾਰਤੀ ਹਾਕਮਾਂ ਨੇ ਕਸ਼ਮੀਰ ਵਿਚ ਫਿਰਕੂ ਜ਼ਹਿਰ ਘੋਲਣ ਦੀ ਕੋਸ਼ਿਸ਼ ਨਹੀਂ ਛੱਡੀ। 2009 ਦਾ ਅਮਰਨਾਥ ਮੁੱਦਾ ਇਸ ਦੀ ਮਿਸਾਲ ਸੀ। ਬਹੁਤ ਘੱਟ ਵਰਤੋਂ ਵਿਚ ਆਉਂਦੇ ਤੇ ਔਖੇ ਰਾਹ ਨੂੰ ਮਾਹਿਰਾਂ ਦੀ ਰਾਇ ਦੇ ਵਿਰੁਧ ਜਾ ਕੇ ਜਾਣ-ਬੁਝ ਕੇ ਵਰਤੋਂ 'ਚ ਲਿਆਉਣ ਦੇ ਯਤਨ ਕੀਤੇ ਗਏ ਤੇ ਇਸ ਲਈ ਜਮੀਨ ਅਲਾਟ ਕੀਤੀ ਗਈ। ਇਹ ਸਾਜ਼ਿਸ਼ਾਂ ਅੱਜ ਵੀ ਜਾਰੀ ਹਨ। ਜੰਮੂ 'ਚ ਆਰ. ਐਸ. ਐਸ. ਪੈਰ ਪਸਾਰ ਰਹੀ ਹੈ।

# ਗੁਰਦੁਆਰਾ ਸੰਤ ਸਾਗਰ ਵਿਖੇ ਗੁਰੂ ਨਾਨਕ ਪ੍ਰਕਾਸ਼ ਪੁਰਬ 'ਤੇ ਵਗੇ ਸ਼ਰਧਾ ਦੇ ਦਰਿਆ

**ਬੈਲਰੋਜ਼, ਨਿਊ ਯਾਰਕ (ਬਿਊਰੋ):** ਸਿੱਖ ਧਰਮ ਦੇ ਬਾਨੀ ਪ੍ਰਥਮ ਪਾਤਿਸ਼ਾਹ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਸਥਾਨਕ ਗੁਰਦੁਆਰਾ ਸੰਤ ਸਾਗਰ ਵਿਖੇ ਸੰਗਤਾਂ ਨੇ ਬੜੀ ਸ਼ਰਧਾ ਭਾਵਨਾ ਅਤੇ ਉਤਸ਼ਾਹ ਨਾਲ ਮਨਾਇਆ। ਪੰਥ ਪ੍ਰਸਿਧ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਰਾਹੀਂ ਅਜਿਹਾ ਪ੍ਰਵਾਹ ਚਲਾਇਆ ਕਿ ਫਿਜ਼ਾ ਵਿਚ ਇਲਾਹੀ ਰੰਗ ਤਾਰੀ ਹੋਇਆ ਜਾਪਦਾ ਸੀ।















ਪ੍ਰੋਗਰਾਮਾਂ ਦੀ ਸ਼ੁਰੂਆਤ 25 ਅਗਸਤ ਤੋਂ ਪ੍ਰਭਾਤ ਫੇਰੀਆਂ ਨਾਲ ਹੋਈ ਜੋ 18 ਨਵੰਬਰ ਤੱਕ ਚੱਲੇ। ਇਸ ਦੌਰਾਨ 10 ਨਵੰਬਰ ਨੂੰ ਨਗਰ ਕੀਰਤਨ ਸਜਾਇਆ ਗਿਆ ਜਿਸ ਵਿਚ ਬਹੁਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਸ਼ਾਮਲ ਹੋ ਕੇ ਜੀਵਨ ਸਫਲੇ ਕੀਤੇ।

ਉਪਰੰਤ 19 ਨਵੰਬਰ ਤੋਂ 25 ਨਵੰਬਰ ਤੱਕ ਦਾ ਹਫਤਾ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਿਤ ਸੀ। ਇਸ ਹਫਤੇ ਪ੍ਰੋਗਰਾਮ ਸ਼ਾਮ 5:30 ਸੋਦਰ ਦੀ ਚੌਕੀ ਤੋਂ ਸ਼ੁਰੂ ਹੋ ਕੇ ਰਾਤ 9 ਵਜੇ ਸੁਖ ਆਸਨ ਨਾਲ ਸਮਾਪਤ ਹੁੰਦਾ। 22 ਨਵੰਬਰ, ਪ੍ਰਕਾਸ਼ ਪੁਰਬ ਦੀ ਸੰਧਿਆ 'ਤੇ ਪ੍ਰੋਗਰਾਮ ਸ਼ਾਮ 5:15 ਵਜੇ ਸ਼ੁਰੂ ਹੋ ਕੇ ਰਾਤ 12:30 ਸਮਾਪਤ ਹੋਇਆ, ਜਿਸ ਵਿਚ ਪੰਥ ਪ੍ਰਸਿਧ ਰਾਗੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਸਾਬਕਾ ਹਜ਼ੂਰੀ ਰਾਗੀ ਭਾਈ ਸੱਜਣ ਸਿੰਘ, ਭਾਈ ਗੁਰਮੇਲ ਸਿੰਘ, ਭਾਈ ਬਲਜਿੰਦਰ ਸਿੰਘ ਪਿਹੋਵੇ ਵਾਲੇ, ਭਾਈ ਮਹਿੰਦਰ ਸਿੰਘ ਸਾਗਰ ਅਤੇ ਵਿਸ਼ੇਸ਼ ਤੌਰ 'ਤੇ ਪੁੱਜੇ ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਬੀਬੀ ਜਸਵਿੰਦਰ ਕੌਰ ਖਾਲਸਾ ਰਾਮਾ ਮੰਡੀ ਵਾਲੇ ਬੀਬੀਆਂ ਦੇ ਢਾਡੀ ਜਥੇ ਨੇ ਗੁਰੂ ਨਾਨਕ ਦੇਵ ਜੀ ਦੀਆਂ ਵਾਰਾਂ ਅਤੇ ਗਿਆਨੀ ਦਲਜੀਤ ਸਿੰਘ ਦਮਦਮੀ ਟਕਸਾਲ ਨੇ ਰਾਤ 12:05 ਵਜੇ ਤੱਕ ਗੁਰੂ ਨਾਨਕ ਦੇਵ ਜੀ ਦੀ ਜਨਮ ਗਾਥਾ ਸੰਗਤਾਂ ਨੂੰ ਸਰਵਣ ਕਰਵਾਈ। ਉਪਰੰਤ ਭਾਈ ਸੱਜਣ ਸਿੰਘ ਵਲੋਂ ਆਰਤੀ ਕੀਰਤਨ ਤੇ ਸੰਗਤਾਂ ਵਲੋਂ ਫੁੱਲਾਂ ਦੀ ਵਰਖਾ ਨਾਲ ਦੀਵਾਨ ਦੀ ਸਮਾਪਤੀ ਹੋਈ।

ਪ੍ਰਕਾਸ਼ ਪੁਰਬ ਵਾਲੇ ਦਿਨ ਸ਼ੁੱਕਰਵਾਰ, 23 ਨਵੰਬਰ ਨੂੰ ਸਾਰਾ ਦਿਨ ਪ੍ਰੋਗਰਾਮ ਚਲਦੇ ਰਹੇ। ਸਵੇਰ ਦੇ ਦੀਵਾਨ ਦੀ ਸਮਾਪਤੀ ਦੁਪਹਿਰ 1:30 ਵਜੇ ਹੋਈ। ਉਪਰੰਤ ਇਸਤਰੀ ਸਤਿਸੰਗ ਵਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਹੋਏ ਅਤੇ ਸ਼ਾਮ 5:00 ਵਜੇ ਦੋ ਅਖੰਡ ਪਾਠਾਂ ਦੇ ਭੋਗ ਪੈਣ ਉਪਰੰਤ ਰਾਤ 11 ਵਜੇ ਦੀਵਾਨ ਦੀ ਸਮਾਪਤੀ ਹੋਈ।









ਐਤਵਾਰ ਦੇ ਦੀਵਾਨ ਦਾ ਅਰੰਭ ਸਵੇਰੇ 8 ਵਜੇ ਆਸਾ ਦੀ ਵਾਰ ਨਾਲ ਹੋਇਆ। ਅਖੰਡ ਪਾਠ ਦੇ ਭੋਗ ਉਪਰੰਤ ਦੀਵਾਨ 3:00 ਵਜੇ ਤੱਕ ਸਜਿਆ। ਗੁਰੂ ਘਰ ਦੇ ਵਜੀਰ ਭਾਈ ਸ਼ਿੰਗਾਰਾ ਸਿੰਘ ਨੇ ਅਗਸਤ ਤੋਂ ਚਲ ਰਹੇ ਪ੍ਰੋਗਰਾਮਾਂ ਦੀ ਸਮਾਪਤੀ ਦੀ ਅਰਦਾਸ ਕੀਤੀ।

ਭਾਈ ਸੱਜਣ ਸਿੰਘ ਨੇ ਪ੍ਰਕਾਸ਼ ਪੁਰਬ ਦੀ ਸੰਗਤਾਂ ਨੂੰ ਵਧਾਈ ਦਿੰਦਿਆਂ ਇਨ੍ਹਾਂ ਸਾਰੇ ਪ੍ਰੋਗਰਾਮਾਂ ਵਿਚ ਭਰਵੀਂ ਹਾਜ਼ਰੀ ਲਈ ਸੰਗਤਾਂ ਦਾ ਧੰਨਵਾਦ ਕੀਤਾ। ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਨੇ 21 ਨਵੰਬਰ ਤੋਂ 25 ਨਵੰਬਰ ਤੱਕ ਹਾਜ਼ਰੀ ਭਰੀ। ਵੱਡੀ ਗਿਣਤੀ ਵਿਚ ਸੰਗਤਾਂ ਉਨ੍ਹਾਂ ਤੋਂ ਕੀਰਤਨ ਸਰਵਣ ਕਰਨ ਲਈ ਪਹੁੰਚੀਆਂ।





# ਮੈਰੀ ਕਾਮ ਨੇ ਰਚਿਆ ਇਤਿਹਾਸ, 6ਵੀਂ ਵਾਰ ਬਣੀ ਵਿਸ਼ਵ ਚੈਂਪੀਅਨ

**ਨਵੀਂ ਦਿੱਲੀ:** ਭਾਰਤ ਦੀ ਸਰਬੋਤਮ ਮੁੱਕੇਬਾਜ਼ ਐਮ.ਸੀ. ਮੈਰੀ ਕਾਮ ਨੇ ਆਈਬਾ ਮਹਿਲਾ ਵਿਸ਼ਵ ਮੁੱਕੇਬਾਜ਼ੀ ਚੈਂਪੀਅਨਸ਼ਿਪ ਵਿਚ 48 ਕਿਲੋਗ੍ਰਾਮ ਭਾਰ ਵਰਗ ਦਾ ਖਿਤਾਬ ਆਪਣੇ ਨਾਂ ਕਰ ਲਿਆ ਹੈ। ਮੈਰੀ ਕਾਮ ਨੇ ਫਾਈਨਲ 'ਚ ਯੂਕਰੇਨ ਦੀ ਹਨਾ ਓਖੋਟਾ ਨੂੰ 5-0 ਨਾਲ ਮਾਤ ਦਿੰਦਿਆਂ ਸੋਨ ਤਗਮਾ ਆਪਣੇ ਨਾਂ ਕੀਤਾ। ਮੈਰੀਕਾਮ ਵਿਸ਼ਵ ਚੈਂਪੀਅਨਸ਼ਿਪ 'ਚ ਸੱਤ ਵਾਰ ਫਾਈਨਲ 'ਚ ਪਹੁੰਚਣ ਵਾਲੀ ਪਹਿਲੀ ਮੁੱਕੇਬਾਜ਼ ਹੈ। 2001 ਵਿਚ ਉਸ ਨੇ ਚਾਂਦੀ ਦਾ ਤਗਮਾ ਜਿੱਤਿਆ ਸੀ। ਸਾਲ 2002, 2005, 2006, 2008, 2010 ਤੇ 2018 'ਚ ਸੋਨ ਤਗਮਾ ਹਾਸਲ ਕੀਤਾ ਹੈ।

ਇਸ ਜਿੱਤ ਦੇ ਬਾਅਦ ਮੈਰੀ ਕਾਮ ਨੇ ਭਾਵੁਕ ਹੁੰਦਿਆਂ ਕਿਹਾ ਕਿ ਯੂਕਰੇਨ ਦੀ ਹਨਾ ਨੂੰ ਹਰਾਉਣਾ ਸੌਖਾ ਨਹੀਂ ਸੀ। ਉਹ ਮੇਰੇ ਤੋਂ ਕਾਫੀ ਲੰਮੀ ਹੈ ਤੇ ਇਸ ਜਿੱਤ ਲਈ ਉਸ ਨੇ ਆਪਣੇ ਸਾਰੇ ਪ੍ਰਸ਼ੰਸਕਾਂ ਦਾ ਵੀ ਧੰਨਵਾਦ ਕੀਤਾ। ਮੈਰੀ ਕਾਮ ਨੇ ਕਿਹਾ ਕਿ ਇਹ ਖਿਤਾਬ ਉਸ ਨੇ ਦੇਸ਼ ਨੂੰ ਸਮਰਪਿਤ ਕੀਤਾ ਹੈ। ਮੈਰੀਕਾਮ ਦਾ ਇਹ ਛੇਵਾਂ ਵਿਸ਼ਵ ਚੈਂਪੀਅਨਸ਼ਿਪ ਖਿਤਾਬ ਹੈ ਤੇ ਵਿਸ਼ਵ ਚੈਂਪੀਅਨਸ਼ਿਪ 'ਚ ਕੁਲ ਅੱਠਵਾਂ ਤਗਮਾ ਆਪਣੇ ਨਾਂ ਕੀਤਾ ਹੈ। ਮੈਰੀ ਕਾਮ ਨੇ ਹਾਲ 'ਚ ਹੀ ਗੋਲਡ ਕੋਸਟ ਰਾਸ਼ਟਰ ਮੰਡਲ ਖੇਡਾਂ 'ਚ ਸੋਨ ਤਗਮਾ ਆਪਣੇ ਨਾਂ ਕੀਤਾ ਸੀ। ਉਨ੍ਹਾਂ ਦੇ ਨਾਂ ਏਸ਼ੀਆਈ ਚੈਂਪੀਅਨਸ਼ਿਪ 'ਚ ਵੀ ਪੰਜ ਸੋਨ ਤਗਮੇ ਤੇ ਇਕ ਚਾਂਦੀ ਦਾ ਤਗਮਾ ਹੈ। ਮੈਰੀ ਕਾਮ ਨੇ ਮਾਂ ਬਣਨ ਪਿਛੋਂ ਵਾਪਸੀ ਕਰਦੇ ਹੋਏ ਕਈ ਅੰਤਰਰਾਸ਼ਟਰੀ ਮੁਕਾਬਲਿਆਂ 'ਚ ਜਿੱਤ ਦੇ ਝੰਡੇ ਗੱਡੇ।



ਮੈਰੀ ਕਾਮ ਇਸ ਆਈਬਾ ਮਹਿਲਾ ਵਿਸ਼ਵ ਚੈਂਪੀਅਨਸ਼ਿਪ ਮੁਕਾਬਲੇ ਦੀ ਬਰਾਂਡ ਅੰਬੈਸਡਰ ਵੀ ਹੈ। ਮੈਰੀਕਾਮ ਨੇ ਸੈਮੀਫਾਈਨਲ 'ਚ ਉੱਤਰੀ ਕੋਰੀਆ ਦੀ ਕਿਮ ਹਾਂਗ ਮੀ ਨੂੰ ਹਰਾਇਆ ਸੀ, ਜਦਕਿ ਕੁਆਰਟਰ ਫਾਈਨਲ 'ਚ ਉਸ ਨੇ ਚੀਨ ਦੀ ਵੂ ਯੂ ਨੂੰ 5-0 ਨਾਲ ਮਾਤ ਦਿੱਤੀ ਸੀ। ਫਾਈਨਲ ਮੁਕਾਬਲੇ ਦੇ ਪਹਿਲੇ ਗੇੜ 'ਚ ਦੋਵੇਂ ਖਿਡਾਰਨਾਂ ਸਾਵਧਾਨੀ ਨਾਲ ਇਕ-ਦੂਜੇ ਦੀ ਖੇਡ ਨੂੰ ਪਰਖ ਰਹੀਆਂ ਸਨ ਤੇ ਜ਼ਿਆਦਾ ਹਮਲੇ ਨਹੀਂ ਕਰ ਰਹੀਆਂ ਸਨ। ਦੋਵਾਂ ਨੇ ਆਪਣੇ ਸੱਜੇ ਪੰਚ ਦਾ ਚੰਗਾ ਇਸਤੇਮਾਲ ਕੀਤਾ।

ਮੈਰੀ ਕਾਮ ਨੇ ਕੁਝ ਪੰਚ ਮਾਰੇ ਜਿਨ੍ਹਾਂ 'ਚੋਂ ਕੁਝ ਚੰਗੇ ਨਿਸ਼ਾਨੇ ਉਤੇ ਲੱਗੇ। ਇਸ ਵਿਚਾਲੇ ਹਨਾ ਆਪਣੀ ਫੁਰਤੀ ਨਾਲ ਮੈਰੀ ਕਾਮ ਦੇ ਪੰਚਾਂ ਨੂੰ ਨਾਕਾਮ ਕਰਨ 'ਚ ਸਫਲ ਰਹੀ। ਦੂਸਰੇ ਗੇੜ 'ਚ ਦੋਵਾਂ ਨੇ ਹਮਲਾਵਰ ਹੁੰਦਿਆਂ ਇਕ-ਦੂਜੇ ਉਤੇ ਹਾਵੀ ਹੋਣ ਦੀ ਕੋਸ਼ਿਸ਼ ਕੀਤੀ। ਅਗਲੇ ਗੇੜਾਂ 'ਚ ਰਣਨੀਤੀ ਦੋਵਾਂ ਖਿਡਾਰੀਆਂ ਦੀ ਇਕੋ ਵਰਗੀ ਸੀ। ਸ਼ੁਰੂਆਤ 'ਚ ਹਨਾ ਨੇ ਚੰਗੇ ਪੰਚ ਮਾਰੇ ਪਰ ਮੈਰੀ ਕਾਮ ਨੇ ਦੂਰੀ ਰੱਖਦਿਆਂ ਆਪਣਾ ਬਚਾਅ ਕੀਤਾ ਤੇ ਹਨਾ ਨੂੰ ਹਰਾ ਕੇ ਸੋਨ ਤਗਮਾ ਆਪਣੇ ਨਾਂ ਕੀਤਾ।

## ਮੈਰੀ ਕਾਮ ਨੂੰ ਸਰਵੋਤਮ ਮੁੱਕੇਬਾਜ਼ ਐਲਾਨਿਆ

**ਨਵੀਂ ਦਿੱਲੀ:** ਵਿਸ਼ਵ ਚੈਂਪੀਅਨਸ਼ਿਪ ਵਿਚ ਇਤਿਹਾਸਕ ਛੇਵਾਂ ਆਲਮੀ ਖਿਤਾਬ ਜਿੱਤਣ ਵਾਲੀ ਭਾਰਤੀ ਮੁੱਕੇਬਾਜ਼ ਨੂੰ 10ਵੀਂ ਵਿਸ਼ਵ ਮਹਿਲਾ ਮੁੱਕੇਬਾਜ਼ ਚੈਂਪੀਅਨਸ਼ਿਪ ਦੀ ਸਰਵੋਤਮ ਮੁੱਕੇਬਾਜ਼ ਐਲਾਨਿਆ ਗਿਆ ਹੈ। ਮੈਰੀ ਕਾਮ ਦੀ ਇਸ ਐਜਾਜ਼ ਲਈ ਚੋਣ ਕਰਨ ਵਾਲੇ ਏ.ਆਈ.ਬੀ.ਏ. ਪੈਨਲ ਨੇ ਕਿਹਾ ਕਿ 35 ਸਾਲਾ ਇਸ ਮਣੀਪੁਰੀ ਮੂਲ ਦੀ ਮੁੱਕੇਬਾਜ਼ ਦਾ ਕਦੇ ਵੀ ਹਾਰ ਨਾ ਮੰਨਣ ਵਾਲਾ ਵਤੀਰਾ ਲਾਮਿਸਾਲ ਹੈ। ਇਥੇ ਅਧਿਕਾਰਤ ਪ੍ਰੈੱਸ ਕਾਨਫਰੰਸ ਦੌਰਾਨ ਗੱਲਬਾਤ ਕਰਦਿਆਂ ਮੈਰੀ ਕਾਮ ਨੇ 2006 ਵਿਚ ਦਿੱਲੀ ਵਿਚ ਹੋਏ ਮੁਕਾਬਲੇ 'ਚ ਆਪਣੇ ਸ਼ਮੂਲੀਅਤ ਨੂੰ ਯਾਦ ਕੀਤਾ।

## ਖਿਤਾਬ ਜਿੱਤਣ ਵਾਲੀ ਪਹਿਲੀ ਮਹਿਲਾ ਮੁੱਕੇਬਾਜ਼

ਇਸ ਜਿੱਤ ਨਾਲ ਹੀ 35 ਸਾਲਾ ਸੁਪਰਮਾਮ ਮੈਰੀ ਕਾਮ ਆਇਰਲੈਂਡ ਦੀ ਕੇਟੀ ਟੇਲਰ ਨੂੰ ਪਿੱਛੇ ਛੱਡਦਿਆਂ ਸਭ ਤੋਂ ਵੱਧ 6 ਵਿਸ਼ਵ ਚੈਂਪੀਅਨਸ਼ਿਪ 'ਚ ਸੋਨ ਤਗਮਾ ਜਿੱਤਣ ਵਾਲੀ ਪਹਿਲੀ ਮਹਿਲਾ ਮੁੱਕੇਬਾਜ਼ ਬਣ ਗਈ ਹੈ। ਇਸ ਨਾਲ ਪਹਿਲੇ ਮੈਰੀ ਕਾਮ ਤੇ ਟੇਲਰ 5-5 ਵਾਰ ਵਿਸ਼ਵ ਚੈਂਪੀਅਨਸ਼ਿਪ ਦਾ ਖਿਤਾਬ ਜਿੱਤ ਕੇ ਬਰਾਬਰੀ 'ਤੇ ਸਨ। ਮੈਰੀ ਕਾਮ ਨੇ ਵਿਸ਼ਵ ਚੈਂਪੀਅਨਸ਼ਿਪ ਦੇ ਇਤਿਹਾਸ 'ਚ 6 ਖਿਤਾਬ ਜਿੱਤਣ ਦੇ ਵਿਸ਼ਵ ਰਿਕਾਰਡ (ਮਹਿਲਾ ਤੇ ਪੁਰਸ਼) ਦੀ ਬਰਾਬਰੀ ਵੀ ਕਰ ਲਈ ਹੈ। 6 ਵਾਰ ਵਿਸ਼ਵ ਚੈਂਪੀਅਨ ਬਣਨ ਦਾ ਗੌਰਵ ਉਨ੍ਹਾਂ ਤੋਂ ਪਹਿਲਾਂ ਪੁਰਸ਼ ਮੁੱਕੇਬਾਜ਼ ਕਿਊਬਾ ਦੇ ਫੇਲਿਕਸ ਸੇਵੋਨ ਦੇ ਨਾਂ ਸੀ। ਫੇਲਿਕਸ ਸੇਵੋਨ ਨੇ 1997 'ਚ ਬੁੱਢਾ ਪੇਸਟ 'ਚ ਕਰਵਾਏ ਗਈ ਚੈਂਪੀਅਨਸ਼ਿਪ 'ਚ ਸੋਨ ਤਗਮਾ ਜਿੱਤ ਕੇ ਇਹ ਰਿਕਾਰਡ ਆਪਣੇ ਨਾਂ ਕੀਤਾ ਸੀ।

# ਪੰਜਾਬ ਦੀਆਂ ਸਰਕਾਰੀ ਬੱਸਾਂ ਦਾ ਦਿੱਲੀ ਹਵਾਈ ਅੱਡੇ ਵਿਚ ਦਾਖਲਾ ਬੰਦ

**ਜਲੰਧਰ:** ਦਿੱਲੀ ਹਵਾਈ ਅੱਡੇ ਨੂੰ ਜਾਣ ਵਾਲੀਆਂ ਪੰਜਾਬ ਸਰਕਾਰ ਦੀਆਂ ਲਗਜ਼ਰੀ ਬੱਸਾਂ ਪਿਛਲੇ ਇਕ ਹਫਤੇ ਤੋਂ ਬੰਦ ਪਈਆਂ ਹਨ। ਦਿੱਲੀ ਸਰਕਾਰ ਦੇ ਟਰਾਂਸਪੋਰਟ ਵਿਭਾਗ ਨੇ ਦੋ ਹਫਤੇ ਪਹਿਲਾਂ ਪੰਜਾਬ ਦੀਆਂ ਪੰਜ ਸਰਕਾਰੀ ਬੱਸਾਂ ਚਲਾਨ ਕੱਟ ਕੇ ਜ਼ਬਤ ਕਰ ਲਈਆਂ ਸਨ। ਪਰਵਾਸੀ ਪੰਜਾਬੀਆਂ ਦੀ ਪਹਿਲੀ ਪਸੰਦ ਬਣਦੀਆਂ ਜਾ ਰਹੀਆਂ ਇਨ੍ਹਾਂ ਸਰਕਾਰੀ ਬੱਸਾਂ ਨੇ ਬਾਦਲਾਂ ਦੀਆਂ ਇੰਡੋ-ਕੈਨੇਡੀਅਨ ਬੱਸਾਂ ਨੂੰ ਆਰਥਿਕ ਤੌਰ 'ਤੇ ਵੱਡੀ ਢਾਹ ਲਾਈ ਸੀ ਪਰ ਹੁਣ ਜਦੋਂ ਸਰਕਾਰ ਦੀਆਂ ਬੱਸਾਂ ਦਿੱਲੀ ਏਅਰਪੋਰਟ ਜਾਣੀਆਂ ਬੰਦ ਹੋ ਗਈਆਂ ਤਾਂ ਇਸ ਰੂਟ 'ਤੇ ਫਿਰ ਬਾਦਲਾਂ ਦੀਆਂ ਬੱਸਾਂ ਦਾ ਪੂਰੀ ਤਰ੍ਹਾਂ ਗਲਬਾ ਕਾਇਮ ਹੋ ਗਿਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਸਰਕਾਰ ਦੀਆਂ ਬੱਸਾਂ ਖੜ੍ਹੀਆਂ ਹੋਣ ਬਾਰੇ ਮੁੱਖ ਮੰਤਰੀ ਦਾ ਦਫਤਰ ਪੂਰੀ ਤਰ੍ਹਾਂ ਜਾਣੂ ਹੈ। ਪੰਜਾਬ ਸਰਕਾਰ ਦੀਆਂ ਬੱਸਾਂ ਬੰਦ ਹੋਣ ਮਗਰੋਂ ਇਸ ਰੂਟ 'ਤੇ ਹੁਣ ਸਿਰਫ ਇਕੋ ਹੀ ਨਿੱਜੀ ਕੰਪਨੀ ਇੰਡੋ-ਕੈਨੇਡੀਅਨ ਦੀਆਂ ਬੱਸਾਂ ਚੱਲ ਰਹੀਆਂ ਹਨ, ਜਿਸ ਦੇ ਮਾਲਕ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਹਨ। ਸਰਕਾਰੀ ਬੱਸਾਂ ਦਾ ਕਿਰਾਇਆ 1,065 ਰੁਪਏ ਪ੍ਰਤੀ ਸਵਾਰੀ ਹੈ ਜਦ ਕਿ ਬਾਦਲਾਂ ਦੀਆਂ ਇੰਡੋ ਕੈਨੇਡੀਅਨ ਬੱਸਾਂ ਦਾ ਕਿਰਾਇਆ 2,800 ਤੋਂ ਲੈ ਕੇ 3000 ਰੁਪਏ ਪ੍ਰਤੀ ਸਵਾਰੀ ਤੱਕ ਹੈ। ਸਰਕਾਰੀ ਬੱਸਾਂ ਬੰਦ ਹੋਣ ਨਾਲ ਦਿੱਲੀ ਏਅਰਪੋਰਟ ਜਾਣ ਵਾਲਿਆਂ ਨੂੰ ਹੁਣ ਤਿੰਨ ਗੁਣਾਂ ਵੱਧ ਕਿਰਾਇਆ ਖਰਚ ਕੇ ਬਾਦਲਾਂ ਦੀਆਂ ਬੱਸਾਂ ਵਿਚ ਬੈਠਣ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਜਾਣਕਾਰੀ ਅਨੁਸਾਰ ਦਿੱਲੀ ਏਅਰਪੋਰਟ ਨੂੰ ਜਾਂਦੀ ਪੰਜਾਬ ਰੋਡਵੇਜ਼ ਤੇ ਪੀ.ਆਰ.ਟੀ.ਸੀ. ਦੀ ਹਰ ਇਕ ਬੱਸ ਪ੍ਰਤੀ ਗੇੜਾ 55 ਤੋਂ 60 ਹਜ਼ਾਰ ਰੁਪਏ ਕਮਾ ਲੈਂਦੀ ਸੀ ਪਰ ਹੁਣ ਇਹ ਬੱਸਾਂ ਸਿਰਫ ਦਿੱਲੀ ਦੇ ਬੱਸ ਅੱਡੇ ਤੱਕ ਸੀਮਤ ਹੋਣ ਕਾਰਨ ਉਨ੍ਹਾਂ ਦੀ ਕਮਾਈ ਅੱਧੀ ਰਹਿ ਗਈ ਹੈ। ਜਲੰਧਰ ਤੋਂ ਦਿੱਲੀ ਏਅਰਪੋਰਟ ਤੱਕ ਜਾਣ ਵਾਲੀਆਂ ਸਰਕਾਰੀ ਬੱਸਾਂ ਦੇ ਰੋਜ਼ਾਨਾ 15 ਦੇ ਕਰੀਬ ਰੂਟ ਸਨ। ਹੁਣ ਏਅਰਪੋਰਟ ਨੂੰ ਸਿਰਫ ਬਾਦਲਾਂ ਦੀਆਂ ਬੱਸਾਂ ਹੀ ਜਾ ਰਹੀਆਂ ਹਨ। ਦਿੱਲੀ ਦੀ 'ਆਪ' ਸਰਕਾਰ ਦੇ ਟਰਾਂਸਪੋਰਟ ਵਿਭਾਗ ਨੇ ਪੰਜਾਬ ਸਰਕਾਰ ਦੀਆਂ ਬੱਸਾਂ ਇਸ ਆਧਾਰ ਉਤੇ ਜ਼ਬਤ ਕੀਤੀਆਂ ਸਨ ਕਿ ਉਨ੍ਹਾਂ ਕੋਲ 'ਸਟੇਜ ਕੈਰੇਜ ਪਰਮਿਟ' ਹਨ। ਇਸ ਪਰਮਿਟ ਵਾਲੇ ਸਿਰਫ ਦਿੱਲੀ ਦੇ ਤਿੰਨ ਅੰਤਰਰਾਜੀ ਬੱਸ ਅੱਡਿਆਂ ਤੋਂ ਹੀ ਸਵਾਰੀਆਂ ਚੁੱਕ ਸਕਦੇ ਹਨ।

ਦਿੱਲੀ ਸਰਕਾਰ ਨੇ ਬਾਦਲਾਂ ਦੀਆਂ ਬੱਸਾਂ ਦੇ ਚਲਾਨ ਨਹੀਂ ਕੱਟੇ ਜਦਕਿ ਉਨ੍ਹਾਂ ਕੋਲ ਵੀ ਸਟੇਜ ਕੈਰੇਜ ਪਰਮਿਟ ਹੀ ਹਨ। ਇੰਡੋ-ਕੈਨੇਡੀਅਨ ਬੱਸਾਂ ਜਲੰਧਰ ਦਫਤਰ ਤੋਂ ਬਕਾਇਦਾ ਇਕ-ਇਕ ਟਿਕਟ ਕੱਟ ਕੇ ਯਾਤਰੀਆਂ ਨੂੰ ਇਕੱਠੇ ਕਰਦੀ ਹੈ। ਜਦਕਿ ਸਟੇਜ ਕੈਰੇਜ ਪਰਮਿਟ ਅਨੁਸਾਰ ਸਿਰਫ ਇਕ ਥਾਂ ਤੋਂ ਯਾਤਰੀਆਂ ਦੇ ਗਰੁੱਪ ਨੂੰ ਹੀ ਲਿਜਾਇਆ ਜਾ ਸਕਦਾ ਹੈ। ਇਸ ਸਬੰਧੀ ਪੰਜਾਬ ਦੀ ਟਰਾਂਸਪੋਰਟ ਮੰਤਰੀ ਅਰੁਣਾ ਚੌਧਰੀ ਨੇ ਦੱਸਿਆ ਕਿ ਦਿੱਲੀ ਸਰਕਾਰ ਨਾਲ ਇਹ ਮਾਮਲਾ ਵਿਚਾਰਿਆ ਜਾ ਰਿਹਾ ਹੈ ਤੇ ਜਲਦੀ ਹੀ ਇਸ ਦਾ ਹੱਲ ਕੱਢ ਲਿਆ ਜਾਵੇਗਾ।

# ਬ੍ਰਿਟਿਸ਼ ਸੰਸਦ ਮੈਂਬਰ ਢੇਸੀ ਨੇ ਗੱਤੇ ਦੇ ਡੱਬੇ 'ਚ ਰਾਤ ਗੁਜ਼ਾਰੀ

**ਜਲੰਧਰ:** ਇੰਗਲੈਂਡ ਦੇ ਸਲੋਹ ਹਲਕੇ ਤੋਂ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਕੜਾਕੇ ਦੀ ਠੰਢ ਵਿਚ ਗੱਤੇ ਦੇ ਡੱਬੇ ਵਿਚ ਰਾਤ ਗੁਜ਼ਾਰ ਕੇ ਉਹ ਰਾਤ ਗੁਜ਼ਾਰਨ ਲਈ ਆਸ਼ਰਮ ਦੀ ਸਹੂਲਤ ਦੇਣ ਲਈ ਯਤਨਸ਼ੀਲ ਹਨ। ਉਨ੍ਹਾਂ ਕਿਹਾ ਕਿ ਅਜਿਹੇ ਬੇਸਹਾਰਾ ਲੋਕ ਕਦੇ ਫੁਟਪਾਥ 'ਤੇ ਸੌਂਦੇ




ਉਨ੍ਹਾਂ ਲੋਕਾਂ ਦੀ ਦੁੱਖ-ਤਕਲੀਫ ਨੂੰ ਜਾਣਨ ਦੀ ਕੋਸ਼ਿਸ਼ ਕੀਤੀ ਜਿਨ੍ਹਾਂ ਕੋਲ ਰਹਿਣ ਲਈ ਛੱਤ ਨਹੀਂ ਹੈ ਤੇ ਉਹ ਅਜਿਹੀਆਂ ਹਾਲਤਾਂ ਵਿਚ ਜ਼ਿੰਦਗੀ ਬਸਰ ਕਰਨ ਲਈ ਮਜਬੂਰ ਹਨ।

ਇਸ ਮੁਹਿੰਮ ਰਾਹੀਂ ਉਨ੍ਹਾਂ ਇੰਗਲੈਂਡ ਸਣੇ ਪੂਰੀ ਦੁਨੀਆਂ ਦਾ ਧਿਆਨ ਖਿੱਚਣ ਦਾ ਯਤਨ ਕੀਤਾ। ਉਨ੍ਹਾਂ ਦੀ ਪਤਨੀ ਮਨਵੀਨ ਕੌਰ ਢੇਸੀ ਤੇ 100 ਸਮਰਥਕਾਂ ਨੇ ਵੀ ਇਸ ਮੁਹਿੰਮ ਵਿਚ ਹਿੱਸਾ ਲਿਆ। ਉਨ੍ਹਾਂ ਅਜਿਹਾ ਕਰਕੇ ਬੇਸਹਾਰਾ ਲੋਕਾਂ ਦੀ ਮਦਦ ਲਈ ਸਮਰੱਥ ਲੋਕਾਂ ਨੂੰ ਅੱਗੇ ਆਉਣ ਦਾ ਸੱਦਾ ਦਿੱਤਾ। ਤਨਮਨਜੀਤ ਸਿੰਘ ਨੇ ਦੱਸਿਆ ਕਿ ਅਜਿਹੇ ਲੋਕਾਂ ਦੀ ਮਦਦ ਲਈ ਆਨਲਾਈਨ ਦਾਨ ਪੰਨਾ (ਡੋਨੇਸ਼ਨ ਪੇਜ) ਬਣਾਇਆ ਹੋਇਆ ਤੇ ਹੁਣ ਤੱਕ ਚਾਰ ਹਜ਼ਾਰ ਪੌਂਡ ਸਹਾਇਤਾ ਰਾਸ਼ੀ ਇਕੱਤਰ ਕੀਤੀ ਜਾ ਚੁੱਕੀ ਹੈ।

ਸ੍ਰੀ ਢੇਸੀ ਨੇ ਕਿਹਾ ਕਿ ਸਲੋਹ ਸ਼ਹਿਰ ਵਿਚ ਹਨ ਕਦੇ ਪੁਲਾਂ ਹੇਠਾਂ ਅਤੇ ਬਹੁਤੀ ਵਾਰ ਖਾਲੀ ਇਮਾਰਤਾਂ ਦਾ ਸਹਾਰਾ ਲੈਂਦੇ ਹਨ। ਜ਼ਿਕਰਯੋਗ ਹੈ ਕਿ ਦੁਨੀਆਂ ਭਰ ਤੋਂ ਹੋਰਨਾਂ ਦੇਸ਼ਾਂ ਵਿਚ ਪੁੱਜੇ ਸ਼ਰਨਾਰਥੀਆਂ ਦੀ ਗਿਣਤੀ ਵਧਦੀ ਜਾ ਰਹੀ ਹੈ ਤੇ ਉਹ ਸਰੋਤਾਂ ਦੀ ਘਾਟ ਕਾਰਨ ਸੜਕਾਂ 'ਤੇ ਸੌਣ ਲਈ ਮਜਬੂਰ ਹਨ।

# ਕੈਨੇਡਾ ਦੇ ਸੰਸਦ ਮੈਂਬਰ ਰਾਜ ਗਰੇਵਾਲ ਵੱਲੋਂ ਅਸਤੀਫਾ

**ਟੋਰਾਂਟੋ:** ਕੈਨੇਡਾ ਵਿਚ ਬਰੈਂਪਟਨ ਈਸਟ ਹਲਕੇ ਤੋਂ ਮੈਂਬਰ ਪਾਰਲੀਮੈਂਟ ਰਾਜ ਗਰੇਵਾਲ ਨੇ ਅਸਤੀਫਾ ਦੇ ਦਿੱਤਾ। 33 ਸਾਲਾ ਗਰੇਵਾਲ 2015 ਵਿਚ ਹੋਈ ਚੋਣ 'ਚ ਲਿਬਰਲ ਪਾਰਟੀ ਦੇ



ਉਮੀਦਵਾਰ ਵਜੋਂ ਜਿੱਤ ਕੇ ਪਹਿਲੀ ਵਾਰੀ ਕੈਨੇਡਾ ਦੀ ਪਾਰਲੀਮੈਂਟ 'ਚ ਮੈਂਬਰ ਵਜੋਂ ਪੁੱਜੇ ਸਨ ਅਤੇ ਲੋਕ ਮੁੱਦਿਆਂ ਉਪਰ ਸਖਤ ਮਿਹਨਤ ਨਾਲ ਕੰਮ ਕਰਨ ਲਈ ਜਾਣੇ ਜਾਂਦੇ ਹਨ।

ਉਨ੍ਹਾਂ ਨੇ ਆਪਣੇ ਅਸਤੀਫੇ ਦੇ ਨਿੱਜੀ ਅਤੇ ਮੈਡੀਕਲ ਕਾਰਨ ਦੱਸੇ ਹਨ ਪਰ ਫੇਸਬੁੱਕ ਰਾਹੀਂ ਕੀਤੇ ਗਏ ਹੈਰਾਨਕੁੰਨ ਐਲਾਨ 'ਚ ਆਪਣੀ ਸੀਟ ਛੱਡਣ ਦੀ ਤਰੀਕ ਨਹੀਂ ਦੱਸੀ ਜਦਕਿ ਲਿਬਰਲ ਪਾਰਟੀ ਵੱਲੋਂ ਉਨ੍ਹਾਂ ਨੂੰ 2019 ਦੀਆਂ ਆਮ ਚੋਣਾਂ 'ਚ ਬਰੈਂਪਟਨ ਈਸਟ ਤੋਂ ਉਮੀਦਵਾਰ ਵੀ ਐਲਾਨਿਆ ਹੋਇਆ ਹੈ। ਸ. ਗਰੇਵਾਲ ਮਾਰਚ 2018 'ਚ ਹਿੱਤਾਂ ਦੇ ਟਕਰਾਅ ਵਾਲੇ ਨਿਯਮਾਂ (ਕੰਫਲਿਕਟ ਆਫ ਇੰਟ੍ਰੱਸਟ ਕੋਡ) ਦੀ ਉਲੰਘਣਾ ਦੇ ਦੋਸ਼ਾਂ 'ਚ ਘਿਰ ਗਏ ਸਨ ਅਤੇ ਨਿਊ ਡੈਮੋਕ੍ਰੇਟਿਕ ਪਾਰਟੀ (ਐਨ.ਡੀ.ਪੀ.) ਦੇ ਐਮ.ਪੀ. ਚਾਰਲੀ ਐਂਗਸ ਦੀ ਸ਼ਿਕਾਇਤ ਮਗਰੋਂ ਮਈ 2018 'ਚ ਦੇਸ਼ ਦੇ ਏਥਿਕਸ ਕਮਿਸ਼ਨਰ ਮਾਰੀਓ ਡਿਓਂ ਨੇ ਮਾਮਲੇ ਦੀ ਪੜਤਾਲ ਆਰੰਭ ਕੀਤੀ ਸੀ। ਕਮਿਸ਼ਨਰ ਦੀ ਰਿਪੋਰਟ ਅਜੇ ਜਨਤਕ ਨਹੀਂ ਹੋਈ ਹੈ।

ਫਰਵਰੀ 2018 'ਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਭਾਰਤ ਫੇਰੀ ਸਮੇਂ ਸ. ਗਰੇਵਾਲ ਨੇ ਬਰੈਂਪਟਨ 'ਚ ਇਮਾਰਤਾਂ ਦੀ ਉਸਾਰੀ ਤੇ ਮੁਰੰਮਤ ਦੇ ਠੇਕੇਦਾਰ ਯੂਸਫ ਯੀਲਮੀਜ਼ ਨੂੰ ਮੁੰਬਈ ਤੇ ਨਵੀਂ ਦਿੱਲੀ ਵਿਖੇ ਹੋਈ ਰਿਸੈਪਸ਼ਨ ਪਾਰਟੀ 'ਚ ਸ਼ਾਮਲ ਹੋਣ ਲਈ ਸੱਦਾ ਦਿਵਾਇਆ ਸੀ ਜਦਕਿ ਨਿਯਮਾਂ ਅਨੁਸਾਰ ਅਜਿਹਾ ਨਹੀਂ ਹੋਣਾ ਚਾਹੀਦਾ ਸੀ ਕਿਉਂਕਿ (ਕਿੱਤੇ ਵਜੋਂ ਵਕੀਲ) ਸ. ਗਰੇਵਾਲ ਖੁਦ ਯੀਲਮੀਜ਼ ਦੀ ਜ਼ਜ਼ੇਮੀ ਗਰੁੱਪ ਆਫ ਕੰਪਨੀਜ਼ ਦੇ ਕਾਨੂੰਨੀ ਸਲਾਹਕਾਰ ਦੱਸੇ ਜਾਂਦੇ ਹਨ।

# ਸਕੂਲ ਵੈਨ ਨੂੰ ਹਾਦਸਾ, ਛੇ ਬੱਚਿਆਂ ਦੀ ਮੌਤ

**ਸਤਨਾ:** ਮੱਧ ਪ੍ਰਦੇਸ਼ ਦੇ ਸਤਨਾ ਜ਼ਿਲ੍ਹੇ ਦੇ ਬਰਸਿੰਘਪੁਰ ਵਿਚ ਇਕ ਬੱਸ ਦੇ ਸਕੂਲ ਵੈਨ ਨਾਲ ਟਕਰਾਉਣ ਕਾਰਨ ਛੇ ਬੱਚਿਆਂ ਅਤੇ ਚਾਲਕ ਦੀ ਮੌਤ ਹੋ ਗਈ ਜਦੋਂਕਿ 11 ਜਣੇ ਜ਼ਖ਼ਮੀ ਹੋ ਗਈ। ਜ਼ਖ਼ਮੀਆਂ ਵਿਚ ਪੰਜ ਬੱਚੇ ਵੀ ਸ਼ਾਮਲ ਹਨ। ਹਾਦਸੇ ਵਿਚ ਮਰਨ ਵਾਲੇ ਛੇ ਬੱਚਿਆਂ ਦੀ ਉਮਰ 10 ਤੋਂ 15 ਸਾਲਾਂ ਵਿਚ ਹੈ। ਉਹ ਵੈਨ ਰਾਹੀਂ ਸਕੂਲ ਜਾ ਰਹੇ ਸਨ ਕਿ ਰਸਤੇ ਵਿਚ ਇਹ ਹਾਦਸਾ ਹੋ ਗਿਆ।

ਇਸ ਦੌਰਾਨ ਵੈਨ ਦੇ ਡਰਾਈਵਰ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਸਕੂਲ ਵੈਨ ਪੂਰੀ ਤਰ੍ਹਾਂ ਨੁਕਸਾਨੀ ਗਈ। ਜਿਸ ਬੱਸ ਨਾਲ ਸਕੂਲ ਵੈਨ ਦੀ ਟੱਕਰ ਹੋਈ ਉਹ ਰੇਵਾ ਤੋਂ ਚਿੱਤਰਕੂਟ ਜਾ ਰਹੀ ਸੀ। ਹਾਦਸੇ ਵਿਚ ਮਰਨ ਵਾਲੇ ਬੱਚੇ ਜ਼ਿਲ੍ਹਾ ਹੈੱਡਕੁਆਰਟਰ ਤੋਂ ਕਰੀਬ 40 ਕਿਲੋਮੀਟਰ ਦੂਰ ਲੱਕੀ ਕਾਨਵੈਂਟ ਸਕੂਲ, ਬਰਸਿੰਘਪੁਰ ਦੇ ਵਿਦਿਆਰਥੀ ਸਨ। ਇਨ੍ਹਾਂ ਬੱਚਿਆਂ ਵਿਚ ਚਾਰ ਲੜਕੇ ਤੇ ਦੋ ਲੜਕੀਆਂ ਸ਼ਾਮਲ ਸਨ।

# ਅਮਰੀਕਾ ਨੇ ਪਾਕਿਸਤਾਨ ਦੀ 1.66 ਅਰਬ ਡਾਲਰ ਦੀ ਮਦਦ ਰੋਕੀ

**ਵਾਸ਼ਿੰਗਟਨ:** ਅਮਰੀਕਾ ਨੇ ਪਾਕਿਸਤਾਨ ਨੂੰ ਦਿੱਤੀ ਜਾਣ ਵਾਲੀ 1.66 ਅਰਬ ਡਾਲਰ ਦੀ ਸੁਰੱਖਿਆ ਸਹਾਇਤਾ ਨੂੰ ਰੋਕ ਲਿਆ ਹੈ। ਪੈਂਟਾਗਨ ਨੇ ਕਿਹਾ ਕਿ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਇਸ ਸਾਲ ਦੇ ਸ਼ੁਰੂ 'ਚ ਦਿੱਤੇ ਗਏ ਨਿਰਦੇਸ਼ਾਂ ਮਗਰੋਂ ਇਹ ਫੈਸਲਾ ਲਿਆ ਗਿਆ ਹੈ।

ਰੱਖਿਆ ਵਿਭਾਗ ਦੇ ਤਰਜਮਾਨ ਕਰਨਲ ਰੋਬ ਮੈਨਿੰਗ ਨੇ ਪੱਤਰਕਾਰਾਂ ਨੂੰ ਈ-ਮੇਲ ਰਾਹੀਂ ਸਵਾਲਾਂ ਦੇ ਦਿੱਤੇ ਜਵਾਬ 'ਚ ਇਹ ਜਾਣਕਾਰੀ ਦਿੱਤੀ। ਪਿਛਲੀ ਓਬਾਮਾ ਸਰਕਾਰ 'ਚ ਅਫ਼ਗਾਨਿਸਤਾਨ, ਪਾਕਿਸਤਾਨ ਅਤੇ ਮੱਧ ਏਸ਼ੀਆ ਮਾਮਲਿਆਂ ਦੇ ਰੱਖਿਆ ਬਾਰੇ ਉਪ ਸਹਾਇਕ ਸਕੱਤਰ ਡੇਵਿਡ ਸੇਡਨੀ ਨੇ ਕਿਹਾ ਕਿ ਪਾਕਿਸਤਾਨ ਨੇ ਅਮਰੀਕੀ ਚਿੰਤਾਵਾਂ ਦੇ ਹੱਲ ਲਈ ਕੋਈ ਗੰਭੀਰ ਯਤਨ ਨਹੀਂ ਕੀਤੇ। ਉਨ੍ਹਾਂ ਕਿਹਾ ਕਿ ਪਾਕਿਸਤਾਨ ਅਕਸਰ ਅਜਿਹੇ ਅਨਸਰਾਂ ਨੂੰ ਸ਼ਹਿ ਦਿੰਦਾ ਰਿਹਾ ਹੈ ਜੋ ਗੁਆਂਢੀ ਮੁਲਕਾਂ 'ਚ ਦਹਿਸ਼ਤ ਫੈਲਾਉਂਦੇ ਰਹੇ ਹਨ। ਸੇਡਨ ਮੁਤਾਬਕ ਜੇਕਰ ਪਾਕਿਸਤਾਨ, ਭਾਰਤ ਖ਼ਿਲਾਫ਼ ਦਹਿਸ਼ਤੀ ਕਾਰਵਾਈਆਂ ਕਰਨ ਵਾਲੇ ਗੁੱਟਾਂ ਖ਼ਿਲਾਫ਼ ਕਦਮ ਉਠਾਉਂਦਾ ਹੈ ਤਾਂ ਉਸ ਨੂੰ ਆਰਥਿਕ ਫਾਇਦੇ ਦੇ ਨਾਲ ਨਾਲ ਭਾਰਤ ਨਾਲ ਰਿਸ਼ਤੇ ਬਿਹਤਰ ਬਣਾਉਣ 'ਚ ਸਹਿਯੋਗ ਮਿਲੇਗਾ। ਉਧਰ, ਟਰੰਪ ਨੇ ਦੁਹਰਾਇਆ ਹੈ ਕਿ ਪਾਕਿਸਤਾਨ ਨੂੰ ਮਾਲੀ ਸਹਾਇਤਾ ਉਸ ਸਮੇਂ ਤੱਕ ਨਹੀਂ ਮਿਲੇਗੀ ਜਦੋਂ ਤੱਕ ਉਹ ਆਪਣੇ ਮੁਲਕ 'ਚੋਂ ਦਹਿਸ਼ਤੀ ਟਿਕਾਣਿਆਂ ਦਾ ਸਫਾਇਆ ਨਹੀਂ ਕਰ ਦਿੰਦਾ। ਉਨ੍ਹਾਂ ਸੰਕੇਤ ਦਿੱਤੇ ਕਿ ਜੇਕਰ ਪਾਕਿਸਤਾਨ ਦਹਿਸ਼ਤਗਰਦਾਂ ਖ਼ਿਲਾਫ਼ ਕਾਰਵਾਈ ਕਰੇਗਾ ਤਾਂ ਹੀ ਦੋਵੇਂ ਮੁਲਕਾਂ ਦੇ ਸਬੰਧ ਲੀਹ 'ਤੇ ਆਉਣਗੇ।

# ਪੰਜਾਬ ਦੀ ਮੈਰੀ ਕਾਮ ਪਿੰਡ ਚਕਰ ਦੀ ਧੀ ਸਿਮਰਨਜੀਤ ਕੌਰ

## ਵਿਸ਼ਵ ਬਾਕਸਿੰਗ ਚੈਂਪੀਅਨਸ਼ਿਪ

ਪੰਜਾਬ ਦੀ ਮੈਰੀ ਕਾਮ ਕਹੀ ਜਾਂਦੀ ਸਿਮਰਨਜੀਤ ਕੌਰ ਨੇ ਵਿਸ਼ਵ ਬਾਕਸਿੰਗ ਚੈਂਪੀਅਨਸ਼ਿਪ ਦਿੱਲੀ 'ਚੋਂ ਕਾਂਸੀ ਦਾ ਮੈਡਲ ਜਿੱਤ ਕੇ ਆਪਣਾ ਪਿੰਡ ਚਕਰ ਫਿਰ ਚਰਚਾ ਵਿਚ ਲੈ ਆਂਦਾ ਹੈ। ਪਹਿਲਾਂ ਇਸੇ ਪਿੰਡ ਦੀ ਮਨਦੀਪ ਕੌਰ ਨੇ ਜੂਨੀਅਰ ਵਰਲਡ ਚੈਂਪੀਅਨ ਬਣ ਕੇ ਚਰਚਾ ਵਿਚ ਲਿਆਂਦਾ ਸੀ। ਦੋਵੇਂ ਲੜਕੀਆਂ ਸ਼ੇਰੇ ਪੰਜਾਬ ਸਪੋਰਟਸ ਅਕੈਡਮੀ ਚਕਰ ਦੀ ਦੇਣ ਹਨ। ਉਨ੍ਹਾਂ ਨੂੰ ਬਚਪਨ ਤੋਂ ਮੁੱਕੇਬਾਜ਼ੀ ਦੀ ਟ੍ਰੇਨਿੰਗ ਦੇਣ ਵਾਲੀ ਚਕਰ ਦੀ ਅਕੈਡਮੀ ਨੇ ਪੰਜਾਬ ਦੀ ਮੁੱਕੇਬਾਜ਼ੀ ਦਾ ਮਾਣ ਹੋਰ ਵਧਾ ਦਿੱਤਾ ਹੈ।



ਇਹ ਪਹਿਲੀ ਵਾਰ ਹੋਇਆ ਕਿ ਪੰਜਾਬ ਦੀ ਕੋਈ ਲੜਕੀ ਔਰਤਾਂ ਦੀ ਵਿਸ਼ਵ ਬਾਕਸਿੰਗ ਚੈਂਪੀਅਨਸ਼ਿਪ ਦੇ ਜਿੱਤ-ਮੰਚ 'ਤੇ ਚੜ੍ਹਨ ਵਿਚ ਕਾਮਯਾਬ ਹੋਈ

**ਪ੍ਰਿੰ. ਸਰਵਣ ਸਿੰਘ ਚਕਰ**
ਫੋਨ: 905-799-1661

ਹੈ। ਸਾਧਾਰਨ ਕਿਸਾਨ ਪਰਿਵਾਰ ਦੀ ਜੰਮਪਲ, ਚਕਰ ਦੇ ਸਰਕਾਰੀ ਸਕੂਲ ਵਿਚ ਪੜ੍ਹੀ, ਚਕਰ ਦੀ ਸਪੋਰਟਸ ਅਕੈਡਮੀ ਦੀ ਤਰਾਸ਼ੀ ਮੁੱਕੇਬਾਜ਼ ਦਾ ਵਿਸ਼ਵ ਦੀਆਂ ਉਪਰਲੀਆਂ ਚਾਰ ਮੁੱਕੇਬਾਜ਼ਾਂ ਵਿਚ ਆ ਖੜ੍ਹਨਾ ਬੜੀ ਵੱਡੀ ਪ੍ਰਾਪਤੀ ਹੈ। 23 ਸਾਲਾਂ ਦੀ ਇਸ ਲੜਕੀ ਤੋਂ ਟੋਕੀਓ ਦੀਆਂ ਓਲੰਪਿਕ ਖੇਡਾਂ ਅਤੇ ਅਗਲੀ ਵਿਸ਼ਵ ਚੈਂਪੀਅਨਸ਼ਿਪ ਵਿਚ ਹੋਰ ਵੀ ਵੱਡੀਆਂ ਪ੍ਰਾਪਤੀਆਂ ਦੀ ਆਸ ਹੈ। ਪੰਜਾਬ ਦੇ ਖੇਡ ਮੰਤਰੀ ਨੇ ਸਿਮਰਨਜੀਤ, ਉਹਦੇ ਮਾਪਿਆਂ ਤੇ ਚਕਰ ਦੀ ਸ਼ੇਰੇ ਪੰਜਾਬ ਸਪੋਰਟਸ ਅਕੈਡਮੀ ਨੂੰ ਵਧਾਈ ਦਿੱਤੀ ਹੈ।

ਕੁੜੀਆਂ ਨੂੰ ਸਹੀ ਸੇਧ ਮਿਲੇ ਤਾਂ ਉਹ ਕੁਝ ਦਾ ਕੁਝ ਕਰ ਕੇ ਵਿਖਾ ਸਕਦੀਆਂ ਹਨ। ਚਕਰ ਦੀਆਂ ਧੀਆਂ ਦੀ ਮਿਸਾਲ ਸਾਡੇ ਸਾਹਮਣੇ ਹੈ। ਮੁੱਕੇਬਾਜ਼ੀ ਵਰਗੀ ਜੁਝਾਰੂ ਖੇਡ ਵਿਚ ਚਕਰ ਦੀਆਂ ਕੁੜੀਆਂ ਨੇ ਪੰਜਾਬ, ਭਾਰਤ ਤੇ ਅੰਤਰਰਾਸ਼ਟਰੀ ਪੱਧਰ 'ਤੇ ਦਰਜਨਾਂ ਮੈਡਲ ਜਿੱਤੇ ਹਨ। 2006 ਵਿਚ ਸ਼ੁਰੂ ਹੋਈ ਚਕਰ ਅਕੈਡਮੀ ਦੀ ਪਹਿਲੀ ਮੁੱਕੇਬਾਜ਼ ਸ਼ਵਿੰਦਰ ਕੌਰ 2012 ਦੀ ਜੂਨੀਅਰ ਨੈਸ਼ਨਲ ਬਾਕਸਿੰਗ ਚੈਂਪੀਅਨ ਬਣੀ ਸੀ, ਜੋ ਭਾਰਤ ਦੀ ਸਰਬੋਤਮ ਮੁੱਕੇਬਾਜ਼ ਐਲਾਨੀ ਗਈ। ਉਹ ਭਾਰਤੀ ਟੀਮ ਦੀ ਮੈਂਬਰ ਬਣ ਕੇ ਸ੍ਰੀ ਲੰਕਾ ਦਾ ਬਾਕਸਿੰਗ ਕੱਪ ਖੇਡੀ। ਮਨਦੀਪ ਕੌਰ ਸੰਧੂ ਏਸ਼ੀਆ ਦੀ ਬੈਸਟ ਜੂਨੀਅਰ ਬਾਕਸਰ ਐਲਾਨੀ ਗਈ। ਇਹ ਲੜਕੀ 24 ਮਈ 2015 ਨੂੰ ਤੈਪਈ, ਚੀਨ ਵਿਚ ਮੁੱਕੇਬਾਜ਼ੀ ਦੀ ਜੂਨੀਅਰ ਵਿਸ਼ਵ ਚੈਂਪੀਅਨ ਬਣੀ ਸੀ। ਉਥੇ 46 ਮੁਲਕਾਂ ਦੀਆਂ 441 ਮੁੱਕੇਬਾਜ਼ਾਂ ਨੇ ਹਿੱਸਾ ਲਿਆ ਸੀ। ਸੱਤ ਅਰਬ ਤੋਂ ਵੱਧ ਦੀ ਆਬਾਦੀ ਵਾਲੀ ਦੁਨੀਆਂ 'ਚੋਂ ਕਿਸੇ ਜੁਝਾਰੂ ਖੇਡ ਦੀ ਵਰਲਡ ਚੈਂਪੀਅਨ ਬਣਨਾ, ਪੰਜਾਬ ਦੀ ਪੇਂਡੂ ਕੁੜੀ ਦੀ ਵੱਡੀ ਪ੍ਰਾਪਤੀ ਸੀ। ਉਸ ਨੇ ਇੰਗਲੈਂਡ, ਹੰਗਰੀ, ਫਰਾਂਸ ਤੇ ਆਇਰਲੈਂਡ ਦੀਆਂ ਚੈਂਪੀਅਨ ਮੁੱਕੇਬਾਜ਼ਾਂ ਨੂੰ ਹਰਾ ਕੇ ਗੁਰਜ ਜਿੱਤੀ ਸੀ।



*ਸਿਮਰਨਜੀਤ ਕੌਰ*

ਚਾਂਦੀ ਦਾ ਤਮਗਾ ਜਿੱਤਣ ਵਾਲੀ ਹਰਪ੍ਰੀਤ ਕੌਰ ਵੀ ਏਸ਼ੀਅਨ ਤੇ ਕਾਮਨਵੈਲਥ ਖੇਡਾਂ ਦਾ ਮੈਡਲ ਜਿੱਤਣ ਵਾਲੀ ਮੁੱਕੇਬਾਜ਼ ਬਣ ਸਕਦੀ ਹੈ। ਨੈਸ਼ਨਲ ਪੱਧਰ 'ਤੇ ਚਾਂਦੀ ਦਾ ਤਮਗਾ ਜਿੱਤਣ ਵਾਲੀ ਮਨਪ੍ਰੀਤ ਕੌਰ ਤੇ ਹੋਣਹਾਰ ਮੁੱਕੇਬਾਜ਼ ਮੁਸਕਾਨ ਸਿੱਧੂ ਤੋਂ ਵੀ ਬੜੀਆਂ ਆਸਾਂ ਹਨ। ਜਿਵੇਂ ਮਾਡਲ ਪਿੰਡ ਚਕਰ ਨੂੰ ਪਿੰਡਾਂ ਦਾ ਚਾਨਣ ਮੁਨਾਰਾ ਕਿਹਾ ਜਾਂਦੈ, ਉਵੇਂ ਚਕਰ ਦੀ ਸ਼ੇਰੇ ਪੰਜਾਬ ਸਪੋਰਟਸ ਅਕੈਡਮੀ ਵੀ ਖੇਡ ਖੇਤਰ ਦਾ ਚਾਨਣ ਮੁਨਾਰਾ ਹੈ। ਪਿੰਡ ਵਿਚ ਇਕੋ ਗੁਰਦੁਆਰਾ ਰੱਖਣ ਦੀ ਮੁਹਿੰਮ ਪਿੰਡ ਚਕਰ ਤੋਂ ਹੀ ਸ਼ੁਰੂ ਕੀਤੀ ਗਈ ਸੀ। ਚਕਰ ਦਸ ਹਜ਼ਾਰ ਤੋਂ ਵੱਧ ਆਬਾਦੀ ਵਾਲਾ ਪਿੰਡ ਹੈ ਪਰ ਗੁਰਦੁਆਰਾ ਕੇਵਲ ਇਕੋ ਹੈ।

ਪੁਰਸ਼ਾਂ ਵਿਚ ਸੁਖਦੀਪ ਚਕਰੀਆ ਭਾਰਤ ਦਾ ਨੈਸ਼ਨਲ ਚੈਂਪੀਅਨ ਬਣਿਆ, ਜੋ ਦੇਸ਼ ਦਾ ਸਰਬੋਤਮ ਮੁੱਕੇਬਾਜ਼ ਐਲਾਨਿਆ ਗਿਆ। ਉਹ ਭਾਰਤ ਵੱਲੋਂ ਅੰਤਰਰਾਸ਼ਟਰੀ ਮੁਕਾਬਲੇ ਲੜਦਾ ਰਿਹਾ ਅਤੇ ਹੁਣ ਪ੍ਰੋਫੈਸ਼ਨਲ ਮੁੱਕੇਬਾਜ਼ੀ ਕਰ ਰਿਹੈ। ਉਸ ਨੇ ਆਪਣੀ ਕਮਾਈ ਵਿਚੋਂ 50 ਹਜ਼ਾਰ ਰੁਪਏ ਆਪਣੇ ਬਚਪਨ ਦੀ ਅਕੈਡਮੀ ਨੂੰ ਭੇਟ ਕੀਤੇ ਹਨ। ਉਸ ਦੀ ਭੈਣ ਪਰਮਿੰਦਰ ਕੌਰ ਇੰਟਰਵਰਸਿਟੀ ਚੈਂਪੀਅਨ ਹੈ, ਜੋ ਕੌਮੀ ਪੱਧਰ 'ਤੇ ਮੈਡਲ ਜਿੱਤ ਰਹੀ ਹੈ।

ਅਮਨਦੀਪ ਕੌਰ ਪੰਜਾਬ ਦੀ ਚੈਂਪੀਅਨ ਬਣੀ ਤੇ ਸੀਨੀਅਰ ਨੈਸ਼ਨਲ ਵਿਚ ਜਿੱਤ-ਮੰਚ 'ਤੇ ਚੜ੍ਹੀ। ਅਮਨਦੀਪ ਦੀ ਛੋਟੀ ਭੈਣ ਸਿਮਰਨਜੀਤ ਕੌਰ ਨੈਸ਼ਨਲ ਚੈਂਪੀਅਨ ਬਣਨ ਉਪਰੰਤ 2013 ਵਿਚ 'ਦੂਜੀ ਗੋਲਡਨ ਗਲਵਜ਼ ਇੰਟਰਨੈਸ਼ਨਲ ਯੂਥ ਬਾਕਸਿੰਗ ਚੈਂਪੀਅਨਸ਼ਿਪ' ਖੇਡਣ ਸਰਬੀਆ ਗਈ। ਫਿਰ ਸਤੰਬਰ 2013 ਵਿਚ ਉਸ ਨੇ ਬੁਲਗਾਰੀਆ 'ਚ ਹੋਈ 'ਯੂਥ ਵਿਸ਼ਵ ਬਾਕਸਿੰਗ ਚੈਂਪੀਅਨਸ਼ਿਪ' ਵਿਚੋਂ ਕਾਂਸੀ ਦਾ ਮੈਡਲ ਜਿੱਤਿਆ। ਉਥੇ 33 ਦੇਸ਼ਾਂ ਦੀਆਂ ਮੁੱਕੇਬਾਜ਼ ਕੁੜੀਆਂ ਪਹੁੰਚੀਆਂ ਸਨ। ਭਾਰਤ ਦੇ ਦੋ ਮੈਡਲਾਂ ਵਿਚੋਂ ਇਕ ਮੈਡਲ ਚਕਰ ਅਕੈਡਮੀ ਯਾਨਿ ਪੰਜਾਬ ਦਾ ਸੀ। 2016 ਦੀ ਸੀਨੀਅਰ ਨੈਸ਼ਨਲ ਚੈਂਪੀਅਨਸ਼ਿਪ ਹਰਿਦੁਆਰ 'ਚੋਂ ਉਸ ਨੇ ਕਾਂਸੀ ਦਾ ਤਗਮਾ ਜਿੱਤਿਆ। 2017 ਵਿਚ ਆਇਰਲੈਂਡ ਤੋਂ ਚਾਂਦੀ ਦਾ ਤਗਮਾ, ਕਜ਼ਾਖਿਸਤਾਨ ਤੋਂ ਕਾਂਸੀ ਦਾ ਮੈਡਲ, ਜੂਨ 2017 ਵਿਚ ਓਪਨ ਨੈਸ਼ਨਲ ਨਵੀਂ ਦਿੱਲੀ ਵਿਚੋਂ ਤਾਂਬੇ ਦਾ ਤਗਮਾ ਤੇ ਸਤੰਬਰ ਨੈਸ਼ਨਲ ਰੋਹਤਕ ਤੋਂ ਚਾਂਦੀ ਦਾ ਅਤੇ ਸਤੰਬਰ 18 ਵਿਚ ਤੁਰਕੀ ਤੋਂ ਗੋਲਡ ਮੈਡਲ ਜਿੱਤਿਆ। ਨਵੰਬਰ 2018 ਦੀ ਵਰਲਡ ਬਾਕਸਿੰਗ ਚੈਂਪੀਅਨਸ਼ਿਪ ਦਿੱਲੀ ਲਈ ਪੰਜਾਬ ਤੋਂ ਉਹ ਕੇਵਲ ਇਕੋ-ਇਕ ਬਾਕਸਰ ਭਾਰਤੀ ਟੀਮ ਵਿਚ ਚੁਣੀ ਗਈ ਸੀ। ਉਹ ਤਿੰਨ ਮੁਕਾਬਲੇ ਜਿੱਤ ਕੇ ਸੈਮੀ ਫਾਈਨਲ ਵਿਚ ਪੁੱਜੀ। ਸੈਮੀ ਫਾਈਨਲ ਉਹ ਜਿੱਤਦੀ-ਜਿੱਤਦੀ ਰਹਿ ਗਈ।

ਸਿਮਰਨਜੀਤ ਮੇਰੇ ਸਕੂਲ ਵੇਲੇ ਦੇ ਜਮਾਤੀ ਕਾਮਰੇਡ ਮਹਿੰਦਰ ਸਿੰਘ ਸੈਕਟਰੀ ਦੀ ਪੋਤੀ ਹੈ, ਜਿਸ ਨੂੰ ਦਹਿਸ਼ਤੀ ਦੌਰ ਵਿਚ ਦਹਿਸ਼ਤਗਰਦਾਂ ਨੇ ਕਤਲ ਕਰ ਦਿੱਤਾ ਸੀ। ਉਦੋਂ ਤੋਂ ਪਰਿਵਾਰ ਨੇ ਅਤਿ ਮਾੜੇ ਦਿਨ ਦੇਖੇ ਹਨ। ਸਿਮਰਨਜੀਤ ਦਾ ਪਿਤਾ ਕਮਲਜੀਤ ਸਿੰਘ ਠੇਕੇ ਦਾ ਕਾਰਿੰਦਾ ਰਿਹਾ, ਜੋ ਅਧਖੜ ਉਮਰ ਵਿਚ ਇਸੇ ਸਾਲ ਜੁਲਾਈ ਵਿਚ ਚਲਾਣਾ ਕਰ ਗਿਆ। ਵਿਧਵਾ ਰਾਜਪਾਲ ਕੌਰ ਦੋ ਕਮਰਿਆਂ ਦੇ ਨਿੱਕੇ ਜਿਹੇ ਘਰ ਵਿਚ ਘਰੇਲੂ ਤੇ ਬਾਹਰ ਦੇ ਨਿੱਕੇ ਮੋਟੇ ਕੰਮ ਕਰਦੀ ਆਪਣੇ ਚਾਰਾਂ ਬੱਚਿਆਂ ਨੂੰ ਪਾਲ ਰਹੀ ਹੈ। ਉਸ ਦੀਆਂ ਦੋਵੇਂ ਲੜਕੀਆਂ-ਅਮਨਦੀਪ ਤੇ ਸਿਮਰਨਜੀਤ ਅਤੇ ਦੋਵੇਂ ਲੜਕੇ-ਅਰਸ਼ਦੀਪ ਤੇ ਕੰਵਲਪ੍ਰੀਤ ਬਾਕਸਿੰਗ ਕਰ ਰਹੇ ਹਨ।

ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਵਿਸ਼ਵ ਚੈਂਪੀਅਨਸ਼ਿਪ 'ਚੋਂ ਮੈਡਲ ਜਿੱਤਣ ਵਾਲੀ ਅਤੇ ਓਲੰਪਿਕ ਖੇਡਾਂ 'ਚੋਂ ਮੈਡਲ ਜਿੱਤਣ ਦੀ ਪੂਰੀ ਸੰਭਾਵਨਾ ਰੱਖਣ ਵਾਲੀ ਗਰੀਬ ਘਰ ਦੀ ਇਸ ਹੋਣਹਾਰ ਬੀ. ਏ. ਪਾਸ ਲੜਕੀ ਨੂੰ ਚੱਜ ਦੀ ਨੌਕਰੀ ਦੇ ਕੇ ਪੰਜਾਬ ਵਿਚ ਰੱਖ ਲਵੇ, ਨਹੀਂ ਤਾਂ ਹਰਿਆਣੇ ਵਾਲੇ ਜਾਂ ਕਿਸੇ ਹੋਰ ਸੂਬੇ/ਮਹਿਕਮੇ ਵਾਲੇ ਲੈ ਜਾਣਗੇ। ਚਕਰੀਏ ਚਾਹੁੰਦੇ ਹਨ, ਉਹ ਆਪਣੇ ਪਿੰਡ ਦੀ ਅਕੈਡਮੀ ਤੇ ਪੰਜਾਬ ਲਈ ਮੈਡਲ ਜਿੱਤੇ। ਇਸ ਮੌਕੇ ਪੰਜਾਬ ਸਰਕਾਰ ਨੂੰ ਸਿਮਰਨਜੀਤ ਕੌਰ ਦਾ ਉਚੇਚਾ ਮਾਣ ਸਨਮਾਨ ਕਰਨਾ ਚਾਹੀਦਾ ਹੈ। ਸ਼ੇਰੇ ਪੰਜਾਬ ਅਕੈਡਮੀ ਚਕਰ ਵੀ ਮਾਣ ਸਨਮਾਨ ਦੀ ਹੱਕਦਾਰ ਹੈ।

ਚਕਰ ਦੀ ਸ਼ੇਰੇ ਪੰਜਾਬ ਅਕੈਡਮੀ ਹਾਲਾਂ ਤਕ ਸਰਕਾਰੀ ਸਹਿਯੋਗ ਤੋਂ ਵਾਂਝੀ ਹੀ ਖਿਡਾਰੀਆਂ ਦੀ ਪਨੀਰੀ ਤਿਆਰ ਕਰਦੀ ਆ ਰਹੀ ਹੈ। ਮੁੱਕੇਬਾਜ਼ੀ ਤੇ ਫੁੱਟਬਾਲ ਇਸ ਦੀਆਂ ਮੁੱਖ ਖੇਡਾਂ ਹਨ। ਇਸ ਨੂੰ ਕੈਨੇਡਾ ਰਹਿੰਦਾ ਸਿੱਧੂ ਪਰਿਵਾਰ, ਮੋਢੀ ਪ੍ਰੋ. ਬਲਵੰਤ ਸਿੰਘ ਸੰਧੂ, ਸਾਬਕਾ ਪੁਲਿਸ ਅਫਸਰ ਦੇਵਿੰਦਰ ਸਿੰਘ, ਚੀਫ ਕੋਚ ਗੁਰਬਖਸ਼ ਸਿੰਘ ਸੰਧੂ ਅਕੈਡਮੀ ਦੀ ਕਾਰਜਕਾਰੀ ਕਮੇਟੀ ਦੀ ਨਿਗਰਾਨੀ ਹੇਠ ਚਲਾ ਰਹੇ ਹਨ। ਅਕੈਡਮੀ ਦੇ ਬਾਨੀ ਅਜਮੇਰ ਸਿੰਘ ਸਿੱਧੂ ਦਾ ਦਸੰਬਰ 2014 ਵਿਚ ਦੇਹਾਂਤ ਹੋ ਗਿਆ ਸੀ। ਇਸ ਅਕੈਡਮੀ ਦੀ ਪ੍ਰਾਪਤੀ ਸਾਰਾ ਸਾਲ 300 ਬੱਚਿਆਂ ਨੂੰ ਰੋਜ਼ਾਨਾ ਖੇਡਾਂ ਦੀ ਟ੍ਰੇਨਿੰਗ ਦੇਣਾ ਹੈ। ਖੇਡਾਂ ਦਾ ਸਮਾਨ, ਟ੍ਰੈਕ ਸੂਟ, ਰਨਿੰਗ ਸ਼ੂਅ, ਰਿਫਰੈਸ਼ਮੈਂਟ, ਕੋਚਿੰਗ ਤੇ ਖੇਡ ਮੁਕਾਬਲਿਆਂ ਲਈ ਲੈਜਾਣ-ਲਿਆਉਣ ਦੇ ਪ੍ਰਬੰਧ ਅਕੈਡਮੀ ਵੱਲੋਂ ਕੀਤੇ ਜਾਂਦੇ ਹਨ। ਵਿਸ਼ੇਸ਼ ਗੱਲ ਇਹ ਕਿ ਲੜਕੀਆਂ, ਲੜਕਿਆਂ ਨਾਲੋਂ ਵੀ ਵੱਧ ਖੇਡਾਂ ਵਿਚ ਹਿੱਸਾ ਲੈਂਦੀਆਂ ਹਨ।

ਮੈਰਾਥਨ ਦਾ ਮਹਾਂਰਥੀ ਬਾਬਾ ਫੌਜਾ ਸਿੰਘ ਇਕ ਵਾਰ ਚਕਰ ਆਇਆ ਤਾਂ ਉਸ ਨੇ ਖੇਡ ਅਕੈਡਮੀ ਵੇਖਣ ਪਿੱਛੋਂ ਕਿਹਾ, "ਚਕਰ ਨੂੰ ਦੇਖ ਕੇ ਯਕੀਨ ਹੋ ਗਿਆ ਕਿ ਪੰਜਾਬ ਮਰਨ ਵਾਲਾ ਨਹੀਂ। ਚਕਰ 'ਚ ਜੋ ਮਾਹੌਲ ਦੇਖਿਆ, ਇਹ ਮੈਨੂੰ ਕਦੇ ਨਹੀਂ ਭੁੱਲ ਸਕਦਾ। ਚਕਰ ਦੀ ਸਪੋਰਟਸ ਅਕੈਡਮੀ, ਚਕਰ ਦੇ ਖਿਡਾਰੀ, ਚਕਰ ਦੀਆਂ ਝੀਲਾਂ ਦੇ ਕੁਦਰਤੀ ਨਜ਼ਾਰੇ ਤੇ ਮੇਰੀ ਉਮਰ ਦੇ ਨੇੜੇ ਪਹੁੰਚੇ ਸਾਥੀਆਂ ਦਾ ਗਰਮਜੋਸ਼ੀ ਨਾਲ ਮਿਲਣਾ-ਮੇਰੇ ਜੀਵਨ ਦੀਆਂ ਅਭੁੱਲ ਯਾਦਾਂ ਬਣ ਗਈਆਂ ਹਨ।"

ਚਕਰੀਆਂ ਨੇ ਪਿੰਡ ਦੇ ਵਿਕਾਸ ਜਾਂ ਖੇਡ ਅਕੈਡਮੀ ਲਈ ਕਦੇ ਕਿਸੇ ਸਰਕਾਰ ਅੱਗੇ ਤਰਲਾ ਨਹੀਂ ਮਾਰਿਆ। ਆਪਣੇ ਹੱਥੀਂ ਆਪਣਾ ਕਾਜ ਆਪੇ ਸੰਵਾਰਿਆ ਹੈ। ਫਿਰ ਵੀ ਪੰਜਾਬ ਤੇ ਭਾਰਤ ਸਰਕਾਰ ਪਿੰਡ ਦੇ ਵਿਕਾਸ ਅਤੇ ਅਕੈਡਮੀ ਨੂੰ ਅੰਤਰਰਾਸ਼ਟਰੀ ਪੱਧਰ ਦੀ ਬਣਾਉਣ ਲਈ ਸਹਿਯੋਗ ਦੇਵੇ ਤਾਂ ਚਕਰ ਵਾਸੀ ਧੰਨਵਾਦੀ ਹੋਣਗੇ। ਗਰਾਂਟਾਂ ਬਦਲੇ ਵੋਟਾਂ ਦੇਣ ਲਈ ਨਾ ਉਹ ਪਹਿਲਾਂ ਖਰੀਦੇ ਗਏ ਤੇ ਨਾ ਅੱਗੋਂ ਖਰੀਦੇ ਜਾਣਗੇ। ਵੇਖਦੇ ਹਾਂ ਅਜੋਕੀ ਸਰਕਾਰ ਕੀ ਰੁਖ ਅਖਤਿਆਰ ਕਰਦੀ ਹੈ?

## ਯੂਰਪੀ ਸੰਘ ਵੱਲੋਂ ਬ੍ਰੈਗਜ਼ਿਟ ਸਮਝੌਤੇ 'ਤੇ ਸਹੀ

**ਬ੍ਰਸਲਜ਼:** ਯੂਰਪੀ ਸੰਘ ਦੇ ਆਗੂਆਂ ਨੇ ਇਤਿਹਾਸਕ ਬ੍ਰੈਗਜ਼ਿਟ ਸੰਧੀ 'ਤੇ ਸਹੀ ਪਾ ਦਿੱਤੀ ਤੇ ਨਾਲ ਹੀ ਬਰਤਾਨੀਆ ਦੇ ਨਿਕਾਲੇ ਨੂੰ 'ਤ੍ਰਾਸਦੀ' ਕਰਾਰ ਦਿੰਦਿਆਂ ਕਿਹਾ ਕਿ ਭਵਿੱਖ ਵਿਚ ਬਿਹਤਰ ਸਬੰਧਾਂ ਦੀ ਆਸ ਬੇਮਾਅਨਾ ਨਹੀਂ ਹੈ। ਬ੍ਰਸਲਜ਼ ਵਿਚ ਵਿਸ਼ੇਸ਼ ਸੰਮੇਲਨ ਵਿਚ ਪਹੁੰਚਦਿਆਂ ਯੂਰਪੀ ਕਮਿਸ਼ਨ ਦੇ ਮੁਖੀ ਯਿਆਂ ਕਲਾਊਡ ਜੰਕਰ ਨੇ ਕਿਹਾ ਕਿ ਬਰਤਾਨੀਆ ਜਿਹੇ ਮੁਲਕ ਦਾ ਯੂਰਪੀ ਸੰਘ ਛੱਡ ਕੇ ਜਾਣਾ ਕੋਈ ਖੁਸ਼ੀ ਜਾਂ ਜਸ਼ਨ ਦਾ ਸਬੱਬ ਨਹੀਂ ਹੈ ਸਗੋਂ ਇਹ ਉਦਾਸ ਪਲ ਤੇ ਤ੍ਰਾਸਦੀ ਹੈ।



ਫਰਾਂਸ ਦੇ ਸਾਬਕਾ ਵਿਦੇਸ਼ ਮੰਤਰੀ ਮਾਈਕਲ ਬਾਰਨੀਅਰ ਜਿਨ੍ਹਾਂ ਬਲਾਕ ਦੀ ਤਰਫੋਂ ਸੰਧੀ ਬਾਰੇ ਗੱਲਬਾਤ ਕੀਤੀ ਸੀ, ਨੇ ਆਖਿਆ ਅਸੀਂ ਇਤਿਹਾਦੀ, ਖ਼ਿਆਲ ਤੇ ਦੋਸਤ ਬਣੇ ਰਹਾਂਗੇ। ਯੂਰਪੀ ਸੰਘ ਦੇ 27 ਮੈਂਬਰ ਦੇਸ਼ਾਂ ਵੱਲੋਂ ਸਮਝੌਤੇ 'ਤੇ ਦਸਤਖਤ ਕੀਤੇ ਜਾਣਗੇ ਜਿਸ ਤੋਂ ਬਾਅਦ ਬਰਤਾਨਵੀ ਪ੍ਰਧਾਨ ਮੰਤਰੀ ਟੈਰੇਜ਼ਾ ਮੇਅ ਵੀ ਹਾਜ਼ਰੀ ਪਾਉਣਗੇ। ਲਗਭਗ 17 ਮਹੀਨੇ ਗਹਿਗੱਚ ਵਾਰਤਾ ਚੱਲਦੀ ਰਹੀ ਹੈ। ਉਂਜ ਹਾਲੇ ਇਹ ਅੰਤਮ ਪੜਾਅ ਨਹੀਂ ਹੈ। ਲੰਡਨ ਦਾ ਹਾਊਸ ਆਫ ਕਾਮਨਜ਼ 29 ਮਾਰਚ 2019 ਨੂੰ ਸੰਧੀ 'ਤੇ ਸਹੀ ਪਾਵੇਗਾ ਪਰ ਬਹੁਤ ਸਾਰੇ ਸੰਸਦ ਮੈਂਬਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਉਹ ਇਸ ਦੀ ਪ੍ਰੋੜ੍ਹਤਾ ਨਹੀਂ ਕਰਨਗੇ। ਲੰਡਨ ਵਿਚ ਮੀਡੀਆ ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਮੇਅ ਦੇ ਕੁਝ ਆਪਣੇ ਮੰਤਰੀ ਯੂਰਪੀ ਸੰਘ ਦੇ ਸਫੀਰਾਂ ਨਾਲ ਗੁਪਤ ਮੀਟਿੰਗਾਂ ਕਰ ਰਹੇ ਹਨ ਤਾਂ ਕਿ ਜੇ ਅਗਲੇ ਮਹੀਨੇ ਪਾਰਲੀਮੈਂਟ ਨੇ ਸਮਝੌਤਾ ਰੱਦ ਕਰ ਦਿੱਤਾ ਤਾਂ ਬਦਲਵੀਂ ਯੋਜਨਾ ਤਿਆਰ ਰੱਖੀ ਜਾ ਸਕੇ।

## ਅਜਮੇਰ ਦਰਗਾਹ ਧਮਾਕੇ ਦਾ ਮੁਲਜ਼ਮ 11 ਸਾਲਾਂ ਪਿਛੋਂ ਕਾਬੂ

**ਅਹਿਮਦਾਬਾਦ:** ਸਾਲ 2007 ਵਿਚ ਵਾਪਰੇ ਅਜਮੇਰ ਦਰਗਾਹ ਬੰਬ ਧਮਾਕੇ ਦੇ ਮੁਲਜ਼ਮ ਨੂੰ ਏ.ਟੀ.ਐਸ. ਨੇ ਭਰੂਚ ਤੋਂ ਗ੍ਰਿਫਤਾਰ ਕਰ ਲਿਆ ਹੈ, ਜੋ ਪਿਛਲੇ 11 ਸਾਲਾਂ ਤੋਂ ਭਗੌੜਾ ਸੀ। ਕੇਸ ਦੀ ਜਾਂਚ ਕਰ ਰਹੀ ਕੌਮੀ ਜਾਂਚ ਏਜੰਸੀ ਨੇ ਸੁਰੇਸ਼ ਨਈਅਰ ਨਾਮੀ ਇਸ ਮੁਲਜ਼ਮ ਦੇ ਸਿਰ 'ਤੇ ਦੋ ਲੱਖ ਰੁਪਏ ਦਾ ਇਨਾਮ ਰੱਖਿਆ ਸੀ।

ਏਜੰਸੀ ਮੁਤਾਬਕ ਮੁਲਜ਼ਮ ਨੇ ਸੂਫ਼ੀ ਦਰਗਾਹ ਵਿਚ ਬੰਬ ਲਗਾਉਣ ਵਾਲਿਆਂ ਨੂੰ ਬੰਬ ਮੁਹੱਈਆ ਕਰਵਾਇਆ ਸੀ ਤੇ ਉਹ ਮੌਕੇ ਉਤੇ ਵੀ ਮੌਜੂਦ ਸੀ। ਇਸ ਹਮਲੇ 'ਚ ਤਿੰਨ ਜਣੇ ਮਾਰੇ ਗਏ ਸਨ ਜਦਕਿ 17 ਜਣੇ ਜ਼ਖ਼ਮੀ ਹੋ ਗਏ ਸਨ।

## ਪੁਲ 'ਤੇ ਸੁੱਤੇ ਮਜ਼ਦੂਰਾਂ 'ਤੇ ਕਾਰ ਚੜ੍ਹੀ, ਪੰਜ ਹਲਾਕ

**ਟੋਹਾਣਾ:** ਹਿਸਾਰ ਦੇ ਪੁਲ ਦੀ ਮੁਰੰਮਤ ਦੌਰਾਨ ਫੁੱਟਪਾਥ 'ਤੇ ਸੁੱਤੇ ਪਏ ਮਜ਼ਦੂਰਾਂ ਉਪਰ ਕਾਰ ਚੜ੍ਹ ਜਾਣ ਕਰ ਕੇ 5 ਮਜ਼ਦੂਰ ਹਲਾਕ ਅਤੇ 6 ਹੋਰ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ। ਜਿੰਦਲ ਪੁਲ ਦੇ ਫੁੱਟਪਾਥ 'ਤੇ ਸੁੱਤੇ ਪਏ ਮਜ਼ਦੂਰਾਂ ਨੂੰ ਤੇਜ਼ ਰਫਤਾਰ ਕਾਰ ਆਈ-20 ਨੇ ਦਰੜਿਆ। ਪੁਲ 'ਤੇ ਹਾਦਸੇ ਦੌਰਾਨ ਇਕ ਹੋਰ ਕਾਰ ਪੁਲ ਤੋਂ ਹੇਠਾਂ ਕਰੀਬ 70 ਫੁੱਟ ਜਾ ਡਿੱਗੀ।

ਲੰਬੇ ਪੁਲ 'ਤੇ ਲੁੱਕ ਤੇ ਰੇਤ ਦੇ ਮਿਸ਼ਰਣ ਦੀ ਲੇਅਰ ਪਾਈ ਜਾ ਰਹੀ ਸੀ ਅਤੇ ਮਜ਼ਦੂਰ ਸਵੇਰੇ ਚਾਰ ਵਜੇ ਭੱਠੀਆਂ ਵਿਚ ਅੱਗ ਮਚਾਉਣ ਲਈ ਤੇਲ ਦੇ ਡਰੰਮ ਲੈ ਕੇ ਆਏ ਸਨ। ਹਿਸਾਰ ਤੋਂ ਦਿੱਲੀ ਜਾ ਰਹੀ ਕਾਰ ਦੇ ਅੱਗੇ ਲੁੱਕ ਦੇ ਡਰੰਮ ਤੇ ਮਸ਼ੀਨ ਆ ਗਏ ਜਿਸ ਕਾਰਨ ਕਾਰ ਬੇਕਾਬੂ ਕੇ ਫੁੱਟਪਾਥ 'ਤੇ ਸੁੱਤੇ ਪਏ ਮਜ਼ਦੂਰਾਂ ਨੂੰ ਦਰੜਦੀ ਹੋਈ ਅੱਗੇ ਜਾ ਰਹੀ ਕਾਰ ਨਾਲ ਜਾ ਟਕਰਾਈ। ਹਾਦਸੇ ਮਗਰੋਂ ਕਾਰ ਵਿਚ ਸਵਾਰ ਤਿੰਨ ਨੌਜਵਾਨ ਫਰਾਰ ਹੋ ਗਏ।

## ਯੂ.ਏ.ਈ. ਵੱਲੋਂ ਬਰਤਾਨਵੀ ਨਾਗਰਿਕ ਦੀ ਸਜ਼ਾ ਮੁਆਫ

**ਆਬੂ ਧਾਬੀ:** ਸੰਯੁਕਤ ਅਰਬ ਅਮੀਰਾਤ ਨੇ ਬਰਤਾਨਵੀ ਨਾਗਰਿਕ ਮੈਥਿਊ ਹੈਜੇਸ ਨੂੰ ਜਾਸੂਸੀ ਦੇ ਇੱਕ ਕੇਸ ਵਿਚ ਕੁਝ ਦਿਨ ਪਹਿਲਾਂ ਸੁਣਾਈ ਉਮਰ ਕੈਦ ਦੀ ਸਜ਼ਾ ਮੁਆਫ ਕਰ ਦਿੱਤੀ ਹੈ। ਬਰਤਾਨੀਆ ਨੇ ਖਾੜੀ ਮੁਲਕ ਦਾ ਧੰਨਵਾਦ ਕੀਤਾ ਹੈ ਜਦਕਿ ਹੈਜੇਸ ਦੀ ਪਤਨੀ ਨੇ ਇਸ ਖਬਰ 'ਤੇ ਖੁਸ਼ੀ ਮਨਾਈ ਹੈ। ਯੂ.ਏ.ਈ. ਦੇ ਰਾਸ਼ਟਰਪਤੀ ਵੱਲੋਂ ਅਗਲੇ ਮਹੀਨੇ ਕੌਮੀ ਦਿਵਸ ਮੌਕੇ ਸੱਤ ਸੌ ਕੈਦੀਆਂ ਨੂੰ ਰਿਹਾ ਕੀਤਾ ਜਾ ਰਿਹਾ ਹੈ।



# ਬਿਰਹੋਂ ਦਾ ਸੱਲ ਸਹਿ ਕੇ ਜਿਉਂਦੀ ਜਵਾਨੀ ਵਾਲੇ ਰਤਨ ਸਿੰਘ

*ਉਘੇ ਉਰਦੂ ਲਿਖਾਰੀ ਰਤਨ ਸਿੰਘ ਨੇ ਕਈ ਯਾਦਗਾਰੀ ਕਹਾਣੀਆਂ ਲਿਖੀਆਂ ਹਨ। ਉਨ੍ਹਾਂ ਦੀਆਂ ਕਿਤਾਬਾਂ ਵਿਚ ਪਹਿਲੀ ਆਵਾਜ਼, ਪਿੰਜਰੇ ਕਾ ਆਦਮੀ, ਦਰ ਬਦਰੀ, ਮਾਨਿਕ ਮੋਤੀ, ਕਾਠਮ ਕਾ ਘੋੜਾ, ਹੱਡ ਬੀਤੀ, ਪਨਾਹ ਗਾਹ, ਪਾਨੀ ਪਰ ਲਿਖਾ ਨਾਮ, ਸਾਂਸੋਂ ਕਾ ਸੰਗੀਤ, ਰਤੀ ਕੇ ਦੋਹੇ ਆਦਿ ਸ਼ਾਮਲ ਹਨ। ਪੰਜਾਬੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਨੇ ਉਨ੍ਹਾਂ ਦੇ ਜਨਮ ਦਿਨ ਮੌਕੇ ਉਨ੍ਹਾਂ ਨੂੰ ਇਸ ਲੇਖ ਰਾਹੀਂ ਯਾਦ ਕੀਤਾ ਹੈ। ਇਸ ਵਿਚ ਉਨ੍ਹਾਂ ਦੀ ਜਿੰਦਾਦਿਲੀ ਦੇ ਦਰਸ਼ਨ ਹੁੰਦੇ ਹਨ। -ਸੰਪਾਦਕ*

## ਕਲਾ ਪਰਿਕਰਮਾ

**ਗੁਰਬਚਨ ਸਿੰਘ ਭੁੱਲਰ**
**ਫੋਨ: 011-42502364**

ਸਾਡੇ ਮਾਣਜੋਗ ਬਜ਼ੁਰਗ ਲੇਖਕ ਰਤਨ ਸਿੰਘ ਨੇ 91 ਵਰ੍ਹੇ ਪਾਰ ਕਰ ਕੇ 92ਵੇਂ ਵਿਚ ਪੈਰ ਰੱਖ ਲਿਆ ਹੈ। ਪੁੱਛਿਆ, "ਕੀ ਹਾਲ ਹੈ?" ਉੱਤਰ ਉਹੋ ਹੀ ਮਿਲਿਆ, ਹਰ ਵਾਰ ਵਾਲਾ, ਦਮਦਾਰ ਤੇ ਟੁਣਕਦਾ, "ਜਿਉਂਦੀ ਪਈ ਹੈ ਅਜੇ ਜਵਾਨੀ, ਸੱਲ ਬਿਰਹੋਂ ਦਾ ਸਹਿ ਕੇ!" ਮੈਂ ਕਿਹਾ, "ਰਿਵਾਜਨ ਤੁਹਾਨੂੰ ਜਨਮ-ਦਿਨ ਦੀ ਮੁਬਾਰਕ ਦੇ ਦਿੰਦਾ ਹਾਂ, ਪਰ ਇਹ ਤਾਂ ਜਨਮ-ਦਿਨੀਆਂ ਹਨ, ਜਨਮ-ਦਿਨ ਤਾਂ ਤੁਹਾਡਾ ਦਸ ਸਾਲਾਂ ਨੂੰ ਮਨਾਵਾਂਗੇ।" ਹੱਸ ਕੇ ਬੋਲੇ, "ਉਹ ਕਿਉਂ?" ਮੈਂ ਦੱਸਿਆ, "ਸ਼ਬਦ ਸ਼ਤਾਬਦੀ ਤਾਂ ਲੋਕਾਂ ਨੇ ਵਰਤ ਵਰਤ ਕੇ ਘਸਾ ਦਿੱਤਾ ਹੈ, ਆਪਾਂ ਇਕੋਤਰ ਸੌਵਾਂ ਸਾਲ ਮਨਾਵਾਂਗੇ।"

ਰਤਨ ਸਿੰਘ ਨਾਲ ਮੇਰੀ ਜਾਣ-ਪਛਾਣ ਰਾਮ ਸਰੂਪ ਅਣਖੀ ਰਾਹੀਂ ਹੋਈ। ਅਣਖੀ ਉਨ੍ਹਾਂ ਨੂੰ ਪਹਿਲਾਂ ਤੋਂ ਜਾਣਦਾ ਸੀ। ਜਦੋਂ ਉਹਨੇ ਆਪਣਾ ਤ੍ਰੈਮਾਸਕ ਕੱਢਿਆ, ਉਹ ਅਕਸਰ ਮੇਰੇ ਨਾਲ ਸਲਾਹਾਂ ਕਰਦਾ। ਇਕ ਦਿਨ ਕਹਿੰਦਾ, "ਪੰਜਾਬੀ ਮੂਲ ਦੇ ਉਰਦੂ ਲੇਖਕ ਰਤਨ ਸਿੰਘ ਮੇਰੇ ਵਾਕਿਫ ਹਨ। ਉਹ ਆਪਣੇ ਲਈ ਕੋਈ ਕਾਲਮ ਲਿਖ ਸਕਦੇ ਹਨ। ਉਨ੍ਹਾਂ ਨੂੰ ਕੀ ਸੁਝਾਅ ਦੇਈਏ?" ਮੈਂ ਕਿਹਾ, "ਪੰਜਾਬ ਦੇ ਜੰਮ-ਪਲ ਉਰਦੂ ਲੇਖਕਾਂ ਬਾਰੇ ਆਮ ਜਾਣਕਾਰੀ ਦਿੰਦੀ ਹੋਈ ਲੜੀ ਲਿਖਣ ਲਈ ਕਹਿ।" ਰਤਨ ਸਿੰਘ ਹੋਰਾਂ ਨੇ ਉਹ ਲੜੀ ਛੋਟੇ ਛੋਟੇ ਲੇਖਾਂ ਦੇ ਰੂਪ ਵਿਚ ਸ਼ੁਰੂ ਕੀਤੀ ਜਿਨ੍ਹਾਂ ਵਿਚ ਉਨ੍ਹਾਂ ਦੇ ਜੀਵਨ ਤੇ ਰਚਨਾਵਾਂ ਦੀ ਜਾਣਕਾਰੀ ਤੋਂ ਇਲਾਵਾ ਦਿਲਚਸਪ ਟੋਟਕਿਆਂ ਦਾ ਰਸ ਵੀ ਭਰਿਆ ਹੋਇਆ ਹੁੰਦਾ ਸੀ। ਪਾਠਕਾਂ ਵਿਚ ਉਹ ਲੇਖ ਬੜੇ ਹਰਮਨ ਪਿਆਰੇ ਸਿੱਧ ਹੋਏ। ਮੈਂ ਵੀ ਉਨ੍ਹਾਂ ਨਾਲ ਅਕਸਰ ਛਪਦਾ ਰਹਿੰਦਾ ਸੀ। ਕੁਝ ਸਮੇਂ ਮਗਰੋਂ ਅਸੀਂ ਫੋਨੋ-ਫੋਨੀ ਹੋਣ ਲੱਗ ਪਏ। ਪਰ ਇਸ ਸੰਪਰਕ ਤੋਂ ਇਲਾਵਾ ਮੈਂ ਉਨ੍ਹਾਂ ਨੂੰ ਕਿਤੇ ਮਿਲਣਾ ਤਾਂ ਦੂਰ, ਅਜੇ ਤੱਕ ਉਨ੍ਹਾਂ ਦੀ ਤਸਵੀਰ ਵੀ ਨਹੀਂ ਸੀ ਦੇਖੀ।



*ਗੁਰਬਚਨ ਸਿੰਘ ਭੁੱਲਰ ਨਾਲ ਰਤਨ ਸਿੰਘ।*

ਇਕ ਦਿਨ ਘੰਟੀ ਵੱਜੀ। ਬਾਹਰ ਇਕ ਬਜ਼ੁਰਗ ਖਲੋਤੇ ਹੋਏ ਸਨ। ਉੱਚਾ-ਲੰਮਾ ਕੱਦ, ਸਿੱਧਾ ਸਰੂ ਸਰੀਰ, ਪੱਗ ਸਮੇਤ ਦੁੱਧ-ਚਿੱਟੇ ਬਾਣੇ ਨਾਲ ਮੇਲ ਖਾਂਦੀਆਂ ਦਾੜ੍ਹੀ-ਮੁੱਛਾਂ, ਜਿਨ੍ਹਾਂ ਦੀ ਨਿਰਮਲ ਸਫੈਦੀ ਨੂੰ ਭਰਵੱਟੇ ਵੀ ਕਾਲੇ ਰਹਿ ਕੇ ਭੰਗ ਕਰਨ ਦੀ ਗੁਸਤਾਖੀ ਨਹੀਂ ਸਨ ਕਰ ਰਹੇ। ਬੋਲੇ, "ਰਤਨ ਸਿੰਘ।" ਹੁਣ ਵੀ ਜੇ ਉਹ ਫੋਨ ਕਰਨ, ਪਹਿਲੇ ਬੋਲ ਹੁੰਦੇ ਹਨ, "ਰਤਨ ਸਿੰਘ।" ਜਦੋਂ ਇਹ ਦੋ ਸ਼ਬਦ ਉਹਨਾਂ ਦੀ ਪੂਰੀ ਸਿਆਣ ਦੇ ਸਕਦੇ ਸਨ, ਉਹ ਹੋਰ ਵਾਧੂ ਸ਼ਬਦ ਕਿਉਂ ਖਰਚਣ! ਭਾਸ਼ਾ ਦਾ ਉਨ੍ਹਾਂ ਦਾ ਇਹੋ ਨੇਮ ਰਚਨਾ ਕਰਨ ਸਮੇਂ ਬਣਿਆ ਰਹਿੰਦਾ ਹੈ। ਉਹ ਕਹਾਣੀ ਵੀ ਲਿਖਦੇ ਹਨ, ਨਾਵਲ ਵੀ ਤੇ ਕਵਿਤਾ ਵੀ। ਜੇ ਕਦੀ ਲੇਖ ਲਿਖਣਾ ਹੋਵੇ, ਉਹ ਵੀ ਓਪਰਾ ਨਹੀਂ ਲਗਦਾ। ਪਰ ਹਰ ਵਿਧਾ ਵਿਚ ਉਨ੍ਹਾਂ ਦੀ ਰਚਨਾ ਦਾ ਆਕਾਰ ਉਸ ਵਿਧਾ ਦੀਆਂ ਸਮਕਾਲੀ ਰਚਨਾਵਾਂ ਨਾਲੋਂ ਛੋਟਾ ਹੀ ਹੁੰਦਾ ਹੈ। ਉਹ ਵਾਧੂ ਭਾਸ਼ਾਈ ਖਿਲਾਰਾ ਪਾਏ ਬਿਨਾਂ ਥੋੜ੍ਹੇ ਸਫਿਆਂ ਵਿਚ ਹੀ ਆਪਣੀ ਗੱਲ ਸੰਪੂਰਨਤਾ ਤੱਕ ਕਹਿਣ ਵਿਚ ਮੁਕੰਮਲ ਕਾਮਯਾਬੀ ਹਾਸਲ ਕਰਨ ਦੀ ਕਲਾ ਉਜਾਗਰ ਕਰਦੇ ਹਨ।

ਪੰਜਾਬੀ ਸਾਹਿਤ ਦੇ ਆਧੁਨਿਕ ਦੌਰ ਦੇ ਸ਼ੁਰੂ ਵਿਚ ਕਹਾਣੀ ਨੂੰ, ਸ਼ਾਇਦ ਨਾਵਲਿਟ ਦੇ ਨੇੜੇ ਜਾ ਢੁੱਕਣ ਵਾਲੀ ਲੰਮੀ ਕਹਾਣੀ ਤੋਂ ਵਖਰਾਉਣ ਲਈ, ਨਿੱਕੀ ਕਹਾਣੀ ਕਿਹਾ ਜਾਂਦਾ ਸੀ ਤੇ ਇਹਦੀ ਧਰਤੀ ਸੱਤ-ਅੱਠ ਤੋਂ ਦਸ-ਬਾਰਾਂ ਪੰਨੇ ਮੰਨੀ ਜਾਂਦੀ ਸੀ। ਰਤਨ ਸਿੰਘ ਨਿੱਕੀ ਕਹਾਣੀ ਵਿਚੋਂ ਵੀ ਨਿੱਕੀ ਲਿਖਣ ਵਾਲੇ ਕਹਾਣੀਕਾਰ ਹਨ। ਪਰ ਉਨ੍ਹਾਂ ਦੀ ਨਿੱਕੀ ਕਹਾਣੀ 'ਜਿੰਨੀ ਨਿੱਕੀ, ਓਨੀ ਤਿੱਖੀ' ਦੀ ਕਸਵੱਟੀ ਉੱਤੇ ਖਰੀ ਉਤਰਨ ਦਾ ਗੁਣ ਲੈ ਕੇ ਜਨਮਦੀ ਹੈ। ਪੰਜਾਬੀ ਮੂਲ ਦੇ ਬਹੁਤੇ ਉਰਦੂ ਲੇਖਕਾਂ ਨਾਲ ਇਨ੍ਹਾਂ ਨੇ ਕਰੀਬੀ ਨਾਤਾ ਬਣਾਇਆ ਹੋਇਆ ਹੈ ਜਿਨ੍ਹਾਂ ਵਿਚੋਂ ਕਈਆਂ ਦੇ ਨਾਂ ਵੀ ਸਾਨੂੰ ਪਤਾ ਨਹੀਂ। ਰਾਜਿੰਦਰ ਸਿੰਘ ਬੇਦੀ, ਕ੍ਰਿਸ਼ਨ ਚੰਦਰ ਤੇ ਬਲਵੰਤ ਸਿੰਘ ਵਰਗਿਆਂ ਨਾਲ ਤਾਂ ਇਨ੍ਹਾਂ ਦੀ ਬਹੁਤ ਨੇੜਲੀ ਸਾਂਝ ਰਹੀ। ਬੇਦੀ ਹੋਰਾਂ ਨਾਲ ਸਾਹਿਤਕ ਮਹਿਫਲਾਂ ਤੇ ਇਕੱਠਾਂ ਵਿਚ ਇਨ੍ਹਾਂ ਦੀ ਮੇਲ-ਮੁਲਾਕਾਤ ਅਕਸਰ ਹੁੰਦੀ। ਇਕ ਦਿਨ ਉਨ੍ਹਾਂ ਨਾਲ ਮੇਲ ਹੋਇਆ ਤਾਂ ਇਨ੍ਹਾਂ ਦੀ ਸਾਥਣ ਵੀ ਨਾਲ ਸੀ। ਜਿਥੇ ਇਨ੍ਹਾਂ ਦਾ ਕੱਦ ਔਸਤ ਨਾਲੋਂ ਕਾਫੀ ਵੱਧ ਹੈ, ਬੀਬੀ ਦਾ ਕੱਦ ਔਸਤ ਨਾਲੋਂ ਕਾਫੀ ਘੱਟ ਹੈ। ਬੇਦੀ ਹੋਰੀਂ ਹੱਸੇ, "ਅੱਜ ਸਮਝ ਆਇਆ ਹੈ, ਤੇਰੀ ਰਚਨਾ ਦਾ ਆਕਾਰ ਛੋਟਾ ਕਿਉਂ ਹੁੰਦਾ ਹੈ!"

ਦੁਨੀਆ ਦੇ ਬਹੁਗਿਣਤੀ ਲੇਖਕ ਇਕ ਭਾਸ਼ਾ ਵਿਚ ਤੇ ਬਹੁਤੇ ਅੱਗੋਂ ਇਕ ਵਿਧਾ ਵਿਚ ਸਾਹਿਤ ਰਚਦੇ ਹਨ। ਰਤਨ ਸਿੰਘ ਇਕ ਤੋਂ ਵੱਧ ਭਾਸ਼ਾਵਾਂ ਵਿਚ ਤੇ ਇਕ ਤੋਂ ਵੱਧ ਵਿਧਾਵਾਂ ਵਿਚ ਰਚਨਾ ਕਰਨ ਵਾਲੇ ਲੇਖਕ ਹਨ। ਲਿਖਣਾ ਸ਼ੁਰੂ ਤਾਂ ਮਾਂ-ਬੋਲੀ ਤੋਂ ਹੀ ਕੀਤਾ ਸੀ ਪਰ ਨੌਕਰੀ ਨੇ ਦੋ-ਭਾਸ਼ਾਈ ਲੇਖਕ ਬਣਾ ਦਿੱਤੇ। ਰੇਡੀਓ ਦਾ ਪਸਾਰਾ ਹੀ ਅਜਿਹਾ ਸੀ ਕਿ ਅੰਨ-ਜਲ ਨੇ ਪੰਜਾਬ ਤੋਂ ਬਾਹਰ ਕਈ ਟਿਕਾਣੇ ਬਣਵਾਏ। ਰੇਡੀਓ ਦੇ ਅਧਿਕਾਰੀ ਹੁੰਦਿਆਂ ਹਰ ਥਾਂ ਪਹਿਲਾ ਵਾਹ ਲੇਖਕਾਂ ਨਾਲ ਹੀ ਪੈਂਦਾ ਸੀ। ਸਬੱਬ ਨਾਲ ਉੱਥੇ ਸਥਾਨਕ ਉਰਦੂ ਲੇਖਕਾਂ ਦੇ ਨਾਲ ਹੀ ਪੰਜਾਬ ਦੇ ਜੰਮ-ਪਲ ਦੋ-ਚਾਰ ਉਰਦੂ ਲੇਖਕ ਵੀ ਮਿਲ ਜਾਂਦੇ ਜੋ ਸੰਤਾਲੀ ਦੇ ਤੂਫਾਨ ਦੇ ਉੱਥੇ ਸੁੱਟੇ ਹੋਏ ਹੁੰਦੇ। 'ਅੰਗਰੇਜ਼ ਦੇ ਜ਼ਮਾਨੇ ਦੇ' ਉਰਦੂ ਮਾਧਿਅਮੀ ਵਿਦਿਆਰਥੀ ਰਹੇ ਹੋਣ ਕਰਕੇ ਜਦੋਂ ਅੰਨ-ਜਲ ਪੰਜਾਬ ਤੋਂ ਬਾਹਰ ਇਸ ਉਰਦੂ ਵਾਲੇ ਮਾਹੌਲ ਵਿਚ ਲੈ ਪਹੁੰਚਿਆ, ਉਰਦੂ ਅਦਬ ਵੱਲ ਪਲਟਣਾ ਔਖਾ ਸਾਬਤ ਨਾ ਹੋਇਆ। ਪੰਜਾਬ ਤੋਂ ਵਿੱਛੜ ਕੇ ਪੰਜਾਬੀ ਸਾਹਿਤ ਤੋਂ ਵੀ ਵਿੱਥ ਬਣ ਜਾਣੀ ਕੁਦਰਤੀ ਸੀ। ਇਉਂ ਪੰਜਾਬੀ ਲੇਖਕ ਬਣਦੇ ਬਣਦੇ ਰਤਨ ਸਿੰਘ ਪ੍ਰਸਿੱਧ ਉਰਦੂ ਲੇਖਕ ਹੋ ਨਿੱਬੜੇ।

ਸੇਵਾ-ਮੁਕਤ ਹੋ ਕੇ ਉਨ੍ਹਾਂ ਨੇ ਆਪਣਾ ਪੱਕਾ ਟਿਕਾਣਾ ਦਿੱਲੀ ਆ ਬਣਾਇਆ। ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ ਤੇ ਆਂਢ-ਗੁਆਂਢ ਦਾ ਪੰਜਾਬੀ ਮਾਹੌਲ ਮਿਲਿਆ ਤਾਂ ਦਿਲ ਦੇ ਕਿਸੇ ਕੰਧ-ਕੌਲੇ ਨਾਲ ਚਿੰਬੜੀ ਹੋਈ ਪੰਜਾਬੀ ਰਚਨਾਕਾਰੀ ਦੀ ਚਿਰ-ਸੁੱਕੀ ਵੇਲ ਨੇ ਲਗਰਾਂ ਛੱਡ ਦਿੱਤੀਆਂ। ਪੰਜਾਬੀ ਸਾਹਿਤ ਸਭਾ ਵਿਚ ਆਉਣ ਲੱਗੇ ਤਾਂ ਹੁਣ ਉਰਦੂ ਰਹਿੰਦਾ ਰਹਿੰਦਾ ਪਿੱਛੇ ਰਹਿ ਗਿਆ ਤੇ ਉਹ ਪੂਰੀ ਤਰ੍ਹਾਂ ਪੰਜਾਬੀ ਲੇਖਕ ਬਣ ਗਏ। ਕਦੀ ਕਾਵਿ-ਸੰਗ੍ਰਿਹ, ਕਦੀ ਕਹਾਣੀ-ਸੰਗ੍ਰਿਹ ਤੇ ਕਦੀ ਨਾਵਲ, ਸਾਨੂੰ ਲਗਾਤਾਰ ਸੌਗਾਤਾਂ ਮਿਲਣ ਲੱਗੀਆਂ।

ਹੀਰ ਨੇ ਆਖਿਆ ਸੀ, ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ! ਸਾਹਿਤ ਰਚਦੇ ਰਚਦੇ ਰਤਨ ਸਿੰਘ ਆਪ ਹੀ ਸਾਹਿਤ ਹੋ ਗਏ ਹਨ। ਜਦੋਂ ਵੀ ਉਨ੍ਹਾਂ ਨਾਲ ਫੋਨ ਜੁੜਦਾ ਹੈ, ਜੋ ਤੀਜੇ-ਚੌਥੇ ਦਿਨ ਤਾਂ ਜੁੜ ਹੀ ਜਾਂਦਾ ਹੈ, ਗੱਲ ਉਨ੍ਹਾਂ ਦੀ ਕਿਸੇ ਨਵੀਂ ਰਚਨਾ ਤੋਂ ਹੀ ਸ਼ੁਰੂ ਹੁੰਦੀ ਹੈ ਜੋ ਉਨ੍ਹਾਂ ਨੇ ਆਰੰਭੀ ਹੋਈ ਹੁੰਦੀ ਹੈ ਜਾਂ ਸਮਾਪਤ ਕਰ ਲਈ ਹੁੰਦੀ ਹੈ। ਉਨ੍ਹਾਂ ਨਾਲ ਅਜਿਹੀ ਗੱਲਬਾਤ, ਕੁਦਰਤੀ ਹੈ, ਮੇਰੇ ਵਾਸਤੇ ਕੁਝ ਨਵਾਂ ਲਿਖਣ ਦੀ ਪ੍ਰੇਰਨਾ ਸਿੱਧ ਹੁੰਦੀ ਹੈ।

ਇਕ ਵਾਰ ਹਸਪਤਾਲ ਪਹੁੰਚ ਗਏ। ਕਈ ਦਿਨਾਂ ਮਗਰੋਂ ਪਰਤੇ ਤਾਂ ਮੈਂ ਸਿਹਤ ਬਾਰੇ ਜਾਣਨ ਲਈ ਫੋਨ ਕੀਤਾ। ਜਵਾਬ ਉਹੋ ਟਕਸਾਲੀ ਮਿਲਿਆ, "ਜਿਉਂਦੀ ਪਈ ਹੈ ਅਜੇ ਜਵਾਨੀ, ਸੱਲ ਬਿਰਹੋਂ ਦਾ ਸਹਿ ਕੇ!" ਬਿਮਾਰੀ ਦੀ ਗੱਲ ਇੱਥੇ ਹੀ ਮੁਕਾ ਕੇ ਕਹਿੰਦੇ, "ਇਕ ਸਲਾਹ ਦਿਉ। ਮੈਂ ਕਾਫੀ ਦੋਹੇ ਲਿਖੇ ਹੋਏ ਨੇ। ਕੁਝ ਹੋਰ ਲਿਖ ਕੇ ਸਿਰਫ ਦੋਹਿਆਂ ਦੀ ਕਿਤਾਬ ਛਪਵਾ ਦਿਆਂ ਤਾਂ ਠੀਕ ਰਹੇਗੀ?" ਕੁਝ ਚਿਰ ਮਗਰੋਂ ਹੋਰ ਵੀ ਬਹੁਤੇ ਦਿਨ ਹਸਪਤਾਲ ਜਾਣਾ ਪਿਆ। ਇਸ ਵਾਰ ਵੀ ਬਿਮਾਰੀ ਦੀ ਗੱਲ ਪਹਿਲਾਂ ਵਾਂਗ ਹੀ ਫਟਾਫਟ ਨਿਬੇੜ ਕੇ ਉਨ੍ਹਾਂ ਨੇ ਆਪਣੀ ਵਿਉਂਤ ਦੱਸੀ, "ਉਹ ਜਿਹੜੀ ਮੈਂ ਪੰਜਾਬ ਦੇ ਉਰਦੂ ਲੇਖਕਾਂ ਦੀ ਲੜੀ ਲਿਖੀ ਸੀ, ਹੁਣ ਨਜ਼ਰ ਮਾਰੀ ਤਾਂ ਕਈ ਹੋਰ ਨਾਂ ਯਾਦ ਆ ਗਏ। ਮੈਂ ਸੋਚਦਾ ਹਾਂ, ਉਨ੍ਹਾਂ ਬਾਰੇ ਵੀ ਉਹੋ ਜਿਹੇ ਲੇਖ ਲਿਖ ਕੇ ਕਿਤਾਬ ਛਪਵਾ ਦਿਆਂ। ਲੇਖਕਾਂ-ਪਾਠਕਾਂ ਦੀਆਂ ਅਗਲੀਆਂ ਪੀੜ੍ਹੀਆਂ ਵਾਸਤੇ ਇਕ ਤਰ੍ਹਾਂ ਦੀ ਹਵਾਲਾ-ਪੁਸਤਕ ਬਣ ਜਾਵੇਗੀ।"

ਉਨ੍ਹਾਂ ਨੇ ਸਦੀ ਦੇ ਨੇੜੇ ਢੁੱਕੀ ਹੋਈ ਬਜ਼ੁਰਗੀ ਨੂੰ ਬਾਹਰਲੇ ਦਿਖਾਵੇ ਤੱਕ ਰੋਕ ਕੇ ਦਿਲ ਨੂੰ ਜਵਾਨ ਤੇ ਕਲਮ ਨੂੰ ਮੁਟਿਆਰ ਰੱਖਿਆ ਹੋਇਆ ਹੈ। ਇਕ ਵਾਰ ਪੰਜਾਬੀ ਸਾਹਿਤ ਸਭਾ ਵਿਚ ਇਸ਼ਕ ਦੀ ਚਾਸ਼ਨੀ ਵਿਚ ਡੁੱਬੀ ਹੋਈ ਕਹਾਣੀ ਪੜ੍ਹੀ। ਮੈਂ ਪ੍ਰਧਾਨਗੀ ਸ਼ਬਦ ਬੋਲਦਿਆਂ ਸਰੋਤਿਆਂ ਵਿਚ ਬੈਠੀ ਇਨ੍ਹਾਂ ਦੀ ਸਾਥਣ ਨੂੰ ਕਿਹਾ, "ਬੀਬੀ, ਇਨ੍ਹਾਂ ਨੂੰ ਸਮਝਾਉ, ਆਪਣੀ ਉਮਰ ਦੇਖਣ।" ਉਹ ਹੱਸੇ, "ਇਨ੍ਹਾਂ ਨੂੰ ਨਹੀਂ ਕੋਈ ਸਮਝਾ ਸਕਦਾ। ਮਾਸ਼ੂਕਾ ਦਾ ਕੋਈ ਵਜੂਦ ਹੋਵੇ ਨਾ ਹੋਵੇ, ਇਨ੍ਹਾਂ ਨੇ ਇਸ਼ਕ ਕਰਦੇ ਹੀ ਰਹਿਣਾ ਹੈ! ਇਹ ਉਮਰ-ਭਰ ਦੇ ਬੇਮਾਸ਼ੂਕੇ ਆਸ਼ਕ ਨੇ।" ਸਭਾ ਸਮਾਪਤ ਹੋਈ ਤਾਂ ਬੇਟੀ ਬੋਲੀ, "ਅੰਕਲ, ਇਹ ਤਾਂ ਫੁੱਲ-ਪੱਤਿਆਂ ਨੂੰ, ਚਿੜੀ-ਜਨੌਰ ਨੂੰ, ਸਭ ਨੂੰ ਇਸ਼ਕ ਕਰਦੇ ਨੇ। ਬੰਦਿਆਂ ਨੂੰ ਤਾਂ ਕਰਨਾ ਹੀ ਹੋਇਆ। ਜਿਸ ਦਿਨ ਇਨ੍ਹਾਂ ਨੇ ਇਸ਼ਕ ਕਰਨਾ ਬੰਦ ਕਰ ਦਿੱਤਾ, ਲਿਖਣਾ ਵੀ ਬੰਦ ਕਰ ਦੇਣਗੇ!"

ਰੱਬ ਕਰੇ, ਜਿਸ ਉਮਰੇ ਲੋਕ ਉਸ ਤੋਂ ਡਰਦੇ ਉਹਦਾ ਨਾਂ ਜਪਣ ਲੱਗਦੇ ਹਨ, ਸਾਡੇ ਪਿਆਰੇ-ਸਤਿਕਾਰੇ ਰਤਨ ਸਿੰਘ ਜੀ "ਹਾਜੀ ਲੋਕ ਮੱਕੇ ਨੂੰ ਜਾਂਦੇ, ਅਸਾਂ ਜਾਣਾ ਤਖਤ ਹਜ਼ਾਰੇ" ਗਾਉਂਦੇ ਰਹਿਣ ਤੇ ਹੋਰ ਬਜ਼ੁਰਗ ਜਿਨ੍ਹਾਂ ਉਂਗਲਾਂ ਨਾਲ ਮਾਲਾ ਫੇਰਦੇ ਹਨ, ਇਹ ਉਨ੍ਹਾਂ ਉਂਗਲਾਂ ਵਿਚ ਪੁਖਤਗੀ ਨਾਲ ਫੜੀ ਕਲਮ ਵਿਚੋਂ ਸਾਨੂੰ ਖੂਬਸੂਰਤ ਕਹਾਣੀਆਂ-ਕਵਿਤਾਵਾਂ ਦਿੰਦੇ ਰਹਿਣ!

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 8 ਦਸੰਬਰ 2018 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-354



*ਨਾ ਬਣਨਾ ਪ੍ਰਧਾਨ ਸਕੱਤਰ, ਅਸੀਂ ਸੇਵਾ ਕਰਨ ਲਈ ਆਈਆਂ।*
*ਏਸੇ ਕਾਰਨ ਬਖਸ਼ਿਸ਼ ਗੁਰ ਦੀ, 'ਮਾਈਆਂ ਰੱਬ ਰਜਾਈਆਂ!'*

## ਕੈਪਸ਼ਨ ਮੁਕਾਬਲਾ-352



ਖਿੜਿਆ ਫੁੱਲ ਤੇ ਹੱਸਦਾ ਬੱਚਾ
ਕਿੰਨੇ ਸੋਹਣੇ ਹਨ ਲੱਗਦੇ।
ਮੁਰਝਾਇਆ ਫੁੱਲ, ਉਦਾਸ ਬੱਚਾ
ਰੁੱਗ ਭਰ ਕਲੇਜਿਓਂ ਕੱਢਦੇ।
ਸ਼ਾਲਾ! ਦੋਹਾਂ ਉਤੇ ਰਹਿਣ ਸਦਾ
ਖਿੜੀਆਂ ਹੋਈਆਂ ਬਹਾਰਾਂ।
ਨਾ ਫੁੱਲ ਟੁੱਟਣ, ਨਾ ਬੱਚੇ ਰੁੱਸਣ
ਨਜ਼ਰਾਂ ਤੋਂ ਮੈਂ ਮਿਰਚਾਂ ਵਾਰਾਂ।
*-ਹਰਮੀਕ ਸਿੰਘ ਵਿੱਕੀ*
*ਫੋਨ: 209-815-8883*

---

ਖਿੜਿਆ ਫੁੱਲ ਦੇਖ ਕੇ
ਬੱਚੀ ਕੋਲ ਆਣ ਕੇ ਬਹਿ ਗਈ।
ਹੱਸਦੀ ਹੱਸਦੀ ਪਤਾ ਨਹੀਂ ਉਸ ਨੂੰ
ਕਿੰਨਾ ਕੁਝ ਇਹ ਕਹਿ ਗਈ।
ਮਹਿਕੇ ਫੁੱਲ ਤੇ ਟਹਿਕੇ ਬੱਚੀ
ਕੁਦਰਤ ਵੀ ਨਸ਼ਿਆ ਗਈ।
*-ਦਵਿੰਦਰ ਕੌਰ*

---

ਫੁੱਲ, ਫੁੱਲ ਨਾਲ ਕਰਦਾ ਗੱਲਾਂ
ਲਗਦਾ ਬੜਾ ਪਿਆਰਾ।
ਵੇਖਣ ਵਾਲਾ ਵੀ ਖਿੜ ਜਾਵੇ
ਅਜਬ ਹੈ ਇਹ ਨਜ਼ਾਰਾ।
*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਬੱਚੇ ਹੁੰਦੇ ਨੇ ਫੁੱਲਾਂ ਵਰਗੇ
ਵੰਡਣ ਹੱਸ ਖੁਸ਼ਬੋਆਂ।
ਭੱਜੇ ਫਿਰਦੇ ਤਿੱਤਲੀ ਪਿੱਛੇ
ਜਿਉਂ ਲੈਂਦੇ ਕਨਸੋਆਂ।
ਰੰਗ ਬਰੰਗੇ ਫੁੱਲ ਤੱਕ ਕੇ
ਮਨੋਂ ਤਨੋਂ ਖਿੜ ਜਾਂਦੇ।
ਕੰਡਿਆਂ ਦੀ ਨਾ ਚਿੰਤਾ
ਬਸ ਫੁੱਲ ਦੇਖ ਲਲਚਾਂਦੇ।
*-ਸੇਵਾ ਸਿੰਘ ਨੂਰਪੁਰੀ*

*ਸੈਨ ਹੋਜ਼ੇ, ਕੈਲੀਫੋਰਨੀਆ।*

---

ਨੰਨ੍ਹੀ ਪਰੀ ਫੁੱਲ ਤਾਈਂ ਪੁੱਛਦੀ
ਮੇਰੀ ਗੱਲ ਦਾ ਦੇਈਂ ਜਵਾਬ।
ਕਿੱਥੋਂ ਮਿਲੀਆਂ ਤੈਨੂੰ ਸੁਗੰਧੀਆਂ
ਕਿਵੇਂ ਪਿਆ ਤੇਰਾ ਨਾਂ ਗੁਲਾਬ।
ਤੇਰੇ ਵਾਂਗ ਮੈਂ ਵੀ ਖਿੜਨਾ ਚਾਹਾਂ
'ਮਹਿਕਾਂ ਵੰਡਣਾ' ਮੇਰਾ ਖੁਆਬ।
*-ਗੁਰਦੇਵ ਸਿੰਘ ਢਪਾਲੀ, ਬਠਿੰਡਾ।*
*ਫੋਨ: 91-94176-49275*

---

ਬੱਚਿਆਂ ਨਾਲ ਘਰ ਹੱਸਦੇ ਵਸਦੇ
ਬੱਚਿਆਂ ਨਾਲ ਘਰ 'ਚ ਬਹਾਰਾਂ।
ਬੱਚੇ ਘਰ ਦੇ ਫੁੱਲ-ਬੂਟੇ ਵਾਂਗਰ
ਰਹਿਣ ਸਦਾ ਖਿੜੀਆਂ ਗੁਲਜ਼ਾਰਾਂ।
ਫੁੱਲਾਂ ਵਾਂਗ ਰਹਿਣ ਮਹਿਕਦੇ
ਹਰ ਬੱਚੇ ਲਈ ਕਰਾਂ ਦੁਆਵਾਂ।
ਲੱਗੇ ਨਾ ਇਨ੍ਹਾਂ ਨੂੰ ਤੱਤੀ 'ਵਾ
ਵਗਦੀਆਂ ਰਹਿਣ ਠੰਡੀਆਂ ਹਵਾਵਾਂ।
ਹੱਥ ਜੋੜ ਕੇ ਉਸ ਰੱਬ ਅੱਗੇ
ਮੈਂ ਮੰਗਾਂ ਬਸ ਇਹੋ ਦੁਆਵਾਂ।
*-ਗੋਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-690-8403*

---

ਦੇਖ ਖਿੜਿਆ ਫੁੱਲ ਡਾਲੀ 'ਤੇ
ਬੱਚਾ ਵੀ ਉਵੇਂ ਹੀ ਖਿੜ ਜਾਂਦਾ।
ਦੇਖ ਬੱਚਿਆਂ ਨੂੰ ਖੁਸ਼
ਮਾਂ-ਬਾਪ ਭੁੱਲ ਜਾਂਦੇ ਸਭ ਝਮੇਲੇ
ਖਿੜ ਜਾਂਦੇ ਫੁੱਲ-ਪੰਖੜੀਆਂ ਵਾਂਗ
ਖੋਲ੍ਹੀਆਂ ਤਾਜ਼ਾ ਡੰਡੀਆਂ ਜਿਵੇਂ ਕਲੀਆਂ ਨੇ।
ਦੇਖ ਫੁੱਲਵਾੜੀ ਖਿੜੀ ਹੋਈ
ਹੋ ਬੇਕਾਬੂ ਫਿਰ ਸਲਾਹਣੋਂ
ਨਹੀਂ ਰਹਿ ਸਕਦਾ ਕੋਈ।
ਧਨੀ ਰਾਮ ਚਾਤ੍ਰਿਕ ਦੇ ਲਫਜ਼ਾਂ 'ਚ,
"ਦੋ ਪੁੜਾਂ ਵਿਚਾਲੇ ਧਰਤੀ ਦੇ
ਮੁੱਕ ਜਾਵੇ ਸਾਰਾ ਪਾੜਾ ਓ।"
*-ਦਰਸ਼ਨਪਾਲ ਦੋਸਾਂਝ*

## ਕੈਪਸ਼ਨ ਮੁਕਾਬਲਾ-351

ਅੰਨ ਦਾਤਾ ਕੱਕਰ ਸਿਆਲਾਂ ਦੀ ਰੁੱਤੇ
ਸਿੱਧ ਸੱਪਾਂ ਦੀਆਂ ਸਿਰੀਆਂ
ਖੇਤਾਂ 'ਚ ਦਿਨ ਰਾਤ ਕੰਮ ਕਰਦਾ।
ਭੈਅ ਸਾਗਰ 'ਚੋਂ ਲੰਘਦਿਆਂ
ਹਥਿਆਰ ਸਵੈ-ਰਾਖੀ ਲਈ ਸਹਾਈ।
ਹਾਲਤ ਹੀ ਵਿਗੜ ਗਈ ਕਿਸਾਨ ਦੀ
ਦਹਿਸ਼ਤ ਫੈਲੀ ਜਦੋਂ ਦੀ
ਹੋਵੇ ਦੱਰਾ ਖੈਬਰ ਦਾ ਖਿੱਤਾ
ਜਾਂ ਤੋਰਾ-ਬੋਰਾ ਦੇ ਸਥਾਨ
ਹਰ ਵਕਤ ਖਤਰੇ ਦੇ ਬੱਦਲ ਮੰਡਰਾਉਂਦੇ।
*-ਦਰਸ਼ਨਪਾਲ ਦੋਸਾਂਝ*

# ਸਰਕਾਰ ਦੇ ਰੁਜ਼ਗਾਰ ਮੇਲੇ 'ਚ ਰੁਲੇ ਉਚ ਡਿਗਰੀਆਂ ਵਾਲੇ ਬੇਰੁਜ਼ਗਾਰ

**ਲੁਧਿਆਣਾ:** ਪੰਜਾਬ ਸਰਕਾਰ ਵੱਲੋਂ ਚਾਰ ਦਿਨ ਲਗਾਇਆ ਮੈਗਾ ਰੋਜ਼ਗਾਰ ਮੇਲਾ ਸਮਾਪਤ ਹੋ ਗਿਆ। ਸਰਕਾਰੀ ਟੈਕਸਟਾਈਲ ਕੈਮਿਸਟਰੀ ਐਂਡ ਨਿਟਿੰਗ ਅਕੈਡਮੀ ਰਿਸ਼ੀ ਨਗਰ ਵਿਚ ਲੱਗੇ ਰੋਜ਼ਗਾਰ ਮੇਲੇ ਵਿਚ ਨੌਕਰੀ ਲੈਣ ਲਈ ਪਹੁੰਚੇ



532 ਬੇਰੁਜ਼ਗਾਰ ਨੌਜਵਾਨਾਂ ਵਿਚੋਂ ਸਿਰਫ 80 ਨੂੰ ਹੀ ਨੌਕਰੀ ਮਿਲ ਸਕੀ। ਵੱਖ-ਵੱਖ ਥਾਵਾਂ 'ਤੇ ਲੱਗੇ ਰੋਜ਼ਗਾਰ ਮੇਲਿਆਂ 'ਚ ਸਰਕਾਰ ਦੇ ਸੱਦੇ 'ਤੇ 866 ਕੰਪਨੀਆਂ ਦੇ ਆਉਣ ਅਤੇ 76166 ਪੜ੍ਹੇ ਲਿਖੇ ਨੌਜਵਾਨਾਂ ਨੂੰ ਨੌਕਰੀਆਂ ਦੇਣ ਦਾ ਟੀਚਾ ਮਿਥਿਆ ਹੈ ਪਰ ਸਰਕਾਰ ਦਾ ਇਹ ਟੀਚਾ ਪੂਰਾ ਹੁੰਦਾ ਨਜ਼ਰ ਨਹੀਂ ਆ ਰਿਹਾ।

ਰਿਸ਼ੀ ਨਗਰ ਵਿਖੇ ਲੱਗੇ ਰੋਜ਼ਗਾਰ ਮੇਲੇ 'ਚ ਉਦਯੋਗਪਤੀਆਂ ਦੇ ਹੱਥ ਨਿਰਾਸ਼ਤਾ ਹੀ ਲੱਗੀ ਨਜ਼ਰ ਆ ਰਹੀ ਹੈ। ਇਸ ਮੇਲੇ 'ਚ ਕੱਪੜਾ ਉਦਯੋਗਪਤੀਆਂ ਨੂੰ ਲਗਭਗ 25000 ਅੱਠਵੀਂ ਤੋਂ ਬਾਰ੍ਹਵੀਂ ਪਾਸ ਸਟਾਫ ਦੀ ਜ਼ਰੂਰਤ ਸੀ, ਜਿਸ ਵਿਚ ਟੇਲਰ ਮਾਸਟਰ, ਪੀਅਨ ਅਤੇ ਬਾਰ੍ਹਵੀਂ ਪਾਸ ਸੁਪਰਵਾਈਜ਼ਰ ਸ਼ਾਮਲ ਸਨ। ਦੂਜੇ ਪਾਸੇ ਮੇਲੇ ਵਿਚ ਡਿਗਰੀਆਂ ਕਰ ਚੁੱਕੇ ਨੌਜਵਾਨਾਂ ਦੇ ਪੱਲੇ ਨਿਰਾਸ਼ਤਾ ਹੀ ਨਜ਼ਰ ਆਈ। ਮੇਲੇ ਦੇ ਪਹਿਲੇ ਦਿਨ 19 ਨਵੰਬਰ ਨੂੰ 10 ਉਦਯੋਗਪਤੀਆਂ ਅਤੇ ਕੰਪਨੀਆਂ ਨੇ ਹਿੱਸਾ ਲਿਆ। ਨੌਕਰੀ ਲੈਣ ਲਈ 114 ਬੇਰੁਜ਼ਗਾਰ ਨੌਜਵਾਨਾਂ ਨੇ ਆਪਣਾ ਨਾਂ ਦਰਜ ਕਰਵਾਇਆ, ਜਿਨ੍ਹਾਂ ਵਿਚ 1 ਬੀ.ਐਸਸੀ, 2 ਬੀ.ਕਾਮ, 77 ਡਿਪਲੋਮੇ ਵਾਲੇ, 5 ਐਮ.ਏ, 12 ਬੀ.ਏ, 11 ਬਾਰ੍ਹਵੀਂ ਪਾਸ, 1 ਬੀ.ਬੀ.ਏ, 2 ਦਸਵੀਂ ਪਾਸ, 1 ਐਮ.ਸੀ.ਏ ਅਤੇ 1 ਐਮ.ਟੈਕ ਪਹੁੰਚੇ ਸਨ। ਇਨ੍ਹਾਂ ਵਿਚੋਂ 95 ਨੌਜਵਾਨਾਂ ਨੇ ਇੰਟਰਵਿਊ ਦਿੱਤੀ ਅਤੇ ਸਿਰਫ 23 ਨੌਜਵਾਨਾਂ ਨੂੰ ਨੌਕਰੀ ਲਈ ਹਾਂ ਹੋਈ।

20 ਨਵੰਬਰ ਨੂੰ 17 ਉਦਯੋਗਪਤੀਆਂ ਅਤੇ ਕੰਪਨੀਆਂ ਨੇ ਹਿੱਸਾ ਲਿਆ, ਜਿਸ ਵਿਚ ਲਗਭਗ 191 ਨੌਜਵਾਨਾਂ ਨੇ ਨੌਕਰੀ ਲਈ ਆਪਣਾ ਨਾਂ ਦਰਜ ਕਰਵਾਇਆ, ਜਿਨ੍ਹਾਂ ਵਿਚੋਂ 152 ਨੇ ਇੰਟਰਵਿਊ ਦਿੱਤੀ ਅਤੇ ਸਿਰਫ 15 ਨੌਜਵਾਨਾਂ ਨੂੰ ਨੌਕਰੀ ਮਿਲੀ, 21 ਨਵੰਬਰ ਨੂੰ 17 ਉਦਯੋਗਪਤੀਆਂ ਅਤੇ ਕੰਪਨੀਆਂ ਨੇ ਹਿੱਸਾ ਲਿਆ, 150 ਬੇਰੁਜ਼ਗਾਰਾਂ ਨੇ ਨੌਕਰੀ ਲਈ ਆਪਣਾ ਨਾਂ ਦਰਜ ਕਰਵਾਇਆ ਜਿਨ੍ਹਾਂ ਵਿਚੋਂ ਲਗਭਗ 23 ਨੂੰ ਨੌਕਰੀ ਮਿਲ ਸਕੀ। ਮੇਲੇ ਦੇ ਆਖਰੀ ਦਿਨ 22 ਨਵੰਬਰ ਨੂੰ ਲਗਭਗ 77 ਨੌਜਵਾਨਾਂ ਨੇ ਨੌਕਰੀ ਲੈਣ ਲਈ ਆਪਣਾ ਨਾਂ ਦਰਜ ਕਰਵਾਇਆ ਜਿਨ੍ਹਾਂ ਵਿਚੋਂ ਸਿਰਫ 19 ਨੌਜਵਾਨਾਂ ਨੂੰ ਹੀ ਨੌਕਰੀ ਮਿਲ ਸਕੀ। ਦੱਸਣਯੋਗ ਹੈ ਕਿ ਇਸ ਮੇਲੇ ਵਿਚ ਬੇਰੁਜ਼ਗਾਰਾਂ ਨੌਜਵਾਨਾਂ ਨੇ ਘੱਟ ਅਤੇ ਆਈ.ਟੀ.ਆਈ. ਵਿਚ ਪੜ੍ਹ ਰਹੇ ਵਿਦਿਆਰਥੀਆਂ ਨੇ ਵੱਡੀ ਗਿਣਤੀ 'ਚ ਇੰਟਰਵਿਊ ਦਿੱਤੀ ਜਿਨ੍ਹਾਂ ਦੀ ਪੜ੍ਹਾਈ ਪੂਰੀ ਹੋਣ ਵਿਚ ਅਜੇ ਲਗਭਗ 6 ਮਹੀਨੇ ਦਾ ਸਮਾਂ ਪਿਆ ਹੈ।

# ਹੋਂਦ ਚਿੱਲੜ: ਇਨਸਾਫ ਲਈ ਸਰਕਾਰੀ ਢਿੱਲ 'ਤੇ ਉਠੇ ਸਵਾਲ

**ਚੰਡੀਗੜ੍ਹ:** ਹੋਂਦ ਚਿੱਲੜ ਤਾਲਮੇਲ ਕਮੇਟੀ ਦੇ ਪ੍ਰਧਾਨ ਇੰਜੀ. ਮਨਵਿੰਦਰ ਸਿੰਘ ਗਿਆਸਪੁਰਾ ਨੇ ਹੋਂਦ ਚਿੱਲੜ 'ਚ ਮਾਰੇ ਗਏ 32 ਸਿੱਖਾਂ ਦੇ ਕੇਸ ਵਿਚ ਇਨਸਾਫ ਦੇਣ ਲਈ ਹੋ ਰਹੀ ਦੇਰੀ 'ਤੇ ਸਵਾਲ ਉਠਾਉਂਦਿਆਂ ਭਾਜਪਾ, ਕਾਂਗਰਸ ਅਤੇ ਅਕਾਲੀ ਦਲ ਵੱਲੋਂ ਨਵੰਬਰ 1984 ਵਿਚ ਦਿੱਲੀ ਦੇ ਮਹੀਪਾਲਪੁਰ ਘਟਨਾ ਦੇ ਇਕ ਨੂੰ ਦੋਸ਼ੀ ਫਾਂਸੀ ਰਹੀ ਹੈ। ਉਨ੍ਹਾਂ ਕਿਹਾ ਕਿ ਹੋਂਦ ਚਿੱਲੜ ਦੇ ਮਾਮਲੇ ਵਿਚ ਇਲਾਹਾਬਾਦ ਹਾਈ ਕੋਰਟ ਦੇ ਸੇਵਾ ਮੁਕਤ ਜੱਜ ਜਸਟਿਸ ਟੀਪੀ ਗਰਗ ਨੇ ਛੇ ਸਾਲ ਲੰਬੀ ਪੜਤਾਲ ਤੋਂ ਬਾਅਦ ਪੁਲਿਸ ਦੇ ਚਾਰ ਉਚ ਅਧਿਕਾਰੀਆਂ ਨੂੰ ਦੋਸ਼ੀ ਠਹਿਰਾਇਆ ਸੀ ਪਰ ਹਰਿਆਣੇ ਦੀ ਭਾਜਪਾ ਸਰਕਾਰ ਨੇ ਉਨ੍ਹਾਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ।



ਅਤੇ ਦੂਜੇ ਨੂੰ ਉਮਰ ਕੈਦ ਦੀ ਸਜ਼ਾ 'ਤੇ ਸਿਆਸੀ ਲਾਹਾ ਲੈਣ ਦਾ ਦੋਸ਼ ਲਾਏ ਹਨ।

ਗਿਆਸਪੁਰਾ ਨੇ ਕਿਹਾ ਮਹੀਪਾਲਪੁਰ ਦੀ ਘਟਨਾ ਦੇ ਇਕ ਦੋਸ਼ੀ ਨੂੰ ਫਾਂਸੀ ਅਤੇ ਇਕ ਨੂੰ ਉਮਰ ਕੈਦ ਹੋਣ 'ਤੇ ਕੇਂਦਰੀ ਕਾਨੂੰਨ ਮੰਤਰੀ ਰਵੀਸ਼ੰਕਰ ਪ੍ਰਸਾਦ ਵੱਲੋਂ ਆਪਣੀ ਪਿੱਠ ਥਾਪੜੀ ਜਾ ਰਹੀ ਹੈ ਕਿ ਇਹ ਸਜ਼ਾ ਭਾਜਪਾ ਦੀ ਸਰਕਾਰ ਕਾਰਨ ਸੰਭਵ ਹੋ ਸਕੀ ਹੈ ਜਦਕਿ ਹਰਿਆਣਾ ਵਿਚਲੀ ਭਾਜਪਾ ਦੀ ਸਰਕਾਰ 'ਹੋਂਦ ਚਿੱਲੜ' ਵਿਚ ਕਤਲ ਕੀਤੇ 32 ਸਿੱਖਾਂ ਦੇ ਦੋਸ਼ੀਆਂ ਨੂੰ ਬਚਾ

ਇਸ ਤੋਂ ਪਤਾ ਲੱਗਦਾ ਹੈ ਕਿ ਭਾਜਪਾ ਦੀ ਸਰਕਾਰ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਨਹੀਂ ਦੇਣਾ ਚਾਹੁੰਦੀ। ਉਨ੍ਹਾਂ ਕਿਹਾ ਕਿ ਗੁੜਗਾਉਂ, ਪਟੌਦੀ ਵਿਚ ਮਾਰੇ ਸਿੱਖਾਂ ਅਤੇ ਪਲਵਲ ਵਿਚ ਸਾੜ ਕੇ ਮਾਰੇ ਗਏ ਗੁੰਬੀ ਸਿੰਘ ਦੇ ਮਾਮਲੇ ਅਜੇ ਤੱਕ ਕਿਸੇ ਕਿਨਾਰੇ ਨਹੀਂ ਲੱਗੇ।

ਜੇ ਭਾਜਪਾ ਦੀ ਸਰਕਾਰ ਸੱਚਮੁੱਚ ਹੀ ਸੁਹਿਰਦ ਹੈ ਤਾਂ ਸਮੁੱਚੇ ਹਰਿਆਣੇ ਲਈ ਐਸ.ਆਈ.ਟੀ. ਬਣਾ ਕੇ ਨਵੰਬਰ 1984 ਦੇ ਦੋਸ਼ੀਆਂ ਨੂੰ ਲੱਭ ਸਜ਼ਾ ਦੇਵੇ।

# 'ਖੰਘ ਵਾਲੀ ਦਵਾਈ' ਦਾ ਲਾਰਾ ਲਾ ਕੇ ਫਸੇ ਰਾਜਾ ਵੜਿੰਗ

**ਬਠਿੰਡਾ:** ਗਿੱਦੜਬਾਹਾ ਤੋਂ ਕਾਂਗਰਸੀ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਵੋਟਰਾਂ ਨੂੰ ਆਪਣੇ ਬਿਆਨਾਂ ਦੀ ਚੁੰਬਕ ਨਾਲ



ਖਿੱਚਣਾ ਭਾਰੀ ਪੈ ਗਿਆ। ਰਾਜਸਥਾਨ ਵਿਚ ਕਾਂਗਰਸੀ ਉਮੀਦਵਾਰ ਦੇ ਹੱਕ 'ਚ ਪ੍ਰਚਾਰ ਕਰਦਿਆਂ ਵੜਿੰਗ ਨੇ ਲੋਕਾਂ ਨੂੰ ਰੱਜ ਕੇ 'ਖੰਘ ਦੀ ਦਵਾਈ' (ਸ਼ਰਾਬ) ਪੀਣ ਦੀ ਪੇਸ਼ਕਸ਼ ਕੀਤੀ। ਵੜਿੰਗ ਦਾ ਇਸ਼ਾਰਾ ਸ਼ਰਾਬ ਵੱਲ ਸੀ ਪਰ ਬਾਅਦ ਵਿਚ ਉਨ੍ਹਾਂ ਸਪੱਸ਼ਟੀਕਰਨ ਵੀ ਦਿੱਤਾ। ਇੰਨਾ ਹੀ ਨਹੀਂ ਉਨ੍ਹਾਂ ਪੰਜਾਬ ਵਿਚ ਸਰਕਾਰੀ ਅਫਸਰਾਂ ਦੀ ਧੌਣ ਮਰੋੜਨ ਦਾ ਵੀ ਦਾਅਵਾ ਕੀਤਾ।

ਰਾਜਸਥਾਨ ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਹਨੂੰਮਾਨਗੜ੍ਹ ਨੇੜਲੇ ਪੀਲੀਆ ਬੰਗਾ ਵਿਚ ਕਾਂਗਰਸ ਦੇ ਉਮੀਦਵਾਰ ਵਿਨੋਦ ਗੋਥਵਾਲ ਲਈ ਚੋਣ ਪ੍ਰਚਾਰ ਕਰਦੇ ਰਾਜਾ ਵੜਿੰਗ ਨੇ ਉਕਤ ਬਿਆਨ ਦਿੱਤੇ। ਵਿਧਾਇਕ ਰਾਜਾ ਵੜਿੰਗ ਨੇ ਹਿੰਦੀ ਵਿਚ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ, "ਅਗਰ ਗੋਥਵਾਲ 20,000 ਸੇ ਜੀਤਾ, ਜੋ ਭੀ ਪੰਜਾਬ ਆਏਗਾ ਉਸਕੋ ਚਾਏ ਕੇ ਸਾਥ ਗੁਲਾਬ ਜਾਮੁਨ ਮਿਲੇਗਾ ਦਿਨ ਮੇਂ, ਔਰ ਰਾਤ ਕੋ ਖਾਂਸੀ ਵਾਲੀ ਦਵਾਈ ਭੀ ਮਿਲੇਗੀ। ਅਗਰ ਕੋਈ ਨਹਾਨਾ ਚਾਹੇਗਾ ਖਾਂਸੀ ਵਾਲੀ ਦਵਾਈ ਸੇ, ਨਹਿਲਾ ਭੀ ਦੇਂਗੇ, ਯੇ ਫਰੀ ਹੈ ਪੰਜਾਬ ਮੇਂ।" ਵੜਿੰਗ ਇਥੇ ਹੀ ਬੱਸ ਨਹੀਂ ਹੋਏ ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਹੈ, ਉਥੇ ਉਨ੍ਹਾਂ ਦੀ ਚੱਲਦੀ ਹੈ, ਅਧਿਕਾਰੀਆਂ ਦੀ ਨਹੀਂ ਚੱਲਦੀ। ਉਨ੍ਹਾਂ ਅੱਗੇ ਕਿਹਾ ਕਿ ਜੇ ਅਧਿਕਾਰੀ ਮਨਮਾਨੀ ਕਰਨ ਤਾਂ ਅਸੀਂ ਉਨ੍ਹਾਂ ਦੀ ਗਰਦਨ ਫੜ ਲੈਂਦੇ ਹਾਂ।

# ਭਾਰਤੀ ਅਧਿਕਾਰੀਆਂ ਨੂੰ ਗੁਰਦੁਆਰਿਆਂ ਅੰਦਰ ਦਾਖਲ ਹੋਣ ਤੋਂ ਰੋਕਿਆ

**ਲਾਹੌਰ:** ਭਾਰਤੀ ਹਾਈ ਕਮਿਸ਼ਨ ਦੇ ਦੋ ਅਧਿਕਾਰੀਆਂ ਨੂੰ ਪਾਕਿਸਤਾਨ ਸਥਿਤ ਦੋ ਗੁਰਦੁਆਰਿਆਂ ਦੇ ਪ੍ਰਸ਼ਾਸਨ ਨੇ ਗੁਰਦੁਆਰੇ ਅੰਦਰ ਦਾਖਲ ਹੋਣ ਤੋਂ ਰੋਕ ਦਿੱਤਾ। ਇਨ੍ਹਾਂ ਅਧਿਕਾਰੀਆਂ ਅਰਨਜੀਤ ਸਿੰਘ ਤੇ ਸੁਨੀਲ ਕੁਮਾਰ ਨੂੰ ਗੁਰਦੁਆਰਾ ਨਨਕਾਣਾ ਸਾਹਿਬ ਤੇ ਗੁਰਦੁਆਰਾ ਸੱਚਾ ਸੌਦਾ 'ਚ ਦਾਖਲ ਹੋਣ ਤੋਂ ਰੋਕਿਆ ਗਿਆ। ਇਹ ਦੋਵੇਂ ਗੁਰਦੁਆਰੇ ਪਾਕਿਸਤਾਨੀ ਪੰਜਾਬ 'ਚ ਸਥਿਤ ਹਨ।

ਗੁਰਦੁਆਰਿਆਂ ਦੇ ਪ੍ਰਬੰਧਕਾਂ ਨੇ ਕਿਹਾ ਭਾਰਤ ਸਰਕਾਰ ਨੇ ਫਿਲਮ 'ਨਾਨਕ ਸ਼ਾਹ ਫਕੀਰ' ਦੀ ਸਕਰੀਨਿੰਗ ਨੂੰ ਇਜਾਜ਼ਤ ਦੇ ਕੇ ਸਿੱਖ ਭਾਈਚਾਰੇ ਦੇ ਮਨਾਂ ਨੂੰ ਠੇਸ ਪਹੁੰਚਾਈ ਹੈ। ਔਕਾਫ ਬੋਰਡ ਨੇ ਕਿਹਾ ਕਿ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀਆਂ ਨੇ ਭਾਰਤੀ ਅਧਿਕਾਰੀਆਂ ਨੂੰ ਗੁਰਦੁਆਰਿਆਂ ਅੰਦਰ ਦਾਖਲ ਹੋਣ ਤੋਂ ਰੋਕਿਆ ਹੈ।

# ਈਸਾਈ ਔਰਤ ਦੇ ਜਨਾਜ਼ੇ 'ਤੇ ਗਏ 40 ਮੁਸਲਿਮ ਪਰਿਵਾਰਾਂ ਦਾ ਦੁਬਾਰਾ ਨਿਕਾਹ

**ਇਸਲਾਮਾਬਾਦ:** ਪਾਕਿਸਤਾਨ ਦੇ ਸੂਬਾ ਪੰਜਾਬ ਦੇ ਸ਼ਹਿਰ ਚਨਿਓਟ 'ਚ ਇਕ ਈਸਾਈ ਔਰਤ ਦੇ ਜਨਾਜ਼ੇ 'ਚ ਸ਼ਾਮਲ ਹੋਏ ਮੁਸਲਿਮ ਪਰਿਵਾਰਾਂ ਦੇ ਮੌਲਵੀ ਵੱਲੋਂ ਦੁਬਾਰਾ ਨਿਕਾਹ ਪੜ੍ਹਵਾਏ ਗਏ। ਚਨਿਓਟ ਦੇ ਚੱਕ ਨੰ. 136 'ਚ ਰਹਿੰਦੀ ਈਸਾਈ ਔਰਤ ਜ਼ਰੀਨਾ ਬੀਬੀ ਦਾ ਦਿਹਾਂਤ ਹੋਣ 'ਤੇ ਇਲਾਕੇ ਦੇ ਈਸਾਈ ਪਰਿਵਾਰਾਂ ਸਮੇਤ ਲਗਭਗ 40 ਮੁਸਲਿਮ ਪਰਿਵਾਰ ਵੀ ਉਸ ਦੇ ਜਨਾਜ਼ੇ 'ਚ ਸ਼ਾਮਲ ਹੋਏ।

ਇਸ ਬਾਰੇ ਜਦੋਂ ਇਲਾਕੇ ਦੀ ਮਦੀਨਾ ਮਸਜਿਦ ਦੇ ਮੌਲਵੀ ਨੂੰ ਜਾਣਕਾਰੀ ਮਿਲੀ ਤਾਂ ਉਸ ਨੇ ਉਕਤ ਪਰਿਵਾਰਾਂ ਨੂੰ ਇਕੱਠਾ ਕਰਕੇ ਸਮਝਾਇਆ ਕਿ ਇਕ ਈਸਾਈ ਔਰਤ ਦੇ ਦਫਨ ਦੀਆਂ ਰਸਮਾਂ 'ਚ ਸ਼ਾਮਲ ਹੋਣ ਕਰਕੇ ਇਸਲਾਮਿਕ ਸਿਧਾਂਤਾਂ ਅਨੁਸਾਰ ਉਨ੍ਹਾਂ ਦਾ ਨਿਕਾਹ ਟੁੱਟ ਗਿਆ ਹੈ। ਇਸ ਦੇ ਬਾਅਦ ਮੌਲਵੀ ਨੇ ਉਨ੍ਹਾਂ ਨੂੰ ਮਸਜਿਦ 'ਚ ਬੁਲਾ ਕੇ ਬਕਾਇਦਾ ਉਨ੍ਹਾਂ ਦਾ ਦੁਬਾਰਾ ਨਿਕਾਹ ਪੜ੍ਹਵਾਇਆ। ਉਕਤ ਪਰਿਵਾਰਾਂ ਨੇ ਦੱਸਿਆ ਕਿ ਮੌਲਵੀ ਦੇ ਹੁਕਮ ਦੇ ਚਲਦਿਆਂ ਉਨ੍ਹਾਂ ਜੋੜਿਆਂ ਨੂੰ ਵੀ ਦੁਬਾਰਾ ਨਿਕਾਹ ਕਰਨਾ ਪਿਆ ਹੈ, ਜਿਨ੍ਹਾਂ ਦੇ ਵਿਆਹ ਨੂੰ ਕਈ ਸਾਲ ਬੀਤ ਚੁੱਕੇ ਹਨ ਅਤੇ ਉਨ੍ਹਾਂ ਦੇ 3 ਤੋਂ 5 ਤੱਕ ਬੱਚੇ ਵੀ ਹਨ। ਇਹ ਮਾਮਲਾ ਜਨਤਕ ਹੋਣ ਉਤੇ ਪੁਲਿਸ ਨੇ ਮੌਲਵੀ ਨੂੰ ਗ੍ਰਿਫਤਾਰ ਕਰਕੇ ਉਕਤ ਪਰਿਵਾਰਾਂ ਸਮੇਤ ਅਦਾਲਤ 'ਚ ਪੇਸ਼ ਕੀਤਾ ਪਰ ਮੈਜਿਸਟ੍ਰੇਟ ਦੇ ਹੁਕਮ ਦੇ ਬਾਅਦ ਮੌਲਵੀ ਨੂੰ ਤੁਰਤ ਰਿਹਾਅ ਕਰ ਦਿੱਤਾ ਗਿਆ।

# ਪਹਿਲੀ ਤੇ ਦੂਜੀ ਦੇ ਵਿਦਿਆਰਥੀਆਂ ਨੂੰ ਨਹੀਂ ਮਿਲੇਗਾ ਹੋਮਵਰਕ

**ਨਵੀਂ ਦਿੱਲੀ:** ਪਹਿਲੀ ਤੇ ਦੂਜੀ ਜਮਾਤ ਵਿਚ ਪੜ੍ਹਦੇ ਵਿਦਿਆਰਥੀਆਂ ਨੂੰ ਸਕੂਲ ਵੱਲੋਂ ਹੁਣ ਘਰ ਲਈ ਕੋਈ ਕੰਮ ਨਹੀਂ ਦਿੱਤਾ ਜਾਵੇਗਾ। ਮਨੁੱਖੀ ਵਸੀਲਾ ਵਿਕਾਸ ਮੰਤਰਾਲੇ ਵੱਲੋਂ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਜਾਰੀ ਕੀਤੀਆਂ ਸੱਜਰੀਆਂ ਹਦਾਇਤਾਂ ਵਿਚ ਉਪਰੋਕਤ ਹੁਕਮ ਤੋਂ ਇਲਾਵਾ ਹਰ ਜਮਾਤ ਲਈ ਸਕੂਲ ਬੈਗ ਦੇ ਭਾਰ ਦੀ ਸੀਮਾ ਮੁਕੱਰਰ ਕਰਨ ਲਈ ਵੀ ਕਿਹਾ ਗਿਆ ਹੈ।



ਅਧਿਕਾਰਤ ਹੁਕਮ ਮੁਤਾਬਕ ਮੰਤਰਾਲੇ ਨੇ 'ਸਾਰੇ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਵਿਸ਼ਿਆਂ ਦੀ ਪੜ੍ਹਾਈ ਤੇ ਸਕੂਲ ਬਸਤਿਆਂ ਦੇ ਭਾਰ ਨੂੰ ਭਾਰਤ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਠੀਕ ਕਰਨ ਲਈ ਦਿਸ਼ਾ ਨਿਰਦੇਸ਼ਾਂ ਨੂੰ ਨੇਮਬਧ ਕਰਨਾ।' ਇਹੀ ਨਹੀਂ ਵਿਦਿਆਰਥੀਆਂ ਨੂੰ ਵਾਧੂ ਕਿਤਾਬਾਂ ਤੇ ਵਾਧੂ ਸਮੱਗਰੀ ਲਿਆਉਣ ਲਈ ਵੀ ਜ਼ੋਰ ਨਹੀਂ ਪਾਇਆ ਜਾਵੇਗਾ ਤੇ ਸਕੂਲ ਬਸਤੇ ਦਾ ਭਾਰ ਨਿਰਧਾਰਿਤ ਹੱਦ ਨਾਲੋਂ ਵੱਧ ਨਹੀਂ ਹੋਵੇਗਾ।

ਪਹਿਲੀ ਤੇ ਦੂਜੀ ਜਮਾਤ ਦੇ ਵਿਦਿਆਰਥੀ ਦੇ ਬਸਤੇ ਦਾ ਭਾਰ ਡੇਢ ਕਿਲੋ ਤੋਂ ਵਧ ਨਹੀਂ ਹੋਵੇਗਾ। ਤੀਜੀ ਤੋਂ ਪੰਜਵੀਂ ਲਈ ਇਹ ਹੱਦ 2 ਤੋਂ 3 ਕਿਲੋ ਅਤੇ ਛੇਵੀਂ ਤੇ ਸੱਤਵੀਂ ਲਈ ਚਾਰ ਕਿਲੋ, ਅੱਠਵੀਂ ਤੇ ਨੌਵੀਂ ਲਈ ਸਾਢੇ ਚਾਰ ਕਿਲੋ ਅਤੇ ਦਸਵੀਂ ਦੇ ਵਿਦਿਆਰਥੀਆਂ ਲਈ ਇਹ ਹੱਦ ਪੰਜ ਕਿਲੋ ਰਹੇਗੀ।

# ਗੌਰੀ ਲੰਕੇਸ਼ ਦੇ ਕਾਤਲਾਂ ਦੀ ਹਿੱਟ ਲਿਸਟ 'ਤੇ ਸਨ ਦੋ ਪੰਜਾਬੀ ਸਾਹਿਤਕਾਰ

**ਚੰਡੀਗੜ੍ਹ:** ਪੱਤਰਕਾਰ ਗੌਰੀ ਲੰਕੇਸ਼ ਦੇ ਕਾਤਲਾਂ ਦੀ ਹਿੱਟ ਲਿਸਟ 'ਤੇ ਪੰਜਾਬੀ ਦੇ ਦੋ ਵਿਦਵਾਨ ਵੀ ਸਨ। ਕੰਨੜ ਪੱਤਰਕਾਰ ਦੇ ਕਤਲ ਕੇਸ ਵਿਚ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ ਨੇ ਅਦਾਲਤ ਵਿਚ ਦਾਖਲ ਕਰਵਾਈ ਐਡੀਸ਼ਨਲ ਚਾਰਜਸ਼ੀਟ ਵਿਚ 34 ਉਘੇ ਵਿਅਕਤੀਆਂ ਦੇ ਨਾਂ ਦਰਜ ਕੀਤੇ ਹਨ ਜਿਨ੍ਹਾਂ ਨੂੰ ਕੱਟੜਪੰਥੀ ਹਿੰਦੂ ਜਥੇਬੰਦੀ ਨਿਸ਼ਾਨਾ ਬਣਾਉਣਾ ਚਾਹੁੰਦੇ ਸਨ।

ਪਤਾ ਚੱਲਿਆ ਹੈ ਕਿ ਇਨ੍ਹਾਂ ਵਿਚ ਪਟਿਆਲਾ ਦੇ ਪ੍ਰੋ. ਚਮਨ ਲਾਲ ਤੇ ਮੁਹਾਲੀ ਦੇ ਪ੍ਰੋ. ਆਤਮਜੀਤ ਤੋਂ ਇਲਾਵਾ ਉਘੇ ਪੱਤਰਕਾਰ ਸਿਧਾਰਥ ਵਰਧਰਾਜਨ ਸ਼ਾਮਲ ਹਨ। ਇਨ੍ਹਾਂ 'ਚ ਅੱਠ ਵਿਅਕਤੀ ਕਰਨਾਟਕ ਤੋਂ ਹਨ ਜਦਕਿ 26 ਹੋਰਨਾਂ ਰਾਜਾਂ ਨਾਲ ਸਬੰਧਤ ਹਨ। ਪ੍ਰੋ. ਚਮਨ ਲਾਲ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਭਾਰਤੀ ਭਾਸ਼ਾਵਾਂ ਦੇ ਕੇਂਦਰ ਵਿਚ ਹਿੰਦੀ ਦੇ ਪ੍ਰੋਫੈਸਰ ਹਨ। ਉਹ ਸ਼ਹੀਦ ਭਗਤ ਸਿੰਘ ਦੇ ਜੀਵਨ ਤੇ ਕਾਰਜਾਂ ਬਾਰੇ ਆਪਣੀਆਂ ਲਿਖਤਾਂ ਲਈ ਜਾਣੇ ਜਾਂਦੇ ਹਨ। ਭਾਵੇਂ ਖਾਲਿਸਤਾਨੀ ਹੋਵੇ ਜਾਂ ਹਿੰਦੂ ਮੂਲਵਾਦੀ ਅੰਦੋਲਨ, ਉਹ ਸੱਜੇ ਪੱਖੀ ਰਾਜਨੀਤੀ ਦੇ ਆਲੋਚਕ ਗਿਣੇ ਜਾਂਦੇ ਹਨ।

ਪ੍ਰੋ. ਚਮਨ ਲਾਲ ਨੇ ਦੱਸਿਆ ਕਿ ਤਿੰਨ ਮਹੀਨੇ ਪਹਿਲਾਂ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਦਾ ਇਕ ਅਫਸਰ ਉਨ੍ਹਾਂ ਕੋਲ ਆਇਆ ਸੀ ਤੇ ਉਸ ਨੇ ਸੁਰੱਖਿਆ ਦੀ ਪੇਸ਼ਕਸ਼ ਕੀਤੀ ਸੀ। ਉਸ ਨੇ ਦੱਸਿਆ ਸੀ ਕਿ ਉਹ ਕੇਂਦਰੀ ਗ੍ਰਹਿ ਮੰਤਰਾਲੇ ਦੇ ਨਿਰਦੇਸ਼ਾਂ 'ਤੇ ਆਇਆ ਹੈ।

ਇਸ ਤਰ੍ਹਾਂ, ਮੁਹਾਲੀ ਆਧਾਰਤ ਸਾਹਿਤ ਅਕਾਦਮੀ ਪੁਰਸਕਾਰ ਜੇਤੂ ਪੰਜਾਬੀ ਨਾਟਕਕਾਰ ਆਤਮਜੀਤ ਦਾ ਨਾਂ ਵੀ ਹਿੰਦੂ ਕੱਟੜਪੰਥੀ ਕਾਰਕੁਨਾਂ ਦੀ ਹਿੱਟ ਲਿਸਟ ਵਿਚ ਸ਼ੁਮਾਰ ਦੱਸਿਆ ਜਾਂਦਾ ਹੈ। ਤਿੰਨ ਕੁ ਮਹੀਨੇ ਪਹਿਲਾਂ ਪੰਜਾਬ ਪੁਲਿਸ ਦੇ ਇਕ ਅਫਸਰ ਨੇ ਆਤਮਜੀਤ ਦੇ ਘਰ ਜਾ ਕੇ ਸੁਰੱਖਿਆ ਮੁਹੱਈਆ ਕਰਾਉਣ ਦੀ ਗੱਲ ਕਹੀ ਸੀ। ਦੋਵੇਂ ਸਾਹਿਤਕਾਰਾਂ ਨੇ ਉਘੇ ਵਿਦਵਾਨਾਂ ਤੇ ਪੱਤਰਕਾਰਾਂ ਦੇ ਕਤਲਾਂ ਖਿਲਾਫ ਰੋਸ ਵਜੋਂ ਸਾਹਿਤ ਅਕਾਦਮੀ ਦੇ ਪੁਰਸਕਾਰ ਵੀ ਵਾਪਸ ਕਰ ਦਿੱਤੇ ਸਨ। ਉਂਜ, ਦੋਵੇਂ ਸਾਹਿਤਕਾਰਾਂ ਨੇ ਨਿੱਜਤਾ ਦਾ ਹਵਾਲਾ ਦਿੰਦਿਆਂ ਸੁਰੱਖਿਆ ਲੈਣ ਤੋਂ ਨਾਂਹ ਕਰ ਦਿੱਤੀ ਸੀ।

# ਖੈਬਰ ਪਖਤੂਨਖਵਾ ਵਿਚ ਧਮਾਕਾ; ਤਿੰਨ ਸਿੱਖਾਂ ਸਣੇ 31 ਮੌਤਾਂ

**ਪਿਸ਼ਾਵਰ:** ਪਾਕਿਸਤਾਨ ਦੇ ਗੜਬੜਗ੍ਰਸਤ ਖੈਬਰ ਪਖਤੂਨਖਵਾ ਸੂਬੇ ਵਿਚ ਦੇ ਓਰਕਜ਼ਈ ਜ਼ਿਲ੍ਹੇ ਦੇ ਕਲਾਇਆ ਇਲਾਕੇ ਵਿਚ ਸ਼ੀਆ ਫਿਰਕੇ ਦੇ ਧਾਰਮਿਕ ਸਥਾਨ ਦੇ ਬਾਹਰਵਾਰ ਬਾਜ਼ਾਰ ਵਿਚ ਹੋਏ ਸ਼ਕਤੀਸ਼ਾਲੀ ਬੰਬ ਧਮਾਕੇ ਵਿਚ ਘੱਟੋ ਘੱਟ 31 ਲੋਕ ਮਾਰੇ ਗਏ ਤੇ 40 ਜ਼ਖ਼ਮੀ ਹੋ ਗਏ। ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਖਾਲਿਦ ਇਕਬਾਲ ਨੇ ਦੱਸਿਆ ਕਿ ਮਰਨ ਵਾਲਿਆਂ ਵਿਚ ਤਿੰਨ ਸਿੱਖ ਵਪਾਰੀ ਤੇ ਤਿੰਨ ਬੱਚੇ ਸ਼ਾਮਲ ਹਨ। ਉਂਜ ਜ਼ਿਆਦਾਤਰ ਮੌਤਾਂ ਸ਼ੀਆ ਭਾਈਚਾਰੇ ਦੇ ਮੈਂਬਰਾਂ ਦੀਆਂ ਹੋਈਆਂ ਹਨ।

ਅਧਿਕਾਰੀਆਂ ਮੁਤਾਬਕ ਲੋਕ ਗਰਮ ਕੱਪੜੇ ਖਰੀਦ ਰਹੇ ਸਨ ਜਦੋਂ ਬੰਬ ਧਮਾਕਾ ਹੋ ਗਿਆ। ਬੰਬ ਇਕ ਮੋਟਰਸਾਈਕਲ ਨਾਲ ਰੱਖਿਆ ਗਿਆ ਸੀ ਤੇ ਜਾਪਦਾ ਹੈ ਕਿ ਰਿਮੋਟ ਕੰਟਰੋਲ ਨਾਲ ਧਮਾਕਾ ਕੀਤਾ ਗਿਆ।

ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਹਮਲੇ ਦੀ ਨਿੰਦਾ ਕਰਦਿਆਂ ਕਿਹਾ ਕਿ ਜੋ ਵੀ ਕੁਝ ਹੋਵੇ ਅਸੀਂ ਦਹਿਸ਼ਤਪਸੰਦਾਂ ਦਾ ਮਲੀਆਮੇਟ ਕਰ ਕੇ ਦਮ ਲਵਾਂਗੇ।

ਮਨੁੱਖੀ ਅਧਿਕਾਰਾਂ ਬਾਰੇ ਮੰਤਰੀ ਸ਼ਿਰੀਨ ਮਜ਼ਾਰੀ ਨੇ ਆਖਿਆ ਕਿ ਅਫ਼ਗਾਨਿਸਤਾਨ ਵਿਚ ਅਮਰੀਕਾ ਦੀ ਨਾਕਾਮ ਹੋ ਰਹੀ ਨੀਤੀ ਕਾਰਨ ਆਉਣ ਵਾਲੇ ਦਿਨਾਂ ਵਿਚ ਪਾਕਿਸਤਾਨ ਨੂੰ ਅਜਿਹੇ ਹਮਲਿਆਂ ਲਈ ਤਿਆਰ ਰਹਿਣਾ ਪਵੇਗਾ ਜਦਕਿ ਸੂਬੇ ਦੇ ਮੁੱਖ ਮੰਤਰੀ ਮਹਿਮੂਦ ਖਾਨ ਨੇ ਕਿਹਾ ਕਿ ਸਾਡੇ ਦੁਸ਼ਮਣ ਸੂਬੇ ਵਿਚ ਅਮਨ ਚੈਨ ਨੂੰ ਬਰਦਾਸ਼ਤ ਨਹੀਂ ਕਰ ਸਕਦੇ।

# ਕਰਤਾਰਪੁਰ ਮਾਨਵਤਾ ਦਾ ਸਾਂਝਾ ਤੀਰਥ ਸਥਾਨ

ਦਰਬਾਰ ਸਾਹਿਬ ਕਰਤਾਰਪੁਰ ਕੇਵਲ ਸਿੱਖਾਂ ਦਾ ਨਹੀਂ, ਹਿੰਦੂਆਂ ਤੇ ਮੁਸਲਮਾਨਾਂ ਦਾ ਵੀ ਸਾਂਝਾ ਤੀਰਥ ਸਥਾਨ ਹੈ। ਉਥੇ ਗੁਰੂ ਨਾਨਕ ਦੇਵ ਜੀ ਦੀ ਸਮਾਧ ਅਤੇ ਮਜ਼ਾਰ ਨਾਲੋ ਨਾਲ ਹਨ। ਸਾਖੀ ਹੈ ਕਿ 22 ਸਤੰਬਰ 1539 ਨੂੰ ਗੁਰੂ ਨਾਨਕ ਦੇਵ ਜੋਤੀ ਜੋਤ ਸਮਾਏ ਤਾਂ ਹਿੰਦੂ ਕਹਿਣ ਲੱਗੇ, ਅਸੀਂ ਆਪਣੇ ਗੁਰੂ ਦੀ ਦੇਹ ਦਾ ਸਸਕਾਰ ਕਰਾਂਗੇ। ਮੁਸਲਮਾਨ ਕਹਿਣ ਲੱਗੇ, ਬਾਬਾ ਨਾਨਕ ਸਾਡਾ ਪੀਰ ਹੈ, ਅਸੀਂ ਆਪਣੇ ਪੀਰ ਦੀ ਦੇਹ ਦਫਨ ਕਰਾਂਗੇ। ਸਾਖੀ ਅਨੁਸਾਰ ਗੁਰਾਂ ਦੀ ਦੇਹ ਤੋਂ ਚਾਦਰ ਚੁੱਕੀ ਤਾਂ ਕੇਵਲ ਫੁੱਲ ਮਿਲੇ। ਆਪਣਾ ਗੁਰੂ ਪੀਰ ਮੰਨਦਿਆਂ ਹਿੰਦੂਆਂ ਤੇ ਮੁਸਲਮਾਨਾਂ ਨੇ ਫੁੱਲ

ਪ੍ਰਿੰ. ਸਰਵਣ ਸਿੰਘ

ਅੱਧੋ-ਅੱਧ ਵੰਡ ਲਏ ਤੇ ਚਾਦਰ ਵੀ ਅੱਧੋ-ਅੱਧ ਕਰ ਲਈ। ਹਿੰਦੂਆਂ ਨੇ ਫੁੱਲਾਂ ਦਾ ਸਸਕਾਰ ਕਰ ਕੇ ਅੰਗੀਠਾ ਬਣਾ ਦਿੱਤਾ, ਮੁਸਲਮਾਨਾਂ ਨੇ ਫੁੱਲ ਦਫਨਾ ਕੇ ਮਜ਼ਾਰ ਉਸਾਰ ਦਿੱਤੀ। ਮਜਹਬਾਂ ਦੇ ਨਾਂ 'ਤੇ ਲੋਕਾਂ 'ਚ ਵੰਡੀਆਂ ਪਾਉਣ ਵਾਲਿਆਂ ਦੇ ਸਮਝਣ ਵਾਲੀ ਗੱਲ ਹੈ ਕਿ ਕਰਤਾਰਪੁਰ ਸਮੁੱਚੀ ਮਾਨਵਤਾ ਦਾ ਸਾਂਝਾ ਸ਼ਰਧਾ ਸਥਾਨ ਹੈ।

ਕਰਤਾਰਪੁਰ ਨੇੜਲੇ ਪਿੰਡਾਂ ਵਿਚ ਹਿੰਦ-ਪਾਕਿ ਦੇ ਹਿੰਦੂ, ਮੁਸਲਮਾਨ ਤੇ ਸਿੱਖ ਨਾਲੋ-ਨਾਲ ਰਹਿੰਦੇ ਹਨ। ਦੇਸ਼ਾਂ ਦੀਆਂ ਹੱਦਾਂ ਸਰਹੱਦਾਂ ਤੋਂ ਪਾਰ ਦਰਬਾਰ ਸਾਹਿਬ ਕਰਤਾਰਪੁਰ ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਦੀ ਸਾਂਝੀ ਵਿਰਾਸਤ ਹੈ। ਸਾਰੇ ਮਜਹਬਾਂ ਦਰਮਿਆਨ ਪਿਆਰ ਮੁਹੱਬਤ ਬਣਾਈ ਰੱਖਣ ਵਾਲੀ ਮੁਕੱਦਸ ਜਗ੍ਹਾ। ਇਥੋਂ ਆਪਸੀ ਸਦਭਾਵਨਾ ਦਾ ਪੈਗਾਮ ਚਾਰ ਚੁਫੇਰੇ ਫੈਲਾਇਆ ਜਾਣਾ ਚਾਹੀਦੈ। ਭਾਰਤ ਤੇ ਪਾਕਿਸਤਾਨ ਕਦੇ ਇਕੋ ਦੇਸ਼ ਸੀ। ਸਿਆਸਤਦਾਨਾਂ ਨੇ ਇਸ ਨੂੰ ਦੋ ਦੇਸ਼ਾਂ ਵਿਚ ਵੰਡ ਲਿਆ। ਦੂਰ ਦੀ ਕਿਸੇ ਨਹੀਂ ਸੋਚੀ ਕਿ ਇਹ ਵੰਡ ਦੋਹਾਂ ਦੇਸ਼ਾਂ ਨੂੰ ਲੈ ਬਹੇਗੀ। ਵੰਡ ਕਰਨੀ ਸੀ ਤਾਂ ਭਰਾਵਾਂ ਵਾਂਗ ਕਰਦੇ। ਕਿਸੇ ਦਾ ਨੁਕਸਾਨ ਨਾ ਹੁੰਦਾ। ਕੱਟੜਪੰਥੀਆਂ ਨੇ ਆਮ ਲੋਕਾਂ ਨੂੰ ਮਜਹਬੀ ਜਨੂੰਨ ਦੇ ਟੋਟੇ ਚੜ੍ਹਾ ਕੇ ਲੱਖਾਂ ਕਤਲ ਕਰਵਾਏ, ਹਜ਼ਾਰਾਂ ਔਰਤਾਂ ਦੀ ਪੱਤ ਲੁੱਟ ਹੋਈ ਤੇ ਕਰੋੜਾਂ-ਅਰਬਾਂ ਦੀ ਜਾਇਦਾਦ ਸਾੜੀ ਫੂਕੀ ਗਈ। ਹਿੰਦੋਸਤਾਨ ਦੀ ਵੰਡ ਸਮੇਂ ਸਭ ਤੋਂ ਵੱਧ ਨੁਕਸਾਨ ਦੋਹਾਂ ਪਾਸਿਆਂ ਦੇ ਪੰਜਾਬੀਆਂ ਦਾ ਹੋਇਆ, ਜੋ 70 ਸਾਲਾਂ ਤੋਂ ਹੁਣ ਤਕ ਹੁੰਦਾ ਆ ਰਿਹੈ। ਹਾਲਤ ਇਹੋ ਰਹੀ ਤਾਂ ਕੋਈ ਪਤਾ ਨਹੀਂ ਕਦੋਂ ਤਕ ਹੋਰ ਨੁਕਸਾਨ ਹੁੰਦਾ ਰਹੇਗਾ?

ਹਿੰਦ-ਪਾਕਿ ਦੁਸ਼ਮਣੀ ਜਿਥੇ ਦੋਹਾਂ ਦੇਸ਼ਾਂ ਦੀ ਮੰਦਹਾਲੀ ਦਾ ਕਾਰਨ ਬਣੀ ਹੋਈ ਹੈ, ਉਥੇ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਤਾਂ ਜੜ੍ਹੀਂ ਬੈਠੀ ਹੋਈ ਹੈ। ਸੁਰੱਖਿਆ ਦੇ ਨਾਂ 'ਤੇ ਦੋਹਾਂ ਦੇਸ਼ਾਂ ਨੂੰ ਵੱਡੀਆਂ ਫੌਜਾਂ ਰੱਖਣ ਤੇ ਮਹਿੰਗੇ ਹਥਿਆਰ ਖਰੀਦਣ ਉਤੇ ਬੇਅੰਤ ਖਰਚਾ ਕਰਨਾ ਪੈ ਰਿਹੈ। ਜਿੰਨਾ ਸਰਮਾਇਆ, ਜਿੰਨੀ ਸ਼ਕਤੀ, ਜਿੰਨਾ ਟੇਲੈਂਟ ਤੇ ਜਿੰਨਾ ਸਮਾਂ ਦੋਹਾਂ ਦੇਸ਼ਾਂ ਦੀ ਦੁਸ਼ਮਣੀ ਪੁਗਾਉਣ ਉਤੇ ਲਾਇਆ ਜਾ ਰਿਹੈ, ਉਨੇ ਨਾਲ ਦੋਵੇਂ ਦੇਸ਼ ਬੜੇ ਖੁਸ਼ਹਾਲ ਹੋ ਸਕਦੇ ਸਨ। ਦੋਹਾਂ ਦੇਸ਼ਾਂ ਦੇ ਆਮ ਲੋਕਾਂ ਦੀ ਆਰਥਕ ਹਾਲਤ ਸੁਧਾਰੀ ਜਾ ਸਕਦੀ ਸੀ, ਸਿਹਤ ਅਰੋਗ ਰੱਖੀ ਜਾ ਸਕਦੀ ਸੀ, ਚੰਗੀ ਸਿੱਖਿਆ ਦਿੱਤੀ ਜਾ ਸਕਦੀ ਸੀ, ਰੁਜ਼ਗਾਰ ਦੇ ਚੰਗੇ ਮੌਕੇ ਦਿੱਤੇ ਜਾ ਸਕਦੇ ਸਨ, ਆਪਸੀ ਵਪਾਰ ਹੋ ਸਕਦਾ ਸੀ, ਪ੍ਰਤੀ ਜੀਅ ਆਮਦਨ ਵਧ ਸਕਦੀ ਸੀ, ਜੰਗ ਦਾ ਡਰ ਮੁੱਕ ਸਕਦਾ ਸੀ ਅਤੇ ਇਕ ਦੂਜੇ ਦਾ ਭਲਾ ਕਰਦਿਆਂ ਨੇਕੀ ਕਮਾਈ ਜਾ ਸਕਦੀ ਸੀ। ਦੋਵੇਂ ਦੇਸ਼ ਕੁਲ ਆਲਮ ਦੇ ਸਿਰਮੌਰ ਮੁਲਕ ਬਣ ਸਕਦੇ ਸਨ। ਅਮਨ ਅਮਾਨ ਮੁਲਕਾਂ ਨੂੰ ਤਾਰਦਾ ਹੈ ਜਦ ਕਿ ਲੜਾਈ ਡੋਬਦੀ ਹੈ।

ਭਰਾ ਵੈਸੇ ਛੇਤੀ ਕੀਤਿਆਂ ਅੱਡ ਨਹੀਂ ਹੁੰਦੇ। ਪਰ ਜੇ ਅੱਡ ਹੋਣਾ ਈ ਪਵੇ ਤਾਂ ਚੁੱਲ੍ਹਾ ਅੱਡ ਕਰ ਲੈਂਦੇ ਹਨ। ਵਾਹ ਲੱਗਦੀ ਵਿਹੜਾ ਨਹੀਂ ਵੰਡਦੇ ਕਿ ਬੱਚੇ 'ਕੱਠੇ ਖੇਡ ਲਿਆ ਕਰਨਗੇ। ਵਿਹੜਾ ਵੰਡਣਾ ਈ ਪਵੇ ਤਾਂ ਕੰਧ ਵਿਚ ਲਾਂਘਾ ਰੱਖ ਲੈਂਦੇ ਹਨ ਕਿ ਦੁਖ-ਸੁਖ ਵਿਚ ਇਕ ਦੂਜੇ ਦੀ ਸਾਰ ਲਈ ਜਾ ਸਕੇ। ਕੰਧ ਵਿਚ ਮੋਰੀ ਰੱਖ ਲੈਂਦੇ ਹਨ ਕਿ ਲੋੜ ਵੇਲੇ ਚੀਜ਼ ਵਸਤ ਫੜਨੀ ਫੜਾਉਣੀ ਸੌਖੀ ਰਹੇ। ਭਰਾ ਜੁ ਹੋਏ! ਕਈ ਵਾਰ ਦਾਲ ਸਬਜ਼ੀ ਦੀ ਕੌਲੀ ਦਾ ਆਦਾਨ-ਪ੍ਰਦਾਨ ਹੀ ਭਰੱਪਣ ਦੀ ਸਾਂਝ ਨਹੀਂ ਟੁੱਟਣ ਦਿੰਦਾ। ਭਾਰਤ ਤੇ ਪਾਕਿਸਤਾਨ ਨੂੰ ਭਰਾਵਾਂ ਤੇ ਚੰਗੇ ਗੁਆਂਢੀਆਂ ਵਾਂਗ ਵਸਣਾ ਚਾਹੀਦੈ ਨਾ ਕਿ ਵੈਰੀ ਸ਼ਰੀਕਾਂ ਵਾਂਗ। ਨਿੱਕੇ ਮੋਟੇ ਬਹਾਨੇ ਬਣਾ ਕੇ ਤੋੜ ਵਿਛੋੜਾ ਕਰੀ ਰੱਖਣਾ ਬਚਗਾਨੀ ਗੱਲ ਹੈ।

ਕਰਤਾਰਪੁਰ ਦਾ ਲਾਂਘਾ ਭਾਰਤ-ਪਾਕਿਸਤਾਨ ਦੇ ਤਣਾਅ ਭਰੇ ਰਿਸ਼ਤੇ ਵਿਚ ਸੁਖਾਵਾਂ ਮੋੜ ਸਾਬਤ ਹੋ ਸਕਦੈ। ਇਹ ਲਾਂਘਾ ਦੋਹਾਂ ਦੇਸ਼ਾਂ ਨੂੰ ਖੁਸ਼ਹਾਲੀ ਦੇ ਮਾਰਗ 'ਤੇ ਤੋਰ ਸਕਦੈ। ਜਿਹੜੇ ਲੋਕ ਕਰਤਾਰਪੁਰ ਦੇ ਦਰਸ਼ਨਾਂ ਦੀ ਅਰਦਾਸ ਕਰਦੇ ਹਨ, ਉਨ੍ਹਾਂ ਦੀ ਅਰਦਾਸ ਦਾ ਅੰਤਲਾ ਬੋਲ ਸਰਬੱਤ ਦਾ ਭਲਾ ਮੰਗਣਾ ਹੁੰਦੈ। ਕਰਤਾਰ ਨੇ ਕਰਤਾਰਪੁਰ ਦੇ ਲਾਂਘੇ ਰਾਹੀਂ ਦੋਹਾਂ ਦੇਸ਼ਾਂ ਦੇ ਲੋਕਾਂ ਨੂੰ ਮੌਕਾ ਦਿੱਤਾ ਹੈ ਕਿ ਉਹ ਮਰਨ-ਮਾਰਨ ਵਾਲੇ ਪਾਸੇ ਜਾ ਰਹੀ ਆਪਣੀ ਹੋਣੀ ਨੂੰ ਜੀਵਨ ਮਾਣਨ ਵਾਲੇ ਰਾਹ ਪਾ ਲੈਣ। ਸਰਹੱਦ 'ਤੇ ਕੀਤੀ ਜਾ ਰਹੀ ਠਾਹ-ਠੂਹ ਤਦ ਹੀ ਬੰਦ ਹੋਣੀ ਹੈ ਜੇ ਆਪਸੀ ਮੇਲ ਮਿਲਾਪ ਵਧੇ।

ਗੁਰੂ ਨਾਨਕ ਦੇਵ ਦਾ ਜਨਮ ਰਾਏ ਭੋਇੰ ਦੀ ਤਲਵੰਡੀ ਵਿਚ 1479 ਨੂੰ ਪਟਵਾਰੀ ਮਹਿਤਾ ਕਾਲੂ ਜੀ ਦੇ ਘਰ ਹੋਇਆ ਸੀ। ਬਾਲਕ ਨਾਨਕ ਦੇ ਉਸਤਾਦ ਹਿੰਦੂ ਪਾਂਧਾ ਤੇ ਮੁਸਲਮਾਨ ਕਾਜ਼ੀ ਸਨ। ਦੋਸਤ ਮਰਦਾਨਾ ਮਰਾਸੀ ਸੀ। ਬਚਪਨ ਤੇ ਚੜ੍ਹਦੀ ਜੁਆਨੀ ਦੇ ਪੰਦਰਾਂ ਸਾਲ ਉਨ੍ਹਾਂ ਬਾਰ ਦੀ ਹਰਿਆਵਲੀ ਭੋਇੰ 'ਤੇ ਬਿਤਾਏ ਜਿਸ ਦੀ ਪ੍ਰਕਿਰਤੀ



ਦਾ ਜ਼ਿਕਰ ਬਾਰਾ ਮਾਂਹ ਵਿਚ ਕੀਤਾ। ਫਿਰ ਭੈਣ ਨਾਨਕੀ ਤੇ ਜੀਜੇ ਜੈਰਾਮ ਕੋਲ ਸੁਲਤਾਨਪੁਰ ਲੋਧੀ ਚਲੇ ਗਏ, ਜਿਥੇ 14 ਸਾਲ ਰਹੇ। ਦੌਲਤ ਖਾਂ ਦੇ ਮੋਦੀਖਾਨੇ 'ਚ ਨੌਕਰੀ ਕੀਤੀ। ਚੰਗੀ ਭੱਲ ਖੱਟੀ। ਫਿਰ ਜਗ ਤਾਰਨ ਲਈ ਚਾਰ ਉਦਾਸੀਆਂ ਕੀਤੀਆਂ।

ਗੁਰੂ ਜੀ ਨੇ ਪੈਦਲ ਚਲਦਿਆਂ ਹਜ਼ਾਰਾਂ ਮੀਲਾਂ ਦਾ ਪੰਧ ਕੀਤਾ। ਸੰਤਾਂ, ਭਗਤਾਂ, ਸੂਫੀਆਂ ਤੇ ਸਿੱਧਾਂ ਨਾਲ ਗੋਸ਼ਟੀਆਂ ਕੀਤੀਆਂ। 22 ਸਾਲ ਦੇਸ਼ਾਂ ਦੇਸ਼ਾਤਰਾਂ ਵਿਚ ਘੁੰਮਦੇ ਰਹੇ। ਅਗਿਆਨ ਦੂਰ ਕਰਦੇ ਰਹੇ, ਜੱਗ ਤਾਰਦੇ ਰਹੇ। ਉਨ੍ਹਾਂ ਦੀ ਸੁਪਤਨੀ ਮਾਤਾ ਸੁਲੱਖਣੀ ਆਪਣੇ ਪੇਕੇ ਪਿੰਡ ਪੱਖੋਕੇ ਜਾਂਦੀ ਰਹੀ ਜੋ ਅਜੋਕੀ ਸਰਹੱਦ ਲਾਗੇ ਹੈ। ਬਾਬੇ ਨਾਨਕ ਦੇ ਸਹੁਰਾ ਸਾਹਿਬ ਮੂਲ ਚੰਦ ਵੀ ਪਟਵਾਰੀ ਸਨ। ਉਹ ਬਟਾਲੇ ਰਹਿਣ ਲੱਗ ਪਏ ਸਨ ਪਰ ਪਿੰਡ ਪੱਖੋਕੇ ਵੀ ਨਹੀਂ ਸੀ ਛੱਡਿਆ। ਪਤਨੀ ਤੇ ਬੱਚਿਆਂ ਨੂੰ ਮਿਲਣ ਲਈ ਗੁਰੂ ਨਾਨਕ ਦੇਵ ਦਾ ਪੱਖੋਕੇ ਆਉਣ ਜਾਣ ਸੀ। ਜ਼ਮੀਨ ਤਾਂ ਸਹੁਰਿਆਂ ਪਾਸ ਵੀ ਸੀ ਪਰ ਸਾਖੀ ਹੈ ਕਿ ਪੱਖੋਕੇ ਦੇ ਅਜਿੱਤੇ ਰੰਧਾਵੇ ਨੇ ਰਾਵੀ ਨਾਲ ਲੱਗਦੀ ਸੌ ਏਕੜ ਜ਼ਮੀਨ ਹੋਰ ਦੇ ਦਿੱਤੀ ਕਿ ਗੁਰੂ ਨਾਨਕ ਦੇਵ ਉਥੇ ਪੱਕਾ ਨਿਵਾਸ ਕਰ ਲੈਣ। 1515 ਵਿਚ ਗੁਰੂ ਜੀ ਨੇ ਕਰਤਾਰਪੁਰ ਦੀ ਨੀਂਹ ਰੱਖੀ। ਉਦੋਂ ਉਨ੍ਹਾਂ ਦੀ ਉਮਰ 46 ਸਾਲਾਂ ਦੀ ਸੀ।

52 ਸਾਲ ਦੀ ਉਮਰ ਵਿਚ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਰਹਿਣ ਲੱਗ ਪਏ। ਮਾਂ ਬਾਪ, ਪਤਨੀ ਤੇ ਦੋਵੇਂ ਬੱਚੇ ਕਰਤਾਰਪੁਰ ਲੈ ਆਂਦੇ। ਖੂਹ ਲਾ ਲਿਆ। ਉਥੇ ਖੇਤੀਬਾੜੀ ਕਰਨ ਲੱਗੇ। ਗੁਰੂ ਕਾ ਲੰਗਰ ਚਲਾ ਲਿਆ। ਆਉਣ ਜਾਣ ਵਾਲਿਆਂ ਲਈ ਧਰਮਸ਼ਾਲਾ ਬਣਾ ਲਈ। ਨਾਮ ਜਪਣ, ਕਿਰਤ ਕਰਨ ਤੇ ਵੰਡ ਛਕਣ ਦਾ ਉਪਦੇਸ਼ ਦੇਣ ਲੱਗੇ। ਆਪਣੇ ਹੱਥੀਂ ਕਿਰਤ ਕਰਦੇ, ਬਾਣੀ ਉਚਾਰਦੇ, ਆਏ ਗਏ ਨਾਲ ਵਿਚਾਰ ਵਟਾਂਦਰਾ ਕਰਦੇ ਅਤੇ ਉਚ ਆਚਰਣ ਵਾਲਾ ਸਾਦਾ ਜੀਵਨ ਜਿਉਣ ਦੀ ਸਿੱਖਿਆ ਦਿੰਦੇ। ਪੋਥੀਆਂ ਲਿਖਦੇ। ਉਹ 18 ਸਾਲ ਕਰਤਾਰਪੁਰ ਰਹੇ। ਲਾਗੇ ਰਾਵੀ ਵਗਦੀ ਜਿਸ ਦੀਆਂ ਛੱਲਾਂ ਦੇ ਨਜ਼ਾਰੇ ਮਾਣਦੇ। ਡੰਗਰ ਚਾਰਦੇ। ਭਾਈ ਲਹਿਣਾ ਉਥੇ ਦਰਸ਼ਨਾਂ ਨੂੰ ਆਇਆ ਤਾਂ ਉਨ੍ਹਾਂ ਦੇ ਅੰਗ ਸੰਗ ਰਹਿਣ ਲੱਗਾ।

14 ਜੁਲਾਈ 1539 ਨੂੰ ਗੁਰੂ ਨਾਨਕ ਨੇ ਆਪਣੇ ਪੁੱਤਰਾਂ ਦੀ ਥਾਂ ਭਾਈ ਲਹਿਣਾ ਨੂੰ ਵਾਰਸ ਥਾਪਿਆ ਤੇ ਨਾਂ ਅੰਗਦ ਦੇਵ ਰੱਖਿਆ। ਪੋਥੀਆਂ ਉਨ੍ਹਾਂ ਨੂੰ ਸੰਭਾਲੀਆਂ। ਇੰਜ ਸਿੱਖੀ ਦੀ ਵਾਗਡੋਰ ਆਪਣੇ ਪੁੱਤਰਾਂ ਦੀ ਥਾਂ ਯੋਗਤਾ ਦੇ ਆਧਾਰ 'ਤੇ ਸੇਵਕ ਨੂੰ ਸੌਂਪਣ ਦਾ ਤੋਰਾ ਤੋਰਿਆ। 22 ਸਤੰਬਰ 1539 ਨੂੰ ਗੁਰੂ ਜੀ ਜੋਤੀ ਜੋਤ ਸਮਾ ਗਏ।

ਨਨਕਾਣਾ ਸਾਹਿਬ, ਸੁਲਤਾਨਪੁਰ ਲੋਧੀ ਤੇ ਕਰਤਾਰਪੁਰ-ਤਿੰਨ ਐਸੇ ਮੁਕੱਦਸ ਸਥਾਨ ਹਨ, ਜਿਥੇ ਗੁਰੂ ਨਾਨਕ ਦੇਵ ਜੀ ਸਾਲਾਂਬੱਧੀ ਰਹੇ। ਦੇਸ਼ ਦੀ ਵੰਡ ਸਮੇਂ ਨਨਕਾਣਾ ਸਾਹਿਬ ਪਾਕਿਸਤਾਨ ਵਿਚ ਰਹਿ ਗਿਆ, ਸੁਲਤਾਨਪੁਰ ਲੋਧੀ ਭਾਰਤ ਵਿਚ ਤੇ ਕਰਤਾਰਪੁਰ ਸਰਹੱਦ ਤੋਂ ਡੇਢ ਕਿਲੋਮੀਟਰ ਪਾਕਿਸਤਾਨ ਵੱਲ। ਹੁਣ ਡੇਰਾ ਬਾਬਾ ਨਾਨਕ ਦੀ ਸਰਹੱਦੀ ਚੌਕੀ ਉਤੇ ਸਥਾਪਤ ਕੀਤੀ ਦੂਰਬੀਨ ਵਿਚੋਂ 3-4 ਕਿਲੋਮੀਟਰ ਦੂਰ ਕਰਤਾਰਪੁਰ ਸਾਹਿਬ ਦੇ ਦਰਸ਼ਨ ਕੀਤੇ ਜਾਂਦੇ ਹਨ। ਪਾਕਿਸਤਾਨ ਬਣਨ ਵੇਲੇ ਤੋਂ ਹੀ ਸੰਗਤਾਂ ਵਿਚ ਕਰਤਾਰਪੁਰ ਦੇ ਖੁੱਲ੍ਹੇ-ਡੁੱਲ੍ਹੇ ਦਰਸ਼ਨਾਂ ਦੀ ਤਾਂਘ ਤੁਰੀ ਆਉਂਦੀ ਹੈ। 71 ਸਾਲਾਂ ਬਾਅਦ ਉਨ੍ਹਾਂ ਨੂੰ ਫਲ ਪੈ ਰਿਹੈ।

ਦੋਹਾਂ ਦੇਸ਼ਾਂ ਦੇ ਸਿਆਣੇ ਲੋਕ ਜਾਣਦੇ ਹਨ ਕਿ 'ਹਾਕਮਾਂ' ਨੂੰ ਜਦੋਂ ਵੋਟਾਂ ਦੀ ਜਾਂ ਰਾਜ ਹੋਰ ਲੰਮਾ ਕਰਨ ਦੀ ਲੋੜ ਪੈਂਦੀ ਹੈ, ਸਰਹੱਦ ਉਤੇ ਠਾਹ-ਠੂਹ ਕਰ-ਕਰਵਾ ਕੇ ਵੋਟਾਂ ਦਾ ਝਾੜ, ਝਾੜ ਲੈਂਦੇ ਹਨ। ਪੁੱਤ ਬਿਗਾਨੇ ਮਰਦੇ ਹਨ, ਬੱਲੇ-ਬੱਲੇ ਹਾਕਮ ਕਰਵਾਈ ਜਾਂਦੇ ਹਨ। ਭਾਰਤ-ਪਾਕਿ ਝਪਟਾਂ ਤੇ ਲੜਾਈਆਂ ਨਾਲ ਨੁਕਸਾਨ ਤਾਂ ਦੋਹਾਂ ਦੇਸ਼ਾਂ ਦਾ ਹੀ ਹੁੰਦੈ ਪਰ ਚੜ੍ਹਦੇ ਤੇ ਲਹਿੰਦੇ ਪੰਜਾਬਾਂ ਨੂੰ ਸੇਕ ਕੁਝ ਵਧੇਰੇ ਲੱਗਦੈ, ਸਰਹੱਦ ਨਾਲ ਜੁ ਲੱਗਦੇ ਹੋਏ। ਪੰਜਾਬੀਆਂ ਨੂੰ ਵਾਰ ਵਾਰ ਉਜੜਨਾ ਪੈਂਦੈ। ਪੰਜਾਬ ਸਿਰ ਐਵੇਂ ਨਹੀਂ ਅਰਬਾਂ ਖਰਬਾਂ ਦੇ ਕਰਜ਼ੇ ਚੜ੍ਹੇ। ਭਾਰਤ-ਪਾਕਿ ਵਿਚਾਲੇ ਦੋਸਤੀ ਰਹੇ ਤਾਂ ਦੋਹਾਂ ਪਾਸਿਆਂ ਦੇ ਪੰਜਾਬ ਤਾਂ ਦੋਵੇਂ ਦੇਸ਼ ਖੁਸ਼ਹਾਲ ਹੋ ਸਕਦੇ ਹਨ ਕਿਉਂਕਿ ਵਪਾਰ ਲਈ ਦੋਹਾਂ ਪੰਜਾਬਾਂ ਪਾਸ ਹੋਰ ਕੋਈ ਰਸਤਾ ਨਹੀਂ।

ਹਿੰਦ-ਪਾਕਿ ਦੇ ਬਹੁਤ ਸਾਰੇ ਮਸਲੇ ਕੋਝੀ ਸਿਆਸਤ ਨੇ ਹੱਲ ਨਹੀਂ ਹੋਣ ਦਿੱਤੇ। 2019 ਵਿਚ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਹੈ। ਭਾਵੇਂ 2019 ਭਾਰਤ ਦੀਆਂ ਆਮ ਚੋਣਾਂ ਦਾ ਵੀ ਵਰ੍ਹਾ ਹੈ ਪਰ ਰਾਜਸੀ ਪਾਰਟੀਆਂ ਨੂੰ ਸਰਬਸਾਂਝੇ ਤੀਰਥ ਦੇ ਲਾਂਘੇ 'ਤੇ ਸਿਆਸਤ ਨਹੀਂ ਕਰਨੀ ਚਾਹੀਦੀ। ਨਿਗੂਣੇ ਰਾਜਸੀ ਹਿਤਾਂ ਦੀ ਥਾਂ ਦੋਹਾਂ ਦੇਸ਼ਾਂ ਦੇ ਵਡੇਰੇ ਹਿਤ ਵੇਖਣੇ ਚਾਹੀਦੇ ਹਨ।

ਇਹ ਸੱਚਾਈ ਹੈ, ਦੋਹਾਂ ਦੇਸ਼ਾਂ ਦੇ ਆਮ ਲੋਕ ਜੰਗ ਬਿਲਕੁਲ ਨਹੀਂ ਚਾਹੁੰਦੇ। ਜੰਗ ਕਿਸੇ ਮਸਲੇ ਦਾ ਹੱਲ ਵੀ ਨਹੀਂ। ਜੰਗ, ਹਥਿਆਰ ਵੇਚਣ ਵਾਲੇ ਜ਼ੋਰਾਵਰ ਮੁਲਕ ਲੁਆਉਂਦੇ ਹਨ, ਜਾਂ ਉਹ ਹਾਕਮ, ਜੋ ਆਪਣਾ ਵੋਟ ਬੈਂਕ ਵਧਾਉਣ ਲਈ ਅਮਨ ਨੂੰ ਅੱਗ ਲਾਉਣ ਤੱਕ ਦੇ ਕਮੀਨੇ ਕਾਰੇ ਕਰਦੇ ਹਨ। ਸ਼ੁਕਰ ਹੈ, ਹਿੰਦ/ਪਾਕਿ ਸਰਕਾਰਾਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਉਤੇ ਨਾਨਕ ਨਾਮ ਲੇਵਾ ਕਰੋੜਾਂ ਸੰਗਤਾਂ ਨੂੰ ਕਰਤਾਰਪੁਰ ਜਾਣ ਦਾ ਲਾਂਘਾ ਦੇਣ ਲਈ ਰਜ਼ਾਮੰਦ ਹੋ ਗਈਆਂ ਹਨ। ਇਹਦਾ ਸਿਹਰਾ ਸਿਆਸਤਦਾਨ ਆਪੋ ਆਪਣੇ ਸਿਰ ਬੰਨ੍ਹਣ ਦੀ ਥਾਂ ਦੋਹਾਂ ਦੇਸ਼ਾਂ ਦੇ ਉਨ੍ਹਾਂ ਲੋਕਾਂ ਸਿਰ ਬੰਨ੍ਹਣ ਜਿਨ੍ਹਾਂ ਦੀਆਂ ਅਰਦਾਸਾਂ ਨੂੰ 71 ਸਾਲਾਂ ਬਾਅਦ ਸੁਣਿਆ ਗਿਆ ਹੈ।

ਜੀਵੇ ਹਿੰਦੋਸਤਾਨ, ਜੀਵੇ ਪਾਕਿਸਤਾਨ। ਸਾਡਾ ਖਾਬ, ਵਸੇ ਪੰਜਾਬ, ਵਧੇ ਪੰਜਾਬ!

# ਮਨ ਦਾ ਅਨੰਦ

ਮਨ ਦਾ ਅਨੰਦ ਅਸੀਂ ਲੱਭਦੇ ਹਾਂ, ਪਰ ਲੱਭਦਾ ਨਹੀਂ; ਅਨੰਦ ਸਾਡੇ ਅੱਗੇ ਅੱਗੇ ਤੇ ਅਸੀਂ ਪਿੱਛੇ ਪਿੱਛੇ ਭਾਲਦੇ ਫਿਰਦੇ ਹਾਂ। ਦਰਅਸਲ ਅਨੰਦ ਕੋਈ ਦਿਸਣ ਵਾਲੀ ਜਾਂ ਪਦਾਰਥੀ ਵਸਤੂ ਨਹੀਂ, ਇਹ ਇਕ ਅਨੁਭਵੀ ਅਵਸਥਾ ਹੈ। ਇਹ ਨਾ ਤਾਂ ਪੈਸਿਆਂ ਨਾਲ ਖਰੀਦੀ ਜਾ ਸਕਦੀ ਹੈ ਅਤੇ ਨਾ ਹੀ ਕਿਸੇ ਹੱਟੀਓਂ ਜਾਂ ਬਾਜ਼ਾਰੋਂ ਮਿਲਦੀ ਹੈ। ਬੰਦਾ ਆਪਣੀ ਜ਼ਿੰਦਗੀ ਵਿਚ ਬੜੇ ਵੇਲਣ ਵੇਲਦਾ ਅਤੇ ਵੇਲਦਾ ਹੀ ਤੁਰਿਆ ਜਾਂਦਾ, ਬੇਅੰਤ ਸ਼ੜਯੰਤਰ ਰਚ ਕੇ ਵੀ ਸੰਤੁਸ਼ਟ ਨਹੀਂ ਹੁੰਦਾ, ਤੇ ਸੰਤੁਸ਼ਟੀ ਭਲਦਾ ਹੀ ਉਮਰ ਬਿਤਾ ਜਾਂਦਾ। ਜਦ ਮਨ 'ਚ ਸੰਤੁਸ਼ਟੀ ਹੀ ਨਹੀਂ ਤਾਂ ਅਨੰਦ ਕਿੱਥੋਂ ਆ ਜਾਊ?

ਕਲਵੰਤ ਸਿੰਘ ਸਹੋਤਾ
ਫੋਨ: 604-589-5919

ਅਨੰਦ ਬੰਦੇ ਦੇ ਆਲੇ-ਦੁਆਲੇ ਤੇ ਚੌਗਿਰਦੇ 'ਚ ਹੀ ਹੈ, ਇਸ ਵਲ ਉਸ ਦਾ ਧਿਆਨ ਹੀ ਨਹੀਂ ਜਾਂਦਾ ਸਗੋਂ ਹੋਰ ਹੀ ਅੱਕੀਂ-ਪਲਾਹੀਂ ਹੱਥ ਮਾਰਦਾ ਤੁਰਿਆ ਫਿਰਦਾ ਹੈ। ਬਿਰਤੀ ਖਿੱਲਰੀ ਹੋਵੇ ਤਾਂ ਮਨ ਦਾ ਟਿਕਾਓ ਨਹੀਂ ਬਣਦਾ। ਅੱਜ ਦੇ ਵਿਗਿਆਨਕ ਅਤੇ ਤਕਨਾਲੋਜੀ ਦੇ ਯੁੱਗ ਵਿਚ ਤਾਂ ਮਨ ਬੰਨ੍ਹਣਾ ਤਾਂ ਦੂਰ ਦੀ ਗੱਲ ਸਗੋਂ ਇਸ ਨੂੰ ਸੀਮਤ ਦਾਇਰੇ 'ਚ ਰੱਖਣਾ ਵੀ ਮੁਸ਼ਕਿਲ ਹੈ। ਬੰਦਾ ਬੇਸਬਰਾ ਹੋ ਕੇ ਭੱਜਿਆ ਫਿਰਦਾ ਚਾਰ ਚੁਫੇਰੇ। ਸ਼ੁਹਰਤ ਤੇ ਪੈਸੇ ਦਾ ਭੁੱਖਾ, ਵਡਿਆਈ ਦਾ ਮਾਰਿਆ ਤੇ ਇਨ੍ਹਾਂ ਦੀ ਪ੍ਰਾਪਤੀ ਲਈ ਪਤਾ ਨਹੀਂ ਕੀ ਕੀ ਵੇਲਣ ਵੇਲਦਾ ਫਿਰਦਾ ਹੈ।

ਦੇਖੋ, ਫਸਲ 'ਚ ਘਾਹ ਫੂਸ ਅਤੇ ਹੋਰ ਜੜੀਆਂ-ਬੂਟੀਆਂ ਉਗਦੀਆਂ ਹੀ ਰਹਿੰਦੀਆਂ, ਕਿਸਾਨ ਜਿੰਨੀ ਮਰਜੀ ਕੋਸ਼ਿਸ਼ ਕਰੀ ਜਾਏ; ਚਾਹੇ ਪੁੱਟੀ ਜਾਏ ਜਾਂ ਨਦੀਨ ਨਾਸ਼ਕ ਰਸਾਇਣਾਂ ਦਾ ਛਿੜਕਾਓ ਕਰੀ ਜਾਏ, ਉਹ ਉਗਣੋਂ ਨਹੀਂ ਹਟਦੀਆਂ। ਇੰਜ ਹੀ ਬੰਦੇ ਦੇ ਮਨ 'ਚ ਫੁਰਨੇ ਰੂਪੀ ਜੜੀਆਂ-ਬੂਟੀਆਂ/ਘਾਹ-ਫੂਸ ਉਗਦਾ ਹੀ ਰਹਿੰਦਾ ਹੈ। ਜਿੰਨੇ ਮਰਜੀ ਯਤਨ ਕਰੀਏ, ਉਹ ਫੁਰਨੇ ਫੁਰਨੋਂ ਹਟਦੇ ਨਹੀਂ। ਰੋਜ਼ ਨਵੇਂ ਤੋਂ ਨਵੇਂ ਫੁਰਨੇ ਮਨ 'ਚ ਫੁਰਨਗੇ, ਬੰਦਾ ਫੁਰਨਿਆਂ ਨੂੰ ਤ੍ਰਿਪਤ ਕਰਨ ਲਈ ਯਤਨ ਕਰਦੈ, ਪਰ ਉਹ ਫਿਰ ਵੀ ਪੂਰੇ ਨਹੀਂ ਹੁੰਦੇ। ਜਦੋਂ ਫੁਰਨੇ ਹੀ ਪੂਰੇ ਨਾ ਹੋਣ ਤਾਂ ਮਨ ਦਾ ਅਨੰਦ ਕਿੱਥੋਂ ਬਣੂੰ?

ਇਨਸਾਨ ਫੁਰਨਿਆਂ ਦੇ ਸਿਰ 'ਤੇ ਹੀ ਜਿਉਂਦਾ ਹੈ। ਜਦੋਂ ਉਸ ਦਾ ਮਨ ਚਾਹਿਆ ਫੁਰਨਾ ਪੂਰਾ ਹੋ ਜਾਏ ਤਾਂ ਖੁਸ਼ ਹੁੰਦਾ ਹੈ; ਥੋੜ ਚਿਰੀਂ ਮਨ ਨੂੰ ਅਨੰਦ ਵੀ ਆਉਂਦਾ ਤੇ ਲਗਦੈ ਕੁਝ ਪ੍ਰਾਪਤ ਕਰ ਲਿਆ, ਪਰ ਮਗਰੋਂ ਮੁੜ ਅੰਦਰ ਖਾਲੀ ਖਾਲੀ ਹੋਇਆ ਭਾਸਦਾ। ਦੌੜਾਕ ਮੈਰਾਥਾਨ ਤੋਂ ਪਹਿਲਾਂ ਕਈ ਹਫਤੇ ਨੇਮ ਤੇ ਜੁਗਤ ਨਾਲ ਤਿਆਰੀ ਕਰਦੇ ਹਨ ਤਾਂ ਕਿ ਉਹ ਦੌੜ ਸੰਪੂਰਨ ਕਰ ਸਕਣ ਅਤੇ ਆਪਣੇ ਵਿੱਤ ਤੇ ਸਮਰਥਾ ਮੁਤਾਬਕ ਘੱਟ ਤੋਂ ਘੱਟ ਸਮੇਂ 'ਚ ਉਹ ਦੌੜ ਪੂਰੀ ਦੌੜ ਸਕਣ। ਨੇਮਬੱਧ ਜੁਗਤ ਨਾਲ ਤਿਆਰੀ ਕਰਨਾ ਆਪਣੇ ਆਪ ਨੂੰ ਚੱਕੀ 'ਚ ਪੀਹਣ ਦੇ ਬਰਾਬਰ ਹੁੰਦਾ, ਤਦੇ ਜਾ ਕੇ ਦੌੜ ਦੌੜਨ ਦੇ ਕਾਬਲ ਹੋ ਹੁੰਦਾ। ਇਹ ਤਦੇ ਸੰਭਵ ਹੋ ਸਕਦਾ, ਜੇ ਮਨ 'ਚ ਫੁਰਨਾ ਹੋਵੇ ਕਿ ਇਹ ਸਭ ਕੁਝ ਨੇਮਬੱਧ ਤਰੀਕੇ ਨਾਲ ਕਰਨਾ ਹੈ। ਹਫਤਿਆਂ ਬੱਧੀ ਤਿਆਰੀ ਕਰਨ ਪਿਛੋਂ ਜਦੋਂ ਆਪਣੇ ਮਿੱਥੇ ਸਮੇਂ ਅਨੁਸਾਰ ਮੈਰਾਥਾਨ ਪੂਰੀ ਹੋ ਜਾਏ ਤਾਂ ਮਨ 'ਚ ਅੰਤਾਂ ਦੀ ਖੁਸ਼ੀ ਦੇ ਫੁਹਾਰੇ ਫੁੱਟ ਤੁਰਦੇ ਹਨ। ਇਹ ਉਸ ਪ੍ਰਾਪਤੀ ਦੀ ਖੁਸ਼ੀ ਦਾ ਸਿਖਰ ਹੁੰਦਾ। ਇਹ ਖੁਸ਼ੀ ਮਨ ਅੰਦਰ ਅਨੰਦ ਦੇ ਭੰਡਾਰੇ ਖੋਲ੍ਹ ਦਿੰਦੀ ਹੈ।

ਮਨ ਦਾ ਅਨੰਦ ਆਉਣ ਦਾ ਕੋਈ ਖਾਸ ਸਮਾਂ ਜਾਂ ਸਥਾਨ ਨਹੀਂ ਹੁੰਦਾ। ਜਦ ਇਹ ਆਉਂਦਾ ਹੈ ਤਾਂ ਸਹਿਜ ਸੁਭਾਅ ਝੱਟ ਹੀ ਆ ਜਾਂਦਾ ਹੈ। ਸੋਚਾਂ-ਵਿਚਾਰਾਂ ਦੇ ਸੁਮੇਲ ਦੀ ਜਦੋਂ ਲੜੀ ਜੁੜਦੀ ਹੈ ਤਾਂ ਅਨੰਦ ਰੂਪੀ ਦਲਾਨ ਦਾ ਦਰਵਾਜਾ ਖੁਲ੍ਹ ਜਾਂਦਾ ਹੈ। ਇਹ ਮਨ ਦੀ ਇਕ ਖਾਸ ਅਵਸਥਾ ਹੁੰਦੀ, ਜੋ ਬਿਆਨ ਤੋਂ ਬਾਹਰ ਹੈ; ਇਸ ਦੀ ਕੋਈ ਖਾਸ ਪਰਿਭਾਸ਼ਾ ਨਹੀਂ ਲਿਖੀ ਜਾ ਸਕਦੀ। ਜ਼ਿੰਦਗੀ ਬਹੁਤ ਕਿਸਮ ਦੇ ਸੰਜੋਗਾਂ ਦਾ ਸੁਮੇਲ ਹੈ। ਬੇਅੰਤ ਘਟਨਾਵਾਂ ਵਾਪਰਦੀਆਂ ਹਨ, ਸੁਖਾਵੀਆਂ ਭੀ ਤੇ ਅਣਸੁਖਾਵੀਆਂ ਵੀ, ਉਹ ਮਨ ਨੂੰ ਟਿਕਣ ਨਹੀਂ ਦਿੰਦੀਆਂ। ਮਨ ਤਾਂ ਅੱਗੇ ਹੀ ਪਾਣੀ ਦੇ ਭਰੇ ਗਲਾਸ ਵਾਂਗ ਹੈ, ਮਾੜਾ ਜਿਹਾ ਹਿਲਾ ਦੇਈਏ ਤਾਂ ਪਾਣੀ ਗਲਾਸ 'ਚ ਤਰੰਗਾਂ ਛੱਡਣ ਲਗਦਾ ਹੈ, ਭਾਵ ਉਸ ਦੀ ਸਥਿਰਤਾ ਕਹਿ ਲਓ ਜਾਂ ਟਿਕਾਓ ਕਹਿ ਲਓ, ਹਿਲ ਜਾਂਦਾ ਹੈ ਤੇ ਇੰਜ ਕਿੰਨਾ ਹੀ ਚਿਰ ਉਹ ਪਾਣੀ ਛਲਕਦਾ ਰਹਿੰਦਾ ਹੈ। ਮਨ ਦਾ ਵੀ ਇਹੀ ਹਾਲ ਹੈ, ਜਿੰਨਾ ਚਿਰ ਮਨ ਇੱਕ ਥਾਂ ਟਿਕਦਾ ਨਹੀਂ, ਉਨਾ ਚਿਰ ਅਨੰਦ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ। ਚੌਗਿਰਦਾ ਦੇਖ ਕੇ ਮਨ ਟਿਕਣ ਦੀ ਥਾਂ ਭਟਕਦਾ ਹੈ, ਭਟਕਿਆ ਮਨ ਕਦੇ ਸ਼ਾਂਤੀ ਨਹੀਂ ਆਉਣ ਦੇਵੇਗਾ, ਬੇਚੈਨੀ 'ਚ ਹੀ ਰੱਖੇਗਾ।

ਸਾਡੀਆਂ ਰੁਚੀਆਂ ਬਹੁ ਪਾਸੇ ਭੱਜਦੀਆਂ ਹਨ, ਬਹੁ ਪਾਸੇ ਸੋਚਦੇ ਹਾਂ; ਬੜਾ ਕੁਝ ਚਿਤਵਦੇ ਹਾਂ ਕਿ ਜੇ ਆਹ ਹੋ ਗਿਆ ਤੇ ਫਿਰ ਕਿਵੇਂ ਹੋਊ? ਜੇ ਇੰਜ ਕੋਈ ਘਟਨਾ ਵਾਪਰ ਜਾਏ ਤਾਂ ਕਿਵੇਂ ਨਜਿੱਠਾਂਗੇ? ਬੱਸ ਇਨ੍ਹਾਂ ਖਿਆਲਾਂ ਨਾਲ ਮਨ ਦੁਬਿਧਾ 'ਚ ਰਹਿੰਦਾ ਹੈ। ਸਾਰਾ ਕੁਝ ਜੋ ਦੁਨੀਆਂ 'ਚ ਵਾਪਰ ਰਿਹਾ ਹੈ, ਉਹ ਇੱਕਾ ਦੁੱਕਾ ਬੰਦੇ ਦੇ ਬੱਸ 'ਚ ਤਾਂ ਨਹੀਂ! ਉਹ ਤਾਂ ਸਰਬਵਿਆਪੀ ਖੇਡ ਹੈ, ਅਸੀਂ ਉਸ ਦਾ ਹਿੱਸਾ ਹੋਣ ਦੇ ਨਾਤੇ ਇਸ ਖੇਡ ਰੂਪੀ ਇੰਜਣ ਦਾ ਇੱਕ ਪੁਰਜਾ ਹਾਂ ਤੇ ਮਨ ਉਸ ਪੁਰਜੇ ਦਾ ਹਿੱਸਾ ਹੈ।

ਹੁਣ ਜ਼ਰਾ ਸੋਚੀਏ ਤਾਂ ਇੰਜਣ ਦਾ ਇੱਕ ਪੁਰਜਾ ਤਾਂ ਸਮੁੱਚੇ ਇੰਜਣ ਨੂੰ ਚਲਦਾ ਰੱਖਣ ਲਈ ਆਪਣਾ ਕੰਮ ਕਰਦਾ ਹੈ, ਪੂਰਾ ਇੰਜਣ ਤਾਂ ਨਹੀਂ ਨਾ ਹੋਇਆ! ਇੰਜ ਜੇ ਬੰਦਾ ਰੂਪੀ ਪੁਰਜਾ ਇਹ ਸੋਚਣ ਲੱਗੇ ਕਿ ਸਾਰਾ ਇੰਜਣ ਹੀ ਉਹ ਹੈ, ਇਹ ਤਾਂ ਗਲਤ ਧਾਰਨਾ ਹੋ ਗਈ ਨਾ! ਇਸ ਵਿਚਾਰ ਤੋਂ ਸਾਨੂੰ ਸੇਧ ਲੈਣੀ ਚਾਹੀਦੀ ਹੈ ਕਿ ਇਕ ਬੰਦਾ ਸਾਰੀ ਦੁਨੀਆਂ ਨਹੀਂ ਚਲਾ ਰਿਹਾ ਤੇ ਉਸ ਬਾਰੇ ਸੋਚ ਸੋਚ ਫਿਕਰਮੰਦ ਰਹਿਣਾ ਤਾਂ ਫਜ਼ੂਲ ਹੈ। ਟੁੱਟੀ ਬਿਰਤੀ 'ਚ ਕਦੇ ਮਨ ਦਾ ਅਨੰਦ ਨਹੀਂ ਬਣਦਾ। ਆਪਣੇ ਦਾਇਰੇ 'ਚ ਰਹੀਏ ਤਾਂ ਬਿਰਤੀ ਟਿਕਣ ਵਾਲੇ ਪਾਸੇ ਜਾਣ ਦਾ ਰਾਹ ਖੁਲ੍ਹਣ ਦੀ ਆਸ ਕਰ ਸਕਦੇ ਹਾਂ, ਪਰ ਜੇ ਚਾਰ ਚੁਫੇਰੇ ਹੀ ਬਿਰਤੀ ਭੱਜੀ ਰਹੇ ਤਾਂ ਮਨ ਨੇ ਤਾਂ ਟਿਕਣਾ ਹੀ ਨਹੀਂ।

ਬਹੁਤ ਪਾਸਿਆਂ ਵਲ ਮਨ ਨੂੰ ਭੱਜਦੇ ਰਹਿਣ ਦੇਣਾ ਬੇਚੈਨੀ ਨੂੰ ਸੱਦਾ ਦੇਣਾ ਹੈ। ਇੱਕੋ ਸਮੇਂ, ਇੱਕ ਵਿਸ਼ੇ 'ਤੇ ਹੀ ਮਨ ਨੂੰ ਜੇ ਕੇਂਦ੍ਰਿਤ ਕਰੀਏ ਤਾਂ ਭਟਕਣ ਘੱਟ ਹੋ ਸਕੇਗੀ। ਇੱਕੋ ਸਮੇਂ ਮਨ ਨੂੰ ਚਾਰ ਚੁਫੇਰੇ ਦੌੜਾਈ ਜਾਣਾ ਅਤੇ ਫਰਜ਼ੀ ਸਮੱਸਿਆਵਾਂ ਦੇ ਚਿੰਤਨ ਕਰ ਕਰ ਫਿਕਰਮੰਦ ਹੋਈ ਜਾਣਾ, ਦੁਬਿਧਾ ਦੇ ਚੰਡੋਲ ਚੜ੍ਹਨਾ ਹੈ; ਇੰਜ ਘੁੰਮਣਘੇਰੀ 'ਚ ਫਸੇ ਰਹੋਗੇ। ਸਾਰੀ ਦੁਨੀਆਂ 'ਚ ਪੈਦਾ ਹੋਈਆਂ ਸੁੱਖ ਸਹੂਲਤਾਂ ਅਤੇ ਵਸਤਾਂ ਹਰ ਇੱਕ ਬੰਦਾ ਪ੍ਰਾਪਤ ਨਹੀਂ ਕਰ ਸਕਦਾ ਅਤੇ ਨਾ ਹੀ ਉਨ੍ਹਾਂ ਸਭ ਦੀ ਜੀਵਨ-ਚਾਲ 'ਚ ਲੋੜ ਹੈ, ਉਨ੍ਹਾਂ ਦੀ ਪ੍ਰਾਪਤੀ ਦੇ ਅਨਮੁੱਕ ਚੱਕਰ 'ਚ ਫਸ ਬੇਚੈਨ ਹੋਣਾ ਮਨ ਦਾ ਬਣਿਆ ਅਨੰਦ ਗੁਆਉਣਾ ਹੈ। ਜਿਸ ਮਨ ਦੇ ਅਨੰਦ ਦੀ ਪ੍ਰਾਪਤੀ ਲਈ ਮ੍ਰਿਗ ਤ੍ਰਿਸ਼ਨਾ ਦਾ ਸ਼ਿਕਾਰ ਹੋ; ਆਪਣੀ ਬੁੱਕਲ 'ਚ ਬੈਠੇ ਅਨੰਦ ਨੂੰ ਲੱਤ ਮਾਰ ਫਰਜ਼ੀ ਤੇ ਕਦੇ ਵੀ ਨਾ ਪ੍ਰਾਪਤ ਹੋ ਸਕਣ ਵਾਲੇ ਅਨੰਦ ਦੇ ਪ੍ਰਛਾਵੇਂ ਮਗਰ ਭੱਜਣਾ ਬੇਅਰਥ ਹੈ। ਦੀਵੇ ਦੀ ਲੋਅ ਦੁਆਲੇ ਭਉਂਦਾ ਭੰਮਕੜ ਲੋਅ ਪ੍ਰਾਪਤ ਹੋਣ ਦੇ ਬਾਵਜੂਦ ਲੋਅ ਲੱਭਦਾ ਲੋਅ 'ਚ ਹੀ ਸੜ ਕੇ ਮਰ ਜਾਂਦਾ ਹੈ। ਇਹੀ ਹਾਲ ਬੰਦੇ ਦਾ ਹੈ; ਬੰਦਾ ਵੀ ਆਪਣੇ ਸੀਮਤ ਦਾਇਰੇ 'ਚ ਰਹਿੰਦਾ, ਸੀਮਤ ਸਾਧਨਾਂ ਮੁਤਾਬਕ ਅਨੰਦ ਹੋਣ ਪਿਛੋਂ ਵੀ ਭਟਕਣ 'ਚ ਗ੍ਰਸਤ ਹੋ ਮਨ ਦਾ ਪਹਿਲਾ ਪ੍ਰਾਪਤ ਅਨੰਦ ਵੀ ਖੋ ਲੈਂਦਾ ਹੈ।

ਜ਼ਿੰਦਗੀ ਦੀ ਰੋਜ਼ਾਨਾ ਗੱਡੀ ਚੱਲਦੀ ਰੱਖਣ ਲਈ ਸਾਨੂੰ ਪੈਂਤੜੇ ਬਣਾਉਣੇ ਪੈਂਦੇ ਹਨ ਕਿ ਆਹ ਕੰਮ ਪਹਿਲਾਂ ਕਰਨਾ ਹੈ, ਫਿਰ ਆਹ ਕਰਨਾ ਤੇ ਫਿਰ ਆਹ; ਨਾਲ ਹੀ ਉਨ੍ਹਾਂ ਦੀ ਤਰਤੀਬ ਅਤੇ ਜੁਗਤ ਬਣਾਉਣੀ ਪੈਂਦੀ ਹੈ। ਇੰਜ ਜਦੋਂ ਕ੍ਰਮਵਾਰ ਉਹ ਮਿੱਥੇ ਸਾਰੇ ਕੰਮ ਸਹੀ ਸਲਾਮਤ ਅਸੀਂ ਨੇਪਰੇ ਚਾੜ੍ਹ ਲੈਂਦੇ ਹਾਂ ਤਾਂ ਸਾਨੂੰ ਆਰਜੀ ਖੁਸ਼ੀ ਮਿਲਦੀ ਹੈ ਤੇ ਥੋੜ੍ਹ ਚਿਰਾ ਮਨ ਦਾ ਅਨੰਦ ਬਣ ਜਾਂਦਾ ਹੈ। ਇੰਜ ਵਰਤਮਾਨ ਕਾਲ 'ਚ ਹੀ ਰਹਿੰਦਿਆਂ ਥੋੜਾ ਥੋੜਾ ਅਨੰਦ ਵੀ ਜੇ ਮਾਣਨ ਲੱਗੀਏ ਤਾਂ ਇੱਕ ਲੰਬੀ ਕੜੀ ਬਣ ਜਾਏਗੀ। ਇੱਕ ਦਿਨ ਦਾ ਬਹੁਤਾ ਭਾਗ ਅਸੀਂ ਅਨੰਦ 'ਚ ਬਦਲਣ 'ਚ ਸਫਲ ਹੁੰਦੇ ਜਾਈਏ ਤਾਂ ਦਿਨ ਅਸੀਂ ਅਨੰਦ 'ਚ ਬਿਤਾ ਲਵਾਂਗੇ; ਇੰਜ ਅਗਲਾ ਦਿਨ ਤੇ ਹੋਰ ਅਗਲਾ ਦਿਨ ਕਰਦੇ ਕਰਦੇ ਮਨ ਦੇ ਅਨੰਦ ਦੇ ਵਹਾ 'ਚ ਵਹਿਣ ਲੱਗ ਜਾਵਾਂਗੇ।

# ਸਤਿਗੁਰ ਨਾਨਕ ਪ੍ਰਗਟਿਆ

ਸਤਿਗੁਰ ਨਾਨਕ ਪਰਗਟ ਹੋ ਕੇ
ਬਦਲੀ ਜੱਗ ਦੀ ਕਾਇਆ।
ਭਟਕੀ ਹੋਈ ਲੁਕਾਈ ਨੂੰ ਆ
ਸਿੱਧੇ ਰਸਤੇ ਪਾਇਆ।

ਹੱਥੀਂ ਸਾਰੇ ਕਿਰਤ ਕਰੋ
ਸੀ ਸਭਨਾਂ ਨੂੰ ਸਮਝਾਉਂਦੇ।
ਭਰਮ ਭੁਲੇਖੇ ਦੂਰ ਕਰਨ ਲਈ
ਸੀ ਖੇਤਾਂ ਵਿਚ ਹਲ ਵਾਹੁੰਦੇ।
ਮਿਹਨਤ ਦਾ ਫਲ ਮਿੱਠਾ ਹੁੰਦੈ
ਸਭ ਨੂੰ ਹੁਕਮ ਸੁਣਾਇਆ...।

ਕਾਮ ਕਰੋਧ ਮੋਹ ਲੋਭ ਹੰਕਾਰ ਦਾ
ਤਿਆਗ ਕਰ ਦਿਓ ਸਾਰੇ।
ਪੰਜੇ ਜੇ ਵਸਾ ਲਏ ਮਨ ਵਿਚ
ਦੁੱਖ ਆਵਣਗੇ ਭਾਰੇ।
ਹਿਰਦੇ ਵਿਚ ਵਸਾ ਲਓ ਨਾਮ ਨੂੰ
ਸਭ ਨੂੰ ਪਾਠ ਪੜ੍ਹਾਇਆ...।

ਸੱਚਾ ਸੌਦਾ ਹੱਥੀਂ ਕਰਨ ਦੀ
ਸਤਿਗੁਰ ਪਿਰਤ ਸੀ ਪਾਈ।
ਦੁਖੀਆਂ ਦੀ ਜੇ ਕਰ ਲਓ ਸੇਵਾ
ਇਸੇ ਵਿਚ ਭਲਾਈ।
ਤੇਰਾ ਤੇਰਾ ਕਹਿ ਕੇ ਦਿੱਤਾ
ਪੂਰਾ ਕਰ ਦਿਖਲਾਇਆ...।

ਬਾਣੀ ਪੜ੍ਹ ਕੇ ਆਖਿਆ
ਭਾਵ ਹਿਰਦੇ ਵਿਚ ਵਸਾਓ।
ਜਾਤ-ਪਾਤ ਤੇ ਉਚ-ਨੀਚ ਦਾ
ਮਨਾਂ 'ਚੋਂ ਵਹਿਮ ਮਿਟਾਵੋ।
ਇਕੋ ਮਾਲਕ ਸਾਰਿਆਂ ਦਾ
ਇਹ ਸਭਨਾਂ ਨੂੰ ਸਮਝਾਇਆ...।

ਬਾਣੀ ਗੁਰੂ ਗੁਰੂ ਹੈ ਬਾਣੀ
ਸਤਿਗੁਰ ਗੱਲ ਸਮਝਾਈ।
ਵੈਰ ਵਿਰੋਧ ਪਖੰਡ ਨੂੰ ਛੱਡ ਕੇ
ਨੇਕੀ ਕਰ ਲਓ ਭਾਈ।
ਪ੍ਰੇਮ ਪਿਆਰ ਦੇ ਨਾਲ ਰਹਿਣ ਦਾ
ਸਭ ਨੂੰ ਵੱਲ ਸਿਖਾਇਆ...।

ਨਗਰ ਕੀਰਤਨ ਦੇ ਵਿਚ
ਹਿੱਸਾ ਲਈਏ ਰਲ-ਮਿਲ ਸਾਰੇ।
ਰਹਿਮਤ ਦੀ ਤੁਸੀਂ ਵਰਖਾ ਕਰ ਦਿਓ
ਦੁਨੀਆਂ ਤੇ ਦੁੱਖ ਭਾਰੇ।
ਹੱਥ ਨੂੰ ਹੱਥ ਹੈ ਖਾਈ ਜਾਂਦਾ
ਸੱਚੋ ਸੱਚ ਸੁਣਾਇਆ...।

ਗੁਰਪੁਰਬ ਦੇ ਰੂਪ 'ਚ ਆਪਾਂ
ਅੱਜ ਦਾ ਦਿਨ ਮਨਾਉਂਦੇ।
ਸਤਿਗੁਰ ਮੇਰੇ ਰਹਿਮ ਕਰ ਦਿਓ
ਚਰਨੀਂ ਸੀਸ ਨਿਵਾਉਂਦੇ।
'ਦੱਦਾਹੂਰੀਆ' ਲਿਖ ਇਹ ਮਹਿਮਾ
ਦੋਸਤੋ ਸ਼ਬਦ ਬਣਾਇਆ...।

*-ਜਸਵੀਰ ਸ਼ਰਮਾ ਦੱਦਾਹੂਰ*
*ਸ੍ਰੀ ਮੁਕਤਸਰ ਸਾਹਿਬ*
*ਫੋਨ: 91-94176-22046*

---

## ਨਾਨਕ ਸ਼ਾਹ ਫਕੀਰ

ਮੈਂ ਗੱਲ ਕਰਨੀ ਇੱਕ ਪੀਰ ਦੀ
ਉਹ ਨਾਨਕ ਸ਼ਾਹ ਫਕੀਰ ਦੀ।

ਜਿਸ ਨੇ ਇੱਕ ਦਾ ਹੁਕਮ ਸੁਣਾਇਆ ਸੀ
ਜੋ ਧੁਰ ਤੋਂ ਲਿਖਿਆ ਆਇਆ ਸੀ।
ਜਿਨ੍ਹਾਂ ਗੱਲ ਕੀਤੀ ਸੀ ਕਰਤਾਰ ਦੀ
ਤੇ ਸੱਚੇ ਨਾਲ ਪਿਆਰ ਦੀ।
ਮੈਂ ਗੱਲ ਕਰਨੀ ਉਸ ਪੀਰ ਦੀ
ਉਹ ਨਾਨਕ ਸ਼ਾਹ ਫਕੀਰ ਦੀ।

ਜਿਨ੍ਹਾਂ ਕੌਡੇ ਰਾਕਸ਼ ਤਾਰਿਆ ਸੀ
ਜਿਨ੍ਹਾਂ ਕਈ ਭੁੱਲਿਆਂ ਨੂੰ ਸੁਧਾਰਿਆ ਸੀ।
ਜਿਨ੍ਹਾਂ ਸੱਚ ਦਾ ਸੌਦਾ ਕਰਿਆ ਸੀ
ਜਿਨ੍ਹਾਂ ਪਖੰਡ ਨੂੰ ਕਦੇ ਨਾ ਜਰਿਆ ਸੀ।
ਮੈਂ ਗੱਲ ਕਰਨੀ ਉਸ ਪੀਰ ਦੀ
ਉਹ ਨਾਨਕ ਸ਼ਾਹ ਫਕੀਰ ਦੀ।

ਜਿਨ੍ਹਾਂ ਵੰਡ ਛੱਕੋ ਦਾ ਹੋਕਾ ਲਾਇਆ ਸੀ
ਸੱਚੀ ਕਿਰਤ ਦਾ ਮਤਲਬ ਸਮਝਾਇਆ ਸੀ।
ਜਿਨ੍ਹਾਂ ਨਾਮ ਜਪਣਾ ਦੱਸਿਆ ਸੀ
ਜਿਨ੍ਹਾਂ ਦੀ ਕਿਰਤ 'ਚ ਰੱਬ ਵੱਸਿਆ ਸੀ।
ਮੈਂ ਗੱਲ ਕਰਨੀ ਉਸ ਪੀਰ ਦੀ
ਉਹ ਨਾਨਕ ਸ਼ਾਹ ਫਕੀਰ ਦੀ।

ਜਿਨ੍ਹਾਂ ਇੱਕ ਦਾ ਹੁਕਮ ਸੁਣਾਇਆ ਸੀ
ਜਿਨ੍ਹਾਂ ਨਾਮ ਜਪੋ ਸਿਖਾਇਆ ਸੀ।
ਜਿਨ੍ਹਾਂ ਕਰਤਾਰਪੁਰ ਵਸਾਇਆ ਸੀ
ਹਿੰਦੂ-ਮੁਸਲਿਮ ਨੂੰ ਇੱਕ ਕਰ ਗਾਇਆ ਸੀ।
ਮੈਂ ਗੱਲ ਕਰਨੀ ਉਸ ਪੀਰ ਦੀ
ਉਹ ਨਾਨਕ ਸ਼ਾਹ ਫਕੀਰ ਦੀ।

ਜਿਨ੍ਹਾਂ ਜਾਤ-ਪਾਤ 'ਚੋਂ ਕੱਢਿਆ ਸੀ
ਜਿਨ੍ਹਾਂ ਔਰਤ ਦਾ ਦੁੱਖ ਵੰਡਿਆ ਸੀ।
ਜਿਨ੍ਹਾਂ ਪਖੰਡੀ ਪੰਡਿਤ ਤਾਰੇ ਸੀ
ਜਿਨ੍ਹਾਂ ਮੌਲਵੀ ਕਈ ਸੁਧਾਰੇ ਸੀ।
ਮੈਂ ਗੱਲ ਕਰਨੀ ਉਸ ਪੀਰ ਦੀ
ਉਹ ਨਾਨਕ ਸ਼ਾਹ ਫਕੀਰ ਦੀ।

*-ਕਿਰਨਪ੍ਰੀਤ ਕੌਰ*
*ਫੋਨ: +436607370487*

# ਹਰਿ ਹਰਿ ਨਾਮੁ ਜਪਹੁ ਮੇਰੇ ਮੀਤ

**ਗੁਰਬਾਣੀ ਗਿਆਨ**

**ਗੋਂਡ ਮਹਲਾ ੫**
ਹਰਿ ਹਰਿ ਨਾਮੁ ਜਪਹੁ ਮੇਰੇ ਮੀਤ॥
ਨਿਰਮਲ ਹੋਇ ਤੁਮਾਰਾ ਚੀਤ॥
ਮਨ ਤਨ ਕੀ ਸਭ ਮਿਟੈ ਬਲਾਇ॥
ਦੂਖੁ ਅੰਧੇਰਾ ਸਗਲਾ ਜਾਇ॥
ਹਰਿ ਗੁਣ ਗਾਵਤ ਤਰੀਐ ਸੰਸਾਰੁ॥
ਵਡ ਭਾਗੀ ਪਾਈਐ ਪੁਰਖੁ ਅਪਾਰੁ॥ ਰਹਾਉ॥
ਜੋ ਜਨੁ ਕਰੈ ਕੀਰਤਨੁ ਗੋਪਾਲ॥
ਤਿਸ ਕਉ ਪੋਹਿ ਨ ਸਕੈ ਜਮਕਾਲੁ॥
ਜਗ ਮਹਿ ਆਇਆ ਸੋ ਪਰਵਾਣੁ॥
ਗੁਰਮੁਖਿ ਅਪਨਾ ਖਸਮੁ ਪਛਾਣੁ॥
ਹਰਿ ਗੁਣ ਗਾਵੈ ਸੰਤ ਪ੍ਰਸਾਦਿ॥
ਕਾਮ ਕ੍ਰੋਧ ਮਿਟਹਿ ਉਨਮਾਦ॥
ਸਦਾ ਹਜੂਰਿ ਜਾਣੁ ਭਗਵੰਤ॥
ਪੂਰੇ ਗੁਰ ਕਾ ਪੂਰਨ ਮੰਤ॥
ਹਰਿ ਧਨੁ ਖਾਟਿ ਕੀਏ ਭੰਡਾਰ॥
ਮਿਲਿ ਸਤਿਗੁਰ ਸਭਿ ਕਾਜ ਸਵਾਰ॥
ਹਰਿ ਕੇ ਨਾਮ ਰੰਗ ਸੰਗਿ ਜਾਗਾ॥
ਹਰਿ ਚਰਣੀ ਨਾਨਕ ਮਨੁ ਲਾਗਾ॥

ਗੁਰੂ ਅਰਜਨ ਦੇਵ ਰਹਾਉ ਦੀ ਪੰਕਤੀ ਵਿਚ ਉਪਦੇਸ਼ ਕਰਦੇ ਹਨ, ਹੇ ਭਾਈ ਉਸ ਮਿਹਰਬਾਨ ਹਰੀ ਪਰਮਾਤਮਾ ਦੇ ਗੁਣਾਂ ਦਾ ਗਾਇਨ ਕਰਦਿਆਂ ਵਿਕਾਰਾਂ ਨਾਲ ਭਰੇ ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ; ਸੁੱਤੇ ਭਾਗ ਜਾਗ ਪੈਂਦੇ ਹਨ, ਵੱਡੇ ਭਾਗਾਂ ਨਾਲ ਉਹ ਜ਼ੱਰੇ ਜ਼ੱਰੇ ਵਿਚ ਵੱਸਦਾ ਬੇਅੰਤ ਪ੍ਰਭੂ ਪਰਮਾਤਮਾ ਵੀ ਸਹਿਜੇ ਹੀ ਆ ਮਿਲਦਾ ਹੈ।

ਹਰਿ ਹਰਿ ਨਾਮੁ ਜਪਹੁ ਮੇਰੇ ਮੀਤ॥
ਨਿਰਮਲ ਹੋਇ ਤੁਮਾਰਾ ਚੀਤ॥
ਮਨ ਤਨ ਕੀ ਸਭ ਮਿਟੈ ਬਲਾਇ॥
ਦੂਖੁ ਅੰਧੇਰਾ ਸਗਲਾ ਜਾਇ॥

ਗੁਰਦੇਵ ਜੀ ਉਪਦੇਸ਼ ਕਰਦੇ ਹਨ, ਹੇ ਮੇਰੇ ਮਿੱਤਰ! ਉਸ ਮਿਹਰਬਾਨ ਪ੍ਰਭੂ ਦਾ ਨਾਮ ਸਦਾ ਹੀ ਜਪਿਆ ਕਰ; ਨਾਮ ਜਪਦਿਆਂ ਤੇਰਾ ਮਨ ਨਿਰਮਲ ਸਾਫ ਭਾਵ ਪਵਿੱਤਰ ਹੋ ਜਾਵੇਗਾ। ਪ੍ਰਭੂ ਦਾ ਨਾਮ ਜਪਣ ਕਰਕੇ ਮਨ ਤੇ ਤਨ ਦੀ ਸਾਰੀ ਬਿਪਤਾ ਮਿਟ ਜਾਂਦੀ ਹੈ; ਸਾਰਾ ਦੁਖ ਅਤੇ ਮਾਇਆ ਦੇ ਮੋਹ ਦਾ ਸਾਰਾ ਹਨੇਰਾ ਵੀ ਖਤਮ ਹੋ ਜਾਂਦਾ ਹੈ।

ਜੋ ਜਨੁ ਕਰੈ ਕੀਰਤਨੁ ਗੋਪਾਲ॥
ਤਿਸ ਕਉ ਪੋਹਿ ਨ ਸਕੈ ਜਮਕਾਲੁ॥
ਜਗ ਮਹਿ ਆਇਆ ਸੋ ਪਰਵਾਣੁ॥
ਗੁਰਮੁਖਿ ਅਪਨਾ ਖਸਮੁ ਪਛਾਣੁ॥

ਸਤਿਗੁਰੂ ਆਖਦੇ ਹਨ, ਜੋ ਮਨੁੱਖ ਸ੍ਰਿਸ਼ਟੀ ਦੇ ਪਾਲਣਹਾਰ ਗੋਪਾਲ ਪ੍ਰਭੂ ਦੀ ਸਿਫਤਿ ਸਾਲਾਹ ਦੇ ਗੀਤ ਗਾਉਂਦਾ ਰਹਿੰਦਾ ਹੈ, ਉਸ ਨੂੰ ਮੌਤ ਦਾ ਡਰ ਪੋਹ ਵੀ ਨਹੀਂ ਸਕਦਾ ਅਤੇ ਉਸ ਮਨੁੱਖ ਦਾ ਸੰਸਾਰ ਵਿਚ ਆਉਣਾ ਵੀ ਸਫਲ ਹੋ ਜਾਂਦਾ ਹੈ। ਹੇ ਭਾਈ, ਤੂੰ ਵੀ ਗੁਰੂ ਦੀ ਸ਼ਰਨ ਪੈ ਕੇ ਆਪਣੇ ਮਾਲਕ ਪ੍ਰਭੂ ਨਾਲ ਜਾਣ-ਪਛਾਣ ਬਣਾਈ ਰੱਖ।

ਹਰਿ ਗੁਣ ਗਾਵੈ ਸੰਤ ਪ੍ਰਸਾਦਿ॥
ਕਾਮ ਕ੍ਰੋਧ ਮਿਟਹਿ ਉਨਮਾਦ॥
ਸਦਾ ਹਜੂਰਿ ਜਾਣੁ ਭਗਵੰਤ॥
ਪੂਰੇ ਗੁਰ ਕਾ ਪੂਰਨ ਮੰਤ॥

ਇਨ੍ਹਾਂ ਪੰਕਤੀਆਂ ਵਿਚ ਗੁਰਦੇਵ ਜੀ ਆਖਦੇ ਹਨ, ਹੇ ਮੀਤਾ, ਜੋ ਮਨੁੱਖ ਗੁਰੂ ਦੀ ਮੱਤ ਲੈ ਕੇ ਗੁਰੂ ਦੀ ਕਿਰਪਾ ਨਾਲ ਹਰੀ ਪਰਮਾਤਮਾ ਦੇ ਗੁਣ ਗਾਉਂਦਾ ਰਹਿੰਦਾ ਹੈ, ਉਸ ਦੇ ਅੰਦਰੋਂ ਕਾਮ-ਕ੍ਰੋਧ ਜਿਹੇ ਝੱਲਪੁਣੇ ਆਪੇ ਹੀ ਮਿਟ ਜਾਂਦੇ ਹਨ। ਹੇ ਭਾਈ ਤੂੰ ਭੀ ਗੁਰੂ ਦਾ ਸੱਚਾ ਉਪਦੇਸ਼ ਲੈ ਕੇ ਉਸ ਉਪਦੇਸ਼ 'ਤੇ ਤੁਰ ਅਤੇ ਦੁਨੀਆਂ ਦੇ ਮਾਲਕ ਭਗਵਾਨ ਨੂੰ ਸਦਾ ਹੀ ਆਪਣੇ ਅੰਗ-ਸੰਗ ਵੱਸਦਾ ਸਮਝਿਆ ਕਰ।

ਹਰਿ ਧਨੁ ਖਾਟਿ ਕੀਏ ਭੰਡਾਰ॥
ਮਿਲਿ ਸਤਿਗੁਰ ਸਭਿ ਕਾਜ ਸਵਾਰ॥
ਹਰਿ ਕੇ ਨਾਮ ਰੰਗ ਸੰਗਿ ਜਾਗਾ॥
ਹਰਿ ਚਰਣੀ ਨਾਨਕ ਮਨੁ ਲਾਗਾ॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਆਖਦੇ ਹਨ, ਹੇ ਭਾਈ! ਜਿਸ ਵਡਭਾਗੇ ਮਨੁੱਖ ਨੇ ਹਰੀ-ਨਾਮ ਰੂਪੀ ਧਨ ਖੱਟ ਕੇ ਆਪਣੇ ਖਜਾਨੇ ਭਰ ਲਏ, ਗੁਰੂ ਨੂੰ ਮਿਲ ਕੇ ਉਸ ਨੇ ਆਪਣੇ ਸਾਰੇ ਹੀ ਕਾਰਜ ਸਵਾਰ ਲਏ। ਇਹ ਦਾਸ ਨਾਨਕ ਆਖਦਾ ਹੈ, ਹਰਿ ਨਾਮ ਦੇ ਪ੍ਰੇਮ ਦੀ ਬਰਕਤ ਨਾਲ ਮਨੁੱਖ ਦਾ ਮਨ ਜਾਗ ਪੈਂਦਾ ਹੈ ਤੇ ਵਿਸ਼ੇ ਵਿਕਾਰਾਂ ਵਲੋਂ ਸੁਚੇਤ ਹੋ ਜਾਂਦਾ ਹੈ, ਅਤੇ ਪਰਮਾਤਮਾ ਦੇ ਚਰਨਾਂ ਨਾਲ ਜੁੜਿਆ ਰਹਿੰਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਸਾਹਿਤ ਵਿਚ ਪੈਰੋਡੀ ਦਾ ਮਹੱਤਵ

**ਨਿੱਕ ਸੁੱਕ**



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਪੈਰੋਡੀ ਸਾਹਿਤ ਦੀ ਉਹ ਵਿਧਾ ਹੈ, ਜਿਸ ਵਿਚ ਕਿਸੇ ਸਾਹਿਤਕਾਰ ਦੀ ਰਚਨਾ ਦਾ ਦੂਜੇ ਸਾਹਿਤਕਾਰ ਵਲੋਂ ਉਹਦੇ ਵਰਗੀ ਹੀ ਰਚਨਾ ਲਿਖ ਕੇ ਉਸ ਦਾ ਮਜ਼ਾਕ ਉਡਾਇਆ ਜਾਂਦਾ ਹੈ। ਇਸ ਨੂੰ ਉਰਦੂ ਵਿਚ ਹਜ਼ਲ ਕਹਿੰਦੇ ਹਨ ਤੇ ਪੰਜਾਬੀ ਵਿਚ ਕਾਵਿਕ ਵਿਅੰਗ। ਪੰਜਾਬੀ ਪਾਠਕਾਂ ਦੀ ਸੌਖ ਲਈ ਮੈਂ ਦੋ ਮਰਹੂਮ ਰਚਨਾਕਾਰਾਂ ਦੀ ਮਿਸਾਲ ਦਿੰਦਾ ਹਾਂ-ਗੀਤਕਾਰ ਇੰਦਰਜੀਤ ਸਿੰਘ ਤੁਲਸੀ ਅਤੇ ਦਿੱਲੀ ਕਾਫੀ ਹਾਊਸ ਦੇ ਜਾਣੇ-ਪਛਾਣੇ ਪਾਤਰ ਸੰਸਾਰ ਸਿੰਘ ਗਰੀਬ ਦੀ। ਤੁਲਸੀ ਦੀ ਆਵਾਜ਼ ਵਿਚ ਏਨਾ ਦਮ ਸੀ ਕਿ ਉਹ 'ਮੱਕੀ ਦੀਆਂ ਰੋਟੀਆਂ ਤੇ ਸਰ੍ਹਿਓਂ ਦਾ ਸਾਗ, ਉਤੇ ਮਖਣੀ ਦਾ ਪੇੜਾ' ਗਾ ਕੇ ਪੰਜਾਬੀ ਸਰੋਤਿਆਂ ਦਾ ਦਿਲ ਲੁੱਟ ਲੈਂਦਾ ਸੀ। ਉਸ ਦੀ ਸ਼ਬਦਾਵਲੀ ਤੇ ਤੁਕਾਂਤ ਵਿਚ ਕਵਿਤਾ ਵਰਗੀ ਕੋਈ ਗੱਲ ਨਹੀਂ ਸੀ ਹੁੰਦੀ ਪਰ ਆਵਾਜ਼ ਦੀ ਬੁਲੰਦੀ ਹਾਲ ਕਮਰੇ ਦੀਆਂ ਕੰਧਾਂ ਨੂੰ ਵੀ ਹਸਾ ਜਾਂ ਰੁਆ ਦਿੰਦੀ ਸੀ। ਨਵੀਂ ਦਿੱਲੀ ਦੇ ਫਿੱਕੀ ਆਡੀਟੋਰੀਅਮ ਵਿਚ ਉਸ ਨੇ ਭਾਖੜਾ ਡੈਮ ਬਾਰੇ ਇਕ ਕਵਿਤਾ 'ਬਿਰਾਜਮਾਨ' ਰਚੀ ਅਤੇ ਪੜ੍ਹੀ ਤਾਂ ਮੰਚ ਉਤੇ ਬਿਰਾਜਮਾਨ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਉਸ ਦਾ ਨਾਂ ਉਸ ਵਰ੍ਹੇ ਦੇ ਪਦਮਸ੍ਰੀ ਸਨਮਾਨ ਜੇਤੂਆਂ ਵਿਚ ਪਾ ਦਿੱਤਾ ਸੀ।

ਗਰੀਬ ਨੇ ਉਸ ਦੀ ਨਕਲ ਵਜੋਂ ਹੇਠ ਲਿਖੀਆਂ ਤੁਕਾਂ ਜੋੜੀਆਂ, "ਨਿੱਕਾ ਜਿਹਾ ਇਕ ਬਾਲਕਾ ਆਖੇ ਮੈਂ ਜਾਣਾ ਕਾਲਕਾ ਆਖੇ ਮੈਂ ਮੰਦਿਰ ਵੇਖਣਾ, ਵੜ ਕੇ ਮੈਂ ਅੰਦਰ ਵੇਖਣਾ।" ਹਰ ਇੱਕ ਦੀ ਜ਼ੁਬਾਨ ਉਤੇ ਸਨ, ਤੁਲਸੀ ਨੂੰ ਸਾਰੇ ਭੁੱਲ ਭੁਲਾ ਚੁਕੇ ਸਨ।

ਜ਼ਿੰਦਗੀ ਵਿਚ ਹੱਸਣ-ਹਸਾਉਣ ਦੇ ਕੁਝ ਪਲ ਜੁਟਾ ਲੈਣਾ ਉਸ ਵਾਈਪਰ ਵਾਂਗ ਹਨ, ਜੋ ਮੀਂਹ ਤਾਂ ਨਹੀਂ ਰੋਕ ਸਕਦੇ ਪਰ ਗੱਡੀ ਦੇ ਸ਼ੀਸ਼ੇ ਸਾਫ ਕਰਕੇ ਸਫਰ ਵਿਚ ਵਿਘਨ ਨਹੀਂ ਪੈਣ ਦਿੰਦੇ। ਪੈਰੋਡੀ ਦੀ ਇੱਕ ਖੂਬੀ ਇਹ ਵੀ ਹੈ ਕਿ ਜਿਹੋ ਜਿਹਾ ਕਵੀ ਹੋਵੇ, ਉਸ ਦੀ ਪੈਰੋਡੀ (ਹਜ਼ਲ) ਵੀ ਉਨੀ ਹੀ ਪ੍ਰਭਾਵੀ ਹੋਵੇਗੀ। ਮੇਰੇ ਸਮਕਾਲੀਆਂ ਵਿਚੋਂ ਟੀ. ਐਨ. ਰਾਜ਼ ਅਜਿਹਾ ਰਚਨਾਕਾਰ ਹੈ, ਜਿਸ ਨੇ ਗਾਲਿਬ, ਜ਼ੌਕ, ਕਤੀਲ, ਜਿਗਰ, ਫਾਨੀ ਫਿਰਾਕ ਤੇ ਬੇਦੀ-ਸਭਨਾਂ ਦੀਆਂ ਨਕਲਾਂ ਉਤਾਰ ਕੇ ਉਰਦੂ, ਹਿੰਦੀ ਤੇ ਪੰਜਾਬੀ ਅਦਬ ਨੂੰ ਮਾਲਾਮਾਲ ਕੀਤਾ ਹੈ। ਰਾਜ਼ ਆਪਣੇ ਸ਼ਿਅਰਾਂ ਨੂੰ ਇਨ੍ਹਾਂ ਕਵੀਆਂ ਦੀ ਜ਼ਮੀਨ ਵਿਚ ਲਿਖੇ ਸ਼ਿਅਰ ਕਹਿੰਦਾ ਹੈ। ਖੁਸ਼ਵੰਤ ਸਿੰਘ, ਗੋਪੀ ਚੰਦ ਨਾਰੰਗ, ਬਸ਼ੀਰ ਬਦਰ, ਨਿਦਾ ਫਾਜ਼ਲੀ, ਜਗਨ ਨਾਥ ਆਜ਼ਾਦ ਅਤੇ ਨਾਸ਼ਿਰ ਨਕਵੀ ਉਸ ਦੀ ਕਲਮ ਦੇ ਕਾਇਲ ਰਹੇ ਹਨ ਤੇ ਅੱਜ ਤੱਕ ਹਨ। ਮੰਗਲਾਚਰਨ ਵਜੋਂ ਗਾਲਿਬ ਦੀ ਜ਼ਮੀਨ ਵਿਚ ਲਿਖਿਆ ਸ਼ਿਅਰ ਪੇਸ਼ ਹੈ:

ਐਟਮੀ ਆਂਖੋਂ ਸੇ ਸਭ ਕੋ
ਕੀਜੀਏ ਦਹਿਸ਼ਤਜ਼ਦਾ,
ਅਬ ਜ਼ਮਾਨਾ ਲਦ ਗਿਆ ਹੈ
ਤੀਰ ਕਾ ਸ਼ਮਸ਼ੀਰ ਕਾ।

ਸਭ ਤੋਂ ਪਹਿਲਾਂ ਗਾਲਿਬ ਫੇਰ ਜ਼ੌਕ, ਜਿਗਰ, ਫਿਰਾਕ ਤੇ ਬੇਦੀ ਆਦਿ:

**1.** ਹਮ ਸੇ ਖੁਲ੍ਹ ਜਾਓ ਬੇਵਕਤੇ
ਮੈਂ ਪ੍ਰਸਤੀ ਏਕ ਦਿਨ।
ਮਹਿੰਗੀ ਵਿਸਕੀ ਭੀ ਚਲੇਗੀ
ਛੋੜ ਸਸਤੀ ਏਕ ਦਿਨ।
ਤੁਮ ਸ਼ਰਾਬ ਆ ਕਰ ਹਮਾਰੇ ਸਾਥ
ਪੀਨਾ ਐ ਨਦੀਮ
ਮਾਰਚ ਮੇ ਹਰ ਸਾਲ ਹੋ ਜਾਤੀ ਹੈ
ਸਸਤੀ ਏਕ ਦਿਨ।
ਪਾਰਟੀ ਕੋ ਤੋੜੀਏ, ਫਿਰ ਜੋੜੀਏ
ਫਿਰ ਤੋੜੀਏ।
ਰੰਗ ਲੇ ਹੀ ਆਏਗੀ
ਮੌਕਾਪ੍ਰਸਤੀ ਏਕ ਦਿਨ

**2.** ਰਾਤ ਕਾ ਸੰਨਾਟਾ ਹੋ
ਔਰ ਰਾਜ਼ਦਾਂ ਕੋਈ ਨਾ ਹੋ।
ਬੀਵੀਆਂ ਤਨਹਾ ਹੀ ਘੂਮੇਂ
ਔਰ ਮੀਆਂ ਕੋਈ ਨਾ ਹੋ।
ਆਂਖ ਸੇ ਦੇਖਾ ਨਾ ਜਾਏ
ਅਕਲ ਪਰ ਪਰਦਾ ਪੜੇ,
ਵੋਹ ਕਿਸੀ ਕੋ ਭੀ ਮਿਲੇ
ਤੁਮ ਕੋ ਗੁਮਾਂ ਕੋਈ ਨਾ ਹੋ।
ਜਬ ਹੂਈ ਇਕ ਲੜਕੀ ਅਗਵਾ
ਸ਼ੇਖ ਨੇ ਦੀ ਬਦਦੁਆ,
ਸ਼ਹਿਰ ਮੇਂ ਅਬ ਐ ਖੁਦਾ
ਲੌਂਡਾ ਜਵਾਂ ਕੋਈ ਨਾ ਹੋ।

**3.** ਛੋੜ ਕਰ ਜਾਨਾ ਹੀ ਥਾ ਮੂਲ ਕੋ
ਤੋ ਫਿਰ ਯੇਹ ਤੋ ਬਤਾ,
ਕਿਉਂ ਦਿਲਾਈ ਥੀ ਮੁਝੇ
ਉਮੀਦਵਾਰੀ ਹਾਏ! ਹਾਏ!!
ਕੋਈ ਭੀ ਕੁਛ ਦੇਰ
ਤੇਰੇ ਪਾਸ ਟਿਕ ਪਾਇਆ ਨਹੀਂ,
ਵਕਫੇ ਵਕਫੇ ਸੇ ਰਹੀ ਹੈ
ਤੂੰ ਕੰਵਾਰੀ ਹਾਏ! ਹਾਏ!!

ਹੁਣ ਬਾਕੀ ਦੇ ਸ਼ਾਇਰਾਂ ਦੀ ਜ਼ਮੀਨ ਵਿਚ,

**ਜ਼ੌਕ:** ਸ਼ਾਇਰ ਕਿ ਜ਼ੌਕ ਬੋ ਦੇ
ਬਹੁਤ ਥੇ ਜੋ ਯਹ ਕਹਾ,
ਲਾਈ ਹਯਾਤ ਆਏ,
ਕਜ਼ਾ ਲੇ ਚਲੀ ਚਲੇ।
ਐਸਾ ਭੀ ਹੈ ਨਿਜ਼ਾਮ
ਕਿਸੀ ਮੁਲਕ ਕਾ ਕਹੀਂ,
ਭਗਵਾਨ ਕੇ ਭਰੋਸੇ
ਜੋ ਪੌਣੀ ਸਦੀ ਚਲੇ।

**ਜਿਗਰ:** ਬਨ ਕੇ ਲੀਡਰ ਕੌਮ ਕਾ
ਜਬ ਫਿਕਰ ਫਰਮਾਤਾ ਹੂੰ ਮੈਂ।
ਸੀਧੇ ਸਾਧੇ ਮਸਲੋਂ ਕੋ
ਔਰ ਉਲਝਾਤਾ ਹੂੰ ਮੈਂ।
ਯੇ ਭੀ ਸੱਚ ਹੈ ਮੇਰੇ ਵੋਟਰ
ਕਿ ਤੜਪਾਤਾ ਹੂੰ ਮੈਂ।
ਫਿਰ ਭੀ ਮੁਝ ਪਰ ਰਹਿਮ ਕਰ
ਤੇਰਾ ਦੀਆ ਖਾਤਾ ਹੂੰ ਮੈਂ।
ਖੂਬਸੂਰਤ ਖੁਆਬ ਦੇ ਕਰ
ਪਾਂਚ ਸਾਲੋਂ ਕੇ ਲੀਏ,
ਜਬ ਇਲੈਕਸ਼ਨ ਹੋ ਨਯਾ
ਤੋ ਫਿਰ ਉਭਰ ਆਤਾ ਹੂੰ ਮੈਂ।

**ਬੇਦੀ:** ਲੋ ਮੇਰੀ ਉਮਰ ਭੀ ਸਠਿਆ ਗਈ
ਕਿਆ ਤੁਮ ਨਾ ਆਉਗੇ?
ਮੇਰੇ ਬਾਲੋਂ ਮੇਂ ਚਾਂਦੀ ਆ ਗਈ
ਕਿਆ ਤੁਮ ਨਾ ਆਉਗੇ?
ਤੁਮਹਾਰੇ ਗਮ ਮੇਂ ਮੁਝ ਬੇਹਾਲ ਕਾ
ਵਾਰਸ ਬੰਧਾਨੇ ਕੇ ਲੀਏ?
ਪੜੋਸਨ ਪਰ ਪੜੋਸਨ ਆ ਗਈ
ਕਿਆ ਤੁਮ ਨਾ ਆਉਗੇ?

**ਫਿਰਾਕ:**
ਆਪ ਇਸ ਮਹਿਫਿਲ ਸੇ ਉਠ ਕਰ
ਜੋ ਕਹੀਂ ਪਰ ਜਾਏਂਗੇ।
ਹਮ ਸੇ ਇੰਟਰਨੈਸ਼ਨਲ ਸ਼ਾਇਰ
ਕਹਾਂ ਪਰ ਪਾਏਂਗੇ।
ਯੋਗਾ-ਆਸਨ ਔਰ ਪ੍ਰਾਣਾਯਾਮ
ਹੀ ਕੇ ਜ਼ੋਰ ਪਰ,
ਭਗਤਨੋਂ ਕੋ ਲੇ ਕੇ ਸਵਾਮੀ
ਏਕ ਦਿਨ ਉੜ ਜਾਏਂਗੇ।

ਜੋ ਹਰ ਮਜ਼ਾ ਲੈਣਾ ਹੈ ਤਾਂ ਟੀ. ਐਨ. ਰਾਜ਼ ਦੀ ਪੁਸਤਕ 'ਗਾਲਿਬ ਤੇ ਦੁਰਗਤ' ਪੜ੍ਹੋ। ਫਿਰ ਮਿਲਾਂਗੇ!

**ਅੰਤਿਕਾ: ਟੀ. ਐਨ. ਰਾਜ਼**
ਜੋ ਭੀ ਭਗਤਨ ਯਹਾਂ ਆਤੀ ਹੈ
ਜਵਾਂ ਆਤੀ ਹੈ
ਇਸ ਮੇ ਮੰਦਿਰ ਕੇ ਪੁਜਾਰੀ ਕੀ
ਤੋ ਤਕਸੀਰ ਨਹੀਂ।

## ਗਜ਼ਲਾਂ

ਘਰ ਘਰ ਵਿਚ ਹਨ੍ਹੇਰਾ ਹੈ।
ਕਿਹੋ ਜਿਹਾ ਸਵੇਰਾ ਹੈ।

ਦਿਨ ਦਫਤਰ ਵਿਚ ਕਟਦੇ ਹਾਂ
ਘਰ ਤਾਂ ਰੈਣ-ਬਸੇਰਾ ਹੈ।

ਰੂਹ ਦਾ ਜ਼ਿਕਰ ਨਾ ਕਰਿਆ ਕਰ
ਦੇਹ ਦਾ ਦੁੱਖ ਬਥੇਰਾ ਹੈ।

ਇਕੋ ਘਰ ਦੇ ਜੀਆਂ ਦਾ
ਵੱਖੋ ਵੱਖਰਾ ਘੇਰਾ ਹੈ।

ਏਥੇ ਕੁਝ ਵੀ ਆਪਣਾ ਨਹੀਂ
ਸਭ ਕੁਝ ਤੇਰਾ ਮੇਰਾ ਹੈ।
ਕੰਡਿਆਂ ਵਿਚ ਮੁਸਕੌਂਦੇ ਨੇ
ਫੁੱਲਾਂ ਦਾ ਹੀ ਜੇਰਾ ਹੈ।

*-ਸ. ਸ. ਮੀਸ਼ਾ*

---

ਹਰ ਵੇਲੇ ਮੈਂ ਸੋਚ ਦੁੜਾਵਾਂ
ਕਿੰਜ ਹਨੇਰੇ ਦੂਰ ਭਜਾਵਾਂ?
ਸਾਰੀ ਦੁਨੀਆਂ ਰੌਸ਼ਨ ਹੋ ਜਾਏ
ਕਿਥੋਂ ਇੰਨੇ ਦੀਪ ਲਿਆਵਾਂ!
ਦਿਲ ਦੇ ਅੰਦਰ ਫੁਰਨਾ ਫੁਰਿਆ
ਧਰਤੀ 'ਚੋਂ ਇਕ ਫਸਲ ਉਗਾਵਾਂ।
ਉਡ ਜਾਵਾਂ ਅਸਮਾਨ ਦੇ ਉਤੇ
ਚੰਨ ਨੂੰ ਜ਼ਰਾ ਕੁ ਪਰਾਂ ਹਟਾਵਾਂ।
ਬਹੁਕਰ ਦੇ ਨਾਲ ਹੂੰਝ ਕੇ ਤਾਰੇ
ਸਾਰੇ ਆਪਣੇ ਨਾਲ ਲਿਆਵਾਂ।
ਵਾਹ ਕੇ ਧਰਤੀ ਫੇਰ ਸੁਹਾਗਾ
ਬੀਜ ਤਾਰਿਆਂ ਦਾ ਵਿਚ ਪਾਵਾਂ।
ਸੱਧਰਾਂ ਦਾ ਨਿਤ ਪਾਣੀ ਪਾ ਕੇ
ਰੱਬ ਦੇ ਅੱਗੇ ਕਰਾਂ ਦੁਆਵਾਂ।
ਜਦੋਂ ਪਨੀਰੀ ਉਗ ਪਵੇ ਤਾਂ
ਹਰ ਵਿਹੜੇ ਇਕ ਬੂਟਾ ਲਾਵਾਂ।
ਇਕ ਬੂਟੇ 'ਤੇ ਕਈ ਕਈ ਤਾਰੇ
ਤਾਰਿਆਂ ਦੇ ਨਾਲ ਜਗ ਰੁਸ਼ਨਾਵਾਂ।
ਹੋ ਜਾਵਣ ਜਦ ਦੂਰ ਹਨੇਰੇ
ਫਿਰ 'ਸੁਰਜੀਤ' ਫਿਰੇ ਵਿਚ ਚਾਵਾਂ।
ਸਾਰੇ ਜਗ ਨੂੰ ਰੌਸ਼ਨ ਕਰਕੇ
ਮੈਂ ਦੀਵਾਲੀ ਇੰਜ ਮਨਾਵਾਂ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

ਵਿਚਾਰ-ਚਰਚਾ

# ਸਿੱਖ ਧਰਮ ਅਤੇ ਸਿਆਸਤ

**ਸਿੱਖ ਪੰਥ ਵਿਚ ਮੀਰੀ ਤੇ ਪੀਰੀ ਦੇ ਆਧਾਰ ਉਤੇ ਧਰਮ ਅਤੇ ਸਿਆਸਤ ਨੂੰ ਇਕੱਠਿਆਂ ਰੱਖਣ ਦੀ ਵਕਾਲਤ ਅਕਸਰ ਕੀਤੀ ਜਾਂਦੀ ਹੈ, ਪਰ ਅਸਲ ਵਿਚ ਹੁੰਦਾ ਇਹ ਹੈ ਕਿ ਧਰਮ ਦੇ ਨਾਂ 'ਤੇ ਸਿਆਸਤ ਹੋਣ ਲੱਗ ਪੈਂਦੀ ਹੈ। ਧਰਮ ਅਤੇ ਸਿਆਸਤ ਦੇ ਸਬੰਧਾਂ ਦਾ ਨਿਰਣਾ ਇਕ ਔਖਾ ਪੈਂਡਾ ਹੈ। ਇਸ ਲੇਖ ਵਿਚ ਲੇਖਕ ਨੇ ਇਨ੍ਹਾਂ ਸਬੰਧਾਂ 'ਤੇ ਵਿਚਾਰ ਕੀਤੀ ਹੈ। -ਸੰਪਾਦਕ**

ਸਿੱਖ ਪੰਥ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਵਿਚਾਰਧਾਰਾ ਨੂੰ ਸਿੱਖ ਧਰਮ ਦਾ ਆਧਾਰ ਮੰਨਦਾ ਹੈ। ਗੁਰਬਾਣੀ ਮਨੁੱਖ ਨੂੰ ਸ੍ਰਿਸ਼ਟੀ ਦੇ ਕਰਤੇ ਪ੍ਰਭੂ ਦਾ ਗਿਆਨ ਦਿੰਦੀ ਹੈ ਅਤੇ ਉਸ ਨਾਲ ਮਿਲਾਪ ਨੂੰ ਮਨੁੱਖੀ ਜੀਵਨ ਦਾ ਮਨੋਰਥ ਦੱਸਦੀ ਹੈ। ਪ੍ਰਭੂ ਨਾਲ ਮਿਲਾਪ ਲਈ ਮਨੁੱਖ ਨੂੰ ਧਰਮ ਦੇ ਮਾਰਗ 'ਤੇ ਚਲਣ ਦੀ ਲੋੜ ਹੁੰਦੀ ਹੈ। ਗੁਰਬਾਣੀ ਅਨੁਸਾਰ ਧਰਮ ਦਇਆ ਦੀ ਉਪਜ ਹੈ ਅਤੇ ਸੰਤੋਖ ਦੇ ਨਿਯਮ ਦੀ ਪਾਲਣਾ ਕਰਦਾ ਹੈ, "ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥" (ਗੁਰੂ ਗ੍ਰੰਥ ਸਾਹਿਬ, ਪੰਨਾ 3)

ਦਇਆ ਅਤੇ ਸੰਤੋਖ ਦੇ ਧਾਰਮਕ ਮਾਰਗ 'ਤੇ ਚਲਦਿਆਂ ਮਨੁੱਖ ਨੂੰ ਆਪਣੇ ਮਨ 'ਤੇ ਕਾਬੂ ਪਾ ਕੇ ਸੰਸਾਰਕ ਇੱਛਾਵਾਂ ਦੇ ਤਿਆਗ ਨਾਲ ਹੀ ਪ੍ਰਭੂ ਮਿਲਾਪ ਸੰਭਵ ਹੁੰਦਾ ਹੈ। ਗੁਰਬਾਣੀ ਦਾ ਇਹ ਉਪਦੇਸ਼ ਗੁਰੂ ਗ੍ਰੰਥ ਸਾਹਿਬ ਵਿਚ ਮੁੜ ਮੁੜ ਕੇ ਦ੍ਰਿੜ ਕਰਵਾਇਆ ਗਿਆ ਹੈ। ਗੁਰਬਾਣੀ ਦੀ ਵਿਚਾਰਧਾਰਾ ਸਿਆਸਤ ਨੂੰ ਕੋਈ ਮਹੱਤਤਾ ਨਹੀਂ

ਹਾਕਮ ਸਿੰਘ
E-mail: hak1270@yahoo.com

ਦਿੰਦੀ। ਸਿੱਖ ਪੰਥ ਗੁਰਬਾਣੀ ਨੂੰ ਸਿੱਖ ਧਰਮ ਦਾ ਆਧਾਰ ਤਾਂ ਮੰਨਦਾ ਹੈ ਪਰ ਮਨ ਨੂੰ ਕਾਬੂ ਕਰਕੇ ਸੰਸਾਰਕ ਇੱਛਾਵਾਂ ਦਾ ਤਿਆਗ ਕਰਨ ਦੇ ਉਪਦੇਸ਼ ਨੂੰ ਅਣਗੌਲਿਆਂ ਕਰ ਦਿੰਦਾ ਹੈ। ਉਸ ਦੀ ਥਾਂ ਉਹ ਗੁਰੂ ਗ੍ਰੰਥ ਸਾਹਿਬ ਨੂੰ ਮਥਾ ਟੇਕਣ, ਚੜ੍ਹਾਵਾ ਚੜ੍ਹਾਉਣ, ਪਾਠ ਕਰਵਾਉਣ, ਨਿਤਨੇਮ ਕਰਨ, ਕੀਰਤਨ ਅਤੇ ਗੁਰਬਾਣੀ ਦਾ ਪਾਠ ਤੇ ਵਿਆਖਿਆ ਸੁਣਨ ਅਤੇ ਰਹਿਤ ਰਖਣ ਨੂੰ ਅਸਲੀ ਧਾਰਮਕ ਕ੍ਰਿਆ ਮੰਨਦਾ ਤੇ ਪ੍ਰਚਾਰਦਾ ਹੈ। ਪੰਥ ਵਲੋਂ ਪ੍ਰਚਾਰੇ ਧਰਮ ਦੇ ਉਪਾਸ਼ਕਾਂ ਵਿਚ ਸਫਲਤਾ, ਵਡਿਆਈ ਅਤੇ ਪਰਿਵਾਰਕ ਸੁਖ ਦੀ ਪ੍ਰਾਪਤੀ ਲਈ ਆਪਣੀ ਕਮਾਈ ਦਾ ਦਸਵੰਧ ਕੱਢਣ ਤੇ ਪ੍ਰਭੂ ਅੱਗੇ ਅਰਦਾਸ ਕਰਨ ਦੀ ਪ੍ਰਥਾ ਹੈ। ਉਹ ਧਰਮ ਦੀ ਰਖਿਆ ਅਤੇ ਪ੍ਰਸਾਰ ਲਈ ਸਿਆਸਤ ਵਿਚ ਭਾਗ ਲੈਣਾ ਵੀ ਜ਼ਰੂਰੀ ਸਮਝਦੇ ਹਨ। ਸਿੱਖ ਜਗਤ ਵਿਚ ਪੰਥਕ ਧਰਮ ਦਾ ਹੀ ਬੋਲ ਬਾਲਾ ਹੈ। ਭਾਵੇਂ ਗੁਰਬਾਣੀ ਉਪਦੇਸ਼ ਅਤੇ ਪੰਥ ਦੇ ਪਰੰਪਰਾਗਤ ਧਰਮ ਵਿਚ ਮੂਲ ਅੰਤਰ ਹੈ, ਫਿਰ ਵੀ ਪੰਥਕ ਧਰਮ ਦੇ ਉਪਾਸ਼ਕਾਂ ਦਾ ਵਿਸ਼ਵਾਸ ਹੈ ਕਿ ਉਹ ਗੁਰਬਾਣੀ ਦੇ ਦੱਸੇ ਮਾਰਗ 'ਤੇ ਚਲ ਰਹੇ ਹਨ।

ਸਿੱਖ ਪੰਥ ਦਾ ਧਾਰਮਕ ਵਿਹਾਰ ਭਾਵੇਂ ਗੁਰਬਾਣੀ ਵਿਚਾਰਧਾਰਾ ਦੇ ਅਨੁਕੂਲ ਨਹੀਂ ਹੈ, ਫਿਰ ਵੀ ਉਹ ਸਿੱਖਾਂ ਦੇ ਉਜਲ ਭਵਿੱਖ ਬਾਰੇ ਗੰਭੀਰ ਹੈ ਅਤੇ ਉਸ ਲਈ ਧਾਰਮਕ ਸਿਆਸਤ ਕਰਨਾ ਜ਼ਰੂਰੀ ਸਮਝਦਾ ਹੈ। ਧਰਮ ਅਤੇ ਸਿਆਸਤ ਵਿਚ ਮੂਲ ਅੰਤਰ ਹੋਣ ਕਾਰਨ ਧਾਰਮਕ ਸਿਆਸਤ ਦੇ ਪਰਸਪਰ ਵਿਰੋਧੀ ਕ੍ਰਿਆਵਾਂ ਦਾ ਅਨਸੁਖਾਵਾਂ ਮਿਸ਼ਰਨ ਬਣੀ ਹੋਈ ਹੈ। ਰਾਜਨੀਤੀ ਦੇ ਢੰਗ-ਤਰੀਕੇ, ਰਾਹ ਅਤੇ ਮਨੋਰਥ ਧਾਰਮਕ ਵਿਸ਼ਵਾਸ ਦੇ ਬਿਲਕੁਲ ਉਲਟ ਹਨ। ਧਰਮ ਦਾ ਮੂਲ ਮਨੋਰਥ ਸਵਰਗ ਜਾਂ ਪ੍ਰਭੂ ਪ੍ਰਾਪਤੀ ਹੈ, ਜਦੋਂ ਕਿ ਰਾਜਨੀਤੀ ਦਾ ਮਨੋਰਥ ਸੰਗਠਤ ਸਮਾਜ ਦਾ ਯੋਗ ਪ੍ਰਬੰਧ ਕਰਨਾ ਹੈ। ਧਰਮ ਭਗਤੀ ਦਾ ਮਾਰਗ ਹੈ ਅਤੇ ਸਿਆਸਤ ਸ਼ਕਤੀ ਦੀ ਪ੍ਰਤੀਨਿਧਤਾ ਹੈ। ਧਰਮ ਸਫਲ ਜੀਵਨ ਲਈ ਅਦ੍ਰਿਸ਼ਟ ਸ਼ਕਤੀਆਂ ਤੋਂ ਮੰਨਤ ਮੰਗਦਾ ਹੈ ਪਰ ਸਿਆਸਤ ਉਸ ਲਈ ਸਹੀ ਨੀਤੀ ਵਿਚ ਵਿਸ਼ਵਾਸ ਦਰਸਾਉਂਦੀ ਹੈ। ਧਰਮ ਦਾ ਸਬੰਧ ਮਨੁੱਖ ਦੇ ਨਿੱਜ ਨਾਲ ਹੈ ਅਤੇ ਸਿਆਸਤ ਦਾ ਸਮਾਜ ਨਾਲ। ਧਰਮ ਧਾਰਮਕ ਵਿਚਾਰਧਾਰਾ ਦਾ ਵਿਸ਼ਵਾਸ ਹੈ ਅਤੇ ਸਿਆਸਤ ਯਥਾਰਥ ਨੂੰ ਬਦਲਣ ਦੀ ਕ੍ਰਿਆ। ਧਰਮ ਪਰੰਪਰਾ ਅਤੇ ਅਤੀਤ ਨੂੰ ਮਹੱਤਤਾ ਦਿੰਦਾ ਹੈ ਪਰ ਸਿਆਸਤ ਭਵਿਖ ਬਾਰੇ ਚਿੰਤਤ ਹੁੰਦੀ ਹੈ।

ਸਿੱਖ ਧਰਮ ਪੰਜਾਬ ਦੀ ਵਸੋਂ ਦੇ ਇੱਕ ਵਰਗ ਬਾਰੇ ਸੋਚਦਾ ਹੈ ਜਦੋਂ ਕਿ ਸਿਆਸਤ ਸਾਰੇ ਪੰਜਾਬੀਆਂ ਦਾ ਫਿਕਰ ਕਰਦੀ ਹੈ। ਧਰਮ ਅਤੇ ਸਿਆਸਤ ਦੀ ਸੋਚ ਤੇ ਵਿਹਾਰ ਬਿਲਕੁਲ ਵਖਰੇ ਹਨ ਅਤੇ ਜੋ ਸਮਾਜ ਧਰਮ ਦੀ ਸਿਆਸਤ ਕਰਦਾ ਹੈ, ਉਸ ਦਾ ਹਸ਼ਰ ਦੋ ਬੇੜੀਆਂ ਵਿਚ ਸਵਾਰ ਵਾਲਾ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਵੀ ਨਿਰਣਾ ਹੈ ਕਿ ਅਧਿਆਤਮਕ ਵਿਚਾਰਧਾਰਾ ਅਤੇ ਸਮਾਜਕ ਵਿਹਾਰ ਵਿਚ ਕੋਈ ਸਾਂਝ ਨਹੀਂ ਹੈ, "ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥" (ਪੰਨਾ 145)

ਸਿੱਖ ਜਗਤ ਵਿਚ ਆਮ ਇਹ ਪ੍ਰਚਾਰ ਕੀਤਾ ਜਾਂਦਾ ਹੈ ਕਿ ਸਿੱਖ ਪੰਥ ਵਿਚ ਧਰਮ ਅਤੇ ਸਿਆਸਤ ਦਾ ਸੁਮੇਲ ਹੈ। ਇਸ ਵਿਚਾਰ ਨੂੰ ਕੁਝ ਇਤਿਹਾਸਕ ਵਾਰਦਾਤਾਂ ਅਤੇ ਮਿਥਿਹਾਸਕ ਕਹਾਣੀਆਂ ਰਾਹੀਂ ਮੰਨਣਯੋਗ ਬਣਾਉਣ ਦਾ ਯਤਨ ਵੀ ਕੀਤਾ ਜਾਂਦਾ ਹੈ ਪਰ ਗੁਰਬਾਣੀ ਅਨੁਸਾਰ ਸੰਸਾਰ ਦੀ ਮਾਇਆ ਅਤੇ ਧਰਮ ਦਾ ਮੇਲ ਸੰਭਵ ਨਹੀਂ।

ਅਸਲ ਵਿਚ ਗੁਰਬਾਣੀ ਸੰਸਾਰ ਨੂੰ ਪ੍ਰਭੂ ਦੀ ਕਿਰਤ ਜਾਂ ਖੇਡ, ਉਸ ਤੋਂ ਵਖਰਾ, ਦੂਜਾ, ਜਨਮ-ਮਰਨ ਦੇ ਗੇੜ ਵਿਚ ਪਿਆ ਪਦਾਰਥ ਅਤੇ ਮਿਥਿਆ ਮੰਨਦੀ ਹੈ, "ਦ੍ਰਿਸਟਮਾਨ ਹੈ ਸਗਲ ਮਿਥੇਨਾ॥" (ਪੰਨਾ 1090)। ਉਹ ਸੰਸਾਰ ਵਿਚ ਤ੍ਰੈਗੁਣਾਂ, ਰਜੋ, ਤਮੋ, ਸਤੋ "ਤ੍ਰੈ ਗੁਣ ਬਿਖਿਆ ਅੰਧੁ ਹੈ ਮਾਇਆ ਮੋਹਿ ਗੁਬਾਰ॥" (ਪੰਨਾ 30) ਨੂੰ ਕ੍ਰਿਆਸ਼ੀਲ ਅਤੇ ਪ੍ਰਭੂ ਨੂੰ ਅਦ੍ਰਿਸ਼ਟ ਪਰ ਸੱਤ ਮੰਨਦੀ ਹੈ। ਮਨੁੱਖ ਮਾਇਆ ਦੇ ਤ੍ਰੈਗੁਣਾਂ ਤੋਂ ਉਤੇ ਉਠ ਕੇ ਹੀ ਪ੍ਰਭੂ ਦੀ ਕਿਰਪਾ ਰਾਹੀਂ ਚੌਥੇ ਪਦ ਵਿਚ ਉਸ ਦਾ ਗਿਆਨ ਪ੍ਰਾਪਤ ਕਰਕੇ ਉਸ ਦੇ ਦਰਸ਼ਨ ਅਤੇ ਮਿਲਾਪ ਕਰਨਯੋਗ ਬਣ ਸਕਦਾ ਹੈ। ਗੁਰਬਾਣੀ ਦੀ ਇਹ ਅਧਿਆਤਮਕ ਵਿਚਾਰਧਾਰਾ ਸਨਾਤਨੀ ਅਤੇ ਸੈਮਟਿਕ ਵਿਚਾਰਧਾਰਾਵਾਂ ਵਿਚੋਂ ਵਿਕਸਿਤ ਹੋਈ ਹੈ।

ਗੁਰੂ ਨਾਨਕ ਦੇਵ ਨੇ ਆਪਣੇ ਸਮੇਂ ਦੇ ਪਹੁੰਚਯੋਗ ਜਗਤ ਦਾ ਰਟਨ ਕਰ, ਭਗਤਾਂ, ਸੰਤਾਂ ਤੇ ਧਾਰਮਕ ਆਗੂਆਂ ਨਾਲ ਵਿਚਾਰ ਵਟਾਂਦਰੇ ਅਤੇ ਰਿਸ਼ੀਆਂ, ਮੁਨੀਆਂ ਤੇ ਭਗਤਾਂ ਦੀਆਂ ਰਚਨਾਵਾਂ ਦਾ ਅਧਿਐਨ ਕਰਕੇ ਗੁਰਬਾਣੀ ਵਿਚਾਰਧਾਰਾ ਨੂੰ ਨਾਨਕ ਬਾਣੀ ਦੇ ਰੂਪ ਵਿਚ ਪ੍ਰਗਟ ਕੀਤਾ ਹੈ। ਉਨ੍ਹਾਂ ਆਪਣੀ ਬਾਣੀ ਨੂੰ 'ਖਸਮ ਕੀ ਬਾਣੀ' ਆਖਿਆ ਹੈ। ਦੂਜੇ ਪੰਜ ਗੁਰੂ ਸਾਹਿਬਾਨ ਨੇ ਇਸੇ ਨਾਨਕ ਬਾਣੀ ਦੀ ਵਿਆਖਿਆ ਕੀਤੀ ਹੈ ਅਤੇ ਆਪਣੀਆਂ ਰਚਨਾਵਾਂ ਨੂੰ ਨਾਨਕ ਬਾਣੀ ਦਾ ਨਾਂ ਦਿੱਤਾ ਹੈ। ਸਮਾਜਕ ਪੱਧਰ 'ਤੇ ਗੁਰਬਾਣੀ ਮਨੁੱਖ ਨੂੰ ਆਪਣੇ ਜੀਵਨ ਵਿਚ ਪਰਿਵਾਰਕ ਤੇ ਸਮਾਜਕ ਜ਼ਿੰਮੇਵਾਰੀਆਂ ਨਿਭਾਉਣ ਦਾ ਉਪਦੇਸ਼ ਦਿੰਦੀ ਹੈ ਅਤੇ ਮਨੁੱਖੀ ਏਕਤਾ, ਸੁਤੰਤਰਤਾ ਤੇ ਬਰਾਬਰੀ ਦੀ ਸਮਰਥਕ ਹੈ। ਪੰਥਕ ਧਾਰਮਕ ਕ੍ਰਿਆਵਾਂ ਗੁਰਬਾਣੀ ਵਿਚਾਰਧਾਰਾ ਦੇ ਅਨੁਕੂਲ ਨਹੀਂ ਹਨ।

ਸਿੱਖ ਪੰਥ ਦੀ ਧਾਰਮਕ ਸਿਆਸਤ ਦਾ ਮਨੋਰਥ ਸਿੱਖ ਧਰਮ ਦੀ ਚੜ੍ਹਦੀ ਕਲਾ ਦੀ ਪ੍ਰਾਪਤੀ ਸੀ। ਪੰਥਕ ਸਿਆਸਤ ਦੀਆਂ ਪ੍ਰਾਪਤੀਆਂ ਦੇ ਮੁਲਾਂਕਣ ਲਈ ਉਸ ਦੀ ਉਤਪਤੀ ਅਤੇ ਪਿਛੋਕੜ 'ਤੇ ਇੱਕ ਝਾਤ ਪਾਉਣੀ ਜ਼ਰੂਰੀ ਹੈ, ਪਰ ਕਿਉਂਕਿ ਉਸ ਸਿਆਸਤ ਦਾ ਕਾਰਜ ਖੇਤਰ ਪੰਜਾਬ ਸੀ, ਇਸ ਲਈ ਪੰਜਾਬ ਦੇ ਉਦਭਵ ਬਾਰੇ ਵੀ ਵਿਚਾਰ ਕਰਨਾ ਬਣਦਾ ਹੈ। ਪੰਜਾਬ ਦੇਸ਼ ਅਤੇ ਪੰਜਾਬੀ ਕੌਮ ਦੀ ਉਤਪਤੀ ਗੁਰੂ ਨਾਨਕ ਵਿਚਾਰਧਾਰਾ ਦੇ ਪਰਿਣਾਮ ਹਨ। ਉਨ੍ਹਾਂ ਦੇ ਉਦਮ ਸਦਕਾ ਹੀ ਪੇਸ਼ਾਵਰ ਤੋਂ ਦਿੱਲੀ ਤਕ ਦੇ ਖਿੱਤੇ ਵਿਚ ਪੰਜਾਬੀ ਸਭਿਆਚਾਰ ਦਾ ਬੋਲ ਬਾਲਾ ਹੋਇਆ ਸੀ। ਉਨ੍ਹਾਂ ਵਿਚ ਹੀ ਬਾਬਰ ਨੂੰ ਚੁਣੌਤੀ ਦੇਣ ਅਤੇ ਮਨੁੱਖਤਾ ਦੀ ਸਾਂਝੀਵਾਲਤਾ ਦਾ ਹੋਕਾ ਦੇਣ ਦੀ ਸਮਰੱਥਾ ਸੀ। ਉਨ੍ਹਾਂ ਦੇ ਮਾਨਵਵਾਦੀ ਵਿਚਾਰ ਹਿੰਦੂਆਂ ਨੂੰ ਚੰਗੇਰੇ ਹਿੰਦੂ ਅਤੇ ਮੁਸਲਮਾਨਾਂ ਨੂੰ ਅੱਛੇ ਮੁਸਲਮਾਨ ਬਣਨ ਲਈ ਪ੍ਰੇਰਿਤ ਕਰਦੇ ਸਨ। ਮੁਸਲਮਾਨਾਂ ਪ੍ਰਤੀ ਉਨ੍ਹਾਂ ਦਾ ਕਥਨ ਹੈ,

ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ
ਤਾ ਮੁਸਲਮਾਣੁ ਕਹਾਵੈ॥
ਅਵਲਿ ਅਉਲਿ ਦੀਨੁ ਕਰਿ
ਮਿਠਾ ਮਸਕਲ ਮਾਨਾ ਮਾਲੁ ਮੁਸਾਵੈ॥
ਹੋਇ ਮੁਸਲਿਮੁ ਦੀਨ ਮੁਹਾਣੈ
ਮਰਣ ਜੀਵਣ ਕਾ ਭਰਮੁ ਚੁਕਾਵੈ॥
ਰਬ ਕੀ ਰਜਾਇ ਮੰਨੇ ਸਿਰ ਉਪਰਿ
ਕਰਤਾ ਮੰਨੇ ਆਪੁ ਗਵਾਵੈ॥
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ
ਤ ਮੁਸਲਮਾਣੁ ਕਹਾਵੈ॥ (ਪੰਨਾ 141)

ਗੁਰੂ ਨਾਨਕ ਦੇਵ ਪੰਜਾਬ ਦੇ ਸਰਬ ਸਾਂਝੇ ਆਗੂ ਪ੍ਰਵਾਨ ਹੋਏ। ਮੁਸਲਮਾਨ ਉਨ੍ਹਾਂ ਨੂੰ ਆਪਣਾ ਪੀਰ ਅਤੇ ਹਿੰਦੂ ਆਪਣਾ ਗੁਰੂ ਮੰਨਦੇ ਸਨ।

ਹੇਠਾਂ ਪੰਜਾਬ ਦੀਆ ਕੁਝ ਇਤਿਹਾਸਕ ਵਾਰਦਾਤਾਂ ਵਿਚ ਧਰਮ ਅਤੇ ਸਿਆਸਤ ਦੀ ਭੂਮਿਕਾ ਦਾ ਮੁਲਾਂਕਣ ਕਰਨ ਦਾ ਯਤਨ ਕੀਤਾ ਗਿਆ ਹੈ:

ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਜੰਗਾਂ ਧਾਰਮਕ ਨਹੀਂ ਸਨ, ਸਿਆਸੀ ਸਨ। ਉਨ੍ਹਾਂ ਦੇ ਸੈਨਿਕਾਂ ਅਤੇ ਸਹਿਯੋਗੀਆਂ ਦਾ ਸਬੰਧ ਸਾਰੇ ਧਰਮਾਂ ਨਾਲ ਸੀ।

ਸਿੱਖ ਮਿਸਲਾਂ ਪੰਜਾਬੀਆਂ ਵਲੋਂ ਸਿੱਖ ਜੋਧਿਆਂ ਦੀ ਅਗਵਾਈ ਹੇਠ ਗੁਰੀਲਾ ਜੰਗ ਲਈ ਬਣਾਏ ਸੰਗਠਨ ਸਨ। ਮਿਸਲਾਂ ਦਾ ਸੰਘਰਸ਼ ਧਾਰਮਕ ਨਹੀਂ, ਰਾਜਸੀ ਸੀ।

ਮਹਾਰਾਜਾ ਰਣਜੀਤ ਸਿੰਘ ਦਾ ਰਾਜ ਵੀ ਧਰਮਤੰਤਰਕ ਨਹੀਂ ਸੀ। ਉਹ ਸਿੱਖ ਰਾਜੇ ਦਾ ਪੰਜਾਬ ਵਿਚ ਧਰਮ ਨਿਰਪੱਖ ਰਾਜ ਸੀ। ਧਰਮ ਨਿਰਪੱਖਤਾ ਉਸ ਦੇ ਰਾਜ ਦੀ ਸਫਲਤਾ ਦਾ ਇੱਕ ਕਾਰਨ ਸੀ।

ਅੰਗਰੇਜ਼ਾਂ ਦੀ ਸਿੱਖਾਂ ਨਾਲ ਦੂਜੀ ਜੰਗ ਬਾਰੇ ਸ਼ਾਹ ਮੁਹੰਮਦ ਲਿਖਦਾ ਹੈ, "ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ, ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।" ਸਿੱਖ ਫੌਜ ਨੇ ਅੰਗਰੇਜ਼ਾਂ ਨੂੰ ਹਰਾ ਦਿੱਤਾ ਸੀ ਪਰ ਉਨ੍ਹਾਂ ਆਪਣੀ ਜਿੱਤ ਦਾ ਐਲਾਨ ਨਾ ਕੀਤਾ ਅਤੇ ਮੌਕਾ ਪਾ ਕੇ ਲਾਰਡ ਡਲਹੌਜ਼ੀ ਨੇ ਅੰਗਰੇਜ਼ਾਂ ਦੀ ਜਿੱਤ ਦਾ ਝੂਠਾ ਐਲਾਨ ਕਰ ਦਿੱਤਾ।

ਨਾਮਧਾਰੀਆਂ ਦੇ ਧਾਰਮਕ ਸੰਘਰਸ਼ ਵਿਚ ਉਨ੍ਹਾਂ ਦੇ ਬਹੁਤੇ ਆਗੂ ਤੋਪਾਂ ਨਾਲ ਉਡਾ ਦਿੱਤੇ ਗਏ ਸਨ ਪਰ ਸਿੱਖ ਇਤਿਹਾਸ ਨੇ ਉਨ੍ਹਾਂ ਨੂੰ ਹਾਸ਼ੀਏ 'ਤੇ ਰੱਖਿਆ ਹੋਇਆ ਹੈ। ਇਸ ਦੇ ਉਲਟ ਗਦਰ ਪਾਰਟੀ ਦੇ ਸੰਘਰਸ਼ ਨੇ ਹਿੰਦੋਸਤਾਨ ਅਤੇ ਕੈਨੇਡਾ ਦੇ ਇਤਿਹਾਸ ਵਿਚ ਆਪਣੀ ਛਾਪ ਛੱਡ ਦਿੱਤੀ ਹੈ ਅਤੇ ਕੈਨੇਡਾ ਦੀ ਸਰਕਾਰ ਨੇ ਗਦਰੀ ਬਾਬਿਆਂ ਨਾਲ ਕੀਤੇ ਅਨਿਆਂ ਦੀ ਖਿਮਾ ਮੰਗ ਕੇ ਉਨ੍ਹਾਂ ਦੀ ਬਹਾਦਰੀ ਨੂੰ ਅਲੌਕਿਕ ਬਣਾ ਦਿੱਤਾ ਹੈ।

ਹਿੰਦੋਸਤਾਨ ਦੀ ਧਰਤੀ 'ਤੇ ਧਾਰਮਕ ਸਿਆਸਤ ਦੀ ਪ੍ਰਥਾ ਅੰਗਰੇਜ਼ ਸਰਕਾਰ ਨੇ 1909 ਦਾ ਐਕਟ ਬਣਾ ਕੇ ਸਥਾਪਤ ਕੀਤੀ ਸੀ। ਇਸ ਐਕਟ ਨੂੰ ਮਿੰਟੋ-ਮੋਰਲੇ ਰਿਫਾਰਮ ਵੀ ਕਿਹਾ ਜਾਂਦਾ ਹੈ। ਇਹ ਨਾਪਾਕ ਬੀਮਾਰੀ ਅੰਗਰੇਜ਼ੀ ਸਾਮਰਾਜ ਦੇ ਉਸੇ ਅਧਿਨਿਯਮ ਦੀ ਦੇਣ ਹੈ। 1909 ਦਾ ਐਕਟ ਬਣਨ ਤੇ ਹਿੰਦੂਆਂ ਨੇ ਹਿੰਦੂ ਮਹਾ ਸਭਾ ਬਣਾਈ ਸੀ, ਜਿਸ ਨੂੰ ਗਾਂਧੀ ਨੇ ਸਾਬੋਤਾਜ ਕਰਕੇ ਅਰਥਹੀਣ ਕਰ ਦਿੱਤਾ ਸੀ। ਯੂ. ਪੀ. ਦੇ ਮੁਸਲਮਾਨ ਮੁਸਲਿਮ ਲੀਗ ਦੇ ਵੱਡੇ ਸਮਰਥਕ ਸਨ ਪਰ ਉਸ ਦੀ ਅਗਵਾਈ ਧਰਮ ਨਿਰਪੱਖ ਸੋਚ ਵਾਲੇ ਬੰਬਈ ਦੇ ਵਸਨੀਕ ਜਿਨਾਹ ਨੇ ਸਾਂਭ ਲਈ ਸੀ। ਸਿੱਖਾਂ ਨੇ ਵੀ ਆਪਣੇ ਧਰਮ 'ਤੇ ਆਧਾਰਤ ਸਿਆਸੀ ਪਾਰਟੀ ਅਕਾਲੀ ਦਲ ਸਥਾਪਤ ਕਰ ਲਿਆ ਸੀ। ਹਿੰਦੂ ਬਹੁਗਿਣਤੀ ਨੇ ਗਾਂਧੀ ਦੀ ਅਗਵਾਈ ਹੇਠ ਭਾਰਤ ਨੂੰ ਆਜ਼ਾਦ ਕਰਵਾ ਕੇ ਧਰਮ ਨਿਰਪੱਖ ਰਾਜ ਸਥਾਪਤ ਕਰ ਲਿਆ। ਜਿਨਾਹ ਵੀ ਮੁਸਲਮਾਨਾਂ ਦੀ ਬਹੁਗਿਣਤੀ ਵਾਲੇ ਖੇਤਰਾਂ ਵਿਚ ਸੁਤੰਤਰ ਪਾਕਿਸਤਾਨ ਰਾਜ ਦੀ ਸਥਾਪਨਾ ਕਰਨ ਵਿਚ ਸਫਲ ਹੋ ਗਿਆ ਅਤੇ ਉਸ ਨੇ ਵੀ ਪਾਕਿਸਤਾਨ ਨੂੰ ਧਰਮ ਨਿਰਪੇਖ ਰਾਜ ਬਣਾਉਣ ਦਾ ਫੈਸਲਾ ਕਰ ਲਿਆ। ਸੀ. ਰਾਜਗੋਪਾਲਾਚਾਰੀ ਨੇ ਕਾਂਗਰਸ ਨੂੰ ਪਾਕਿਸਤਾਨ ਦੇ ਮਤੇ ਨੂੰ ਪ੍ਰਵਾਨ ਕਰਨ ਦਾ ਸੁਝਾਅ ਦਿੱਤਾ ਸੀ ਪਰ ਕਾਂਗਰਸ ਤਾਂ ਪਾਕਿਸਤਾਨ ਦਾ ਨਾਂ ਸੁਣਨ ਲਈ ਤਿਆਰ ਨਹੀਂ ਸੀ। ਅਕਾਲੀਆਂ ਨੇ ਪਾਕਿਸਤਾਨ ਦੀ ਥਾਂ ਭਾਰਤ ਵਿਚ ਸ਼ਾਮਲ ਹੋਣ ਦਾ ਫੈਸਲਾ ਕਰ ਲਿਆ।

ਗੁਰਦੁਆਰਾ ਸੁਧਾਰ ਲਹਿਰ ਨੂੰ ਅਕਸਰ ਧਾਰਮਕ ਸੰਘਰਸ਼ ਸਮਝ ਲਿਆ ਜਾਂਦਾ ਹੈ। ਭਾਵੇਂ ਉਹ ਸਿੱਖ ਧਰਮ ਨਾਲ ਸਬੰਧਤ ਸੰਘਰਸ਼ ਸੀ ਪਰ ਉਸ ਦਾ ਮਨੋਰਥ ਧਾਰਮਕ ਆਜ਼ਾਦੀ ਦੀ ਪ੍ਰਾਪਤੀ ਸੀ। ਉਸ ਸੰਘਰਸ਼ ਦੀ ਅਗਵਾਈ ਨਿਰਭੈ ਅਤੇ ਸੂਝਵਾਨ ਆਗੂ ਸਰਦਾਰ ਖੜਗ ਸਿੰਘ ਕਰ ਰਿਹਾ ਸੀ। ਉਸ ਨੇ ਅੰਗਰੇਜ਼ੀ ਸਾਮਰਾਜ ਦੇ ਘੁਮੰਡ ਨੂੰ ਖੇਰੂੰ ਖੇਰੂੰ ਕਰ ਦਿੱਤਾ, ਪਰ ਅੰਗਰੇਜ਼ ਸਰਕਾਰ ਵਿਰੁਧ ਜਿੱਤੇ ਸੰਘਰਸ਼ ਨੂੰ ਸਿੱਖ ਧਾਰਮਕ ਆਗੂਆਂ ਨੇ ਗੁਰਦੁਆਰਾ ਐਕਟ ਬਣਵਾ ਸਿੱਖ ਧਰਮ ਵਿਚ ਸਰਕਾਰ ਦੀ ਦਖਲ ਅੰਦਾਜ਼ੀ ਲਈ ਰਾਹ ਖੋਲ੍ਹ ਕੇ ਅਰਥਹੀਣ ਬਣਾ ਦਿੱਤਾ। ਹੁਣ ਸਰਕਾਰ ਆਪਣੀ ਮਰਜ਼ੀ ਨਾਲ ਐਕਟ ਨੂੰ ਬਦਲ ਕੇ ਸਿੱਖ ਧਰਮ ਵਿਚ ਦਖਲ ਅੰਦਾਜ਼ੀ ਕਰਨ ਦੇ ਯੋਗ ਹੋ ਗਈ ਹੈ। ਇਸ ਵਿਵਸਥਾ ਅਧੀਨ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਜਥੇਦਾਰਾਂ ਦੇ ਨਾਂ ਲਫਾਫਿਆਂ ਵਿਚੋਂ ਨਿਕਲਣ ਲੱਗ ਪਏ ਹਨ।

**ਗੁਰਦੁਆਰਾ ਸੁਧਾਰ ਲਹਿਰ ਨੂੰ ਅਕਸਰ ਧਾਰਮਕ ਸੰਘਰਸ਼ ਸਮਝ ਲਿਆ ਜਾਂਦਾ ਹੈ। ਭਾਵੇਂ ਉਹ ਸਿੱਖ ਧਰਮ ਨਾਲ ਸਬੰਧਤ ਸੰਘਰਸ਼ ਸੀ ਪਰ ਉਸ ਦਾ ਮਨੋਰਥ ਧਾਰਮਕ ਆਜ਼ਾਦੀ ਦੀ ਪ੍ਰਾਪਤੀ ਸੀ। ਉਸ ਸੰਘਰਸ਼ ਦੀ ਅਗਵਾਈ ਨਿਰਭੈ ਅਤੇ ਸੂਝਵਾਨ ਆਗੂ ਸਰਦਾਰ ਖੜਗ ਸਿੰਘ ਕਰ ਰਿਹਾ ਸੀ। ਉਸ ਨੇ ਅੰਗਰੇਜ਼ੀ ਸਾਮਰਾਜ ਦੇ ਘੁਮੰਡ ਨੂੰ ਖੇਰੂੰ ਖੇਰੂੰ ਕਰ ਦਿੱਤਾ, ਪਰ ਅੰਗਰੇਜ਼ ਸਰਕਾਰ ਵਿਰੁਧ ਜਿੱਤੇ ਸੰਘਰਸ਼ ਨੂੰ ਸਿੱਖ ਧਾਰਮਕ ਆਗੂਆਂ ਨੇ ਗੁਰਦੁਆਰਾ ਐਕਟ ਬਣਵਾ ਸਿੱਖ ਧਰਮ ਵਿਚ ਸਰਕਾਰ ਦੀ ਦਖਲ ਅੰਦਾਜ਼ੀ ਲਈ ਰਾਹ ਖੋਲ੍ਹ ਕੇ ਅਰਥਹੀਣ ਬਣਾ ਦਿੱਤਾ। ਹੁਣ ਸਰਕਾਰ ਆਪਣੀ ਮਰਜ਼ੀ ਨਾਲ ਐਕਟ ਨੂੰ ਬਦਲ ਕੇ ਸਿੱਖ ਧਰਮ ਵਿਚ ਦਖਲ ਅੰਦਾਜ਼ੀ ਕਰਨ ਦੇ ਯੋਗ ਹੋ ਗਈ ਹੈ। ਇਸ ਵਿਵਸਥਾ ਅਧੀਨ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਜਥੇਦਾਰਾਂ ਦੇ ਨਾਂ ਲਫਾਫਿਆਂ ਵਿਚੋਂ ਨਿਕਲਣ ਲੱਗ ਪਏ ਹਨ।**

ਦੱਸਿਆ ਜਾਂਦਾ ਹੈ ਕਿ ਸਰ ਸਟੈਫੋਰਡ ਕਰਿਪਸ ਨੇ ਆਪਣੇ ਮਿਸ਼ਨ ਸਮੇਂ ਅਕਾਲੀਆਂ ਨੂੰ ਸਿੱਖ ਰਾਜਿਆਂ ਦੇ ਮਾਲਵਾ, ਪੁਆਧ ਅਤੇ ਬਾਂਗਰ ਦੇ ਇਲਾਕਿਆਂ 'ਤੇ ਰਾਜ ਨੂੰ ਸੁਤੰਤਰ ਸਿੱਖ ਰਾਜ ਬਣਾਉਣ ਬਾਰੇ ਵਿਚਾਰ ਕਰਨ ਦਾ ਸੰਕੇਤ ਦਿੱਤਾ ਸੀ ਪਰ ਅਕਾਲੀ ਪਾਰਟੀ ਨੂੰ ਵੀਹਵੀਂ ਸ਼ਤਾਬਦੀ ਦੀ ਸਿਆਸਤ ਦਾ ਗਿਆਨ ਨਹੀਂ ਸੀ ਕਿਉਂਕਿ ਉਹ ਮੱਧਕਾਲੀ ਸਿੱਖ ਧਾਰਮਕ ਪਰੰਪਰਾ, ਸਿੱਖ ਮਿਸਲਾਂ ਅਤੇ ਰਣਜੀਤ ਸਿੰਘ ਦੇ ਰਾਜ ਤੋਂ ਪ੍ਰਭਾਵਤ ਧਾਰਮਕ ਸਿਆਸਤ ਕਰਦੇ ਸਨ। ਉਨ੍ਹਾਂ ਦੀ ਸੋਚ ਅਨੁਸਾਰ ਮਾਲਵਾ ਤੇ ਬਾਂਗਰ ਅਤੇ ਉਥੋਂ ਦੇ ਸਿੱਖ ਰਾਜਿਆਂ ਨਾਲ ਸਿੱਖ ਪੰਥ ਦਾ ਕੋਈ ਵਾਸਤਾ ਨਹੀਂ ਸੀ। ਉਨ੍ਹਾਂ ਕਰਿਪਸ ਦੇ ਸੰਕੇਤ ਨੂੰ ਅਣਗੌਲਿਆ ਕਰ ਦਿੱਤਾ।

ਮੁਹੰਮਦ ਅਲੀ ਜਿਨਾਹ ਨੇ ਅਕਾਲੀਆਂ ਨੂੰ ਪਾਕਿਸਤਾਨ ਪ੍ਰਵਾਨ ਕਰਨ ਅਤੇ ਉਸ ਵਿਚ ਰਹਿਣ ਦੀ ਪੇਸ਼ਕਸ਼ ਕੀਤੀ ਸੀ, ਜੋ ਉਨ੍ਹਾਂ ਪ੍ਰਵਾਨ ਨਾ ਕੀਤੀ। ਆਰੀਆ ਸਮਾਜੀ ਤਾਂ ਪਾਕਿਸਤਾਨ ਦੇ ਵਿਰੋਧੀ ਸਨ ਪਰ ਸਿੱਖਾਂ ਨੂੰ ਪਾਕਿਸਤਾਨ ਵਿਚ ਵਸੇ ਰਹਿਣ ਬਾਰੇ ਕੋਈ ਉਜ਼ਰ ਨਹੀਂ ਸੀ ਹੋਣਾ ਚਾਹੀਦਾ। ਜੇ ਅਕਾਲੀ ਪਾਕਿਸਤਾਨ ਵਿਚ ਰਹਿਣ ਲਈ ਰਾਜ਼ੀ ਹੋ ਜਾਂਦੇ ਤਾਂ ਬਹੁਤੇ ਹਿੰਦੂਆਂ ਦੇ ਰਾਜ਼ੀ ਹੋ ਜਾਣ ਦੀ ਵੀ ਸੰਭਾਵਨਾ ਸੀ। ਐਸਾ ਹੋਣ ਨਾਲ ਪੰਜਾਬ ਦਾ ਬਟਵਾਰਾ ਹੋਣ ਤੋਂ ਬਚ ਜਾਂਦਾ ਅਤੇ ਲੱਖਾਂ ਲੋਕਾਂ ਦੇ ਉਜਾੜੇ ਤੇ ਖੂਨ ਖਰਾਬੇ ਦੀ ਸੰਭਾਵਨਾ ਵੀ ਘਟ ਜਾਂਦੀ। ਫਰੰਟੀਅਰ ਗਾਂਧੀ ਅਬਦੁਲ ਗੱਫਾਰ ਖਾਨ ਵਲੋਂ ਵੀ ਅਕਾਲੀਆਂ ਦੇ ਫੈਸਲੇ ਦਾ ਸਵਾਗਤ ਹੋਣਾ ਸੀ। ਹੈਰਾਨੀ ਹੁੰਦੀ ਹੈ ਕਿ ਅਕਾਲੀ ਪਾਕਿਸਤਾਨ ਵਿਚ ਰਲਣ ਤੋਂ ਤਾਂ ਇਨਕਾਰੀ ਸਨ ਪਰ ਭਾਰਤ ਵਿਚ ਬਿਨਾ ਕਿਸੇ ਲਿਖਤੀ ਇਕਰਾਰਨਾਮੇ ਦੇ ਕਾਂਗਰਸੀ ਸਿਆਸਤਦਾਨਾਂ ਦੀਆਂ ਗੱਲਾਂ 'ਤੇ ਭਰੋਸਾ ਕਰਕੇ ਰਲਣ ਲਈ ਤਿਆਰ ਹੋ ਗਏ।

ਡਾ. ਅੰਬੇਦਕਰ ਦਾ ਖਿਆਲ ਸੀ ਕਿ ਗੁਰਬਾਣੀ ਜਾਤ-ਪਾਤ ਦਾ ਖੰਡਨ ਕਰਦੀ ਹੈ ਅਤੇ ਸਿੱਖ ਪੰਥ "ਅਵਲ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥" (ਪੰਨਾ 1349) ਵਿਚ ਜ਼ਰੂਰ ਆਸਥਾ ਰਖਦਾ ਹੋਵੇਗਾ। ਇਸ ਲਈ ਉਸ ਨੇ ਦਲਿਤਾਂ ਨੂੰ ਵੀ ਸਿੱਖ ਧਰਮ ਵਿਚ ਸ਼ਾਮਲ ਕਰ ਲੈਣ ਲਈ ਅਕਾਲੀਆਂ ਨੂੰ ਬੇਨਤੀ ਕੀਤੀ ਸੀ, ਜੋ ਉਨ੍ਹਾਂ ਪ੍ਰਵਾਨ ਨਾ ਕੀਤੀ।

ਪੰਜਾਬੀ ਸੂਬੇ ਦੇ ਸੰਘਰਸ਼ ਦਾ ਮੁੱਖ ਟੀਚਾ ਤਾਂ ਭਾਸ਼ਾ ਦੇ ਆਧਾਰ 'ਤੇ ਰਾਜ ਦੀ ਸੀਮਾ ਮਿਥਣਾ ਸੀ ਪਰ ਕੁੰਡਾਂ ਵਿਚ ਸੜ ਮਰਨ ਦੇ ਡਰਾਮੇ ਨੇ ਇਸ ਦੇ ਟੀਚੇ ਵਿਚ ਪਾੜ ਪਾ ਦਿੱਤੀ। ਇਹ ਸੰਘਰਸ਼ ਅਕਾਲੀ ਦਲ ਦੀ ਲੀਡਰੀ ਪੋਠੋਹਾਰੀਆਂ ਅਤੇ ਮਝੈਲਾਂ ਤੋਂ ਖੋਹ ਕੇ ਮਲਵਈਆਂ ਨੂੰ ਦੇਣ ਵਲ ਤੁਰ ਪਿਆ। ਸਿੱਖਾਂ ਦੀ ਫੁੱਟ ਦਾ ਲਾਭ ਵਿਰੋਧੀਆਂ ਨੇ ਉਠਾ ਲਿਆ।

ਇੰਦਰਾ ਗਾਂਧੀ ਤੇ ਗਿਆਨੀ ਜ਼ੈਲ ਸਿੰਘ ਨੇ ਅਕਾਲੀ ਦਲ ਦੇ ਸਿਆਸੀ ਪ੍ਰਭਾਵ ਨੂੰ ਘਟਾਉਣ ਲਈ ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਸਿੱਖ ਸਿਆਸਤ ਦੇ ਪਿੜ ਵਿਚ ਉਤਾਰਿਆ ਸੀ। ਉਹ ਸਿੱਖ ਧਰਮ ਦੀ ਇੱਕ ਸੰਪਰਦਾ ਦਾ ਮੁਖੀ ਸੀ। ਉਸ ਨੇ ਸਿੱਖਾਂ ਨਾਲ ਹੋਈਆਂ ਵਧੀਕੀਆਂ, ਵਿਤਕਰੇ ਅਤੇ ਅਨਿਆਂ ਦੀਆਂ ਭਾਵਨਾਵਾਂ ਤੋਂ ਉਪਜੇ ਰੋਹ ਨੂੰ ਉਭਾਰ ਕੇ ਸਿੱਖ ਪੰਥ ਵਿਚ ਸਿਆਸੀ ਹਨੇਰੀ ਲਿਆ ਦਿੱਤੀ। ਉਹ ਸਿੱਖਾਂ ਦੀਆਂ ਭਾਵਨਾਵਾਂ ਨੂੰ ਉਤੇਜਿਤ ਕਰਨ ਵਿਚ ਤਾਂ ਸਫਲ ਹੋ ਗਿਆ ਪਰ ਉਨ੍ਹਾਂ ਦੇ ਰੋਹ ਨੂੰ ਕਾਬੂ ਕਰਨ ਅਤੇ ਭਾਵਨਾਵਾਂ ਦੀ ਹਨੇਰੀ ਨੂੰ ਸਹੀ ਦਿਸ਼ਾ ਦੇਣ ਦੇ ਸਮਰੱਥ ਨਾ ਹੋ ਸਕਿਆ। ਸਿਆਸਤ ਸਮਾਜ ਅਤੇ ਦੂਜੀਆਂ ਕੌਮਾਂ ਨਾਲ ਸਬੰਧਾਂ ਦੇ ਪ੍ਰਬੰਧ ਦਾ ਕਿੱਤਾ ਹੈ। ਇਸ ਕਿੱਤੇ ਵਿਚ ਸਫਲਤਾ ਰਾਜਨੀਤੀ ਸ਼ਾਸਤਰ ਅਤੇ ਕਾਨੂੰਨ ਦੇ ਗਿਆਨ ਤੇ ਤਜਰਬੇ ਦੇ ਨਾਲ ਸਿਆਸੀ ਬੋਧ 'ਤੇ ਨਿਰਭਰ ਕਰਦੀ ਹੈ। ਧਾਰਮਕ ਸਿੱਖਿਆ ਅਤੇ ਅਭਿਆਸ ਧਰਮ ਵਿਚ ਯੋਗ ਬਣਾਉਣ ਦੇ ਸਮਰੱਥ ਤਾਂ ਹੁੰਦੇ ਹਨ ਪਰ ਸਿਆਸਤ ਤੇ ਜੰਗ ਵਿਚ ਕੁਸ਼ਲਤਾ ਪ੍ਰਦਾਨ ਕਰਨਯੋਗ ਨਹੀਂ। ਸਿਆਸਤ ਵਿਰੋਧੀ ਦੀ ਸ਼ਕਤੀ ਦਾ ਅਨੁਮਾਨ ਲਾਉਣ ਅਤੇ ਆਪਣੇ ਅਨੁਯਾਈਆਂ ਦੀ ਸ਼ਕਤੀ ਨੂੰ ਕਾਬੂ ਕਰਕੇ ਉਚਿੱਤ ਚਾਲ ਚਲਣ ਦੀ ਵਿਧੀ ਹੈ। ਉਸ ਵਿਚ ਸਫਲਤਾ ਜੰਗੀ ਤਿਆਰੀ ਦੇ ਨਾਲ ਪੱਕੇ ਸਿਆਸੀ ਸੰਗਠਨ ਅਤੇ ਚਿੰਤਕ ਸਲਾਹਕਾਰਾਂ ਦੀ ਟੀਮ 'ਤੇ ਨਿਰਭਰ ਕਰਦੀ ਹੈ।

ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਇੱਕੇ ਦੁੱਕੇ ਚਿੰਤਕਾਂ ਦੀ ਸਲਾਹ ਤਾਂ ਲੈਂਦਾ ਸੀ ਪਰ ਉਸ ਦੀ ਸਿਆਸਤ ਧਾਰਮਕ ਵਿਸ਼ਵਾਸਾਂ ਤੋਂ ਭਾਵੁਕ ਹੋ ਕੇ ਭਾਵਨਾਵਾਂ ਦੇ ਹੜ੍ਹ ਦੇ ਨਿਵਾਣ ਵਲ ਤੁਰੀ ਹੋਈ ਸੀ। ਭਾਰਤ ਸਰਕਾਰ ਨੇ ਅੰਗਰੇਜ਼ੀ ਸਾਮਰਾਜ ਦੀ ਸਲਾਹ ਨਾਲ ਸਿੱਖ ਧਾਰਮਕ ਅਸਥਾਨਾਂ ਦੀ ਬੇਪਤੀ ਕਰਕੇ ਸਿੱਖ ਸ਼ਰਧਾਲੂਆਂ ਨੂੰ ਮਾਰ ਮੁਕਾਉਣ ਅਤੇ ਪੰਜਾਬ ਦੀ ਜਵਾਨੀ ਤੇ ਪੰਜਾਬ ਨੂੰ ਬਰਬਾਦ ਕਰਨ ਦੀ ਗੁਪਤ ਯੋਜਨਾ ਬਣਾਈ ਹੋਈ ਸੀ, ਜਿਸ ਦੀ ਸੰਤ ਭਿੰਡਰਾਂਵਾਲੇ ਨੂੰ ਕੋਈ ਜਾਣਕਾਰੀ ਨਹੀਂ ਸੀ।

ਪੰਜਾਬ ਗੁਰੂ ਨਾਨਕ ਸਾਹਿਬ ਦੀ ਵਰੋਸਾਈ ਪ੍ਰਭਾਵਸ਼ਾਲੀ ਸਭਿਆਚਾਰਕ ਹਸਤੀ ਹੈ, ਜਿਸ ਨਾਲ ਭਾਰਤ ਸਰਕਾਰ ਵਿਤਕਰਾ ਅਤੇ ਵੈਰ ਕਰਦੀ ਆ ਰਹੀ ਹੈ। ਬਹੁਕੌਮੀ ਦੇਸ਼ ਹੋਣ ਕਾਰਨ ਭਾਰਤੀ ਸਿਆਸੀ ਪਾਰਟੀਆਂ ਪੰਜਾਬ ਅਤੇ ਕਈ ਹੋਰ ਦੂਜੀਆਂ ਕੌਮਾਂ ਨਾਲ ਨਿਆਂ ਨਹੀਂ ਕਰਦੀਆਂ। ਇਸੇ ਵਿਤਕਰੇ ਕਾਰਨ ਦੱਖਣੀ ਰਾਜਾਂ, ਉਤਰ ਪ੍ਰਦੇਸ਼ ਅਤੇ ਬੰਗਾਲ ਨੇ ਆਪਣੇ ਲੋਕਾਂ ਦੇ ਹਿਤਾਂ ਲਈ ਖੇਤਰੀ ਸਿਆਸੀ ਪਾਰਟੀਆਂ ਬਣਾ ਲਈਆਂ ਹਨ। ਪੰਜਾਬ ਦੇ ਸਿੱਖਾਂ ਨੇ ਵੀ ਅੱਧੇ ਪੰਜਾਬੀਆਂ ਦੇ ਹਿਤਾਂ ਲਈ ਖੇਤਰੀ ਅਕਾਲੀ ਪਾਰਟੀ ਬਣਾਈ ਸੀ ਪਰ ਭਾਰਤੀ ਕਾਂਗਰਸ ਪਾਰਟੀ ਨੇ ਪੰਜਾਬ ਦੇ ਅੱਧੇ ਬਚੇ ਲੋਕਾਂ ਦੀ ਸਮਰਥਕ ਬਣ ਕੇ ਪੰਜਾਬ ਵਿਚ ਆਪਣੀ ਹੋਂਦ ਕਾਇਮ ਰਖਣ ਲਈ ਅਕਾਲੀਆਂ ਨਾਲ ਭਾਈਵਾਲੀ ਪਾ ਲਈ। ਪੰਜਾਬ ਨੂੰ ਪੰਜਾਬ ਅਤੇ ਸਾਰੇ ਪੰਜਾਬੀਆਂ ਦੇ ਉਜਲ ਭਵਿਖ ਨੂੰ ਸਮਰਪਿਤ ਪੜ੍ਹੇ-ਲਿਖੇ, ਸੂਝਵਾਨ, ਦੂਰ ਅੰਦੇਸ਼ ਅਤੇ ਪੰਜਾਬ ਪ੍ਰੇਮੀਆਂ ਦੀ ਅਗਵਾਈ ਹੇਠ ਪੰਜਾਬੀ ਸਿਆਸੀ ਪਾਰਟੀ ਦੀ ਲੋੜ ਹੈ। ਪੰਜਾਬ ਅਤੇ ਸਿੱਖਾਂ ਨੂੰ ਹੁਣ ਧਾਰਮਕ ਸਿਆਸਤ ਨੂੰ ਅਲਵਿਦਾ ਆਖ ਐਸੀ ਪਾਰਟੀ ਬਣਾ ਕੇ ਕੇਂਦਰ ਦੇ ਦਖਲ ਤੋਂ ਆਜ਼ਾਦ ਹੋਣ ਦਾ ਉਪਰਾਲਾ ਅਤੇ ਭਾਰਤ ਵਿਚ ਨਿਰੋਲ ਸੰਘੀ ਢਾਂਚਾ ਕਾਇਮ ਕਰਨ ਲਈ ਸੰਘਰਸ਼ ਕਰਨਾ ਚਾਹੀਦਾ ਹੈ।

# ਕਿਰਤ-ਕਮਾਈ ਦੀ ਕੀਰਤੀ

**ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਸੂਰਜ ਚੜ੍ਹਨ ਤੋਂ ਪਿਛੋਂ ਡੁੱਬਣ ਵੇਲੇ ਆਈ ਸ਼ਾਮ ਤੋਂ ਲੈ ਕੇ ਜੀਵਨ ਦੀ ਸ਼ਾਮ ਦਾ ਵਿਖਿਆਨ ਕਰਦਿਆਂ ਕਿਹਾ ਸੀ, "ਸ਼ਾਮ, ਜੀਵਨ ਦਾ ਅਜਿਹਾ ਪਹਿਰ, ਜੋ ਮਨੁੱਖੀ ਭਾਵਨਾਵਾਂ ਦੇ ਨਾਮ ਸੰਤੋਖ ਤੇ ਸੁਖਨ ਕਰਦਾ। ਹੰਭੇ ਹਾਰੇ ਪੈਰਾਂ ਨੂੰ ਅਰਾਮ ਦਾ ਸੱਦਾ ਅਤੇ ਸੋਚ ਦੀਆਂ ਰੁਆਂਸੀਆਂ ਖਲਜਗਣਾਂ ਵਿਚ ਤਾਜ਼ਗੀ। ਅਗਲੇ ਦਿਨ ਲਈ ਨਵਾਂ ਉਤਸ਼ਾਹ, ਹੰਭੇ ਹਾਰੇ ਪਲਾਂ ਦੇ ਨਾਮ ਕਰਦਾ ਅਤੇ ਸੁੱਖਦ ਪਲਾਂ 'ਚੋਂ ਜੀਵਨ ਦੇ ਸਮੁੱਚ ਦੀ ਨਿਸ਼ਾਨਦੇਹੀ ਕਰਦਾ।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਕਿਰਤ ਦੀ ਪਾਕੀਜ਼ਗੀ ਅਤੇ ਇਸ ਦੀਆਂ ਨਿਆਮਤਾਂ ਦੀ ਗੱਲ ਕੀਤੀ ਹੈ। ਬਾਬੇ ਨਾਨਕ ਵਲੋਂ ਕਰਤਾਰਪੁਰ ਵਿਚ ਆਪ ਹਲ ਚਲਾ ਕੇ ਦਿੱਤੇ ਗਏ ਕਿਰਤ ਦੀ ਸੁੱਚਮ ਦੇ ਸੁਨੇਹੇ ਦਾ ਹਵਾਲਾ ਦਿੰਦਿਆਂ ਕਹਿੰਦੇ ਹਨ, "ਕਿਰਤੀ ਬਾਬੇ ਨਾਨਕ ਦੇ ਪੈਰਾਂ ਦੀਆਂ ਫਟੀਆਂ ਬਿਆਈਆਂ, ਹੱਥਾਂ 'ਤੇ ਪਏ ਰੱਟਣਾਂ, ਸੁੱਕੀਆਂ ਪਿੰਜਣੀਆਂ ਅਤੇ ਕਰੜ-ਬਰੜੀ ਦਾਹੜੀ ਜਿਹਾ ਸਰੂਪ, ਮਨ-ਮਸਤਕ ਵਿਚ ਕਿਆਸਣਾ, ਤੁਹਾਨੂੰ ਬਾਬੇ ਨਾਨਕ ਦੀ ਵਿਸ਼ਾਲ ਸੋਚ ਅਤੇ ਉਸ ਦੀ ਕਰਮਸ਼ੀਲਤਾ ਵਿਚ ਕਿਰਤ ਦੀ ਅਹਿਮੀਅਤ ਦਾ ਅੰਦਾਜ਼ਾ ਹੋ ਜਾਵੇਗਾ। -ਸੰਪਾਦਕ**

## ਕਣੀਆਂ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਕਿਰਤ, ਸੱਚੀ-ਸੁੱਚੀ ਕਾਰਜ-ਕੁਸ਼ਲਤਾ, ਇਮਾਨਦਾਰੀ ਨਾਲ ਕੀਤੀ ਇੱਛਾ-ਇਬਾਦਤ ਅਤੇ ਇਸ 'ਚੋਂ ਬੂੰਦ-ਬੂੰਦ ਕਿਰਦੀ ਇਨਾਇਤ।

ਕਿਰਤ-ਸਾਧਨਾ, ਸੰਘਣੀ ਆਸਥਾ ਨੂੰ ਕਰਮਸ਼ੈਲੀ ਵਿਚ ਸਮਾਉਣ ਦੀ ਪ੍ਰਕ੍ਰਿਆ, ਜਿਸ 'ਚੋਂ ਹੁੰਦੀ ਏ ਕਿਰਤ ਦੀ ਉਚਮ ਅਤੇ ਸੁੱਚਮ ਦੀ ਬੂੰਦਾ-ਬਾਂਦੀ। ਇਸ 'ਚ ਭਿੱਜਦੀ ਰੂਹ, ਜੀਵਨ-ਧਾਰਾ ਲਈ ਚਿਰੰਜੀਵਤਾ।

ਕਿਰਤ-ਕਮਾਈ, ਕਿਰਤ ਵਿਚੋਂ ਤ੍ਰਿਪ-ਤ੍ਰਿਪ ਚੋ ਰਿਹਾ ਮਾਖਿਉਂ, ਕੱਚੇ ਦੁੱਧ ਦੀਆਂ ਧਾਰਾਂ ਵਰਗੀ ਤਾਜ਼ਗੀ, ਮਹਿਕ ਤੇ ਤੰਦਰੁਸਤੀ ਦਾ ਨਾਮ ਅਤੇ ਜ਼ਿੰਦਗੀ ਦੇ ਹਰ ਪਲ ਲਈ ਸੁੱਚਮ ਦਾ ਪੈਗਾਮ।

ਕਿਰਤ-ਕਮਲ, ਡਾਲ ਨੂੰ ਲੱਗੀ ਡੋਡੀ ਵਿਚੋਂ ਹੌਲੀ ਹੌਲੀ ਖਿੜ ਰਹੇ ਫੁੱਲ ਦਾ ਮੁਸਕਾ-ਮੁਹਾਂਦਰਾ, ਬਿਰਖ ਦੀ ਟਾਹਣ 'ਤੇ ਨਿੱਕੀਆਂ ਤੇ ਕੋਮਲ ਕਰੂੰਬਲਾਂ ਦੀ ਜੁਗਲਬੰਦੀ, ਛੋਟੇ ਛੋਟੇ ਪੁੰਗਾਰਿਆਂ ਦੀ ਵਿਸਮਾਦੀ ਹਰਿਆਵਲ ਅਤੇ ਬਿਰਖ-ਪਿੰਡੇ ਨੂੰ ਯੁੱਗ ਜਿਉਣ ਦਾ ਵਰਦਾਨ।

ਕਿਰਤ, ਕਾਰ ਨੂੰ ਯਾਰ ਬਣਾਉਣ ਦਾ ਉਦਮ, ਕੰਮ ਨੂੰ ਪਾਕੀਜ਼ਗੀ ਦੀ ਪਾਹੁਲ ਤੇ ਇਸ ਦੀ ਪੂਰਨਤਾ 'ਚੋਂ ਕੰਮਕਾਜ਼ੀ ਰੂਹ ਨੂੰ ਮਿਲਿਆ ਆਰਾਮ। ਕਿਰਤ ਕਰੇਂਦੇ ਹੱਥ ਕਦੇ ਨਹੀਂ ਵਿਹਲੇ ਬਹਿੰਦੇ। ਉਨ੍ਹਾਂ ਦੀ ਸੋਚ ਵਿਚ ਕੁਝ ਚੰਗਾ ਕਰਨ ਦਾ ਚਾਅ ਘਨੇਰਾ ਤੇ ਜਿੰਦ-ਬਨੇਰੇ ਤੋਂ ਉਤਰਦਾ ਸਵੇਰਾ। ਕਿਰਤ, ਕਾਮਨਾ 'ਚੋਂ ਉਗਮਦੀ। ਚਾਹਨਾ ਨੂੰ ਕਰਮ-ਜਾਚਨਾ ਬਣਾਉਂਦੀ ਅਤੇ ਕਰਮਯੋਗਤਾ ਨੂੰ ਸਾਹਾਂ ਦੇ ਨਾਮ ਲਾਉਂਦੀ। ਕਰਮ-ਧਰਾਤਲ 'ਚੋਂ ਸੁੱਚੇ ਫੁੱਲਾਂ ਜਿਹੀ ਕਰਮ-ਸਾਧਨਾ ਕਮਾਉਂਦੀ ਤੇ ਜੀਵਨ ਪੱਲੂ ਵਿਚ ਕਿਰਤ-ਕਮਾਈ ਪਾਉਂਦੀ।

ਕਿਰਤ, ਖੁਦ ਨਾਲ ਜੁੜ ਕੇ ਆਪੇ ਦਾ ਵਿਸਥਾਰ, ਆਪਣੀ ਸਮਰੱਥਾ ਤੇ ਸਾਧਨਾਂ ਨੂੰ ਵੰਗਾਰ ਤੇ ਅਸੰਭਵ ਕਾਰਜਾਂ ਨੂੰ ਨੇਪਰੇ ਚਾੜ੍ਹ ਆਪਣੀ ਜਿੰਦ ਤੇ ਸਮਰਪਣ ਦੀ ਆਰਤੀ ਉਤਾਰਨਾ।

ਕਿਰਤ, ਕਮੀਨਗੀ ਨੂੰ ਉਲਾਹਮਾ, ਮਾਰਨਾ ਦਰਅਸਲ ਕਿਰਤ ਤੇ ਕੀਰਤੀ ਨੂੰ ਕਤਲ ਕਰਨਾ, ਮਨੁੱਖੀ ਵਿਨਾਸ਼ ਦਾ ਪਹਿਲਾ ਕਦਮ। ਕਿਰਤ ਜਿਉਂਦੀ ਹੋਵੇ ਤਾਂ ਮਨੁੱਖਤਾ ਜਿਉਂਦੀ ਅਤੇ ਸਮਾਜ ਨੂੰ ਕਿਰਤੀ-ਸਮਾਜ ਦਾ ਲਕਬ ਮਿਲਦਾ।

ਕਿਰਤ ਜਦ ਕਲਮ ਨੂੰ ਆਪਣਾ ਧਰਮ ਬਣਾਉਂਦੀ ਤਾਂ ਇਹ ਮਾਨਵੀ ਵਿਚਾਰਾਂ ਤੇ ਸਰੋਕਾਰਾਂ ਨੂੰ ਅਪਨਾਉਂਦੀ ਅਤੇ ਸੁੱਤ-ਉਨੀਂਦੀਆਂ ਸੋਚਾਂ 'ਚ ਕੁਝ ਕਰਨ ਦਾ ਜਾਗ ਲਾਉਂਦੀ। ਮਨੁੱਖੀ ਮਨ ਦੀ ਸਮਰੱਥਾ ਅਤੇ ਸੋਚ-ਦਿਸਹੱਦਿਆਂ 'ਚ ਸੁਪਨ-ਮੰਡਲ ਸਜਾਉਂਦੀ ਅਤੇ ਇਨ੍ਹਾਂ ਦੀ ਪੂਰਨਤਾ ਹੀ ਮਨੁੱਖ ਨੂੰ ਪੂਰਨ ਬਣਾਉਂਦੀ। ਕਲਮ ਦੀ ਅਨਕਿਆਸੀ ਤਾਕਤ ਹੀ ਤਖਤਾਂ ਨੂੰ ਉਲਟਾਉਂਦੀ ਅਤੇ ਭੁਰ ਰਹੇ ਸਮਾਜ ਦੀ ਤਾਕਤ ਬਣ, ਸਮਾਜਕ-



ਕੁਤਾਹੀਆਂ ਤੋਂ ਦੂਰੀ ਅਤੇ ਕੋਝੇਪਣ ਤੋਂ ਫਾਸਲਾ। ਕਿਰਤ ਤਾਂ ਸੁੱਚਮ, ਸਾਦਗੀ ਅਤੇ ਸੁੰਦਰਤਾ ਦਾ ਦੂਜਾ ਨਾਮ ਅਤੇ ਇਸ ਨਾਲ ਹੀ ਹੁੰਦਾ ਮਨੁੱਖੀ ਮਨ ਵਿਚ ਮਾਨਵਤਾ ਦਾ ਅਲਹਾਮ।

ਕਿਰਤ ਨੂੰ ਖੁਦ ਨਾਲ ਜੋੜ, ਖੁਦ ਵਿਚੋਂ ਕਿਰਤ-ਕਾਮਨਾ ਉਪਜਾ ਅਤੇ ਕਿਰਤ ਦਾ ਬਿੰਬ ਬਣਾ, ਸਮਾਜ ਲਈ ਰੋਲ-ਮਾਡਲ ਨੂੰ ਕਿਆਸ ਕੀਤਾ ਜਾ ਸਕਦਾ।

ਕਿਰਤ, ਕਈ ਰੂਪਾਂ, ਧਰਾਤਲਾਂ ਅਤੇ ਪਹਿਲੂਆਂ ਸੰਗ ਮਨੁੱਖੀ ਯੋਗਤਾ ਅਤੇ ਕਾਰਜ ਸ਼ੈਲੀ ਨੂੰ ਪਰਖਦੀ। ਮਨੁੱਖੀ ਮਨ ਦਾ ਹਿੱਸਾ ਬਣ ਚੁਕੀ ਕਿਰਤ ਹੀ ਆਪਣੀ ਅਲੱਗ ਪਛਾਣ ਸਿਰਜਦੀ। ਮਨ ਮਾਰ ਕੇ ਕੁਝ ਵੀ ਕਰਨ ਵਾਲਾ ਵਿਅਕਤੀ ਕਿਰਤੀ ਨਹੀਂ ਹੋ ਸਕਦਾ। ਕਿਰਤੀ ਬਣਨ ਲਈ ਤਾਂ ਰੂਹ ਦਾ ਸਮਰਪਣ ਅਤੇ ਰੂਹ ਦੀ ਭਾਈਵਾਲੀ ਹੀ ਕਿਰਤ-ਕਰਮ ਦਾ ਫਲ ਹੁੰਦਾ।

ਕਿਰਤ, ਸਰੀਰ ਦੀ ਅੰਗ-ਹਰਕਤ, ਦਿਮਾਗ ਦੀ ਪੈਦਾਇਸ਼ ਅਤੇ ਮਨ ਦੀ ਅੰਬਰ ਉਡਾਣ ਵਿਚਲੀ ਇਕਸੁਰਤਾ ਤੇ ਇਕਸਾਰਤਾ ਵਿਚੋਂ ਜਨਮ ਲੈ, ਨਵੀਆਂ ਬੁਲੰਦੀਆਂ ਬਣਦੀ।

ਕਿਰਤੀ ਹੱਥਾਂ ਨੇ ਭਵਿੱਖ-ਮੁਖੀ ਲੋੜਾਂ ਨੂੰ ਧਿਆਨ ਵਿਚ ਰੱਖ ਕੇ ਹੀ ਵੱਡੇ-ਵੱਡੇ ਅਦਾਰਿਆਂ ਨੂੰ ਜਨਮ ਦਿਤਾ। ਇਨ੍ਹਾਂ ਸਦਕਾ ਹੀ ਮਨੁੱਖ ਆਧੁਨਿਕ ਸਹੂਲਤਾਂ ਨੂੰ ਮਾਣਨ ਅਤੇ ਇਸ ਦੀ ਉਪਯੋਗਤਾ ਨੂੰ ਲਾਹੇਵੰਦ ਕਰਨ ਲਈ ਤਤਪਰ। ਕੁੱਲੀ, ਗੁੱਲੀ ਅਤੇ ਜੁੱਲੀ ਨਾਲ ਜੁੜੀਆਂ ਅਤਿ-ਆਧੁਨਿਕ ਸਹੂਲਤਾਂ ਮਨੁੱਖੀ ਸੋਚ ਦੀ ਭਵਿੱਖਮੁਖੀ ਉਡਾਣ ਦਾ ਹਾਸਲ। ਕਿਰਤੀ ਹੱਥ, ਕਿਰਤੀ ਹੱਥਾਂ ਨਾਲ ਮਿਲਦੇ ਤਾਂ ਕਿਰਤ-ਕਾਫਲਾ ਬਣਦਾ, ਜੋ ਕਿਰਤ-ਕਮਾਈ ਦੀ ਕੀਮਤ ਨੂੰ ਸਮਝ, ਇਸ ਦੀ ਸਦ-ਉਪਯੋਗਤਾ ਨੂੰ ਮਨੁੱਖੀ ਮਨ ਵਿਚ ਧਰਦਾ। ਕਾਮਿਆਂ ਦੀਆਂ ਕਾਮਨਾਵਾਂ ਤੇ ਭਾਵਨਾਵਾਂ ਨੂੰ ਸਮਝਣ ਅਤੇ ਉਨ੍ਹਾਂ ਦੀ ਕਦਰ ਕਰਨ ਵਾਲੇ ਲੋਕ ਹੀ ਸਫਲ ਵਿਅਕਤੀ ਹੁੰਦੇ। ਇਨ੍ਹਾਂ ਦੀ ਅਵੱਗਿਆ ਵਿਚੋਂ ਹੀ ਕਿਰਤ ਦਾ ਸ਼ੋਸ਼ਣ ਅਤੇ ਕਿਰਤੀ ਦੀ ਭੁੱਖਮਰੀ ਦਾ ਕਾਰਨ ਬਣਦਾ, ਜੋ ਹੌਲੀ ਹੌਲੀ ਕਿਰਤੀ ਨੂੰ ਹਜ਼ਮ ਕਰ ਜਾਂਦਾ, ਮਾਲਕ ਦਾ ਵੀ ਆਖਰੀ ਫਾਤਿਹਾ ਪੜ੍ਹ ਜਾਂਦਾ। ਕਿਰਤੀਆਂ ਨੂੰ ਸਦੀਵਤਾ ਨੂੰ ਆਪਣਾ ਅਕੀਦਾ ਬਣਾਉਂਦੀ। ਕਲਮ ਹੀ ਹੁੰਦੀ, ਜੋ ਫੱਟੀ ਦੇ ਪੂਰਨਿਆਂ 'ਚੋਂ ਹੀ ਸੂਖਮ ਤੇ ਸੁੱਚੀ ਸੋਚ ਦੀ ਦੱਸ ਪਾਉਂਦੀ। ਅਜਿਹੀਆਂ ਪੈੜਾਂ ਹੀ ਨਵੀਆਂ ਤਰਜ਼ੀਹਾਂ, ਤਦਬੀਰਾਂ ਅਤੇ ਤਕਦੀਰਾਂ ਦੀ ਤਹਿਜ਼ੀਬ ਹੁੰਦੀਆਂ। ਕਲਮੀ ਕਿਰਤ ਦਾ ਨਹੀਂ ਕੋਈ ਹਾਣ। ਇਹ ਹੈ, ਮਨੁੱਖ ਦੇ ਨੈਣ-ਪਰਾਣ। ਇਸ 'ਚੋਂ ਉਪਜੇ ਯੁੱਗਾਂ ਦਾ ਜਿਉਣ ਅਤੇ ਵਕਤ ਦੀ ਪਛਾਣ। ਕਲਮ-ਕਿਰਤੀਆਂ ਦਾ ਜਦ ਸਮਾਜ ਕਰੇ ਸਨਮਾਨ, ਤਾਂ ਭਵਿੱਖ ਦੇ ਸਿਰ ਚੜ੍ਹਦੇ ਬਹੁਤ ਸਾਰੇ ਅਹਿਸਾਨ। ਇਨ੍ਹਾਂ ਨੂੰ ਉਤਾਰਦਿਆਂ ਹੀ ਉਮਰਾਂ ਦਾ ਪੈਂਡਾ ਬਣਦਾ ਰਾਹਾਂ ਦੀ ਸ਼ਾਨ। ਮਹਾਨ ਚਿੰਤਕ, ਸਾਹਿਤਕਾਰ ਅਤੇ ਸ਼ੈਲੀਕਾਰਾਂ ਨੇ ਹਰਫ-ਅਰਾਧਨਾ ਵਿਚੋਂ ਹੀ ਹਰਫਾਂ ਦੀ ਬੰਦਗੀ ਮਾਣੀ। ਹਰਫ-ਕਿਰਤ ਰਾਹੀਂ ਮਨੁੱਖੀ ਕਿਰਦਾਰ ਦੀ ਕਸ਼ੀਦਕਾਰੀ ਕੀਤੀ।

ਕਿਰਤ ਜਦ ਬੁਰਸ਼-ਛੋਹਾਂ ਨੂੰ ਆਪਣੀ ਕਰਮ-ਧਰਾਤਲ ਬਣਾਵੇ ਤਾਂ ਖਾਲੀ ਕੈਨਵਸ ਵਿਚੋਂ ਬਿੰਬਾਂ ਤੇ ਬੁੱਤਾਂ ਰਾਹੀਂ ਕਲਾ ਜਗਾਵੇ। ਕੈਨਵਸ ਵਿਚ ਧੜਕਣ ਉਪਜਾਵੇ। ਕੋਮਲ ਤੇ ਭਾਵਪੂਰਤ ਛੋਹਾਂ ਨਾਲ ਕਲਾ-ਕੀਰਤੀ ਨੂੰ ਭਾਗ ਲਾਵੇ। ਕੈਨਵਸ 'ਤੇ ਉਕਰੇ ਚਿੱਤਰਾਂ, ਲਕੀਰਾਂ ਤੇ ਰੰਗਾਂ ਵਿਚੋਂ ਮਨੁੱਖੀ ਸੋਚ ਨੇ ਕਿਹੜੀ ਉਡਾਣ ਭਰਨੀ, ਕਿਹੜੇ ਭਾਵਾਂ ਦੀ ਨਿਸ਼ਾਨਦੇਹੀ ਕਰਨੀ ਅਤੇ ਕਿਹੜੀ ਅਰਥੀ ਨੀਝ ਨੂੰ ਵਿਸ਼ਾਲਤਾ ਅਰਪ ਕਰਨੀ, ਇਹ ਮਨੁੱਖੀ ਮਨ ਦੀ ਸਮਰੱਥਾ ਤੇ ਪੈਗੰਬਰੀ ਮਾਨਸਿਕਤਾ 'ਤੇ ਨਿਰਭਰ। ਇਸ ਕਿਰਤ-ਕਲਾ ਰਾਹੀਂ ਮਹਾਨ ਚਿੱਤਰਕਾਰਾਂ ਨੇ ਕਲਾ-ਜਗਤ ਵਿਚ ਨਵੀਆਂ ਪੈੜਾਂ ਪਾਈਆਂ ਅਤੇ ਮਨੁੱਖ ਨੂੰ ਕਰਤਾਰੀ ਹੋਣ ਦਾ ਮਾਣ ਦਿਵਾਇਆ।

ਜਦ ਕਿਸੇ ਅਧਿਆਪਕ, ਡਾਕਟਰ, ਵਕੀਲ ਜਾਂ ਪੇਸ਼ੇਵਰ ਦੀ ਕਿਰਤ ਵਿਚੋਂ ਸਮਰਪਣ ਅਤੇ ਸੁੱਚਮ ਖਤਮ ਹੋ ਜਾਂਦੇ ਤਾਂ ਸਮਾਜ ਵਿਚ ਅਰਾਜਕਤਾ ਫੈਲਦੀ। ਕਿਰਤ ਵਿਚਲੀ ਬਦਨੀਤੀ ਅਤੇ ਕੁਤਾਹੀ ਹੀ ਕਮੀਨਗੀ ਤੇ ਭ੍ਰਿਸ਼ਟਾਚਾਰ ਨੂੰ ਜਨਮ ਦਿੰਦੀ। ਮਾਨਵੀ ਕੁਰੀਤੀਆਂ, ਕਮੀਆਂ ਅਤੇ ਕਾਲਖੀ ਵਰਤਾਰਿਆਂ ਦੀ ਨਵੀਂ ਹੱਦਬੰਦੀ ਸ਼ੁਰੂ ਹੁੰਦੀ, ਜੋ ਸਮਾਜ ਦੇ ਸੁਰਖ ਮੁਹਾਂਦਰੇ ਨੂੰ ਧੁਆਂਖਦੀ, ਲਾਹਨਤ ਤੇ ਕੋਹੜ ਬਣ ਕੇ ਸਮਾਜ ਨੂੰ ਚਿੰਬੜਦੀ। ਇਸ ਕਰਕੇ ਹੀ ਮਾਨਸਿਕ ਅਧਰੰਗਤਾ ਦਾ ਸ਼ਿਕਾਰ ਹੋ ਗਏ ਨੇ, ਸਮਾਜ ਦੇ ਸਿਰਜਣਹਾਰੇ ਅਧਿਆਪਕ, ਰੋਗ ਮਿਟਾਉਣ ਵਾਲੇ ਡਾਕਟਰ ਜਾਂ ਸੇਧ ਦੇਣ ਵਾਲੇ ਸਮਾਜਕ ਰਹਿਬਰ। ਅਜੋਕੇ ਸਮਾਜਕ ਵਰਤਾਰੇ 'ਚ ਨਜ਼ਰ ਆ ਰਹੀਆਂ ਖੁਨਾਮੀਆਂ ਮਨੁੱਖੀ ਕਿਰਦਾਰ ਦਾ ਨਿਘਾਰ ਹਨ।

ਸਮਾਜ ਵਿਚ ਨਫਰਤ, ਧਾਰਮਕ ਕੱਟੜਤਾ ਜਾਂ ਸਮਾਜਕ ਵੰਡੀਆਂ ਨੂੰ ਉਤਸ਼ਾਹਿਤ ਕਰਨ ਵਾਲੇ ਬੋਲ, ਮਨੁੱਖੀ ਖੂਨ ਤੇ ਮਾਸੂਮ ਜਾਨਾਂ ਨਾਲ ਖੇਡਣ ਵਾਲੇ ਦਰਿੰਦੇ ਅਤੇ ਬੰਬਾਂ ਤੇ ਗੋਲੀਆਂ ਦੀ ਭਾਸ਼ਾ ਬੋਲ ਰਹੇ ਚਿਹਰੇ, ਕਿਹੜੀ ਕਿਰਤ ਕਰ ਰਹੇ ਨੇ? ਕਿਹੜੀ ਕੀਰਤੀ ਨੂੰ ਜਨਮ ਦੇ ਰਹੇ ਨੇ? ਕੀ ਲਾਸ਼ਾਂ ਦੇ ਢੇਰ 'ਤੇ ਝੁਲਦੇ ਝੰਡੇ, ਪੱਤ ਦੀ ਪੋਤੀ ਬਣਾ ਕੇ ਛੋਹੀ ਬੁਲੰਦੀ, ਕੀਰਨਿਆਂ ਨਾਲ ਮਨਾਏ ਜਾ ਰਹੇ ਜਸ਼ਨ ਜਾਂ ਵਿਲਕਦੇ ਬਾਲ ਦੀਆਂ ਲਿੱਲਕੜੀਆਂ 'ਚ ਮਾਰੇ ਲਲਕਾਰੇ ਕੇਹੀ ਕਿਰਤ-ਕਾਮਨਾ ਦਾ ਆਧਾਰ ਏ?

ਕਿਰਤ ਨੂੰ ਕਾਮਨਾ ਤੇ ਕੀਰਤੀਮਾਨ ਨਾਲ ਜੋੜੋ। ਇਹ ਸਹਿਜ ਵਿਚੋਂ ਜਨਮਦੀ। ਮੁਫਾਦ, ਮਾਨ-ਸਨਮਾਨ ਜਾਂ ਸਮਾਜਕ ਪਛਾਣ ਨੂੰ ਕਿਆਸ ਕੇ ਕੀਤਾ ਹੋਇਆ ਕੰਮ, ਮਨੁੱਖੀ ਲਾਲਚ ਦੀ ਨਿਸ਼ਾਨੀ। ਲੋਭਵੰਤੇ ਕਾਰਜ ਵਿਚ ਕਦੇ ਵੀ ਪਵਿੱਤਰਤਾ ਤੇ ਪਾਹੁਲ ਨਹੀਂ ਹੁੰਦੀ।

ਮਾਂ ਸਭ ਤੋਂ ਵੱਡੀ ਕਿਰਤੀ ਅਤੇ ਉਸ ਦੀ ਕਿਰਤ-ਸਾਧਨਾ ਨੂੰ ਸਲਾਮ। ਉਹ ਆਪਣੀ ਕੁੱਖ ਵਿਚ ਜਿਸਮ ਦੇ ਟੁਕੜੇ ਨੂੰ ਪਾਲਦੀ, ਜਨਮ ਦਿੰਦੀ ਅਤੇ ਕੀਰਤੀ ਸਿਰਜਣਾ ਵਿਚ ਅਹਿਮ ਰੋਲ ਅਦਾ ਕਰਦੀ। ਫਿਰ ਅਰਦਾਸ ਕਰਦੀ ਕਿ ਉਹ ਆਪਣੇ ਕੀਰਤੀ ਦੀ ਪਛਾਣ 'ਚੋਂ ਪਛਾਣੀ ਜਾਵੇ। ਮਾਂ ਦੀ ਕਿਰਤ ਦਾ ਨਹੀਂ ਕੋਈ ਮੁੱਲ। ਸਭ ਤੋਂ ਮਹਿੰਗੀ ਅਤੇ ਅਨਮੋਲ। ਸਿਰਜਣਹਾਰੀ, ਸਿਰਫ ਅਦਬ ਅਤੇ ਸਤਿਕਾਰ ਮੰਗਦੀ। ਵਕਤ ਦੀ ਕੇਹੀ ਤ੍ਰਾਸਦੀ ਕਿ ਔਲਾਦ ਆਪਣੀ ਮਾਂ ਨੂੰ ਹੀ ਅਦਬ ਦੇਣ ਤੋਂ ਇਨਕਾਰੀ। ਮਾਂ ਵਰਗੀ ਕਿਰਤਣ ਨੂੰ ਨਕਾਰਨਾ, ਮਾਨਵ-ਜਾਤੀ ਦੇ ਮੱਥੇ ਦਾ ਕਲੰਕ। ਪਰ ਅਸੀਂ ਇਸ ਨੂੰ ਧੋਣ ਲਈ ਨਹੀਂ ਕਰਦੇ ਕੋਈ ਵੀ ਉਜਰ।

ਕਿਰਤ ਜਦ ਬੋਲਾਂ ਦਾ ਬਾਣਾ ਪਾਉਂਦੀ ਤਾਂ ਇਹ ਸੰਤਾਂ, ਫਕੀਰਾਂ ਅਤੇ ਮਹਾਂ-ਗਿਆਨੀਆਂ ਦਾ ਰੁਤਬਾ ਪਾਉਂਦੀ। ਪਰ ਕਈ ਵਾਰ ਮਖੌਟਾਧਾਰੀ, ਬੋਲ-ਕਿਰਤ ਨੂੰ ਨਿੱਜੀ ਲਾਲਸਾਵਾਂ ਦੀ ਪੂਰਤੀ ਲਈ ਖਰਚਤ ਕਰ, ਸ਼ਰਧਾਲੂਆਂ ਦੀ ਆਸਥਾ ਦਾ ਮਖੌਲ ਉਡਾਉਂਦੇ, ਸਮੁੱਚੀ ਸੰਤਗਿਰੀ ਨੂੰ ਹੀ ਬਦਨਾਮ ਕਰ ਜਾਂਦੇ। ਅਜਿਹੇ ਬੋਲ ਕਿਰਤੀਆਂ ਦੀ ਕਮੀਨਗੀ ਹੀ ਸੁੱਚੇ ਬੋਲਾਂ ਨੂੰ ਦਾਗੀ ਕਰ ਜਾਂਦੀ।

ਕੁਦਰਤ, ਸਭ ਤੋਂ ਵੱਡੀ ਕਿਰਤੀ। ਇਸ ਦੀ ਕ੍ਰਿਆਸ਼ੀਲਤਾ ਅਤੇ ਕੀਰਤੀਮਾਨਾਂ ਦਾ ਨਹੀਂ ਕੋਈ ਹਾਣੀ। ਇਸ ਦੀ ਪ੍ਰਤਿਭਾ ਨਹੀਂ ਜਾਂਦੀ ਸਾਥੋਂ ਪਛਾਣੀ। ਇਸ ਦੀ ਅਨੰਤਤਾ ਵਿਚ ਹੈ ਸਮੁੱਚੀ ਕਾਇਨਾਤ ਦੀ ਅਕੱਥ ਕਹਾਣੀ, ਜੋ ਇਨ੍ਹਾਂ ਸ਼ਬਦਾਂ ਨੇ ਕਿੰਜ ਹੈ ਸੁਣਾਉਣੀ?

ਇਕ ਕਿਰਤ ਅਸੀਂ ਬਾਹਰੀ ਰੂਪ ਵਿਚ ਕਰਦੇ। ਸਮਾਜਕ ਸਰੋਕਾਰਾਂ ਦੀ ਸੰਪੂਰਨਤਾ ਲਈ ਖੁਦ ਨੂੰ ਵਿਉਂਤਦੇ। ਸੁਚੱਜੇ ਅਤੇ ਸਾਂਵੇਂ ਸਰੂਪ ਲਈ ਉਚੇਚ ਕਰਦੇ, ਪਰ ਇਕ ਕੀਰਤੀ ਸਾਡੇ ਅੰਤਰੀਵ ਵਿਚ ਵੀ ਵੱਸਦੀ ਜੋ ਪ੍ਰਸ਼ਨਾਂ ਤੇ ਉਤਰਾਂ 'ਚੋਂ ਖੁਦ ਨੂੰ ਵਿਸਥਾਰਨ ਲਈ ਪ੍ਰੇਰਦੀ। ਖੁਦ ਦੇ ਵਿਸਥਾਰ ਤੇ ਵਿਕਾਸ ਲਈ ਅਸੀਂ ਕਿੰਨੇ ਕੁ ਚੇਤੰਨ ਤੇ ਯਤਨਸ਼ੀਲ, ਇਹ ਸਾਨੂੰ ਹੀ ਸਭ ਤੋਂ ਵੱਧ ਪਤਾ।

ਕਿਰਤ ਜਦ ਕਰਮਯੋਗਤਾ, ਕੀਰਤੀਮਾਨ ਤੇ ਕਾਮਯਾਬੀਆਂ ਬਣ ਕੇ ਕਥਨੀਆਂ ਤੇ ਕਹਿਣੀਆਂ ਵਿਚਲਾ ਅੰਤਰ ਸਮੇਟਦੀ ਤਾਂ ਕੀਰਤੀ ਦਾ ਹਾਸਲ ਬਣਦੀ।

ਕਿਰਤ ਜਦ ਪ੍ਰੇਰਨਾ 'ਚੋਂ ਪੈਦਾ ਹੁੰਦੀ ਤਾਂ ਕਿਰਤ ਦਾ ਸੁਹੱਪਣਾ ਰੂਪ ਮਾਨਵਤਾ ਦਾ ਮੁਹਾਂਦਰਾ ਸੰਵਾਰਨ ਅਤੇ ਲਿਸ਼ਕਾਉਣ ਵਿਚ ਅਹਿਮ ਹੁੰਦਾ।

ਕਿਰਤ ਦਾ ਕੋਈ ਬਦਲ ਨਹੀਂ। ਧਨ, ਸ਼ੋਹਰਤ, ਰੁਤਬਾ ਜਾਂ ਸਮਾਜਕ ਚੌਧਰ ਕਿਰਤ ਦਾ ਸਥਾਨ ਨਹੀਂ ਲੈ ਸਕਦੇ। ਕਿਰਤ ਦੀ ਘਾਟ ਕਾਰਨ ਹੀ ਕਈ ਵਾਰ ਬੌਧਿਕ ਤੇ ਚਿੰਤਕ ਲੋਕ ਜੀਵਨ-ਸਫਰ ਵਿਚ ਮਾਰ ਖਾ ਜਾਂਦੇ।

ਕਿਰਤ, ਆਤਮ-ਵਿਸ਼ਵਾਸ, ਸੋਚ-ਸਪੱਸ਼ਟਤਾ ਅਤੇ ਸੇਧਤ-ਕੋਸ਼ਿਸ਼ਾਂ ਹੀ ਸੰਧੂਰੀ ਸੁਪਨਿਆਂ ਦੀ ਸਫਲਤਾ ਦਾ ਸਬਬ ਬਣਦੀਆਂ ਨੇ ਜਿਨ੍ਹਾਂ ਨੂੰ ਜੀਵਨ ਵਿਚ ਅਪਨਾਉਣ ਦੀ ਸਭ ਤੋਂ ਵੱਧ ਲੋੜ। ਕਿਰਤ ਤੋਂ ਬਗੈਰ ਤਾਂ ਸੁਪਨੇ, ਸੁਪਨੇ ਹੀ ਰਹਿੰਦੇ। ਫਿਰ ਮਨੁੱਖ ਨੂੰ ਸੁਪਨਿਆਂ ਦੇ ਨੈਣਾਂ ਵਿਚ ਸਦੀਵੀ ਸਿੱਲ ਨਾਲ ਜਿਉਣ ਦਾ ਹਰਜਾਨਾ ਭੁਗਤਣਾ ਪੈਂਦਾ।

ਕਿਰਤ-ਕਲਮ ਨਾਲ ਸੁਪਨਿਆਂ ਦੀ ਇਬਾਦਤ ਲਿਖਣ ਵਾਲਿਆਂ ਦੀ ਜ਼ਿੰਦਗੀ ਦੀ ਪੁਸਤਕ ਕਦੇ ਵੀ ਕੋਰੀ ਨਹੀਂ ਹੁੰਦੀ। ਇਸ ਦੀ ਹਰਫ-ਇਬਾਦਤ ਵਿਚ ਜੀਵਨ ਦੀਆਂ ਅਮੁੱਲੀਆਂ ਅਮਾਨਤਾਂ ਹੁੰਦੀਆਂ।

ਕਿਰਤ, ਸਫਲਤਾ ਦੀ ਪੌੜੀ ਏ, ਜਿਸ ਰਾਹੀਂ ਜੀਵਨ ਵਿਚ ਕੁਝ ਵੀ ਪ੍ਰਾਪਤ ਕੀਤਾ ਜਾ ਸਕਦਾ। ਕਿਰਤੀ ਸੁਭਾਅ ਵਿਚ ਜੇ ਹੌਸਲਾ ਅਤੇ ਸੋਚ-ਦ੍ਰਿੜਤਾ ਹੋਵੇ ਤਾਂ ਪੌੜੀਆਂ ਨਾਲ ਅੰਬਰ ਨੂੰ ਟਾਕੀ ਲਾਈ ਜਾ ਸਕਦੀ ਏ।

ਕਿਰਤ ਨਾਲ ਹੀ ਕਿਸਮਤ ਦੀਆਂ ਰੇਖਾਵਾਂ ਨੂੰ ਮਸਤਕ 'ਤੇ ਖੁਣਿਆ ਜਾ ਸਕਦਾ। ਹੱਥਾਂ ਦੀਆਂ ਲਕੀਰਾਂ ਤਾਂ ਕਾਮਿਆਂ ਦੀ ਅਮਾਨਤ ਹੁੰਦੀਆਂ। ਕਦੇ ਬਜ਼ੁਰਗਾਂ ਦੀਆਂ ਹਥੇਲੀਆਂ 'ਤੇ ਉਕਰੀਆਂ ਲਕੀਰਾਂ ਦੀ ਨਿਸ਼ਾਨਦੇਹੀ ਕਰਨੀ, ਤੁਹਾਨੂੰ ਉਨ੍ਹਾਂ ਦੀ ਮਿਹਨਤ ਤੇ ਮੁਸ਼ੱਕਤ ਦਾ ਅਹਿਸਾਸ ਹੋ ਜਾਵੇਗਾ।

ਕਿਰਤ ਸਾਹਵੇਂ ਹਾਲਾਤ ਬਦਲ ਜਾਂਦੇ ਅਤੇ ਮੁਸ਼ਕਿਲਾਂ ਮਿੱਟ ਜਾਂਦੀਆਂ। ਕਿਰਤੀ ਲੋਕ, ਕਿਰਤ ਦਾ ਅਜਿਹਾ ਮੁਜੱਸਮਾ ਬਣ ਜਾਂਦੇ ਕਿ ਕਿਰਤ-ਕਿਰਨਾਂ ਦਾ ਆਭਾ-ਮੰਡਲ ਮੁਖੜੇ 'ਤੇ ਫੈਲ ਜਾਂਦਾ। ਕਿਰਤੀਆਂ ਲਈ ਹਰ ਵੇਲਾ ਹੀ ਸਵੇਰਾ। ਉਨ੍ਹਾਂ ਲਈ ਢਲਦੇ ਦਿਨ ਜਾਂ ਸ਼ਾਮ ਨਹੀਂ ਹੁੰਦੀ। ਉਨ੍ਹਾਂ ਦਾ ਬਨੇਰਾ ਤਾਂ ਉਗਦੇ ਸੂਰਜ ਦਾ ਅੰਬਰ ਹੁੰਦਾ।

ਕਿਰਤ ਦਾ ਪਸੀਨਾ ਵਹਾਉਣ ਵਾਲਿਆਂ ਨੂੰ ਆਪਣੀ ਅਸਫਲਤਾ 'ਤੇ ਕਦੇ ਵੀ ਹੰਝੂ ਨਹੀਂ ਵਹਾਉਣੇ ਪੈਂਦੇ ਅਤੇ ਨਾ ਹੀ ਉਨ੍ਹਾਂ ਦੀ ਕਿਸਮਤ ਦਾ ਸੂਰਜ ਸਮੇਂ ਦੀ ਗਰਦਿਸ਼ ਵਿਚ ਅਲੋਪ ਹੁੰਦਾ। ਉਹ ਤਾਂ ਜ਼ਿੰਦਗੀ ਦੀ ਜ਼ਿੰਦਾਦਿਲੀ ਹੁੰਦੇ।

ਅਸੀਂ ਕਿਸੇ ਸਫਲ ਵਿਅਕਤੀ 'ਤੇ ਰਸ਼ਕ ਕਰਦੇ ਹਾਂ, ਪਰ ਉਸ ਦੀ ਸਫਲਤਾ ਦਾ ਰਾਜ਼ ਸਮਝਣ ਲਈ ਉਸ ਵਲੋਂ ਘਾਲੀਆਂ ਘਾਲਨਾਵਾਂ, ਮਿਹਨਤੀ-ਮਾਰਗ ਅਤੇ ਸਿਰੜੀ-ਸਾਧਨਾ ਰਾਹੀਂ ਕੀਤੀ ਕਿਰਤ ਨੂੰ ਚੇਤਿਆਂ ਵਿਚ ਚਿੱਤਵਣਾ, ਤੁਹਾਨੂੰ ਸਫਲਤਾ ਦੇ ਰਾਜ਼ ਦੀ ਸਮਝ ਆ ਜਾਵੇਗੀ।

ਕਿਰਤ ਸਭ ਤੋਂ ਉਚੀ। ਕਿਰਤ ਵਿਚੋਂ ਹੀ ਕਰਮਾਂ ਦੀ ਨਿਸ਼ਾਨਦੇਹੀ ਹੁੰਦੀ। ਵਿਦੇਸ਼ ਦੀ ਧਰਤੀ 'ਤੇ ਹਰੇਕ ਦਾ ਕਿਰਤੀ ਸੁਭਾਅ, ਅੰਤਰੀਵ ਨੂੰ ਜਗਾ ਦਿੰਦਾ। ਆਪਣੇ ਘਰ, ਦਫਤਰ ਤੇ ਅਦਾਰੇ ਦੀ ਸਫਾਈ ਤੇ ਸਾਂਭ-ਸੰਭਾਲ ਖੁਦ ਕਰਦੇ, ਕਿਰਤੀ-ਆਭਾ ਨੂੰ ਚੌਗਿਰਦੇ ਵਿਚ ਫੈਲਾਉਂਦੇ।

'ਕਿਰਤ ਕਰਨਾ' ਵਰਗਾ ਅਸੂਲ ਜਦ ਕਿਸੇ ਕੌਮ ਦੀ ਵਿਰਾਸਤ ਹੋਵੇ ਤਾਂ ਉਸ ਵੇਲੇ ਮਨ ਉਦਾਸ ਹੋ ਜਾਂਦਾ, ਜਦ ਉਹੀ ਕੌਮ ਕਿਰਤੀਆਂ ਦੇ ਅਪਮਾਨ ਦਾ ਰਾਹ ਚੁਣਦੀ। ਕਿਰਤੀ ਬਾਬੇ ਨਾਨਕ ਦੇ ਪੈਰਾਂ ਦੀਆਂ ਫਟੀਆਂ ਬਿਆਈਆਂ, ਹੱਥਾਂ 'ਤੇ ਪਏ ਰੱਟਣਾਂ, ਸੁੱਕੀਆਂ ਪਿੰਜਣੀਆਂ ਅਤੇ ਕਰੜ-ਬਰੜੀ ਦਾਹੜੀ ਜਿਹਾ ਸਰੂਪ, ਮਨ-ਮਸਤਕ ਵਿਚ ਕਿਆਸਣਾ, ਤੁਹਾਨੂੰ ਬਾਬੇ ਨਾਨਕ ਦੀ ਵਿਸ਼ਾਲ ਸੋਚ ਅਤੇ ਉਸ ਦੀ ਕਰਮਸ਼ੀਲਤਾ ਵਿਚ ਕਿਰਤ ਦੀ ਅਹਿਮੀਅਤ ਦਾ ਅੰਦਾਜ਼ਾ ਹੋ ਜਾਵੇਗਾ। ਪਤਾ ਨਹੀਂ ਕਿਉਂ ਕਿਸੇ ਚਿੱਤਰਕਾਰ ਨੇ ਬਾਬੇ ਨਾਨਕ ਦਾ ਅਜਿਹਾ ਚਿੱਤਰ ਚਿੱਤਰਨ ਵਿਚ ਪਹਿਲ ਨਹੀਂ ਕੀਤੀ? ਜਾਂ ਤਾਂ ਉਹ ਕਿਰਤ ਦੀ ਮਹਾਨਤਾ ਨੂੰ ਜੱਗ-ਜਾਹਰ ਕਰਨ ਤੋਂ ਇਨਕਾਰੀ ਏ ਜਾਂ ਉਹ ਦੰਭ ਨੂੰ ਹੀ ਜਿਉਣਾ ਸਿੱਖ ਗਏ।

ਸੱਚੇ-ਸੁੱਚੇ ਕਿਰਤੀ ਤਾਂ ਸਾਡੇ ਬਜ਼ੁਰਗ ਸਨ, ਜੋ ਕੁੱਕੜ ਦੀ ਪਹਿਲੀ ਬਾਂਗ ਨੂੰ ਹੱਲ ਜੋਤਦੇ, ਸੂਰਜ ਦੀ ਟਿੱਕੀ ਤੋਂ ਪਹਿਲਾਂ ਖੇਤ ਵਾਹ, ਫਿਰ ਗੱਡੀ ਕਰਦੇ, ਪੱਠੇ ਵੱਢਦੇ, ਡੰਗਰਾਂ ਦਾ ਖਿਆਲ ਕਰਦੇ ਅਤੇ ਡੂੰਘੀ ਸ਼ਾਮ ਨੂੰ ਅਰਾਮ ਲਈ ਵਕਤ ਮਿਲਦਾ। ਉਨ੍ਹਾਂ ਲਈ ਜ਼ਿੰਦਗੀ ਹੀ ਕਿਰਤ ਦਾ ਸਿਰਨਾਵਾਂ ਸੀ ਅਤੇ ਉਹ ਇਸ ਦਾ ਸੁਰਖ ਆਭਾ-ਮੰਡਲ ਸਨ।

ਕਿਰਤ, ਇਕ ਕਰਤਾਰੀ ਸ਼ਕਤੀ, ਕ੍ਰਿਸ਼ਮਾਮਈ ਵਰਤਾਰਾ, ਕੁਲ ਸੰਵਾਰਨ ਵਾਲੀ ਜੀਵਨ-ਜਾਚ ਅਤੇ ਕੰਗਾਲੀ ਨੂੰ ਕੁਬੇਰਤਾ 'ਚ ਤਬਦੀਲ ਕਰਨ ਵਾਲੀ ਕ੍ਰਿਆ।

ਕਦੇ ਆਲੇ-ਦੁਆਲੇ ਦ੍ਰਿਸ਼ਟਮਾਨ ਹੋਈ ਕਿਰਤ ਦੀ ਕਾਇਨਾਤ ਨੂੰ ਦੇਖਣਾ। ਕੁਦਰਤ ਦੀਆਂ ਵਿਭਿੰਨ ਕਿਰਤਾਂ, ਵੱਖੋ-ਵੱਖਰੇ ਸਰੂਪਾਂ, ਕ੍ਰਿਆਵਾਂ, ਅਦਾਵਾਂ ਅਤੇ ਪ੍ਰਭਾਵ ਨੇ ਕ੍ਰਿਆਸ਼ੀਲ। ਅਚੰਭਤ ਹੈ ਕੁਦਰਤੀ ਪਸਾਰਾ ਅਤੇ ਇਸ 'ਚੋਂ ਪਨਪਿਆ ਚਾਨਣ-ਉਜਿਆਰਾ।

ਕਿਰਤ-ਕਾਮਨਾ ਤੇ ਕਿਰਤ-ਕਮਾਈ, ਕਿਰਤ ਹੀ ਵਣਜ ਦਾ ਨਾਂ। ਕਿਰਤ ਦੀ ਜੂਹੇ ਕਿਰਤੀ ਵਿਗਸਣ, ਪਾਕ-ਪਵਿੱਤਰ ਗਰਾਂ। ਕਿਰਤ ਦੇ ਰਾਹੀਂ ਬੰਦਾ ਜਿਉਂਦਾ, ਬੰਦਿਆਈ ਦਾ ਵਿਹੜਾ। ਕਿਰਤ ਨੂੰ ਮਾਣੋ ਸੁਪਨੇ ਵਾਂਗੂੰ, ਰਹੇ ਨਾ ਕੋਈ ਝੇੜਾ। ਕਿਰਤ-ਬੀਹੀ 'ਚ ਨਾਦ ਗੂੰਜਦਾ, ਬਣ ਵਿਸਮਾਦੀ ਲੋਰ। ਕਿਰਤ-ਗਲੀਏ ਫਕੀਰ ਅੱਲਾ ਦੇ ਤੁਰਨ ਅਨਾਦੀ ਤੋਰ। ਕਿਰਤ-ਅਰਥਾਂ ਦੀ ਸੋਝੀ ਜਿਹੜੀ ਸੋਚ ਸਮਾਵੇ। ਉਹ ਹੀ ਕਿਰਤ 'ਚ ਹੱਸੇ-ਖੇਡੇ ਤੇ ਮਨ-ਮੌਜ 'ਚ ਗਾਵੇ।

ਕਿਰਤ ਦੀ ਕਾਮਨਾ ਕਰਨ ਵਾਲਿਓ, ਕਦੇ ਕਦਾਈਂ ਕਿਰਤੀ ਦੀ ਕੀਰਤੀ ਨੂੰ ਸਲਾਹੋ। ਅੰਤਰੀਵ ਨੂੰ ਕਿਰਤ ਦੇ ਰਾਹ ਪਾਵੋ ਅਤੇ ਕਿਰਤ ਵਿਚੋਂ ਇਨਸਾਨੀਅਤ ਦਾ ਰੂਪ ਪ੍ਰਗਟਾਵੋ। ਕਿਰਤ ਤੁਹਾਡੀ ਕ੍ਰਿਆਸ਼ੀਲਤਾ ਵਿਚੋਂ ਕਰਮਯੋਗਤਾ ਦਾ ਕਮਾਲ ਬਣ ਜਾਵੇਗੀ।

**ਕਲਮੀ ਕਿਰਤ ਦਾ ਨਹੀਂ ਕੋਈ ਹਾਣ। ਇਹ ਹੈ, ਮਨੁੱਖ ਦੇ ਨੈਣ-ਪਰਾਣ। ਇਸ 'ਚੋਂ ਉਪਜੇ ਯੁੱਗਾਂ ਦਾ ਜਿਉਣ ਅਤੇ ਵਕਤ ਦੀ ਪਛਾਣ। ਕਲਮ-ਕਿਰਤੀਆਂ ਦਾ ਜਦ ਸਮਾਜ ਕਰੇ ਸਨਮਾਨ, ਤਾਂ ਭਵਿੱਖ ਦੇ ਸਿਰ ਚੜ੍ਹਦੇ ਬਹੁਤ ਸਾਰੇ ਅਹਿਸਾਨ। ਇਨ੍ਹਾਂ ਨੂੰ ਉਤਾਰਦਿਆਂ ਹੀ ਉਮਰਾਂ ਦਾ ਪੈਂਡਾ ਬਣਦਾ ਰਾਹਾਂ ਦੀ ਸ਼ਾਨ। ਮਹਾਨ ਚਿੰਤਕ, ਸਾਹਿਤਕਾਰ ਅਤੇ ਸ਼ੈਲੀਕਾਰਾਂ ਨੇ ਹਰਫ-ਅਰਾਧਨਾ ਵਿਚੋਂ ਹੀ ਹਰਫਾਂ ਦੀ ਬੰਦਗੀ ਮਾਣੀ। ਹਰਫ-ਕਿਰਤ ਰਾਹੀਂ ਮਨੁੱਖੀ ਕਿਰਦਾਰ ਦੀ ਕਸ਼ੀਦਕਾਰੀ ਕੀਤੀ।**

# ਲਾਹੌਰ ਤੋਂ ਅਟਕ ਤਕ

***ਲਾਲ ਕਮਿਊਨਿਸਟ ਪਾਰਟੀ ਅਤੇ ਕਿਰਤੀ ਪਾਰਟੀ ਨਾਲ ਜੁੜੇ ਰਹੇ ਗੁਰਚਰਨ ਸਿੰਘ ਸਹਿੰਸਰਾ ਨੇ ਗਦਰ ਪਾਰਟੀ ਦੇ ਇਤਿਹਾਸ ਤੋਂ ਇਲਾਵਾ ਹੋਰ ਵੀ ਕਈ ਕੁਝ ਲਿਖਿਆ ਹੈ ਜਿਸ ਵਿਚ ਉਨ੍ਹਾਂ ਦੀਆਂ ਜੀਵਨ ਯਾਦਾਂ ਦੀ ਝਲਕ ਤਾਂ ਪੈਂਦੀ ਹੀ ਹੈ, ਇਨ੍ਹਾਂ ਲਿਖਤਾਂ ਵਿਚ ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਅੰਗਰੇਜ਼ਾਂ ਖਿਲਾਫ ਲੜੀ ਗਈ ਲੜਾਈ ਦੇ ਵਿਸਤ੍ਰਿਤ ਵੇਰਵੇ ਵੀ ਮਿਲਦੇ ਹਨ। ਇਥੇ ਛਾਪੀ ਜਾ ਰਹੀ ਉਨ੍ਹਾਂ ਦੀ ਕਹਾਣੀ ਵਰਗੀ ਲਿਖਤ 'ਲਾਹੌਰ ਤੋਂ ਅਟਕ ਤਕ' ਵਿਚ ਵੀ ਉਨ੍ਹਾਂ ਲਾਹੌਰ ਤੋਂ ਅਟਕ ਪੁੱਜਣ ਦੇ ਵੇਰਵੇ ਪਰੋਏ ਹਨ, ਜਿਸ ਵਿਚ ਦੇਸ਼ ਭਗਤਾਂ ਦੀ ਜ਼ਿੰਦਗੀ ਬਾਰੇ ਸੂਹ ਮਿਲਦੀ ਹੈ। -ਸੰਪਾਦਕ***

ਗੁਰਚਰਨ ਸਿੰਘ ਸਹਿੰਸਰਾ

ਸਾਨੂੰ ਅਗਲੀ ਸਵੇਰ ਹੀ ਪਤਾ ਲੱਗ ਗਿਆ ਕਿ ਅਸੀਂ ਕਿੱਥੇ ਰੱਖੇ ਹੋਏ ਸਾਂ ਤੇ ਏਥੇ ਕੌਣ-ਕੌਣ ਸੀ।

ਅਸੀਂ ਲਾਹੌਰ ਸੈਂਟਰਲ ਜੇਲ੍ਹ ਦੇ ਚੜ੍ਹਦੇ ਬੰਨੇ ਉਚੀਆਂ-ਉਚੀਆਂ ਕੰਧਾਂ ਵਾਲੇ ਵੱਡੇ ਸਾਰੇ ਤਿੱਗਣੇ ਅਹਾਤੇ ਵਿਚ ਸਾਂ। ਅੰਮ੍ਰਿਤਸਰ ਦੀ ਜੇਲ੍ਹ ਮਰ ਕੇ ਇਸ ਅਹਾਤੇ ਜਿੱਡੀ ਹੋਵੇਗੀ। ਇਸ ਦੀਆਂ ਦੋ ਗੁੱਠਾਂ ਸ਼ਹਿਰ ਵਾਲੇ ਪਾਸੇ ਕੋਟ ਮੌਕੇ ਨਾਲ ਸਨ ਤੇ ਇਕ ਜੇਲ੍ਹ ਦੇ ਅੰਦਰ ਨੂੰ ਫਾਟਕੋਂ ਵੜ੍ਹਦਿਆਂ ਸਾਹਮਣੇ ਖੱਬੀ ਕੰਧ ਦੇ ਨਾਲ ਨਾਲ ਜ਼ਰਾ ਹਟਵੀਆਂ ਆਪਸ ਵਿਚ 30 ਫੁਟ ਦੀ ਵਿਥ ਛੱਡ ਕੇ ਦੋ ਬਾਰਕਾਂ ਸਨ ਤੇ ਸੱਜੀ ਕੰਧ ਨਾਲੋਂ ਹਟ ਕੇ ਇਕ ਹੋਰ ਬਾਰਕ ਸੀ। ਸਾਹਮਣੀ ਤੇ ਸੱਜੀ ਬਾਰਕ ਪੁਰਾਣੀ ਨਿੱਕੀ ਇੱਟ ਦੀਆਂ ਸਨ। ਬਾਕੀ ਸਾਰਾ ਵਿਹੜਾ ਖਾਲੀ ਮੈਦਾਨ ਸੀ, ਜਿਸ ਵਿਚ ਬਾਰਕਾਂ ਦੇ ਨਾਲ ਨਾਲ 30 ਫੁਟ ਦੀ ਕੋਰ ਛੱਡ ਕੇ ਬਾਕੀ ਥਾਂ ਘਾਹ ਲਾਇਆ ਹੋਇਆ ਸੀ। ਇਸ ਕੋਰ ਉਤੇ ਅੱਠ ਕੁ ਟਾਹਲੀਆਂ ਖੜ੍ਹੀਆਂ ਸਨ, ਜਿਨ੍ਹਾਂ ਦੀ ਛਾਂਵੇਂ ਦਿਨ ਨੂੰ ਕੈਦੀ ਬੈਠ ਰਹਿੰਦੇ ਸਨ।

ਅਸੀਂ ਏਥੇ 1930 ਦੀ ਸਤਿਆਗ੍ਰਹਿ ਲਹਿਰ ਦੇ ਹੀ ਕੈਦੀ ਸਾਂ। ਪਹਿਲੀ ਬਾਰਕ ਵਿਚ ਅਸੀਂ ਅੰਮ੍ਰਿਤਸਰ ਦੀ ਜੇਲ੍ਹ ਤੋਂ ਆਏ ਸਾਂ ਤੇ ਅਗਲੀ ਬਾਰਕ ਵਿਚ ਸ਼ੇਖੂਪੁਰ ਤੋਂ। ਤੀਜੀ ਸੱਜੇ ਹੱਥ ਦੀ ਬਾਰਕ ਨੂੰ ਅੰਦਰ ਕੰਧਾਂ ਕਰਕੇ ਤੇ ਵਿਚ ਦੀ ਗਲੀ ਛੱਡ ਕੇ ਦੁਹੀਂ ਪਾਸੀਂ ਦਸ ਦਸ ਕੋਠੜੀਆਂ ਬਣਾਈਆਂ ਹੋਈਆਂ ਸਨ, ਜਿਨ੍ਹਾਂ ਦੇ ਲੋਹੇ ਦੀਆਂ ਮੋਟੀਆਂ ਸੀਖਾਂ ਵਾਲੇ ਦਰਵਾਜੇ ਇਸ ਗਲੀ ਵਿਚ ਸਨ ਤੇ ਬਾਰੀਆਂ ਬਾਹਰ ਨੂੰ। ਰਾਤ ਨੂੰ ਹਰ ਕੋਠੜੀ ਨੂੰ ਜੰਦਰਾ ਮਾਰ ਕੇ ਬਾਹਰੋਂ ਗਲੀ ਵੀ ਤਾਲਾ-ਬੰਦ ਕਰ ਦਿੱਤੀ ਜਾਂਦੀ ਸੀ।

ਇਨ੍ਹਾਂ ਕੋਠੜੀਆਂ ਵਿਚ ਗਦਰ ਪਾਰਟੀ ਦੇ ਉਹ ਸੂਰਬੀਰ ਕੈਦੀ ਰੱਖੇ ਹੋਏ ਸਨ, ਜਿਨ੍ਹਾਂ ਨੂੰ ਹਥਿਆਰਬੰਦ ਬਗਾਵਤ ਨਾਲ ਅੰਗਰੇਜ਼ੀ ਰਾਜ ਦਾ ਤਖਤਾ ਉਲਟਾਉਣ ਦੇ ਦੋਸ਼ ਵਿਚ 1915-16 ਦੇ ਲਾਹੌਰ ਸਾਜ਼ਿਸ਼ ਕੇਸ ਦੇ ਮੁਕੱਦਮਿਆਂ ਵਿਚ ਉਮਰ ਕੈਦ, ਕਾਲੇ ਪਾਣੀ ਤੇ ਘਰ ਘਾਟ ਜ਼ਬਤੀ ਦੀਆਂ ਸਜ਼ਾਵਾਂ ਹੋਈਆਂ ਸਨ। ਇਨ੍ਹਾਂ ਇਨਕਲਾਬੀ ਯੋਧਿਆਂ ਤੇ ਇਨ੍ਹਾਂ ਦੀ ਪਾਰਟੀ ਦੀਆਂ ਕਰਨੀਆਂ ਤੇ ਕੁਰਬਾਨੀਆਂ ਦਾ ਬਾਹਰ ਕੌਮੀ ਲਹਿਰ ਅੰਦਰ ਆਮ ਚਰਚਾ ਸੀ। ਉਨ੍ਹਾਂ ਵਿਚੋਂ ਬਾਬਾ ਸ਼ੇਰ ਸਿੰਘ ਵੇਈਂ ਪੋਈਂ (ਅੰਮ੍ਰਿਤਸਰ), ਬਾਬਾ ਵਸਾਵਾ ਸਿੰਘ ਜਰਮਣ ਗਿਲਵਾਲੀ (ਅੰਮ੍ਰਿਤਸਰ), ਸੰਤ ਭਾਈ ਰਣਧੀਰ ਸਿੰਘ ਨਾਰੰਗ ਵਾਲ (ਲੁਧਿਆਣਾ), ਬਾਬਾ ਹਰਨਾਮ ਸਿੰਘ ਕਾਲਾ ਸਿੰਘੀਆ (ਕਪੂਰਥਲਾ) ਤੇ ਭਾਈ ਕਰਤਾਰ ਸਿੰਘ ਨਵੇਂ ਚੰਦ (ਫਿਰੋਜ਼ਪੁਰ) ਦੇ ਨਾਂ ਯਾਦ ਹਨ। ਇਨ੍ਹਾਂ ਸਾਰਿਆਂ ਤੋਂ ਵਾਣ ਵਟਾਇਆ ਜਾਂਦਾ ਸੀ। ਜੇਲ੍ਹਾਂ ਦੀਆਂ ਸਖਤੀਆਂ ਤੇ ਮਾਰਾਂ ਸਹਿ ਸਹਿ ਕਮਾਏ ਹੋਏ ਇਨ੍ਹਾਂ ਦੇ ਜੁੱਸਿਆਂ ਨੂੰ ਤਕ ਤਕ ਅਸੀਂ ਅਤਿਅੰਤ ਪ੍ਰਭਾਵਤ ਹੋਏ ਤੇ ਆਪਣੀਆਂ ਕੁਰਬਾਨੀਆਂ ਨੂੰ ਜਿਨ੍ਹਾਂ ਉਤੇ ਸਾਨੂੰ ਬੜਾ ਮਾਣ ਸੀ, ਹਾਥੀ ਅਗੇ ਗਾਹਲੜ ਸਮਝਣ ਲੱਗ ਪਏ।

ਉਨ੍ਹਾਂ ਹੀ ਦਿਨਾਂ ਵਿਚ ਕੌਮੀ ਯੋਧਾ ਭਗਤ ਸਿੰਘ ਤੇ ਉਸ ਸੂਰਮੇ ਦੇ ਸਾਥੀ ਏਸੇ ਹੀ ਸੈਂਟਰਲ ਜੇਲ੍ਹ ਦੀ 14 ਨੰਬਰ (ਨਵੀਂ) ਬਾਰਕ ਵਿਚ ਬੰਦ ਸਨ। ਉਨ੍ਹਾਂ ਦੀ ਅਪੀਲ ਚਲ ਰਹੀ ਸੀ ਅਤੇ ਆਮ ਜਨਤਾ ਤੇ ਜਥੇਬੰਦੀਆਂ ਵਲੋਂ ਉਨ੍ਹਾਂ ਦੀ ਰਿਹਾਈ ਦੀ ਮੰਗ ਕੀਤੀ ਜਾ ਰਹੀ ਸੀ। ਸਾਨੂੰ ਝਬਦੇ ਹੀ ਪਤਾ ਲੱਗ ਗਿਆ ਕਿ ਜਿਸ ਕਿਸੇ ਨੇ ਉਨ੍ਹਾਂ ਦੇ ਦਰਸ਼ਨ ਕਰਨੇ ਹੋਣ ਤਾਂ ਹਸਪਤਾਲ ਚਲਿਆ ਜਾਏ। ਉਹ ਇਸ ਕੰਮ ਵਾਸਤੇ ਨੇਮ ਨਾਲ ਰੋਜ਼ ਹਸਪਤਾਲ ਆਉਂਦੇ ਸਨ। ਸਾਡੇ ਵਿਚੋਂ ਕਈ 'ਬੀਮਾਰ' ਹੋਣ ਦੇ ਪੱਜ ਹਸਪਤਾਲ ਜਾ ਕੇ ਉਨ੍ਹਾਂ ਨੂੰ ਮਿਲ ਆਏ। ਅਰਜਨ ਸਿੰਘ ਗੜਗੱਜ ਵੀ ਉਨ੍ਹਾਂ ਵਿਚੋਂ ਇਕ ਸੀ ਪਰ ਅਸੀਂ ਪੇਂਡੂ ਸੰਗਾਊ ਸੁਭਾਅ ਹੋਣ ਕਰਕੇ ਬੀਮਾਰ ਬਣਨ ਦਾ ਪੱਜ ਨਾ ਲਾ ਸਕੇ ਤੇ ਡਰਦੇ ਰਹੇ ਕਿ ਮਤਾਂ ਹਸਪਤਾਲ ਵਿਚ ਉਸ ਪੂਰਬੀਏ ਵਾਂਗ ਸਾਨੂੰ ਵੀ ਅਨੀਮਾ ਨਾ ਕਰ ਦੇਣ। ਤੇ ਬੀਮਾਰੀ ਆਪਣੇ ਆਪ ਸਾਨੂੰ ਕੋਈ ਨਾ ਲੱਗੀ। ਇਸ ਲਈ ਉਸ ਸ਼ਹੀਦ ਦੇ ਦਰਸ਼ਨਾਂ ਤੋਂ ਵਾਂਝੇ ਰਹਿ ਗਏ ਪਰ ਇਨ੍ਹਾਂ ਕੌਮੀ ਸੂਰਬੀਰਾਂ ਦੀ ਏਥੇ ਹੋਂਦ ਨੇ ਸਾਡੇ 'ਤੇ ਬੜਾ ਅਸਰ ਪਾਇਆ।

ਅਸੀਂ ਸਤਿਆਗ੍ਰਹਿ ਵਿਚ ਵਲ੍ਹੇਟੇ ਹੋਏ ਕੈਦੀ ਬਹੁਤਾ ਨਵਾਂ ਪੋਸ਼ ਸਾਂ, ਪਰ ਸਾਡਾ ਬਾਹਲਾ ਝੁਕਾਅ ਹਥਿਆਰਬੰਦ ਇਨਕਲਾਬ ਵਲ ਸੀ, ਅਸੀਂ ਬਾਹਲੇ ਕੈਦੀ ਮਹਾਤਮਾ ਗਾਂਧੀ ਦੀ ਸ਼ਾਂਤਮਈ ਲਾਈਨ ਨੂੰ ਬਿਲਕੁਲ ਕੂੜਾ ਤਾਂ ਨਹੀਂ ਪਰ ਘਟੀਆ ਤੇ ਬੇ-ਅਸਰ ਸਮਝਦੇ ਸਾਂ। ਗਦਰ ਪਾਰਟੀ ਦੇ ਬਾਬਿਆਂ ਦੀ ਸੰਗਤ ਤੇ ਭਗਤ ਸਿੰਘ ਹੋਰਾਂ ਦੀ ਉਸੇ ਜੇਲ੍ਹ ਵਿਚ ਹੋਂਦ ਨੇ ਸਾਡੀ ਇਨਕਲਾਬੀ ਰੁਚੀ ਨੂੰ ਹੋਰ ਭਾਰਾ ਕੀਤਾ।

ਸਾਡੇ ਵਿਚੋਂ ਫੀਰੋਜ਼ਦੀਨ ਮਨਸੂਰ ਰਾਜਸੀ ਤੌਰ 'ਤੇ ਸਿਆਣਾ ਸੀ। ਉਸ ਤੋਂ ਅਸਾਂ ਪਹਿਲੀ ਵਾਰ ਸਮਾਜ ਦੀ ਜਮਾਤੀ ਵੰਡ ਤੇ ਮਿਹਨਤੀ ਮਜ਼ਦੂਰਾਂ ਤੇ ਕਿਸਾਨਾਂ ਦੀਆਂ ਆਪਣੀਆਂ ਲਹਿਰਾਂ ਬਾਰੇ ਸੁਣਿਆ ਤੇ ਰੂਸ ਵਿਚ ਉਨ੍ਹਾਂ ਦੇ ਬਣ ਗਏ ਹੋਏ ਰਾਜ ਬਾਬਤ ਵਧੇਰੇ ਗਿਆਨ ਪ੍ਰਾਪਤ ਕੀਤਾ। ਕਮਿਊਨਿਸਟ ਸ਼ਬਦ ਅਸਾਂ ਉਦੋਂ ਤਕ ਨਹੀਂ ਸੀ ਸੁਣਿਆ।

ਬਾਬਿਆਂ ਦੇ ਦਰਸ਼ਨਾਂ ਤੇ ਸੰਗਤ ਨਾਲ ਸਾਨੂੰ ਇਨਕਲਾਬੀ ਪੱਖ ਭਾਵੇਂ ਜ਼ਿਆਦਾ ਪ੍ਰਬਲ ਤੇ ਯਥਾਰਥਕ ਦਿਸਣ ਲੱਗਾ ਸੀ, ਪਰ ਕਿਸ ਤਰ੍ਹਾਂ ਦਾ ਤੇ ਕਿਹੜਾ ਇਨਕਲਾਬ, ਇਸ ਬਾਰੇ ਅਸੀਂ ਸਾਫ ਨਹੀਂ ਸਾਂ। ਬਾਹਰ ਲਹਿਰ ਵਿਚ ਸਾਨੂੰ ਆਇਰਸ਼ ਇਨਕਲਾਬ ਤੇ ਰੂਸੀ ਇਨਕਲਾਬ ਇਕੋ ਜਿਹੇ ਲੱਗਦੇ ਸਨ। ਬਾਹਰ ਹਿੰਦੋਸਤਾਨੀ ਸੋਸ਼ਲਿਸਟ ਰੀਪਬਲਿਕਨ ਆਰਮੀ ਦੇ ਸੰਗਰਾਮੀਆਂ ਵਲੋਂ ਪੜ੍ਹੇ ਲਿਖੇ ਵਰਕਰਾਂ ਨੂੰ ਡੌਨ ਓਬਰੀਨ ਦੀ ਲਿਖੀ 'ਮੇਰੀ ਆਜ਼ਾਦੀ ਦੀ ਲੜਾਈ' ਤੇ ਰੂਸ ਦੇ ਕੌਮੀ ਇਨਕਲਾਬੀਆਂ ਦੀਆਂ ਸੂਰਮਗਤੀ ਤੇ ਸ਼ਹਾਦਤ ਦੀਆਂ ਵਿਅਕਤੀਗਤ ਕਹਾਣੀਆਂ ਪੜ੍ਹਨ ਨੂੰ ਦਿਤੀਆਂ ਜਾਂਦੀਆਂ ਸਨ, ਜਿਸ ਕਰਕੇ ਅਸੀਂ ਇਨ੍ਹਾਂ ਇਨਕਲਾਬਾਂ ਵਿਚ ਕੰਮ ਕਰਨ ਵਾਲੇ ਵਿਅਕਤੀਆਂ ਦੀਆਂ ਕਰਨੀਆਂ ਤੇ ਕੁਰਬਾਨੀਆਂ ਦੇ ਹੀ ਸੁਹਲੇ ਗਾਉਂਦੇ ਸਾਂ ਤੇ ਉਨ੍ਹਾਂ ਦੇ ਪੂਰਨਿਆਂ ਉਤੇ ਤੁਰਨਾ ਹੀ ਸਾਡੀ ਵੱਡੀ ਇੱਛਾ ਸੀ। ਸਾਡੀ ਇਸ ਸਮਝ ਤੋਂ ਐਨਾ ਇਨਕਲਾਬ ਨਹੀਂ ਸੀ ਸਪਸ਼ਟ, ਜਿੰਨਾ ਬੀਰਤਾਵਾਦ। ਫੀਰੋਜ਼ਦੀਨ ਮਨਸੂਰ ਦੀ ਸੰਸਥਾ ਨੇ ਸਾਨੂੰ ਇਨ੍ਹਾਂ ਦੋਹਾਂ ਇਨਕਲਾਬਾਂ ਦਾ ਫਰਕ ਉਘੇੜ ਕੇ ਦੱਸਿਆ ਤੇ ਅਸੀਂ ਸਰਮਾਇਆਦਾਰ ਇਨਕਲਾਬ ਤੇ ਮਜ਼ਦੂਰ ਇਨਕਲਾਬ ਦੀ ਪਛਾਣ ਕਰਨ ਲੱਗ ਪਏ। ਕਿਉਂਕਿ ਅਸੀਂ ਬਾਹਲੇ ਪੇਂਡੂ ਕਿਸਾਨ ਤੇ ਸ਼ਹਿਰੀ ਕਮਾਊ ਤਬਕੇ ਦੇ ਬੰਦੇ ਸਾਂ, ਇਸ ਲਈ ਸਾਨੂੰ ਮਜ਼ਦੂਰ ਇਨਕਲਾਬ ਜ਼ਿਆਦਾ ਪਸੰਦ ਆਇਆ, ਜਿਸ ਦੀ ਰੂਸ ਅੰਦਰ ਜਿੱਤ ਪੱਕੀ ਹੋ ਚੁਕੀ ਸੀ।

ਸੁਪਰਡੰਟ ਦੇ ਵਹਿਦੇ ਅਨੁਸਾਰ ਕੋਈ ਹਫਤੇ ਕੁ ਬਾਅਦ ਸਾਡੇ 40 ਹਮ ਕੈਦੀਆਂ ਨੂੰ 'ਬਾਹਰ ਸਵਾਉਣ' ਵਾਸਤੇ ਸਾਡੇ ਵਿਚੋਂ ਕੱਢ ਕੇ ਲੈ ਗਏ। ਅਗਲੇ ਦਿਨ 60 ਹੋਰ, ਜਿਨ੍ਹਾਂ ਵਿਚ ਮੈਂ ਤੇ ਬਾਠ ਵੀ ਸਾਂ, ਸਾਨੂੰ ਲੁਹਾਰਖਾਨੇ ਲਿਜਾ ਕੇ ਬੇੜੀਆਂ ਲਾ ਦਿੱਤੀਆਂ ਅਤੇ ਡਿਉੜ੍ਹੀ ਵਿਚ ਲਿਜਾ ਕੇ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ, ਜਿਸ ਨੇ ਸਾਨੂੰ ਹੱਥਕੜੀਆਂ ਵਿਚ ਜਰੂਟ ਕਰ ਲਿਆ ਤੇ ਬਾਹਰ ਲਿਜਾ ਕੇ ਦੋਹ ਲਾਰੀ-ਪਿੰਜਰਿਆਂ ਵਿਚ ਡੱਕ ਦਿੱਤਾ। ਲਾਰੀਆਂ ਲਾਹੌਰ ਰੇਲਵੇ ਸਟੇਸ਼ਨ 'ਤੇ ਆ ਕੇ ਰੁਕ ਗਈਆਂ ਤੇ ਸਾਨੂੰ ਉਤਾਰ ਕੇ ਪਲੇਟਫਾਰਮ ਉਤੇ ਲਿਜਾਇਆ ਗਿਆ। ਲਾਰੀਆਂ ਵਿਚ ਬੈਠਦਿਆਂ ਹੀ ਅਸਾਂ ਨਾਅਰੇ ਚੁਕ ਲਏ।

ਸਟੇਸ਼ਨ 'ਤੇ ਜਾ ਕੇ ਬੇਅੰਤ ਭੀੜ ਸਾਡੇ ਉਦਾਲੇ ਇਕੱਠੀ ਹੋ ਗਈ, ਜਿਸ ਨੂੰ ਵੇਖ ਕੇ ਅਸੀਂ ਹੋਰ ਚਾਹਮਲ ਗਏ ਤੇ ਵਧੇਰੇ ਉਧੜ ਧੁਮੀ ਚੁਕ ਲਈ। ਇਹ ਰੌਲਾ ਸੁਣ ਕੇ ਪਤਾ ਨਹੀਂ ਕਿਥੋਂ ਇਕ ਅੰਗਰੇਜ਼ ਅਫਸਰ ਆ ਗਿਆ। ਉਸ ਦੇ ਕਹਿਣ ਉਤੇ ਪੁਲਿਸ ਸਾਨੂੰ ਪਲੇਟਫਾਰਮ ਤੋਂ ਦੂਰ ਲਾਈਨਾਂ ਵਿਚ ਲੈ ਗਈ ਤੇ ਓਥੇ ਖੜ੍ਹੇ ਸੀਖਾਂ ਵਾਲੇ ਕੈਦੀ ਡੱਬੇ ਵਿਚ ਲਿਜਾ ਵਾੜਿਆ।

ਉਦੋਂ ਕੈਦੀਆਂ ਵਾਸਤੇ ਖਾਸ ਡੱਬੇ ਬਣਾਏ ਹੁੰਦੇ ਸਨ, ਜਿਨ੍ਹਾਂ ਦੀਆਂ ਬਾਰੀਆਂ ਤੇ ਬੂਹਿਆਂ ਵਿਚ ਲੋਹੇ ਦੀਆਂ ਮੋਟੀਆਂ ਸੀਖਾਂ ਜੜੀਆਂ ਹੁੰਦੀਆਂ ਸਨ। ਸੀਟਾਂ ਦੇ ਬੈਂਚ ਚੌੜੇ ਰੁਕ ਹੁੰਦੇ ਸਨ। ਬੈਂਚਾਂ ਦੀਆਂ ਜੁੜਵੀਆਂ ਪਿੱਠਾਂ ਉਤੇ ਵੀ ਸੀਖਾਂ ਲੱਗੀਆਂ ਹੁੰਦੀਆਂ ਸਨ। ਇਸ ਤਰ੍ਹਾਂ ਇਕ ਡੱਬੇ ਵਿਚ ਸੀਖਾਂ ਦੇ ਪੰਜ ਪਿੰਜਰੇ ਹੁੰਦੇ ਸਨ। ਇਕ ਪਿੰਜਰੇ ਵਿਚ ਆਹਮੋ ਸਾਹਮਣੇ ਬਾਰਾਂ ਸੀਟਾਂ ਸਨ, ਉਨ੍ਹਾਂ ਉਤੇ ਕੈਦੀਆਂ ਨੂੰ ਬਿਠਾ ਕੇ ਬਾਹਰੋਂ ਜੰਦਰਾ ਮਾਰ ਦਿੱਤਾ ਜਾਂਦਾ ਸੀ। ਪੁਲਿਸ ਪਿੰਜਰਿਆਂ ਵਿਚ ਨਾਲ ਨਹੀਂ ਸੀ ਬੈਠਦੀ। ਉਹਦੇ ਵਾਸਤੇ ਡੱਬੇ ਅੰਦਰ ਪਿੰਜਰਿਆਂ ਦੇ ਦੋਹੀਂ ਪਾਸੀਂ ਬੈਠਣ ਦੀ ਜੁਦਾ ਥਾਂ ਬਣਾਈ ਹੁੰਦੀ। ਉਹ ਉਥੇ ਬੈਠ ਕੇ ਸੀਖਾਂ ਵਿਚ ਦੀ ਸਭ ਕੈਦੀਆਂ ਨੂੰ ਨਿਗਾਹ ਹੇਠ ਰੱਖ ਲੈਂਦੀ ਸੀ।

ਅਸੀਂ ਇਕ-ਇਕ ਹਥਕੜੀ ਵਿਚ ਦੋ-ਦੋ ਪਰੋਤੇ ਹੋਏ ਸਾਂ। ਇਕ-ਇਕ ਪਿੰਜਰੇ ਵਿਚ 6-6 ਜਰੂਟ ਬੰਦ ਕੀਤੇ ਗਏ। ਪਹਿਲਾਂ ਇਕ ਪਿੰਜਰੇ ਦੀਆਂ ਹੱਥਕੜੀਆਂ ਦੀ ਹਮੇਲ ਕੀਤੀ ਗਈ, ਫੇਰ ਹੱਥਕੜੀ ਦੀ ਵਧਦੀ ਸੰਗਲੀ ਸੀਖਾਂ ਥਾਣੀ ਅਗਲੇ ਪਿੰਜਰੇ ਵਿਚ ਲਿਜਾ ਕੇ ਹਮੇਲ ਵਿਚ ਪਰੋਤੀ ਗਈ, ਇਸ ਤਰ੍ਹਾਂ ਅਗਾਂਹ ਦੀ ਅਗਾਂਹ ਹਮੇਲ ਬਣਦੀ ਗਈ ਤੇ ਅਖੀਰਲੀ ਹਮੇਲ ਦੀ ਸੰਗਲੀ ਉਧਰ ਬੈਠੇ ਸਿਪਾਹੀ ਦੀ ਪੇਟੀ ਵਿਚ ਦੀ ਲੰਘਾ ਲਈ ਗਈ।

ਤਰਕਾਲੀਂ ਪਈਂ ਇਸ ਡੱਬੇ ਨੂੰ ਪਲੇਟ ਫਾਰਮ ਉਤੇ ਲਿਆ ਕੇ ਡਾਕ ਗੱਡੀ ਨਾਲ ਲਾ ਦਿੱਤਾ ਗਿਆ। ਡੱਬਾ ਲੱਗਦਿਆਂ ਹੀ ਗੱਡੀ ਤੁਰ ਪਈ, ਜਿਸ ਤਰ੍ਹਾਂ ਏਸੇ ਨੂੰ ਹੀ ਉਡੀਕ ਰਹੀ ਹੋਵੇ। ਅਸਾਂ ਗੱਡੀ ਦੇ ਪਲੇਟ ਫਾਰਮ ਤੋਂ ਨਿਕਲਦਿਆਂ ਨਿਕਲਦਿਆਂ ਅਨੇਕਾਂ ਨਾਅਰੇ ਮਾਰ ਲਏ।

ਪੈਰੀਂ ਬੇੜੀਆਂ, ਗੁਟਾਂ ਨੂੰ ਹੱਥਕੜੀਆਂ ਤੇ ਉਹ ਵੀ ਹਮੇਲੀਆਂ ਹੋਈਆਂ, ਗਰਮੀ ਦੇ ਦਿਨ, ਓੜਕ ਦਾ ਹੁਸੜ ਤੇ ਤੰਗ ਬੈਂਚਾਂ ਉਤੇ ਨੂੜ ਕੇ ਬਿਠਾਏ ਹੋਏ ਅਸੀਂ ਬੇਅੰਤ ਤੰਗ ਸਾਂ ਪਰ ਦੇਸ਼ ਭਗਤੀ ਦਾ ਜਜ਼ਬਾ ਸਾਡੀ ਜ਼ਬਾਨ ਉਤੇ ਸ਼ਿਕਾਇਤ ਦਾ ਕੋਈ ਸ਼ਬਦ ਨਹੀਂ ਸੀ ਆਉਣ ਦਿੰਦਾ। ਇਸ ਤੰਗੀ ਨੇ ਸਾਡੇ ਅੰਦਰ ਇਹ ਘੁਮੰਡ ਪੈਦਾ ਕਰ ਛੱਡਿਆ ਸੀ ਕਿ ਅੰਗਰੇਜ਼ੀ ਰਾਜ ਦੇ ਜ਼ੁਲਮਾਂ ਤੇ ਸਖਤੀਆਂ ਨੂੰ ਕਿਸੇ ਨਾਂਹ ਨੁਕਰ ਤੋਂ ਬਿਨਾਂ ਸਹਾਰੀ ਜਾਣਾ ਵੀ ਸੂਰਬੀਰਤਾ ਹੈ। ਇਸ ਲਈ ਇਹ ਜੇਲ੍ਹ ਪਿੰਜਰਿਆਂ ਦੀ ਬਿਪਤਾ ਵੀ ਭਾਵੇਂ ਅੰਦਰੋਂ ਨਹੀਂ ਪਰ ਬਾਹਰੋਂ ਦਿਖਾਵੇ ਨੂੰ, ਅਸੀਂ ਖਿੜੇ ਮੱਥੇ ਸਹਾਰੀ ਗਏ ਅਤੇ ਜਦੋਂ ਗੱਡੀ ਕਿਸੇ ਵੱਡੇ ਸਟੇਸ਼ਨ ਉਤੇ ਖਲੋ ਜਾਂਦੀ ਤਾਂ ਅਸੀਂ ਸਾਰੇ ਹੱਥਕੜੀਆਂ ਛਣਕਾ ਛਣਕਾ ਕੇ ਇਕੋ ਹੇਕ ਵਿਚ ਗਾਉਣ ਲੱਗ ਜਾਂਦੇ।

'ਹੱਥਕੜੀਆਂ ਜਿਨ੍ਹਾਂ ਦੇ ਗਹਿਣੇ ਨੇ, ਉਨ੍ਹਾਂ ਫਾਂਸੀ ਝੂਟੇ ਲੈਣੇ ਨੇ' ਇਨ੍ਹਾਂ ਪਿੰਜਰਿਆਂ ਵਿਚ ਅਸੀਂ ਕਿਸੇ ਤਰ੍ਹਾਂ ਵੀ ਲੱਕ ਸਿਧਾ ਨਹੀਂ ਸਾਂ ਕਰ ਸਕਦੇ। ਇਸ ਲਈ ਸੌਣ ਦਾ ਤਾਂ ਸਵਾਲ ਹੀ ਪੈਦਾ ਨਾ ਹੋਇਆ ਪਰ ਇਸ ਦਾ ਇਹ ਫਾਇਦਾ ਹੋਇਆ ਕਿ ਰਾਹ ਵਿਚ ਅਸਾਂ ਕੋਈ ਸਟੇਸ਼ਨ ਸੁਕਾ ਨਾ ਜਾਣ ਦਿੱਤਾ ਜਿਥੇ ਅਸੀਂ ਨਾਅਰੇ ਮਾਰ ਕੇ ਲੋਕਾਂ ਨੂੰ ਇਕੱਠਾ ਨਾ ਕਰ ਲੈਂਦੇ ਰਹੇ ਅਤੇ ਕੈਦੀ ਹੁੰਦੇ ਵੀ ਉਸ ਸਰਕਾਰ ਵਿਰੁਧ ਭੜਥੂ ਪਾਈ ਗਏ, ਜਿਸ ਨੇ ਇਸੇ ਹੀ ਕੰਮ ਤੋਂ ਰੋਕਣ ਲਈ ਸਾਨੂੰ ਕੈਦ ਕਰਕੇ ਇਨ੍ਹਾਂ ਪਿੰਜਰਿਆਂ ਵਿਚ ਤਾੜਿਆ ਹੋਇਆ ਸੀ।

ਅਗਲੇ ਦਿਨ ਲੌਢੇ ਵੇਲੇ ਸਾਨੂੰ ਅਟਕ ਸਟੇਸ਼ਨ ਉਤੇ ਉਤਾਰ ਲਿਆ ਗਿਆ। ਅਸੀਂ ਬੇੜੀਆਂ ਛਣਕਾਉਂਦੇ ਪਲੇਟਫਾਰਮ 'ਤੇ ਹੋ ਖਲੋਤੇ।



*ਅਟਕ ਕਿਲ੍ਹੇ ਨੇੜੇ ਪੁਲ 'ਤੇ ਖੜ੍ਹੀਆਂ ਕਿਸ਼ਤੀਆਂ*

ਸਟੇਸ਼ਨ ਦਰਿਆ ਅਟਕ ਦੇ ਪੁਲ ਦੇ ਐਨ ਮੂੰਹ ਉਤੇ ਸੀ ਤੇ ਸਿਵਾਏ ਰੇਲ ਦੇ ਆਉਣ ਜਾਣ ਅਤੇ ਸਟੇਸ਼ਨ ਦੀ ਥਾਂ ਛੱਡ ਕੇ ਚਾਰ ਚੁਫੇਰਿਉਂ ਪਹਾੜੀਆਂ ਵਿਚ ਵਲਿਆ ਹੋਇਆ ਸੀ। ਸਟੇਸ਼ਨੋਂ ਤੇ ਪੁਲ ਤੋਂ ਹੇਠਾਂ ਪੱਕੀ ਸੜਕ ਸਰਹੱਦ ਵਾਲੇ ਪਾਸਿਓਂ ਰੇਲ ਦੇ ਪੁਲ ਹੇਠ ਦੀ ਲੰਘ ਕੇ ਦਰਿਆ ਦੇ ਕੰਢੇ-ਕੰਢੇ ਉਤਰ ਵੱਲ ਨੂੰ ਚਲੀ ਗਈ ਸੀ, ਜੋ ਪਹਾੜ ਦੀ ਦਰਿਆ ਵਾਲੀ ਵੱਖੀ ਕੱਟ ਕੇ ਬਣਾਈ ਹੋਈ ਸੀ। ਇੱਕ ਬਾਬੂ, ਦੋ ਕੁ ਕੁਲੀਆਂ, ਸਾਡੀ ਗਾਰਦ ਤੇ ਸਾਥੋਂ ਬਿਨਾ ਹੋਰ ਕੋਈ ਜੀ ਸਟੇਸ਼ਨ 'ਤੇ ਨਹੀਂ ਸੀ।

ਏਥੇ ਆ ਕੇ ਪੁਲਿਸ ਨੇ ਦੱਸਿਆ ਕਿ ਸਾਨੂੰ 'ਬਾਹਰ ਸਵਾਉਣ' ਲਈ ਕਿੱਥੇ ਲਿਜਾਇਆ ਜਾ ਰਿਹਾ ਸੀ। ਰਾਜਸੀ ਕੈਦੀਆਂ ਵਾਸਤੇ ਅਟਕ ਦੇ ਕਿਲ੍ਹੇ ਵਿਚ ਜੇਲ੍ਹ ਬਣਾਈ ਗਈ ਸੀ, ਜਿਸ ਨੂੰ ਪੁਲਿਸ ਨੇ ਦੋ ਕੁ ਮੀਲ ਦੱਸਿਆ। ਸਾਨੂੰ ਦੋ ਮੀਲ ਤੁਰਨਾ ਸੁਣ ਕੇ ਢਿੱਡੀਂ ਹੌਲ ਪੈਣ ਲੱਗ ਪਏ।

'ਹੈਂ? ਦੋ ਮੀਲ?' ਸਾਡਾ ਕਈਆਂ ਦਾ ਤਾਂ ਮੂੰਹ ਹੀ ਟੱਡਿਆ ਗਿਆ।

'ਹੱਥਕੜੀਆਂ ਬੇੜੀਆਂ, ਮੋਢਿਆਂ ਉਤੇ ਆਪੋ ਆਪਣਾ ਸਾਮਾਨ? ਉਤੋਂ ਦੋ ਮੀਲ ਦਾ ਪਹਾੜੀ ਪੈਂਡਾ!' ਅਸੀਂ ਲੱਗੇ ਭਾਰਤ-ਮਾਤਾ ਨੂੰ ਧਿਆਉਣ ਤੇ ਬਲ ਮੰਗਣ ਕਿ ਇਸ ਅਜੋੜ ਘਾਟੀ ਵਿਚੋਂ ਸਾਨੂੰ ਪਾਰ ਲਾਵੇ।

ਇਹ ਸਾਨੂੰ ਪਿਛਲੀ ਤੰਗੀ ਨਾਲੋਂ ਕਿਤੇ ਜ਼ਿਆਦਾ ਕਠਨ ਦਿਸਦੀ ਸੀ। ਇਸ 'ਤੇ ਸਹਿਮ ਕੇ ਸਾਡੀ ਤਿੜੀ ਹੋਈ ਦੇਸ਼ ਭਗਤੀ ਵਿਚ ਹੁਣ ਫਰਕ ਆ ਗਿਆ। ਅਸਾਂ ਕਈਆਂ ਨੇ ਤੁਰਨੋਂ ਨਾਂਹ ਕਰ ਦਿੱਤੀ ਤੇ ਸਵਾਰੀ ਦਾ ਬੰਦੋਬਸਤ ਕਰਨ ਲਈ ਪੁਲਿਸ ਅੱਗੇ ਮੁਤਾਲਬਾ ਰੱਖ ਦਿੱਤਾ ਪਰ ਇਸ ਉਜਾੜ ਬੀਆਬਾਨ ਵਿਚ ਜਿਥੇ ਨਾ ਬੰਦਾ ਤੇ ਨਾ ਪਰਿੰਦਾ, ਸਵਾਰੀ ਕਿੱਥੋਂ ਆਵੇ? ਅਜੀਬ ਬਿਪਤਾ ਸੀ। ਗਾਰਦ ਦਾ ਅਫਸਰ ਬੜਾ ਮੀਸਣਾ ਸੀ। ਉਹ ਸਾਰੇ ਰਾਹ ਸਾਡੇ ਸਿਰ ਨਹੀਂ ਆਇਆ। ਸਾਡੀ ਨਾਂਹ ਨੁਕਰ ਵੇਖ ਕੇ ਕਹਿਣ ਲੱਗਾ: 'ਚੰਗਾ ਭਾਈ! ਅਸੀਂ ਵੀ ਬੈਠ ਜਾਂਦੇ ਹਾਂ, ਜਿਹੜੀ ਸਵਾਰੀ ਤੁਹਾਡੇ ਵਾਸਤੇ ਆਊ, ਉਹ ਸਾਨੂੰ ਵੀ ਲੈ ਜਾਊ।'

ਉਹ ਸਾਡੇ ਨਾਲ ਹੀ ਪਲੇਟ ਫਾਰਮ ਉਤੇ ਵਿਛਾਈ ਹੋਈ ਲਾਲ ਜੀਰੀ ਵਰਗੀ ਬੱਜਰੀ ਉਤੇ ਪਲਥਾ ਮਾਰ ਕੇ ਬੈਠ ਗਿਆ। ਉਸ ਦਾ ਇਹ ਪੈਂਤਰਾ ਕੰਮ ਕਰ ਗਿਆ। ਉਸ ਨੂੰ ਬੈਠਿਆਂ ਵੇਖ ਇਕ ਤਾਂ ਸਾਡਾ ਲੜਾਈ ਕਰਨ ਦਾ ਮਚ ਮਰ ਗਿਆ, ਦੂਜਾ ਸਾਡੇ ਵਿਚੋਂ ਗਹਿਲ ਸਿੰਘ ਛਜਲ ਵੱਢੀ ਵਰਗੇ ਪੁਰਾਣੇ ਜਣੇ ਹਠ ਛੱਡ ਗਏ। ਉਹ ਨਾ ਸਿਰਫ ਆਪ ਜਾਣ ਲਈ ਤਿਆਰ ਹੋ ਗਏ ਸਗੋਂ ਹੋਰਨਾਂ ਨੂੰ ਵੀ ਸਮਝਾਉਣੀਆਂ ਦੇਣ ਲੱਗ ਪਏ।

'ਉਠੋ ਤੁਰੋ, ਏਥੇ ਰਾਤ ਪੈ ਜਾਏਗੀ। ਸਵਾਰੀ ਏਥੇ ਸਾਡਾ ਪਿਉ ਲਿਆਊ?'

'ਚਲੋ! ਘੰਟੇ ਕੁ ਦਾ ਦੁੱਖ ਹੈ। ਫੇਰ ਜਾ ਕੇ ਸੁੱਖ ਨਾਲ ਨਹਾਵਾਂ ਧੋਵਾਂਗੇ ਤੇ ਸੰਵਾਂਗੇ।'

'ਪੁਲਿਸ ਨਾਲ ਟੱਕਰ ਹੋ ਗਈ ਤੇ ਏਥੇ ਸਾਡੀ ਤਰਫਦਾਰੀ ਕਿਨ ਕਰਨੀ ਆ? ਅਖਬਾਰਾਂ ਨੂੰ ਤਾਂ ਖਬਰ ਵੀ ਨਹੀਂ ਜਾਣੀ।' ਇਕ ਹੋਰ ਮਹਾਂ ਪੁਰਸ਼ ਨੇ ਸਾਨੂੰ ਅੜੀ ਵਾਲੇ ਰਾਹ ਦੇ ਨਿਕਲਣ ਵਾਲੇ ਨਤੀਜੇ ਤੋਂ ਖਬਰਦਾਰ ਕੀਤਾ।

ਗੱਲਾਂ ਉਹ ਸੱਚੀਆਂ ਕਹਿ ਰਹੇ ਸਨ, ਜੋ ਕਈਆਂ ਦੇ ਮਨ ਲੱਗ ਗਈਆਂ। ਕੋਈ ਪੰਦਰਾਂ ਵੀਹਾਂ ਮਿੰਟਾਂ ਦੀ ਬਹਿਸ ਤੇ ਬੋਲ ਚਾਲ ਤੋਂ ਬਾਅਦ ਸਾਥੋਂ ਤਿੰਨਾਂ ਜਰੂਟਾਂ ਤੋਂ ਬਗੈਰ ਬਾਕੀ ਸਭ ਉਠ ਕੇ ਤੁਰ ਪਏ। ਪਲੇਟਫਾਰਮ ਤੋਂ ਸੜਕ ਉਤੇ ਉਤਰ ਕੇ ਗਹਿਲ ਸਿੰਘ ਨੇ ਸਾਨੂੰ ਫੇਰ ਸਦਿਆ।

'ਆ ਜਾਓ ਮੂਰਖੋ! ਅਹਿਮਕਾਂ ਵਾਲੀ ਸੂਰਮਗਤੀ ਨਾ ਵਿਖਾਓ। ਜਿਸ ਦਾ ਕੋਈ ਫਲ ਨਹੀਂ ਨਿਕਲਣਾ। ਗਾਂਧੀ ਜੀ ਇਸ ਤਰ੍ਹਾਂ ਦੀ ਨਿਰਮੂਲ ਅੜੀ ਕਰਨ ਵਾਸਤੇ ਨਹੀਂ ਆਖਦੇ।'

ਗੱਲ ਠੀਕ ਸੀ। ਜਦ ਬਹੁਤ ਸਾਰੇ ਤੁਰ ਪਏ, ਅਸੀਂ ਛੇ ਜਾਣੇ ਕੀ ਖੋਹਣ ਖੋਹ ਸਕਦੇ ਸਾਂ। ਉਨ੍ਹਾਂ ਦੀ ਪਹਿਲਾਂ ਉਠ ਕੇ ਤੁਰ ਜਾਣ ਦੀ ਕਮਜ਼ੋਰੀ ਨਾਲ ਸਾਡੇ ਵਿਚ ਪਈ ਹੋਈ ਦੁਫੇੜ ਨੂੰ ਅਸਾਂ ਦੁਸ਼ਮਣ ਦੀ ਜਿੱਤ ਸਮਝ ਕੇ ਵੀ ਉਸ ਵੇਲੇ ਅੜਨਾ, ਨਾ ਅਕਲਮੰਦੀ ਸਮਝਿਆ ਤੇ ਨਾ ਸੂਰਮਗਤੀ।

'ਚਲੋ! ਛਣਕ ਛਣਕ ਛਣਕਊਆ ਹੋ।' ਸਾਡੇ ਵਿਚੋਂ ਇਕ ਜਿਉਂਦੇ ਦਿਲ ਨੇ ਪੁਕਾਰਿਆ ਤੇ ਉਠ ਕੇ ਤੁਰ ਪਿਆ। ਅਸੀਂ ਵੀ ਉਠ ਕੇ ਉਨ੍ਹਾਂ ਨਾਲ ਜਾ ਰਲੇ।

ਸਟੇਸ਼ਨ ਤੋਂ ਬਾਹਰ ਪੁਲਿਸ ਨੇ ਸਾਡੀ ਫੇਰ ਹਮੇਲ ਬਣਾ ਲਈ। ਸਾਨੂੰ ਸੜਕੇ ਸੜਕ ਤੋਰ ਲਿਆ, ਕਾਰਵਾਨਾਂ ਦੇ ਊਠਾਂ ਗਲ ਤੁਰਦਿਆਂ ਵਜ ਰਹੀਆਂ ਟਲੀਆਂ ਦੇ ਰਾਹਾਂ ਤੇ ਸਾਡੀਆਂ ਵੀ ਬੇੜੀਆਂ ਤਾਲ ਸੁਰ ਤੇ ਛਣਕ ਰਹੀਆਂ ਸਨ। ਅਟਕ ਦਰਿਆ ਤੋਂ ਆ ਰਹੀ ਠੰਢੀ ਹਵਾ ਵਿਚ ਕੋਈ ਇਕ ਮੀਲ ਤੋਂ ਵੱਧ ਤੁਰ ਕੇ ਦਰਿਆ ਤੋਂ ਪਰਲੀ ਪਾਰ ਖੈਰਾਬਾਦ ਤੇ ਇਸ ਪਾਰ ਅਟਕ ਦਾ ਕਿਲ੍ਹਾ ਸਾਹਮਣੇ ਦਿਸ ਪਿਆ। ਖੁਸ਼ੀ ਹੋਈ ਕਿ ਨੇੜੇ ਹੀ ਛੁਟਕਾਰਾ ਮਿਲ ਗਿਆ ਪਰ ਫਰਲਾਂਗ ਕੁ ਹੋਰ ਜਾ ਕੇ ਸਾਡੀ ਦਾਈ ਪੁਗਣ ਦੀਆਂ ਉਤੇ ਪਾਣੀ ਫਿਰ ਗਿਆ। ਕਿਲ੍ਹੇ ਤੇ ਸੜਕ ਵਿਚਾਲੇ ਬੜੀ ਚੌੜੀ ਤੇ ਡੂੰਘੀ ਖਾਈ ਸੀ। ਕਿਲ੍ਹਾ ਦਰਿਆ ਅਟਕ ਦੇ ਪੂਰਬੀ ਪਾਸੇ ਵਿਚੋਂ ਉਭਰ ਕੇ ਉਤਾਂਹ ਨੂੰ ਚੜ੍ਹੀ ਹੋਈ ਪਹਾੜੀ ਦੇ ਇਰਦ ਗਿਰਦ ਬਣਿਆ ਹੋਇਆ ਸੀ। ਪਹਾੜੀ ਦੀ ਉਚਾਈ ਅੰਦਰਲੀਆਂ ਬਾਰਕਾਂ ਤੋਂ ਕਿਲ੍ਹੇ ਦੀਆਂ ਕੰਧਾਂ ਨੀਵੀਆਂ ਸਨ। ਇੰਜ ਜਾਪਦਾ ਸੀ ਜਿਵੇਂ ਦਰਿਆ ਵਿਚੋਂ ਨਹਾ ਕੇ ਨਿਕਲ ਰਹੀ ਪਹਾੜੀ ਨੇ ਲੱਕ ਨੂੰ ਲਹਿੰਗਾ ਵਲ੍ਹੇਟਿਆ ਹੋਵੇ।

ਪੁਲਿਸ ਤੋਂ ਪਤਾ ਲੱਗਾ ਕਿ ਕੈਦੀਆਂ ਨੂੰ ਲੈਣ ਵਾਲਾ ਦਰਵਾਜਾ ਕਿਲ੍ਹੇ ਦੇ ਪਾਰਲੇ ਪਾਸੇ ਸੀ। ਇਸ ਲਈ ਅਸਾਂ ਕਿਲ੍ਹੇ ਦੀਆਂ ਤਿੰਨ ਤਰਫਾਂ ਵਲਣੀਆਂ ਸਨ। ਕਿਲ੍ਹੇ ਦੇ ਸਾਹਵੇਂ ਜਾ ਕੇ ਸੜਕ ਘਾਟੀਉਂ ਉਪਰਲੀ ਪਹਾੜੀ ਦੀ ਵੱਖੀ ਵੱਖੀ ਚੜ੍ਹਨੀ ਸ਼ੁਰੂ ਹੋਈ, ਜਿਸ ਦੇ ਨਾਲ ਨਾਲ ਅਸੀਂ ਸਟੇਸ਼ਨ ਤੋਂ ਹੀ ਤੁਰੇ ਆ ਰਹੇ ਸਾਂ। ਇੱਥੋਂ ਕੋਈ ਡੇਢ ਕੁ ਮੀਲ ਚੜ੍ਹ ਕੇ ਤੇ ਵਿਚਾਲੇ ਦੀ ਘਾਟੀ ਦਾ ਪੁਲ ਪਾਰ ਕਰ ਕੇ ਕਿਲ੍ਹੇ ਦਾ ਪੂਰਬੀ ਦਰਵਾਜਾ ਆਇਆ, ਪਰ ਇਸ ਅੱਗੇ ਫੌਜ ਦਾ ਪਹਿਰਾ ਸੀ। ਸਾਨੂੰ ਹੋਰ ਅਗਾਂਹ ਪਹਾੜ ਦੀ ਬਾਹੀ ਜਾਣਾ ਪਿਆ ਤੇ ਸੜਕੋਂ ਲਹਿੰਦੇ ਵੱਲ ਇਕ ਘਾਟੀ ਵਿਚ ਬਹੁਤ ਨੀਵਾਂ ਉਤਰ ਕੇ ਅੰਤ ਸਾਡਾ ਦਰਵਾਜਾ ਵੀ ਆ ਗਿਆ।

ਪੁਲਿਸ ਝੂਠੀ ਸੀ। ਇਹ ਪੰਧ ਤਿੰਨ ਮੀਲ ਤੋਂ ਵੀ ਜ਼ਿਆਦਾ ਨਿਕਲਿਆ।

ਰਾਹ ਵਿਚ ਤੁਰਦਿਆਂ ਬੇੜੀਆਂ ਤੇ ਕੜੀਆਂ ਦੀਆਂ ਘਾਸੀਆਂ ਤੇ ਡੰਡਿਆਂ ਦੀਆਂ ਠੋਕਰਾਂ ਨੇ ਸਾਡੀਆਂ ਸਕਤੰਜਾਂ ਤੇ ਗਿਟਿਆਂ ਉਤੇ ਪੱਛ ਲਾ

*(ਅਗਲੇ ਸਫੇ 'ਤੇ ਜਾਰੀ)*

# ਬੇਜੀ ਅਤੇ ਅਜੋਕਾ ਸਮਾਜ

ਬਾਥਰੂਮ ਵਲੋਂ ਗਾਉਣ ਦੀ ਉਚੀ ਉਚੀ ਆਵਾਜ਼ ਆ ਰਹੀ ਸੀ। ਬੇਜੀ ਆਪਣੇ ਕਮਰੇ 'ਚ ਪਾਠ ਕਰ ਰਹੇ ਸਨ। ਇਕ ਦਮ ਉਠ ਕੇ ਦੇਖਣ ਆਏ ਕਿ ਇਹ ਉਚੀ ਉਚੀ ਗਾਣੇ ਕੌਣ ਗਾ ਰਿਹਾ ਹੈ।

ਛੋਟੀ ਦੀਪ ਕੋਲ ਆਈ ਤੇ ਕਹਿਣ ਲੱਗੀ, "ਬੇਜੀ ਆਪਣੀ ਪ੍ਰੀਤ ਨਹਾਉਣ ਲੱਗੀ ਗਾਣੇ ਗਾਉਂਦੀ ਪਈ ਐ।"

"ਵਾਹਿਗੁਰੂ! ਵਾਹਿਗੁਰੂ!" ਕਹਿੰਦਿਆਂ ਬੇਜੀ ਪੋਤੀਆਂ ਉਤਰਨ ਲੱਗਿਆਂ ਬੋਲ ਪਏ, "ਸਾਡੇ ਵੇਲੇ ਨਹਾਉਣ ਵੇਲੇ ਮਾਂਵਾਂ ਪਹਿਲੀ ਪਉੜੀ ਦਾ ਪਾਠ ਕਰਵਾਉਂਦੀਆਂ ਸਨ ਤੇ ਨਾਲ ਵਾਹਿਗੁਰੂ ਦਾ ਜਾਪੁ। ਜਿਵੇਂ ਜਿਵੇਂ ਸਰਦੀਆਂ ਵਿਚ ਠੰਡਾ ਪਾਣੀ ਸਰੀਰ ਤੇ ਪੈਂਦਾ 'ਵਾਹਿਗੁਰੂ ਵਾਹਿਗੁਰੂ' ਦੀ ਆਵਾਜ਼ ਹੋਰ ਉਚੀ ਹੋਣ ਲੱਗ ਪੈਂਦੀ। ਅੱਜ ਕੱਲ ਦੀਆਂ ਮਾਂਵਾਂ ਆਪ ਵੀ ਗਾਣੇ ਸੁਣਦੀਆਂ ਨੇ ਤੇ ਉਵੇਂ ਹੀ ਦੇਖਦੇ ਬੱਚੇ ਵੀ ਓਹੀ ਕੁਝ ਕਰਦੇ ਨੇ। ਬੱਚਿਆਂ ਦਾ ਕੀ ਦੋਸ਼, ਉਹ ਤਾਂ ਜੋ ਵੇਖਣਗੇ, ਉਹੀ ਕਰਨਗੇ?"

**ਅੰਦਲੀਬ ਕੌਰ**
ਫੋਨ: 91-99157-56799

ਬੇਜੀ ਦੋ ਕੁ ਦਿਨ ਪਹਿਲਾਂ ਹੀ ਪਿੰਡੋਂ ਆਪਣੇ ਪੁੱਤਰ ਜਤਿੰਦਰ ਕੋਲ ਰਹਿਣ ਆਏ ਸਨ। ਜਤਿੰਦਰ ਦਾ ਪਰਿਵਾਰ ਅਜੋਕੇ ਜ਼ਮਾਨੇ ਦੀ ਹਰ ਸੁਖ ਸਹੂਲਤ ਮਾਣ ਰਿਹਾ ਸੀ। ਹਫਤਾ ਇਸੇ ਤਰ੍ਹਾਂ ਦੌੜ ਭੱਜ ਵਿਚ ਲੰਘ ਗਿਆ। ਸਨਿਚਰਵਾਰ ਦੀ ਸ਼ਾਮ ਸਾਰਾ ਪਰਿਵਾਰ ਬਾਹਰ ਹੀ ਖਾਣਾ ਖਾ ਕੇ ਆਉਂਦਾ ਸੀ। ਇਸ ਵਾਰ ਸਾਰੇ ਬੇਜੀ ਨੂੰ ਵੀ ਨਾਲ ਲੈ ਗਏ। ਸਾਰੇ ਬਹੁਤ ਖੁਸ਼ ਸਨ। ਛੋਟੀ ਦੀਪ ਸਭ ਤੋਂ ਵੱਧ ਖੁਸ਼ ਸੀ, ਕਿਉਂਕਿ ਉਸ ਨੇ ਅੱਜ ਆਪਣੇ ਪਾਪਾ ਨੂੰ ਮੈਕਡੋਨਲਡ ਵਾਸਤੇ ਮਨਾ ਲਿਆ ਸੀ। ਬੇਜੀ ਵੀ ਇਸ ਬਾਰੇ ਪੁੱਛਣ ਲੱਗੇ ਤਾਂ ਨੂੰਹ ਨੇ ਦੱਸਿਆ, "ਬੇਜੀ ਇਹ ਇਕ ਅਮਰੀਕੀ ਢਾਬਾ ਹੈ, ਜਿਥੇ ਖਾਣ ਲਈ ਬਣੀਆਂ ਬਣਾਈਆਂ ਚੀਜ਼ਾਂ ਮਿਲਦੀਆਂ ਹਨ। ਬੱਚੇ ਇਥੇ ਝੂਟੇ ਵੀ ਲੈ ਲੈਂਦੇ ਨੇ। ਦੀਪ ਤਾਂ ਇਸ ਕਾਰਨ ਸ਼ੌਕ ਨਾਲ ਜਾਂਦੀ ਹੈ, ਕਿਉਂਕਿ ਇਸ ਨੂੰ ਆਪਣੇ ਖਾਣੇ ਨਾਲ ਇਕ ਖਿਡੌਣਾ ਵੀ ਮਿਲ ਜਾਂਦਾ ਹੈ।"

ਅੰਦਰ ਜਾ ਕੇ ਜਦੋਂ ਖਾਣ-ਪੀਣ ਦਾ ਸਮਾਨ ਬਰਗਰ, ਪੀਜ਼ਾ ਆਦਿ ਆਏ ਤੇ ਹੈਪੀ ਮੀਲ ਨਾਲ ਇਕ ਖਿਡੌਣਾ, ਬੇਜੀ ਨੇ ਦੇਖਦੇ ਸਾਰ ਪ੍ਰੀਤ ਨੂੰ ਕਿਹਾ, "ਤੁਹਾਡੇ ਕਮਰੇ ਦੀ ਅਲਮਾਰੀ ਸ਼ਾਇਦ ਇਨ੍ਹਾਂ ਖਿਡੌਣਿਆਂ ਨਾਲ ਹੀ ਭਰੀ ਪਈ ਐ। ਤੁਸੀਂ ਦੋਵੇਂ ਭੈਣਾਂ ਇੰਨਾ ਗੰਦ-ਮੰਦ ਖਾਂਦੀਆਂ ਹੋ!"

ਦੀਪ ਇਹ ਸੁਣ ਕੇ ਹੱਸ ਪਈ, ਤੇ ਕਹਿਣ ਲੱਗੀ, "ਬੇਜੀ ਤੁਸੀਂ ਸਾਰਾ ਦਿਨ ਰੋਟੀ, ਸਬਜ਼ੀ, ਦਾਲ ਹੀ ਖਾਂਦੇ ਰਹਿੰਦੇ ਹੋ, ਅੱਜ ਸਾਡਾ ਸੁਆਦੀ ਬਰਗਰ, ਪੀਜ਼ਾ ਵੀ ਖਾ ਕੇ ਵੇਖੋ।"

ਬੇਜੀ ਹੈਰਾਨ ਹੋਏ ਆਲੇ-ਦੁਆਲੇ ਦਾ ਮਾਹੌਲ ਵੇਖਣ ਲੱਗੇ। ਨਾਲ ਵਾਲੇ ਟੇਬਲ 'ਤੇ ਕਈ ਕੁੜੀਆਂ ਆਪਣੇ ਦੋਸਤਾਂ ਨਾਲ ਬੈਠੀਆਂ ਸਨ ਅਤੇ ਖਾਣ ਪੀਣ ਤੇ ਗੱਲਾਂ ਮਾਰਨ ਵਿਚ ਪੂਰੀ ਤਰ੍ਹਾਂ ਮਸਤ ਸਨ। ਬਾਹਰ ਹੁਣ ਹਨੇਰਾ ਹੋ ਗਿਆ ਸੀ। ਬੇਜੀ ਅਚਾਨਕ ਉਠੇ ਤੇ ਨਾਲ ਦੇ ਟੇਬਲ 'ਤੇ ਕੁੜੀਆਂ ਕੋਲ ਪਹੁੰਚ ਗਏ। ਜਾ ਕੇ ਕਹਿਣ ਲੱਗੇ, "ਪੁੱਤ ਬਾਹਰ ਹਨੇਰਾ ਹੋ ਰਿਹਾ ਹੈ, ਹੁਣ ਤੁਸੀਂ ਆਪੋ-ਆਪਣੇ ਘਰ ਵੇਲੇ ਸਿਰ ਪੁਜੋ, ਤੁਹਾਡੀ ਮਾਂ ਉਡੀਕਦੀ ਹੋਊ।"

ਕੁੜੀਆਂ ਹੱਸਣ ਲੱਗੀਆਂ। ਇਕ ਕੁੜੀ ਵਿਚੋਂ ਬੋਲੀ, "ਬੇਬੇ ਜੀ, ਸਾਡੀਆਂ ਮਾਂਵਾਂ ਵੀ ਕਿਤੇ ਪਾਰਟੀ 'ਤੇ ਗਈਆਂ ਹੋਈਆਂ ਨੇ ਤੇ ਰਾਤ ਨੂੰ ਘਰ ਉਡੀਕਣ ਵਾਲਾ ਕੋਈ ਨਹੀਂ। ਤੁਹਾਨੂੰ ਸਾਡੀ ਫਿਕਰ ਕਰਨ ਦੀ ਕੋਈ ਲੋੜ ਨਹੀਂ, ਤੁਸੀਂ ਆਪਣਾ ਖਾਣਾ ਖਾਓ।"

ਬੇਜੀ ਬੜੇ ਹੈਰਾਨ ਤੇ ਸਾਨੂੰ ਆ ਕੇ ਕਹਿਣ ਲੱਗੇ, "ਜਵਾਨ ਕੁੜੀਆਂ ਘਰੋਂ ਬਾਹਰ! ਇਹ ਅੱਜ ਕਲ ਦੀਆਂ ਮਾਂਵਾਂ ਨੂੰ ਕੀ ਹੋ ਗਿਆ? ਸਾਡੇ ਵੇਲੇ ਤਾਂ ਹਨੇਰਾ ਹੋਣ ਤੋਂ ਪਹਿਲਾਂ ਹੀ ਹਰ ਕੁੜੀ ਆਪੋ ਆਪਣੇ ਘਰ ਪਹੁੰਚ ਜਾਂਦੀ ਸੀ। ਮਾਂਵਾਂ ਤਾਂ ਚਿੰਤਾ ਨਾਲ ਘਰ ਦੀ ਦਹਿਲੀਜ਼ 'ਤੇ ਉਡੀਕਦੀਆਂ ਹੀ ਰਹਿੰਦੀਆਂ ਸਨ, ਜੇ ਕੋਈ ਲੇਟ ਹੋ ਜਾਵੇ। ਅੱਜ ਕਲ ਆਪ ਵੀ ਰਾਤ ਪਾਰਟੀਆਂ 'ਤੇ ਜਾਂਦੀਆਂ ਨੇ, ਨਾਲੇ ਕੁੜੀਆਂ ਦਾ ਵੀ ਕੋਈ ਧਿਆਨ ਨਹੀਂ। ਲੋਹੜਾ ਹੀ ਆ ਗਿਆ, ਜ਼ਮਾਨੇ ਨੂੰ!"

ਗੱਲਾਂ ਕਰਦਿਆਂ ਸਭ ਨੇ ਪੀਜ਼ਾ, ਬਰਗਰ, ਆਈਸਕਰੀਮ ਖਾਧੀ। ਬਿਲ ਦੇਣ ਤੋਂ ਬਾਅਦ ਬੇਜੀ ਜਤਿੰਦਰ ਤੋਂ ਪੁੱਛਣ ਲੱਗੇ, "ਕਿੰਨਾ ਬਿਲ ਬਣਿਆ?"

ਜਤਿੰਦਰ ਹੱਸ ਕੇ ਬੋਲਿਆ, "ਕੋਈ ਬਹੁਤੇ ਨਹੀਂ, ਬਸ ਦੋ ਹਜ਼ਾਰ।"

"ਵਾਹਿਗੁਰੂ! ਵਾਹਿਗੁਰੂ! ਸਾਡੇ ਵੇਲੇ ਤਾਂ ਇੰਨੇ ਵਿਚ ਬਰਾਤ ਦੀ ਰੋਟੀ ਹੋ ਜਾਂਦੀ ਸੀ।"

ਰਾਤ ਨੂੰ ਦਸ ਕੁ ਵਜੇ ਘਰ ਪਹੁੰਚੇ ਤਾਂ ਬੇਜੀ ਪੁੱਛਣ ਲੱਗੇ, "ਅੱਜ ਰਾਤ ਦੇ ਖਾਣੇ ਵਿਚ ਕੀ ਬਣਾਉਣਾ ਹੈ?" ਕਿਉਂਕਿ ਬੇਜੀ ਤੋਂ ਉਥੇ ਬਹੁਤਾ ਖਾਧਾ ਹੀ ਨਹੀਂ ਸੀ ਗਿਆ। ਨੂੰਹ ਨੇ ਦੁਪਹਿਰ ਦੀਆਂ ਰੋਟੀਆਂ ਤੇ ਸਬਜ਼ੀ ਮਾਈਕਰੋਵੇਵ ਵਿਚ ਗਰਮ ਕਰ ਦਿੱਤੀਆਂ।

"ਅੱਜ ਕਲ ਦਾ ਮਸ਼ੀਨੀ ਯੁੱਗ, ਰੋਟੀ ਇਵੇਂ ਗਰਮ ਹੋ ਗਈ, ਬਈ ਜਿਵੇਂ ਹੁਣੇ-ਹੁਣੇ ਤਵੇ ਤੋਂ ਲਾਹੀ ਹੋਵੇ।" ਬੇਜੀ ਹਰ ਗੱਲ ਵਿਚ ਆਪਣੇ ਵੇਲੇ ਤੇ ਹੁਣ ਦੇ ਵੇਲੇ ਦੀ ਤੁਲਨਾ ਕਰਨ ਲੱਗ ਜਾਂਦੇ। ਸਵੇਰੇ ਉਠ ਕੇ ਬੇਜੀ ਕਹਿਣ ਲੱਗੇ, "ਧੀਏ ਲਿਆ ਆਟਾ ਪਰਾਤ ਵਿਚ ਪਾ ਦੇਹ, ਮੈਂ ਗੁੰਨ ਦਿੰਨੀ ਆਂ, ਤੇ ਨਾਲੇ ਅੱਜ ਤੁਹਾਨੂੰ ਸਭ ਨੂੰ ਆਪਣੇ ਹੱਥੀਂ ਪਰੌਂਠੇ ਬਣਾ ਕੇ ਖਵਾਉਨੀ ਆਂ।"

"ਨਹੀਂ ਬੇਜੀ, ਤੁਹਾਨੂੰ ਕੁਝ ਵੀ ਕਰਨ ਦੀ ਲੋੜ ਨਹੀਂ, ਹੁਣੇ ਕੰਮ ਵਾਲੀ ਆਉਣ ਵਾਲੀ ਹੈ, ਸਾਰਾ ਕੰਮ ਕਰ ਲਊ।" ਬਸ, ਇੰਨਾ ਕਹਿਣ ਦੀ ਦੇਰ ਸੀ ਕਿ ਬੇਜੀ ਦਾ ਸਮਝਾਉਣਾ ਫਿਰ ਸ਼ੁਰੂ ਹੋ ਗਿਆ ਕਿ ਖਾਣਾ ਬਣਾਉਣ ਵਾਲਿਆਂ ਦੇ ਸਾਰੇ ਵਿਚਾਰ, ਗੁੱਸਾ, ਮੰਦੀ ਸੋਚ-ਸਭ ਕੁਝ ਖਾਣ ਵਾਲਿਆਂ ਤਕ ਚਲੇ ਜਾਂਦੇ ਹਨ। ਮੰਨਿਆ ਤੁਹਾਡੇ ਘਰ ਕਿਸੇ ਚੀਜ਼ ਦੀ ਥੁੜ੍ਹ ਨਹੀਂ, ਭਾਗ ਲੱਗੇ ਰਹਿਣ, ਪਰ ਰੋਟੀ ਆਪਣੇ ਪਰਿਵਾਰ ਨੂੰ ਆਪ ਬਣਾ ਕੇ ਖਵਾਇਆ ਕਰ। ਬੱਚਿਆਂ ਅੰਦਰ ਸਬਰ ਸੰਤੋਖ ਬਣਿਆ ਰਹਿੰਦਾ ਹੈ।"

ਬੇਜੀ ਦੀ ਨੂੰਹ ਉਨ੍ਹਾਂ ਦੀ ਬਹੁਤ ਇੱਜਤ ਕਰਦੀ ਸੀ, ਕਿਉਂਕਿ ਉਹ ਉਸ ਨੂੰ ਹਮੇਸ਼ਾ ਆਪਣੀਆਂ ਧੀਆਂ ਵਾਂਗ ਪਿਆਰ ਕਰਦੇ ਸਨ। ਇਕ ਹੋਰ ਵੱਡਾ ਕਾਰਨ ਸੀ ਕਿ ਦੋ ਪੋਤਰੀਆਂ ਹੋਣ ਦੇ ਬਾਵਜੂਦ ਕੋਈ ਤਾਅਨਾ ਨਹੀਂ ਮਾਰਿਆ ਕੁੜੀਆਂ ਲਈ, ਸਗੋਂ ਦੋਹਾਂ ਨੂੰ ਮੁੰਡਿਆਂ ਤੋਂ ਵੀ ਵੱਧ ਲਾਡ ਕਰਦੇ। ਹਮੇਸ਼ਾ ਕਹਿੰਦੇ, ਧੀਏ ਕਿਸੇ ਪਾਸਿਓਂ ਵੀ ਕੁੜੀਆਂ ਮੁੰਡਿਆਂ ਨਾਲੋਂ ਘਟ ਨਹੀਂ। ਤਿੰਨ ਚਾਰ ਅਵਾਰਾ ਨਠਲੇ ਪੁੱਤਰਾਂ ਨਾਲੋਂ ਚੰਗੀ ਗੁਣੀ, ਸਿਆਣੀ ਸੰਸਕਾਰੀ ਧੀ ਦੀ ਮਾਂ ਹੋਣਾ ਜ਼ਿਆਦਾ ਮਾਣ ਦੀ ਗੱਲ ਹੈ।

ਬੇਜੀ ਨੇ ਰੋਜ਼ ਰਾਤ ਨੂੰ ਸੌਣ ਲੱਗਿਆਂ ਦੋਹਾਂ ਪੋਤਰੀਆਂ ਨੂੰ ਬਾਤਾਂ ਸੁਣਾਉਣੀਆਂ ਤੇ ਦੋਵੇਂ ਦਾਦੀ ਨਾਲ ਬਹੁਤ ਖੁਸ਼ ਰਹਿੰਦੀਆਂ। ਇਕ ਦਿਨ ਦੋਹਾਂ ਦੀ ਉਚੀ ਆਵਾਜ਼ ਸੁਣ ਕੇ ਬੇਜੀ ਦੇਖਣ ਗਏ ਤਾਂ ਪਤਾ ਲੱਗਾ ਕਿ ਉਨ੍ਹਾਂ ਦੀ ਸਹੇਲੀ ਰੋ ਰਹੀ ਸੀ ਤੇ ਕਹਿੰਦੀ, ਬੇਜੀ ਇਹ ਦੋਵੇਂ ਮੈਨੂੰ ਹਿੰਦੂ ਕਹਿ ਕੇ ਚਿੜਾ ਰਹੀਆਂ ਨੇ। ਬੇਜੀ ਨੇ ਫਿਰ ਸਮਝਾਉਣਾ ਸ਼ੁਰੂ ਕੀਤਾ, ਕਦੇ ਕਿਸੇ ਦੇ ਧਰਮ ਲਈ ਨਹੀਂ ਚਿੜਾਈਦਾ। ਸਾਰੇ ਲੋਕ ਇਕ ਬਰਾਬਰ ਹੁੰਦੇ ਹਨ, ਬਸ ਜਿਨ੍ਹਾਂ ਦੇ ਵਾਲ ਰੱਖੇ ਹੋਣ, ਉਹ ਸਿੱਖ ਤੇ ਜੋ ਕੱਟਦੇ ਹੋਣ, ਉਹ ਹਿੰਦੂ। ਸਾਰੇ ਧਰਮ ਆਪਸ ਵਿਚ ਪ੍ਰੇਮ ਭਾਵ ਹੀ ਸੀ ਸਿਖਾਉਂਦੇ ਹਨ।

ਗ੍ਰੰਥ ਪੰਥ ਸਬ ਜਗਤ ਕੇ ਬਾਤ ਬਤਾਵਤ ਤੀਨ।

ਰਾਮ ਹ੍ਰਿਦੈ ਮਨ ਮੇ ਦਯਾ, ਤਨ ਸੇਵਾ ਮੇ ਲੀਨ।

ਸ਼ਾਮੀਂ ਜਤਿੰਦਰ ਦੇ ਦੋਸਤ ਅਮਰੀਕਾ ਤੋਂ ਆਏ। ਸਾਰੇ ਬੈਠੇ ਗੱਲਾਂ ਕਰਨ ਲੱਗੇ। ਕੁੱਝ ਦੇਰ ਬਾਅਦ ਦੀਪ ਆਈ ਤੇ ਕਹਿਣ ਲੱਗੀ, "ਅੰਕਲ ਤੁਸੀਂ ਸਿੱਖ ਹੋ ਜਾਂ ਹਿੰਦੂ?" ਜਵਾਬ 'ਸਿੱਖ' ਸੁਣ ਕੇ ਅੱਗੋਂ ਪ੍ਰੀਤ ਬੋਲੀ, "ਅੰਕਲ ਜੇ ਤੁਸੀਂ ਸਿੱਖ ਹੋ ਤਾਂ ਫਿਰ ਆਪਣੀ ਟੋਪੀ ਉਤਾਰ ਕੇ ਆਪਣੇ ਵਾਲ ਵਿਖਾਓ। ਬੇਜੀ ਕਹਿੰਦੇ ਨੇ, ਜਿਹੜੇ ਵਾਲ ਕੱਟਣ, ਉਹ ਹਿੰਦੂ ਹੁੰਦੇ ਨੇ ਤੇ ਵਾਲ ਰੱਖਣ ਵਾਲੇ ਸਿੱਖ।" ਉਸ ਛੋਟੀ ਬੱਚੀ ਦਾ ਜਵਾਬ ਦੇਣ ਦੀ ਉਨ੍ਹਾਂ ਤੋਂ ਹਿੰਮਤ ਨਾ ਪਈ, ਤੇ ਚੁਪ ਕਰ ਗਏ।

ਥੋੜੀ ਦੇਰ ਬਾਅਦ ਖਾਣਾ ਵੀ ਹੋਟਲ ਤੋਂ ਆ ਗਿਆ। ਹੱਸਦਿਆਂ ਗੱਲਾਂ-ਗੱਪਾਂ ਮਾਰਦਿਆਂ ਕਾਫੀ ਰਾਤ ਹੋ ਗਈ, ਪਤਾ ਹੀ ਨਹੀਂ ਲੱਗਾ। ਬੇਜੀ ਦੋਹਾਂ ਬੇਟੀਆਂ ਨੂੰ ਖੁਆ ਪਿਆ ਕੇ ਸੁਆਉਣ ਲਈ ਲੈ ਗਏ ਤੇ ਬਾਕੀਆਂ ਦੀ ਪਾਰਟੀ ਅਜੇ ਚਲ ਰਹੀ ਸੀ।

ਸਵੇਰੇ ਉਠਦਿਆਂ ਹੀ ਛੋਟੀ ਦੀਪ ਨੂੰ ਉਲਟੀਆਂ ਲੱਗ ਗਈਆਂ। ਉਹ ਤਾਂ ਸੰਭਲੇ ਹੀ ਨਾ। ਜਲਦੀ ਨਾਲ ਉਸ ਨੂੰ ਹਸਪਤਾਲ ਲੈ ਕੇ ਗਏ। ਚੈਕਅਪ ਪਿਛੋਂ ਡਾਕਟਰ ਨੇ ਦੱਸਿਆ ਕਿ ਬਾਜ਼ਾਰੀ ਖਾਣੇ ਨੇ ਸਾਰਾ ਕੁਝ ਵਿਗਾੜਿਆ ਹੈ। ਡਾਕਟਰ ਦੀ ਗੱਲ ਸੁਣ ਕੇ ਬੇਜੀ ਨੂੰ ਫਿਰ ਆਪਣੀ ਗੱਲ ਕਰਨ ਦਾ ਪੂਰਾ ਮੌਕਾ ਮਿਲ ਗਿਆ। ਕਹਿਣ ਲੱਗੇ, ਪੁੱਤ ਮੈਂ ਤਾਂ ਇਨ੍ਹਾਂ ਨੂੰ ਕਦੋਂ ਦੀ ਕਹਿ ਰਹੀ ਆਂ ਬਈ ਬਜ਼ਾਰੀ ਖਾਣਾ ਨਾ ਖਾਓ। ਇਹ ਸਿਹਤ ਲਈ ਹਾਨੀਕਾਰਕ ਐ, ਪਰ ਕੋਈ ਮੇਰੀ ਗੱਲ ਹੀ ਨਹੀਂ ਸੁਣਦਾ, ਸਾਰੇ ਸੋਚਦੇ ਨੇ ਬਈ ਪੁਰਾਣੇ ਖਿਆਲਾਂ ਦੀ ਹੈ। ਪਰ ਇਹ ਨਹੀਂ ਪਤਾ ਕਿ ਪੁਰਾਣੇ ਲੋਕਾਂ ਨੇ ਜ਼ਿੰਦਗੀ ਹੰਢਾਈ ਐ, ਤਜ਼ਰਬਿਆਂ ਨਾਲ। ਨਾਲੇ ਅਸੀਂ ਹਮੇਸ਼ਾ ਕੁਝ ਦੇਣਾ ਹੀ ਹੈ, ਲੈਣਾ ਨਹੀਂ ਭਾਵੇਂ ਸਲਾਹ ਹੀ ਹੋਵੇ।

ਡਾਕਟਰ ਸਾਹਿਬ ਹੱਸਦਿਆਂ ਕਹਿਣ ਲੱਗੇ, "ਬੇਜੀ ਜੇ ਨਵੀਂ ਪੀੜ੍ਹੀ ਤੁਹਾਡੇ ਮਸ਼ਵਰਿਆਂ 'ਤੇ ਚਲਣ ਲੱਗੀ, ਤਾਂ ਸਾਡਾ ਤਾਂ ਹਸਪਤਾਲ ਹੀ ਬੰਦ ਹੋ ਜਾਊ।" ਫਿਰ ਸਾਰਾ ਮਾਹੌਲ ਹਾਸੇ ਵਿਚ ਪੈ ਗਿਆ। ਡਾਕਟਰ ਨੇ ਸਖਤ ਹਦਾਇਤ ਦਿਤੀ ਕਿ ਬੱਚਿਆਂ ਨੂੰ ਵੱਧ ਤੋਂ ਵੱਧ ਘਰ ਦਾ ਖਾਣਾ ਹੀ ਦਿਓ। ਅੱਜ ਕੱਲ ਬੱਚਿਆਂ ਦੇ ਸੁਭਾਅ ਵਿਚ ਚਿੜਚਿੜਾਪਨ, ਗੁੱਸਾ ਸਭ ਕੁਝ ਬਾਜ਼ਾਰੀ ਚਟਪਟੀ ਖਾਣੇ ਕਾਰਨ ਹੀ ਸਰੀਰ ਨੂੰ ਹਾਨੀ ਪਹੁੰਚਾਉਂਦੇ ਹਨ। ਤੁਹਾਡੇ ਬਜ਼ੁਰਗ ਬਿਲਕੁਲ ਠੀਕ ਕਹਿੰਦੇ ਨੇ, ਪਹਿਲਾਂ ਇਸੇ ਕਰਕੇ ਲੋਕਾਂ ਵਿਚ ਸਹਿਜ ਭਾਅ, ਸਬਰ-ਸੰਤੋਖ ਸੀ, ਸਰੀਰ ਤੰਦਰੁਸਤ ਸਨ, ਕਿਉਂਕਿ ਉਸ ਵੇਲੇ ਖਾਣਾ ਸਾਦਾ ਤੇ ਸ਼ੁਧ ਹੁੰਦਾ ਸੀ। ਅੱਜ ਕੱਲ ਖਾਣ ਪੀਣ ਦੀਆਂ ਵਸਤਾਂ 'ਤੇ ਜ਼ਹਿਰੀਲੀਆਂ ਤੇ ਹਾਨੀਕਾਰਕ ਦਵਾਈਆਂ ਦਾ ਅਸਰ ਹੈ ਅਤੇ ਬਾਕੀ ਕਸਰ ਫਾਸਟ ਫੂਡ ਨੇ ਪੂਰੀ ਕਰ ਦਿੱਤੀ।

ਡਾਕਟਰ ਸਾਹਿਬ ਦੀਪ ਨੂੰ ਟੀਕਾ ਲਗਾਉਣ ਲੱਗੇ ਤਾਂ ਅਚਾਨਕ ਦੀਪ ਟੀਕਾ ਵੇਖ ਕੇ ਉਚੀ ਉਚੀ ਰੋਣ ਲੱਗੀ। ਪ੍ਰੀਤ ਜਲਦੀ ਨਾਲ ਉਸ ਕੋਲ ਆਈ ਤੇ ਉਸ ਦੇ ਕੰਨ ਵਿਚ ਕੁਝ ਅਜਿਹਾ ਕਿਹਾ ਕਿ ਦੀਪ ਇਕ ਦਮ ਚੁਪ ਕਰਕੇ ਟੀਕੇ ਲਈ ਤਿਆਰ ਹੋ ਗਈ, ਤੇ ਰੌਲਾ ਵੀ ਨਾ ਪਾਇਆ। ਸਾਰੇ ਬੜੇ ਹੈਰਾਨ ਕਿ ਇਹੋ ਜਿਹਾ ਕੀ ਕਹਿ ਦਿੱਤਾ ਪ੍ਰੀਤ ਨੇ ਕਿ, ਦੀਪ ਨੇ ਟੀਕਾ ਚੁਪ ਕਰਕੇ ਲਵਾ ਲਿਆ।

ਪੁੱਛਣ 'ਤੇ ਪ੍ਰੀਤ ਬੋਲੀ, ਪਾਪਾ ਮੈਂ ਤਾਂ ਦੀਪ ਨੂੰ ਬਸ ਇੰਨਾ ਕਿਹਾ ਕਿ ਜੇ ਉਹ ਚੁਪ ਕਰਕੇ ਟੀਕਾ ਲਵਾ ਲਵੇ ਤਾਂ ਪਾਪਾ ਆਪਾਂ ਨੂੰ ਵੱਡੀ ਕੋਕ ਦੀ ਬੋਤਲ, ਕੁਰਕੁਰੇ ਅਤੇ ਬਰਗਰ ਲੈ ਕੇ ਦੇਣਗੇ। ਉਨ੍ਹਾਂ ਦੇ ਪਾਪਾ ਕਦੇ ਬਿਮਾਰ ਦੀਪ ਤੇ ਕਦੇ ਕੋਲ ਸ਼ਰਾਰਤਾਂ ਕਰਦੀ ਪ੍ਰੀਤ ਵਲ ਵੇਖਦੇ ਹੀ ਰਹਿ ਗਏ।

ਅੱਜ ਕੱਲ ਮਾਪਿਆਂ ਨੂੰ ਇਹ ਜ਼ਰੂਰ ਸਮਝਣਾ ਚਾਹੀਦਾ ਹੈ ਕਿ ਪੈਸਿਆਂ ਨਾਲ ਸਿਹਤ ਨਹੀਂ ਖਰੀਦੀ ਜਾ ਸਕਦੀ। ਬੱਚਿਆਂ ਦੀ ਸਿਹਤ ਨਾਲ ਧੱਕਾ ਨਾ ਕਰੋ, ਉਨ੍ਹਾਂ ਨੂੰ ਤਾਂ ਇਸ ਬਾਰੇ ਇਲਮ ਵੀ ਨਹੀਂ, ਵੱਡਿਆਂ ਨੂੰ ਤਾਂ ਇਸ ਬਾਰੇ ਪਤਾ ਹੈ। ਪੈਸਿਆਂ ਦੀ ਹੋੜ ਵਿਚ ਇੰਨੀ ਦੂਰ ਨਾ ਨਿਕਲ ਜਾਓ ਕਿ ਆਪਣੀ ਅਸਲੀ ਪੂੰਜੀ ਬੱਚਿਆਂ ਦੀ ਸਿਹਤ ਹਮੇਸ਼ਾ ਲਈ ਵਿਗਾੜ ਲਵੋ।

# ਲਾਹੌਰ ਤੋਂ ਅਟਕ ਤਕ

*(ਪਿਛਲੇ ਸਫੇ ਦੀ ਬਾਕੀ)*

ਦਿੱਤੇ ਸਨ। ਕਈਆਂ ਦੇ ਤਾਂ ਪੱਛਾਂ ਵਿਚੋਂ ਲਹੂ ਚੋ ਚੋ ਪੈਂਦਾ ਸੀ। ਮੇਰਾ ਆਪਣਾ ਬੁਰਾ ਹਾਲ ਸੀ। ਮੇਰੇ ਦੋਵੇਂ ਗਿਟੇ ਵੱਢੇ ਗਏ ਸਨ। ਸਾਡੇ ਇਨ੍ਹਾਂ ਚਰਗਲਾਂ ਤੇ ਜਦੋਂ ਬੇੜੀ ਦਾ ਕੜਾ ਘਸਰ ਜਾਂਦਾ ਜਾਂ ਇਸ ਦੇ ਡੰਡੇ ਦੀ ਠੋਕਰ ਵਜ ਜਾਂਦੀ ਤਾਂ ਇੰਜ ਜਾਪਦਾ ਜਿਵੇਂ ਕਿਸੇ ਨੇ ਚਿਮਟੇ ਨਾਲ ਮਾਸ ਦੀ ਬੋਟੀ ਖਿੱਚ ਲਈ ਹੋਵੇ ਪਰ ਅਸੀਂ ਦੇਸ਼ ਪ੍ਰੇਮ ਦੀ ਲੋਰ ਵਿਚ ਇਸ ਪੀੜ ਦੀ ਚੋਭ ਨੂੰ ਕਸੀਸਾਂ ਵਟ ਵਟ ਝੱਲੀ ਜਾਂਦੇ ਰਹੇ। ਐਨੇ ਔਖੇ ਤੇ ਦੁਖੀ ਹੋਣ ਦੇ ਬਾਵਜੂਦ ਅਸਾਂ ਕਿਸੇ ਨੇ ਵੀ ਸਾਰੇ ਰਾਹ ਵਿਚ ਹਾਏ ਪਾਹਰਿਆ ਨਹੀਂ ਕੀਤੀ ਤਾਂ ਜੋ ਕੋਈ ਕਲ੍ਹ ਨੂੰ ਇਹ ਨਾ ਆਖੇ ਕਿ ਫਲਾਣਾ ਰਾਹ ਵਿਚ ਕਮਜ਼ੋਰ ਪੈ ਗਿਆ ਸੀ।

ਪਰ ਇਨ੍ਹਾਂ ਜ਼ਖਮਾਂ ਦੇ ਦੁਖਣ ਤੇ ਪਹਾੜ ਦੀ ਚੜ੍ਹਾਈ ਉਤਰਾਈ ਦੇ ਲੰਮੇਂ ਪੈਂਡੇ ਨੇ, ਸਹਿਣਸ਼ੀਲਤਾ ਵਿਖਾਉਣ ਦੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਸਾਡੀ ਤੋਰ ਮੱਠੀ ਪਾ ਦਿੱਤੀ ਸੀ। ਇਕ ਤਾਂ ਸਾਨੂੰ ਆਪਣੇ ਜ਼ਖਮਾਂ ਨੂੰ ਬੇੜੀਆਂ ਨਾਲ ਖਹਿਣ ਤੋਂ ਬਚਾਉਣ ਲਈ ਖਾਸ ਵਿਉਂਤ ਨਾਲ ਪੈਰ ਪੁੱਟਣੇ ਤੇ ਰੱਖਣੇ ਪੈਂਦੇ ਸਨ ਜੋ ਤੋਰ ਨੂੰ ਮਧਮ ਪਾਉਂਦੇ ਸਨ। ਦੂਸਰੇ ਰਾਹ ਦੇ ਥਕੇਵੇਂ ਦੇ ਭੰਨੇ ਹੋਏ ਅਸੀਂ ਛੇਤੀ ਛੇਤੀ ਨਹੀਂ ਸਾਂ ਤੁਰ ਸਕਦੇ। ਇਸ ਲਈ ਸੱਠਾਂ ਕੈਦੀਆਂ ਤੇ ਇਸ ਤੋਂ ਅੱਧੇ ਕੁ ਪੁਲਿਸੀਆਂ ਦਾ ਇਹ ਕਾਫਲਾ ਟੱਟੂਆਂ ਵਾਂਗ ਮਰ ਮਰ ਕੇ ਪੈਰ ਪੁਟਦਾ ਸੀ।

ਕਿਲ੍ਹੇ ਅਤੇ ਇਸ ਦੀ ਪਹਾੜੀ ਦੇ ਤਿੰਨ ਪਾਸੇ ਤਾਂ ਅਸਾਂ ਵਲ ਕੇ ਵੇਖ ਲਏ। ਤਿੰਨੀ ਪਾਸੀਂ ਪਹਾੜ ਹੀ ਪਹਾੜ ਸੀ। ਚੌਥੇ ਪਾਸੇ ਲਹਿੰਦੇ ਵੱਲ ਅਟਕ ਦਰਿਆ ਸੀ ਤੇ ਪਰਲੇ ਪਾਰ ਖੈਰਾਬਾਦ ਦਾ ਕਸਬਾ ਕਿਸੇ ਤਲਾਅ ਦੀਆਂ ਪੌੜੀਆਂ ਵਾਂਗ ਦਰਿਆ ਵਿਚੋਂ ਨਿਕਲ ਕੇ ਉਤਾਂਹ ਉਚਾ ਗਿਆ ਹੋਇਆ ਸੀ। ਏਸ ਬੰਨੇ ਕੇਵਲ ਕਿਲ੍ਹੇ ਦੇ ਦੱਖਣ ਪੱਛਮੀ ਪਾਸੇ, ਜਿੱਧਰੋਂ ਅਸੀਂ ਆਏ ਸਾਂ, ਇਕ ਸਾਧੂ ਦਾ ਡੇਰਾ ਸੀ। ਜਿਸ ਦੇ ਗਿਰਦ ਦਸਾਂ ਪੰਦਰਾਂ ਘਰਾਂ ਦੀ ਛੋਟੀ ਜਿਹੀ ਬਸਤੀ ਸੀ। ਇਹ ਸਟੇਸ਼ਨੋਂ ਇਕ ਮੀਲ ਦੇ ਬਰਾਬਰ ਸੀ। ਸਾਨੂੰ ਇਸ ਦਰਵਾਜੇ ਥਾਣੀਂ ਅੰਦਰ ਨਹੀਂ ਲਿਆ, ਸਗੋਂ ਤੰਗ ਕਰਨ ਤੇ ਦੇਸ਼ ਦੀ ਭਗਤੀ ਦਾ ਮਜ਼ਾ ਚਖਾਉਣ ਲਈ ਪਹਾੜੀ ਤੇ ਚਾੜ੍ਹਿਆ, ਉਤਾਰਿਆ ਅਤੇ ਦੋ ਕੁ ਮੀਲ ਦਾ ਵਾਧੂ ਪੈਂਡਾ ਮਰਵਾਇਆ ਗਿਆ। ਸਾਨੂੰ ਤਾਂ ਇਹ ਜਾਪਿਆ ਕਿ ਸਾਡੇ ਉਤੇ ਅੰਗਰੇਜ਼ੀ ਰਾਜ ਦੀ ਹੈਂਕੜ ਤੇ ਦੁਸ਼ਮਣ ਦਾ ਰੋਅਬ ਜਮਾਉਣ ਲਈ ਜਾਣ ਬੁੱਝ ਕੇ ਸਾਨੂੰ ਇਹ ਕਸ਼ਟ ਦਿੱਤਾ ਗਿਆ ਸੀ।

ਪੁਲਿਸ ਦੇ ਕਿਲ੍ਹੇ ਦਾ ਵੱਡਾ ਸਾਰਾ ਫਾਟਕ ਖੜਕਾਉਣ ਉਤੇ ਦਰਵਾਜਾ ਖੁੱਲ੍ਹਿਆ। ਇਹ ਫਾਟਕ ਬਿਨਾਂ ਡਿਉੜ੍ਹੀਉਂ ਹੀ ਸੀ। ਸਾਨੂੰ ਉਚੀਆਂ ਉਚੀਆਂ ਕੰਧਾਂ ਵਾਲੀ ਤੇ ਅੱਗੋਂ ਬੰਦ ਚੌੜੀ ਜਿਹੀ 100 ਫੁੱਟ ਲੰਮੀ ਗਲੀ ਵਿਚ ਫੇਰ ਚੜ੍ਹਾਈ ਚੜ੍ਹਨੀ ਪਈ। ਗਲੀ ਦੇ ਅਖੀਰਲੇ ਸਿਰੇ ਤੇ ਲਹਿੰਦੇ ਵੱਲ ਸੱਜੇ ਹੱਥ ਚੌੜੇ ਜਿਹੇ ਗਲੇ ਨੂੰ ਸੱਤ ਕੁ ਫੁਟ ਉਚੇ ਕੋਲੇ ਬਣਾ ਕੇ ਕੰਡਿਆਂ ਵਾਲੀ ਤਾਰ ਵਾਲਾ ਲੱਕੜੀ ਦਾ ਹੌਲਾ ਜਿਹਾ ਫਾਟਕ ਲੱਗਾ ਹੋਇਆ ਸੀ। ਇਕ ਵਾਰਡਰ, ਇਕ ਕੈਦੀ ਮੁਨਸ਼ੀ ਤੇ ਕੁਝ ਕੈਦੀ ਨੰਬਰਦਾਰ ਸਾਨੂੰ ਲੈਣ ਲਈ ਉਥੇ ਮੌਜੂਦ ਸਨ। ਉਨ੍ਹਾਂ ਪਾਸ ਹੋਰਨਾਂ ਜੇਲ੍ਹਾਂ ਵਾਂਗ ਨਾਂ ਪਤਾ ਲਿਖਣ ਵਾਸਤੇ ਨਾ ਕੋਈ ਖੜਵੀਂ ਚੌਕੀ ਤੇ ਨਾ ਚਾਬੀਆਂ ਦੀ ਹਮੇਲ ਸੀ। ਵਾਰਡਰ ਤੇ ਮੁਨਸ਼ੀ ਪਟਵਾਰੀਆਂ ਵਾਂਗ ਪੱਟਾਂ ਉਤੇ ਆਪੋ ਆਪਣਾ ਰਜਿਸਟਰ ਰੱਖੀ ਚੌਕੜੀ ਮਾਰ ਕੇ ਭੁੰਜੇ ਹੀ ਬੈਠੇ ਹੋਏ ਸਨ। ਸਾਡੇ ਨਾਂ ਪਤਿਆਂ ਦੀ ਅੱਧੇ ਕੁ ਘੰਟੇ ਦੀ ਲਿਖ ਲਿਖਾਈ ਤੋਂ ਬਾਅਦ ਪੁਲਿਸ ਵਾਲੇ ਸਾਡੀ ਰਸੀਦ ਲੈ ਕੇ ਹੱਥਕੜੀਆਂ ਉਤਾਰ ਕੇ ਚਲੇ ਗਏ। ਸਾਨੂੰ ਵਸੂਲ ਪਾ ਕੇ ਜਾਮਾ ਤਲਾਸ਼ੀ ਲੈ ਕੇ ਅੰਦਰ ਚੱਕਰ ਵਿਚ ਲਿਜਾਇਆ ਗਿਆ। ਸਰਸਰੀ ਨਿਗਾਹ ਮਾਰਿਆਂ ਪਤਾ ਲੱਗਾ ਕਿ ਅਸੀਂ ਪਹਾੜੀ ਦੀ ਕੰਡ ਉਤੇ ਖੜ੍ਹੇ




*ਅੱਜ ਦੇ ਅਟਕ ਦੇ ਰੇਲਵੇ ਸਟੇਸ਼ਨ ਦੀ ਝਲਕ*

ਸਾਂ। ਸਾਹਮਣੇ ਦੱਖਣ ਵੱਲ ਕੁਝ ਹੇਠਾਂ ਇਕ ਮੈਦਾਨ ਸੀ, ਜਿਸ ਵਿਚ ਕੰਡਿਆਂ ਵਾਲੀ ਤਾਰ ਦਾ ਇਕ ਵੱਡਾ ਸਾਰਾ ਵਲਗਣ ਦਿਸ ਰਿਹਾ ਸੀ, ਜੋ ਕੈਦੀਆਂ ਵਾਸਤੇ ਹੀ ਜਾਪਦਾ ਸੀ। ਇਸ ਦੇ ਤੇ ਸਾਡੇ ਖੱਬੇ ਬੰਨੇ ਇਕ ਸੜਕ ਹੇਠਾਂ ਦੱਖਣ ਨੂੰ ਜਾ ਕੇ ਲਹਿੰਦੇ ਉਤਰ ਰਹੀ ਸੀ। ਉਸ ਦੇ ਖੱਬੇ ਬੰਨੇ ਇਕ ਪੱਥਰਾਂ ਦੀ ਕੰਧ ਉਤੋਂ ਦੀ ਪਹਾੜੀ ਦੀ ਕੰਡ ਸਿਖਰ ਨੂੰ ਚੜ੍ਹਦੀ ਸੀ, ਜਿਸ ਦੇ ਪਿੱਡੇ ਉਤੇ ਖਿਡਵੀਆਂ ਜਿਹੀਆਂ ਪੰਜ ਸੱਤ ਫੌਜੀ ਬਾਰਕਾਂ ਨਜ਼ਰ ਆਉਂਦੀਆਂ ਸਨ।

ਇਸ ਫਾਟਕ ਤੋਂ 20-25 ਕਰਮਾਂ ਦੀ ਵਿੱਥ ਉਤੇ ਢਾਲਵੀਆਂ ਛੱਤਾਂ ਦੇ ਇਕ ਦੂਜੇ ਤੋਂ ਨਿਖੜਵੇਂ ਦੋ ਕੋਲਿਆਂ ਦੀ ਇਕ ਇਕ ਕੋਠੜੀ ਦੇ ਬੰਦ ਵਿਹੜੇ ਵਾਲੇ ਦਸਾਂ ਕਵਾਟਰਾਂ ਦੀ ਲਾਈਨ ਮੂਹਰੇ ਇਕ ਰੇਰੂ ਦੇ ਦਰੱਖਤ ਹੇਠਾਂ ਇਸ ਜੇਲ੍ਹ ਦਾ ਚੱਕਰ ਸੀ, ਜਿੱਥੇ ਇੱਥੋਂ ਦਾ ਬਾਬਾ, (ਚੀਫ ਵਾਰਡਰ) ਤੇ ਉਸ ਦਾ 'ਅਮਲਾ' ਬੈਠੇ ਹੋਏ ਸਨ। ਏਥੇ ਲਿਜਾ ਕੇ ਸਾਡੀਆਂ ਬੇੜੀਆਂ ਤਾਂ ਕੱਟ ਸੁੱਟੀਆਂ ਗਈਆਂ ਪਰ ਹਰ ਇਕ ਦੇ ਖੱਬੇ ਪੈਰ ਨੂੰ ਲੋਹੇ ਦਾ ਅਨਘੜਤ ਜਿਹਾ ਕੜਾ ਚਾੜ੍ਹ ਕੇ ਰਿਬਟਾਂ ਕੱਸ ਦਿੱਤੀਆਂ। ਇਸ ਨੂੰ ਕੈਂਪ ਜੇਲ੍ਹ ਦੀ ਨਿਸ਼ਾਨੀ ਆਖਦੇ ਸਨ।

ਸਾਨੂੰ ਡਿਉੜ੍ਹੀ ਤੋਂ ਲਾਹੌਰ ਵਾਂਗ ਦੋ ਦੋ ਦੀ ਕਤਾਰ ਵਿਚ ਲਿਜਾ ਕੇ ਚੱਕਰ ਵਿਚ ਬੈਠਾਇਆ ਗਿਆ। ਸਾਡੇ ਸਾਧਾਰਨ ਕੈਦ ਵਾਲਿਆਂ ਦੇ ਨਾਂ ਇਕ ਰਜਿਸਟਰ ਵਿਚ ਲਿਖੇ ਤੇ ਸਖਤ ਕੈਦ ਵਾਲਿਆਂ ਦੇ ਦੂਸਰੇ ਵਿਚ। ਉਪਰੰਤ ਬਿਸਤਰਿਆਂ ਲਈ ਤੇ ਖਾਣ ਪੀਣ ਲਈ ਲੋੜੀਂਦਾ ਸਮਾਨ ਦਿਤਾ ਗਿਆ। ਰੋਟੀ ਸਾਨੂੰ ਏਥੇ ਹੀ ਖਵਾ ਦਿੱਤੀ ਗਈ। ਸੂਰਜ ਦੇਵਤਾ ਦਿਹਾੜੀ ਭਰ ਦਾ ਭੁੱਖਾ ਭਾਣਾ ਸਾਡੇ ਵਾਂਗ ਹੀ ਆਪਣਾ ਪੰਧ ਮੁਕਾਉਣ ਲੱਗਾ ਤੇ ਸਾਥੋਂ ਖਾਂਦਿਆਂ ਤੋਂ ਸੰਗ ਕੇ ਦਰਿਆਓਂ ਪਾਰਲੀਆਂ ਉਚੀਆਂ ਪਹਾੜੀਆਂ ਉਹਲੇ ਜਾ ਲੁਕਿਆ।

ਸਾਨੂੰ ਦੋ ਦੋ ਦੀ ਕਤਾਰ ਕਰਕੇ ਫੇਰ ਤੋਰ ਲਿਆ ਗਿਆ। ਦਸ ਬਾਰਾਂ ਕਰਮਾਂ ਜਾ ਕੇ ਹੇਠਾਂ ਨੀਵੀਂ ਸੜਕ ਉਤੇ, ਜੋ ਖੱਬੇ ਹੱਥ ਜਾ ਕੇ ਉਤੇ ਦੱਸੀ ਸੜਕ ਵਿਚ ਜਾ ਰਲਦੀ ਸੀ, ਰੱਖੇ ਹੋਏ ਲਕੜੀ ਦੇ ਪੁਲ ਉਤੋਂ ਦੀ ਲੰਘਾਇਆ ਗਿਆ। ਏਥੋਂ ਕੋਈ 25-30 ਕਰਮਾਂ ਹੋਰ ਅਗਾਂਹ ਤੁਰ ਕੇ ਦਸ ਬਾਰਾਂ ਫੁਟ ਹੇਠਾਂ ਉਤਾਰਿਆ ਤੇ ਕੰਡਿਆਂ ਵਾਲੀ ਤਾਰ ਦੇ ਵਾੜਿਆਂ ਵਿਚ ਲਿਜਾ ਕੇ ਸਾਧਾਰਨ ਕੈਦ ਵਾਲਿਆਂ ਨੂੰ ਇਕ ਵਾੜੇ ਵਿਚ ਤੇ ਸਖਤ ਵਾਲਿਆਂ ਨੂੰ ਦੂਸਰੇ ਵਿਚ ਤਾੜਿਆ ਗਿਆ। ਏਥੇ ਸਾਨੂੰ ਇਕ ਦਿਨ ਪਹਿਲਾਂ ਲਾਹੌਰੋਂ 'ਬਾਹਰ ਸੌਣ ਵਾਸਤੇ' ਲਿਆਂਦੇ ਹੋਏ ਆਪਣੇ ਸਾਥੀ ਮਿਲ ਗਏ।

ਇਹ ਕੋਈ ਛੇ ਕੁ ਏਕੜ ਦਾ ਮੈਦਾਨ ਸੀ। ਇਸ ਵਿਚੋਂ 4 ਏਕੜ ਥਾਂ ਅੱਠ ਅੱਠ ਫੁਟ ਉਚੇ ਲੱਕੜ ਦੇ ਵਲੇ ਗੱਡ ਕੇ ਕੰਡਿਆਂ ਵਾਲੀ ਤਾਰ ਦੇ ਸੰਘਣੇ ਤਾਣੇ ਨਾਲ ਵਲਿਆ ਹੋਇਆ ਸੀ। ਵਿਚਕਾਰ ਕੰਡਿਆਂ ਵਾਲੀ ਤਾਰ ਦੇ ਵਲਿਆਂ ਨਾਲ ਤਿੰਨ ਤਿੰਨ ਫੁੱਟ ਚੌਪਤ ਦੀ ਗਲੀ ਬਣਾ ਕੇ ਇਸ ਵਲਗਣ ਨੂੰ ਚਹੁੰ ਵਾੜਿਆਂ ਵਿਚ ਵੰਡਿਆ ਹੋਇਆ ਸੀ। ਹਰ ਵਾੜੇ ਵਿਚ ਚਾਰ ਚਾਰ ਤੰਬੂ ਜੋਤ ਕੇ ਚਾਰ ਚਾਰ ਬਾਰਕਾਂ ਬਣਾਈਆਂ ਹੋਈਆਂ ਸਨ। ਇਕ ਵਾੜੇ ਵਿਚ ਸਾਧਾਰਨ ਕੈਦ ਵਾਲੇ, ਹੋਰ ਦੋਹਾਂ ਵਾੜਿਆਂ ਵਿਚ ਸਖਤ ਕੈਦ ਵਾਲੇ, ਚੌਥੇ ਵਿਚ ਇਖਲਾਕੀ ਕੈਦੀ ਤੇ ਨੰਬਰਦਾਰ ਸਨ, ਜੋ ਸਾਡੇ ਰਾਜਸੀ ਕੈਦੀਆਂ ਲਈ ਖਾਣ ਪੀਣ ਤੇ ਸਫਾਈ ਆਦਿ ਰੱਖਣ ਦੇ ਕੰਮ ਕਾਰ ਕਰਨ ਤੇ ਨਿਗਰਾਨੀ ਲਈ ਰੱਖੇ ਹੋਏ ਸਨ।

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

## ਤੁਸੀਂ ਪੜ੍ਹ ਚੁਕੇ ਹੋ...

ਇਰਾਕ ਦੇ ਇਕ ਹਿੱਸੇ ਉਤੇ ਆਈ. ਐਸ. ਆਈ. ਐਸ. ਦੇ ਕਬਜ਼ੇ ਤੋਂ ਬਾਅਦ ਜਾਜ਼ੀਦੀ ਕਬੀਲੇ ਨਾਲ ਸਬੰਧਤ ਲੋਕ ਉਜੜ-ਪੁੱਜੜ ਗਏ। ਅਤਿਵਾਦੀਆਂ ਦੇ ਹੱਥ ਆਈਆਂ ਜਾਜ਼ੀਦੀ ਕੁੜੀਆਂ ਵੱਖ-ਵੱਖ ਥਾਂਈਂ ਰੁਲ ਰਹੀਆਂ ਹਨ। ਇਨ੍ਹਾਂ ਵਿਚੋਂ ਇਕ ਕੁੜੀ ਆਸਮਾ ਨੂੰ ਸੀਰੀਆ ਭੇਜਿਆ ਜਾ ਰਿਹਾ ਹੈ ਪਰ ਉਹ ਉਨ੍ਹਾਂ ਦੀ ਚੁੰਗਲ ਵਿਚੋਂ ਬਚ ਨਿਕਲਦੀ ਹੈ। ਉਸ ਨੂੰ ਆਪਣੇ ਘਰ ਅਤੇ ਘਰ ਦੇ ਜੀਆਂ ਦਾ ਚੇਤਾ ਆਉਂਦਾ ਹੈ, ਉਹ ਚੇਤਿਆਂ ਵਿਚ ਆਪਣੇ ਪਿੰਡ ਜਾ ਵੜਦੀ ਹੈ। ਉਹਦੇ ਪਿੰਡ ਦੀ ਸ਼ਾਮੀ ਅੰਮਾ ਉਸ ਨੂੰ ਜਾਜ਼ੀਦੀਆਂ ਦੇ ਧਰਮ ਅਤੇ ਕਬੀਲੇ ਬਾਰੇ ਵਿਸਥਾਰ ਨਾਲ ਦੱਸਦੀ ਹੈ।...ਅਮਰੀਕਾ ਨੇ ਸੱਦਾਮ ਹੁਸੈਨ ਦਾ ਤਖਤਾ ਪਲਟਣ ਲਈ ਇਰਾਕ ਉਤੇ ਹਮਲਾ ਕਰ ਦਿੱਤਾ ਅਤੇ ਫਿਰ ਸੱਦਾਮ ਮਾਰਿਆ ਗਿਆ। ਨਵੀਂ ਹਕੂਮਤ ਆ ਗਈ ਪਰ ਉਦੋਂ ਹੀ ਸੁੰਨੀ ਮੁਸਲਮਾਨਾਂ ਦੇ ਕੁਝ ਧੜੇ ਦਹਿਸ਼ਤਪਸੰਦ ਬਣ ਗਏ ਅਤੇ ਸ਼ੀਆ ਮੁਸਲਮਾਨਾਂ ਤੇ ਜਾਜ਼ੀਦੀਆਂ 'ਤੇ ਕਹਿਰ ਢਾਹੁਣ ਲੱਗੇ। ਉਦੋਂ ਹੀ ਆਈ. ਐਸ. ਆਈ. ਐਸ. ਹੋਂਦ ਵਿਚ ਆ ਗਈ ਤੇ ਜਾਜ਼ੀਦੀਆਂ 'ਤੇ ਕਹਿਰ ਢਹਿਣ ਲੱਗੇ। ਇਸੇ ਦੌਰਾਨ ਇਸਲਾਮਕ ਸਟੇਟ ਦੇ ਉਨ੍ਹਾਂ ਦੇ ਇਲਾਕੇ ਵਲ ਵਧਣ ਦੀਆਂ ਸੂਹਾਂ ਮਿਲਣ ਲੱਗੀਆਂ। ਹੁਣ ਪੜ੍ਹੋ ਇਸ ਤੋਂ ਅੱਗੇ...

# ਕਿਆਮਤ

## ਲੜੀਵਾਰ ਨਾਵਲ

### ਕਿਸ਼ਤ ਪੰਜਵੀਂ

*ਹਰਮਹਿੰਦਰ ਚਾਹਲ ਦਾ ਨਾਵਲ 'ਕਿਆਮਤ' ਇਰਾਕ ਦੇ ਛੋਟੇ ਜਿਹੇ ਅਕੀਦੇ/ਕਬੀਲੇ ਜਾਜ਼ੀਦੀ ਨਾਲ ਸਬੰਧਤ ਕੁੜੀ ਆਸਮਾ ਦੇ ਜੀਵਨ ਦੁਆਲੇ ਬੁਣਿਆ ਗਿਆ ਹੈ। ਇਸ ਵਿਚ ਇਸਲਾਮਕ ਸਟੇਟ ਆਫ ਇਰਾਕ ਐਂਡ ਸੀਰੀਆ (ਆਈ. ਐਸ. ਆਈ. ਐਸ.) ਦੇ ਦਹਿਸ਼ਤਗਰਦਾਂ ਦੀਆਂ ਜ਼ਿਆਦਤੀਆਂ ਦਾ ਚਿੱਠਾ ਫਰੋਲਿਆ ਗਿਆ ਹੈ। ਇਰਾਕ ਵਿਚ ਸੱਦਾਮ ਹੁਸੈਨ ਦੇ ਜ਼ਮਾਨੇ ਵਿਚ ਇਨ੍ਹਾਂ ਲੋਕਾਂ 'ਤੇ ਬਹੁਤ ਕਹਿਰ ਵਾਪਰਿਆ, ਪਰ ਆਈ. ਐਸ. ਆਈ. ਐਸ. ਦੇ ਉਭਾਰ ਪਿਛੋਂ ਤਾਂ ਉਨ੍ਹਾਂ ਉਤੇ ਕਹਿਰ ਦੀ ਹੱਦ ਹੋ ਗਈ, ਜਿਸ ਨੂੰ ਪੜ੍ਹ-ਸੁਣ ਕੇ ਕਾਲਜਾ ਮੂੰਹ ਨੂੰ ਆਉਂਦਾ ਹੈ। 'ਪੰਜਾਬ ਟਾਈਮਜ਼' ਦੇ ਪਾਠਕ ਕੁਝ ਅਰਸਾ ਪਹਿਲਾਂ ਚਾਹਲ ਦੀ ਇਕ ਹੋਰ ਲਿਖਤ 'ਆਫੀਆ ਸਿੱਦੀਕੀ ਦਾ ਜਹਾਦ' ਪੜ੍ਹ ਚੁਕੇ ਹਨ, ਜਿਸ ਵਿਚ ਉਸ ਨੇ ਅਲ-ਕਾਇਦਾ ਨਾਲ ਜੁੜੀ ਅਤੇ ਅਮਰੀਕਾ ਵਿਚ ਪੜ੍ਹਦੀ ਕੁੜੀ ਆਫੀਆ ਸਿੱਦੀਕੀ ਦੇ ਜੀਵਨ ਦੇ ਆਧਾਰ 'ਤੇ ਕਹਾਣੀ ਬੁਣੀ ਸੀ। ਆਫੀਆ ਨੂੰ 2010 ਵਿਚ 86 ਵਰ੍ਹਿਆਂ ਦੀ ਕੈਦ ਹੋਈ ਸੀ, ਉਹ ਅੱਜ ਕੱਲ੍ਹ ਅਮਰੀਕੀ ਜੇਲ੍ਹ ਵਿਚ ਬੰਦ ਹੈ। -ਸੰਪਾਦਕ*

*(6)*

ਦਿਨ ਚੜ੍ਹ ਆਇਆ। ਸਾਰਾ ਪਰਿਵਾਰ ਖਾਉ ਪੀਉ ਤੋਂ ਵਿਹਲਾ ਹੋ ਚੁਕਾ ਸੀ। ਖੇਤ ਜਾਣ ਵਾਲੇ ਚਲੇ ਗਏ। ਮੈਂ ਘਰ ਮਾਂ ਕੋਲ ਹੀ ਸਾਂ। ਖੈਰੀ ਬਾਰੇ ਫਿਕਰ ਸੀ ਤੇ ਨਾਲ ਹੀ ਅਸੀਂ ਜਾਲੋ ਦਾ ਫੋਨ ਉਡੀਕ ਰਹੇ ਸਾਂ। ਖੈਰੀ ਵਲੋਂ ਤਾਂ ਸੁੱਖ ਹੀ ਰਹੀ, ਕੋਈ ਉਸ ਦਾ ਪਿੱਛਾ ਕਰਦਾ ਨਾ ਆਇਆ ਪਰ ਜਾਲੋ ਦਾ ਕੋਈ ਪਤਾ ਨਾ ਲੱਗਾ। ਸਾਨੂੰ ਫਿਕਰ ਹੋਣ ਲੱਗਾ। ਦੁਪਹਿਰਾ ਢਲ ਗਿਆ ਤੇ ਫਿਰ ਦਿਨ ਵੀ ਛੁਪ ਗਿਆ ਪਰ ਉਸ ਦਾ ਫੋਨ ਨਾ ਆਇਆ। ਟੀ. ਵੀ. ਨਹੀਂ ਚਲ ਰਿਹਾ



**ਹਰਮਹਿੰਦਰ ਚਹਿਲ**
ਫੋਨ: 703-362-3239
chahals57@yahoo.com

ਸੀ, ਕਿਉਂਕਿ ਪਿਛਲੇ ਦਿਨ ਦੀ ਬਿਜਲੀ ਬੰਦ ਸੀ। ਪਿੰਡ 'ਚ ਕਿਸੇ ਘਰ ਜੈਨਰੇਟਰ ਚੱਲਦਾ ਸੀ ਤੇ ਮੈਂ ਫੋਨ ਵੀ ਉਥੇ ਜਾ ਕੇ ਚਾਰਜ ਕੀਤਾ।

ਅਗਲਾ ਦਿਨ ਵੀ ਉਡੀਕਦਿਆਂ ਲੰਘ ਗਿਆ। ਕਿਧਰੋਂ ਕੁਝ ਵੀ ਪਤਾ ਨਹੀਂ ਸੀ ਲੱਗ ਰਿਹਾ। ਉਡੀਕ 'ਚ ਸਾਡਾ ਮਰਨ ਹੋਇਆ ਪਿਆ ਸੀ। ਤੀਜੇ ਦਿਨ ਪਰਿਵਾਰ ਨੇ ਸਵੇਰ ਦਾ ਖਾਣ ਪਕਾਉਣ ਮੁਕਾਇਆ ਹੀ ਸੀ ਕਿ ਫੋਨ ਦੀ ਘੰਟੀ ਵੱਜੀ, ਪਰ ਫੋਨ ਜਾਲੋ ਦਾ ਨਹੀਂ, ਜਿੰਜ਼ਾਲ ਦਾ ਸੀ। ਉਹ ਇਰਬਲ ਤੋਂ ਬੋਲ ਰਿਹਾ ਸੀ। ਉਹ ਹੌਲੀ ਤੇ ਥੱਕੀ ਜਿਹੀ ਆਵਾਜ਼ 'ਚ ਬੋਲਿਆ, "ਆਸਮਾ, ਸਿੰਜਾਰ ਤੋਂ ਫੋਨ ਆਇਆ ਸੀ...।"

ਮੈਂ ਗੱਲ ਵਿਚਕਾਰੋਂ ਕੱਟਦਿਆਂ ਕਿਹਾ, "ਅੱਛਾ ਜਾਲੋ ਦਾ ਸੀ? ਅਸੀਂ ਵੀ ਦੋ ਦਿਨਾਂ ਤੋਂ ਉਡੀਕੀ ਜਾ ਰਹੇ ਆਂ। ਕੀ ਕਹਿੰਦਾ ਸੀ?"

"ਨ੍ਹੀਂ ਆਸਮਾ, ਇਹ ਫੋਨ ਜਾਲੋ ਦਾ ਨ੍ਹੀਂ, ਮੇਰੇ ਕਿਸੇ ਦੋਸਤ ਦਾ ਸੀ।" ਉਹਦਾ ਲਹਿਜਾ ਹੋਰ ਉਦਾਸ ਹੋ ਗਿਆ।

"ਹੈਂ! ਕੀ ਹੋਇਆ ਭਾਈਜਾਨ?" ਪ੍ਰੇਸ਼ਾਨ ਹੁੰਦਿਆਂ ਮੈਂ ਪੁੱਛਿਆ।

"ਉਸ ਨੇ ਦੱਸਿਐ ਕਿ ਜਿਸ ਇਲਾਕੇ 'ਚ ਜਾਲੋ ਰਹਿੰਦਾ ਸੀ, ਉਥੇ ਇਸਲਾਮਕ ਸਟੇਟ ਵਾਲਿਆਂ ਦਾ ਕਬਜ਼ਾ ਹੋ ਚੁਕਾ ਐ।"

"ਤੇ ਫਿਰ ਜਾਲੋ ਕਿਥੇ ਐ?"

"ਦੋਸਤ ਦੱਸ ਰਿਹਾ ਸੀ ਕਿ ਉਸ ਇਲਾਕੇ ਦੇ ਸਾਰੇ ਜਾਜ਼ੀਦੀ ਲੋਕਾਂ ਨੂੰ ਇਸਲਾਮਕ ਸਟੇਟ ਵਾਲੇ ਬੰਦੀ ਬਣਾ ਕੇ ਬਾਹਰ ਲੈ ਗਏ ਨੇ। ਉਹ ਕਹਿ ਰਿਹਾ ਸੀ...।"

ਮੈਨੂੰ ਗੱਲ ਦੀ ਕੋਈ ਸਮਝ ਨਹੀਂ ਆ ਰਹੀ ਸੀ ਅਤੇ ਜਿੰਜ਼ਾਲ ਫਿਕਰ ਤੇ ਪ੍ਰੇਸ਼ਾਨੀ 'ਚ ਡੁੱਬਿਆ ਬੜੀ ਹੌਲੀ ਗੱਲ ਕਰ ਰਿਹਾ ਸੀ। ਮੈਂ ਵਿਚੋਂ ਹੀ ਟੋਕਦਿਆਂ ਪੁੱਛਿਆ, "ਭਾਈ ਜਾਨ ਕਿਧਰ ਨੂੰ ਲੈ ਗਏ ਨੇ ਉਨ੍ਹਾਂ ਲੋਕਾਂ ਨੂੰ? ਕੋਈ ਖਤਰੇ ਵਾਲੀ ਗੱਲ ਐ?"

"ਕੱਲ੍ਹ ਇਸਲਾਮਕ ਸਟੇਟ ਵਾਲਿਆਂ ਨੇ ਇਰਾਕੀ ਫੌਜਾਂ ਖਦੇੜ ਦਿੱਤੀਆਂ। ਸਿੰਜਾਰ 'ਤੇ ਉਨ੍ਹਾਂ ਦਾ ਕਬਜ਼ਾ ਹੋ ਚੁਕੈ। ਉਹ ਜਾਜ਼ੀਦੀ ਲੋਕਾਂ ਨੂੰ ਘਰਾਂ 'ਚੋਂ ਕੱਢ ਕੇ ਬਾਹਰ ਲੈ ਤੁਰੇ ਨੇ। ਅੱਗੇ ਤਾਂ ਖਤਰਾ ਈ ਖਤਰਾ।" ਉਹ ਠੰਢੀ ਆਹ ਭਰਦਿਆਂ ਚੁੱਪ ਹੋ ਗਿਆ। ਅਗਾਂਹ ਉਸ ਨੇ ਇਹ ਕਹਿ ਕੇ ਫੋਨ ਕੱਟ ਦਿੱਤਾ ਕਿ ਜਦੋਂ ਹੀ ਕੋਈ ਨਵੀਂ ਜਾਣਕਾਰੀ ਮਿਲੀ ਤਾਂ ਉਹ ਸਾਡੇ ਨਾਲ ਗੱਲ ਕਰੇਗਾ।

ਮਾਂ ਮੇਰੀਆਂ ਗੱਲਾਂ ਸੁਣ ਰਹੀ ਸੀ। ਅੱਧੀ ਕੁ ਗੱਲ ਤਾਂ ਉਸ ਨੂੰ ਪਤਾ ਲੱਗ ਗਈ ਸੀ ਤੇ ਬਾਕੀ ਮੈਂ ਦੱਸ ਦਿੱਤਾ। ਮਾਂ ਰੋਣ ਲੱਗੀ। ਘਰ 'ਚ ਸੋਗ ਫੈਲ ਗਿਆ। ਮੈਂ ਹੈਂਜ਼ੀ ਨੂੰ ਵੀ ਫੋਨ ਕਰਕੇ ਦੱਸ ਦਿੱਤਾ। ਉਦੋਂ ਨੂੰ ਦਰਵਾਜਾ ਖੋਲ੍ਹਦਿਆਂ ਨਿਢਾਲ ਜਾਪਦੀ ਸ਼ਾਮੀ ਅੰਮਾ ਅੰਦਰ ਆਈ। ਕੁਰਸੀ 'ਤੇ ਬੈਠਦਿਆਂ ਉਸ ਨੇ ਪ੍ਰਾਰਥਨਾ 'ਚ ਹੱਥ ਜੋੜੇ ਤੇ ਅੱਖਾਂ ਮੀਚੀ ਕੁਝ ਬੁਦਬਦਾਉਂਦਿਆਂ ਹੌਲੀ ਜਿਹੀ ਬੋਲੀ, "ਸਾਇਰਾ ਬੀਬੀ, ਪਹਿਲਾਂ ਤਾਂ ਮੈਂ ਤੈਨੂੰ ਚੰਗੀ ਗੱਲ ਦੱਸ ਦਿਆਂ, ਮੈਂ ਸਿੱਧੀ ਅਹਿਮਦ ਜਾਸੋ ਵਲੋਂ ਆ ਰਹੀ ਆਂ।"

"ਹਾਂ ਅੰਮਾ।" ਮਾਂ ਨੇ ਹੰਝੂ ਰੋਕਦਿਆਂ ਸ਼ਾਮੀ ਅੰਮਾ ਵਲ ਵੇਖਿਆ। ਉਹ ਗਲਾ ਸਾਫ ਕਰਦੀ ਬੋਲੀ, "ਉਸ ਨੂੰ ਕਿਰਕੀ ਦੇ ਮੁਖਤਾਰ ਦਾ ਫੋਨ ਆਇਆ ਸੀ। ਉਹ ਪੁੱਛ ਰਿਹਾ ਸੀ ਕਿ ਖੈਰੀ ਕਿਧਰ ਨੂੰ ਗਿਆ। ਅੱਗੋਂ ਅਹਿਮਦ ਜਾਸੋ ਨੇ ਕਿਹਾ ਕਿ ਖੈਰੀ ਤਾਂ ਉਸੇ ਕੋਲ ਸੀ, ਉਹ ਹੀ ਦੱਸੇ ਕਿ ਖੈਰੀ ਕਿਥੇ ਐ। ਇਸ ਗੱਲ ਤੋਂ ਕਿਰਕੀ ਦੇ ਮੁਖਤਾਰ ਨੇ ਕਿਹਾ...।" ਸ਼ਾਮੀ ਅੰਮਾ ਨੇ ਗੱਲ ਵਿਚਾਲੇ ਹੀ ਛੱਡ ਦਿੱਤੀ, ਕਿਉਂਕਿ ਦਰਵਾਜਾ ਖੋਲ੍ਹਣ ਦੀ ਬਿੜਕ ਆਈ ਸੀ। ਸਭ ਦਾ ਉਧਰ ਧਿਆਨ ਗਿਆ। ਇਹ ਹੈਂਜ਼ੀ ਸੀ। ਉਹ ਨੇੜੇ ਆ ਕੇ ਬਹਿ ਗਿਆ ਤਾਂ ਸ਼ਾਮੀ ਅੰਮਾ ਨੇ ਗੱਲ ਅੱਗੇ ਤੋਰੀ, "ਕਿਰਕੀ ਦੇ ਮੁਖਤਾਰ ਨੇ ਅਹਿਮਦ ਜਾਸੋ ਨੂੰ ਫੋਨ ਕਰਦਿਆਂ ਕਿਹਾ ਐ ਕਿ ਖੈਰੀ ਨੂੰ ਅਗਵਾ ਕਰਨ ਵਾਲਿਆਂ ਦਾ ਦਾਅਵਾ ਮੁੱਕ ਗਿਆ ਐ, ਕਿਉਂਕਿ ਖੈਰੀ ਆਪਣੇ ਆਪ ਈ ਸਾਡੇ ਕੋਲੋਂ ਨਿਕਲ ਚੁਕੈ। ਇਸ ਕਰਕੇ ਉਹ ਉਨ੍ਹਾਂ ਵਲੋਂ ਆਜ਼ਾਦ ਐ। ਬੇਫਿਕਰ ਹੋ ਕੇ ਜਿਥੇ ਮਰਜ਼ੀ ਰਹੇ।"

"ਅੰਮਾ ਸ਼ੁਕਰ ਐ ਰੱਬ ਦਾ। ਨਾਲੇ ਤਾਊਸੀ ਮਲਕ ਤੇਰਾ ਵੀ ਭਲਾ ਕਰੇ।"

"ਨ੍ਹੀਂ ਇਉਂ ਨਾ ਕਹਿ, ਤੁਸੀਂ ਸਾਰੇ ਮੇਰੇ ਬੱਚੇ ਹੋ। ਮੈਂ ਖੈਰੀ ਨੂੰ ਵੀ ਕਹਿ ਆਈ ਆਂ ਕਿ ਉਹ ਭਾਵੇਂ ਘਰ ਆ ਜਾਵੇ ਪਰ ਉਹ ਪਹਿਲਾਂ ਆਪਣੇ ਮੁਖਤਾਰ ਅਹਿਮਦ ਜਾਸੋ ਵਲ ਚਲਾ ਗਿਆ ਐ। ਕਹਿੰਦਾ ਸੀ, ਉਸ ਦਾ ਧੰਨਵਾਦ ਕਰਨੈਂ।"

"ਠੀਕ ਐ ਅੰਮਾ...।" ਮਾਂ ਨੇ ਗੱਲ ਵਿਚੇ ਛੱਡ ਦਿੱਤੀ ਤੇ ਸ਼ਾਮੀ ਅੰਮਾ ਵਲ ਵੇਖਿਆ। ਉਹ ਸਮਝ ਗਈ ਕਿ ਇਹ ਕੀ ਜਾਣਨਾ ਚਾਹੁੰਦੀ ਹੈ। ਉਸ ਨੇ ਫਿਰ ਗੱਲ ਸ਼ੁਰੂ ਕੀਤੀ, "ਮੈਨੂੰ ਅਹਿਮਦ ਜਾਸੋ ਤੋਂ ਸਭ ਪਤਾ ਲੱਗ ਗਿਐ। ਜਿੰਜ਼ਾਲ ਨੇ ਉਸ ਨੂੰ ਵੀ ਫੋਨ ਕੀਤੈ। ਸਿੰਜਾਰ ਸ਼ਹਿਰ ਦੇ ਹਾਲਾਤ ਬਹੁਤ ਖਰਾਬ ਨੇ। ਅਹਿਮਦ ਜਾਸੋ ਨੇ ਦੱਸਿਐ ਕਿ ਸਿੰਜਾਰ ਇਸਲਾਮਕ ਸਟੇਟ ਵਾਲਿਆਂ ਦੇ ਕਬਜੇ 'ਚ ਆ ਚੁਕੈ। ਉਨ੍ਹਾਂ ਉਥੇ ਕਾਬਜ਼ ਹੁੰਦਿਆਂ ਈ ਸ਼ਰੀਅਤ ਕਾਨੂੰਨ ਲਾਗੂ ਕਰ ਦਿੱਤੈ। ਉਨ੍ਹਾਂ ਨੇ ਗੈਰ ਮੁਸਲਮਾਨਾਂ ਨੂੰ ਹੁਕਮ ਦਿੱਤੈ ਕਿ ਉਹ ਇਸਲਾਮ ਧਰਮ ਅਪਨਾ ਲੈਣ, ਨ੍ਹੀਂ ਤਾਂ ਫਿਰ ਸਿੱਟੇ ਭੁਗਤਣ ਲਈ ਤਿਆਰ ਰਹਿਣ।"

ਸ਼ਾਮੀ ਅੰਮਾ ਨੇ ਗੱਲ ਮੁਕਾਉਂਦਿਆਂ ਸਭ ਵਲ ਵੇਖਿਆ। ਸਭ ਦੇ ਚਿਹਰੇ ਉਡ ਗਏ। ਕੋਈ ਨਾ ਬੋਲਿਆ ਤਾਂ ਅੰਮਾ ਨੇ ਗੱਲ ਅੱਗੇ ਤੋਰੀ, "ਆਪਣੇ ਲੋਕ ਧਰਮ ਬਦਲੀ ਦੀ ਗੱਲ ਤਾਂ ਮੰਨ ਈ ਨ੍ਹੀਂ ਸਕਦੇ। ਇਸੇ ਕਰਕੇ ਇਸਲਾਮਕ ਸਟੇਟ ਵਾਲਿਆਂ ਨੇ ਸਭ ਨੂੰ ਬੰਦੀ ਬਣਾ ਲਿਆ। ਬਹੁਤੇ ਮਾਰ ਵੀ ਦਿੱਤੇ ਨੇ ਪਰ ਜਾਲੋ ਬਾਰੇ ਜਿਵੇਂ ਕਿ ਤੁਹਾਨੂੰ ਵੀ ਜਿੰਜ਼ਾਲ ਨੇ ਦੱਸਿਆ, ਇਹੀ ਐ ਕਿ ਉਹ ਬੰਦੀ ਬਣਾਏ ਲੋਕਾਂ ਵਿਚ ਈ ਹੋਵੇਗਾ।"

ਗੱਲ ਸੁਣ ਕੇ ਮਾਂ ਦਾ ਰੋਣਾ ਹੋਰ ਉਚਾ ਹੋ ਗਿਆ। ਸ਼ਾਮੀ ਅੰਮਾ ਨੇ ਧਰਵਾਸ ਦਿੰਦਿਆਂ ਕਿਹਾ, "ਸਾਇਰਾ ਬੀਬੀ, ਕੁਛ ਲੋਕ ਬਚ ਕੇ ਨਿਕਲ ਵੀ ਗਏ ਨੇ। ਆਪਾਂ ਨੂੰ ਉਮੀਦ ਨ੍ਹੀਂ ਛੱਡਣੀ ਚਾਹੀਦੀ।"

ਹੈਂਜ਼ੀ ਦੱਸਣ ਲੱਗਾ, "ਮੇਰੀ ਵੀ ਅਹਿਮਦ ਜਾਸੋ ਨਾਲ ਗੱਲ ਹੋਈ ਸੀ। ਉਸ ਨੇ ਇਧਰੋਂ ਉਧਰੋਂ ਪਤਾ ਕੀਤੈ। ਕਹਿੰਦਾ ਸੀ, ਜੋ ਲੋਕ ਭੱਜਣ 'ਚ ਕਾਮਯਾਬ ਹੋ ਗਏ, ਉਹ ਸਿੰਜਾਰ ਪਹਾੜਾਂ ਵਲ ਨਿਕਲ ਗਏ ਨੇ। ਕੁਛ ਤਾਂ ਬੰਦੀ ਬਣਾਏ ਲੋਕਾਂ 'ਚੋਂ ਵੀ ਬਚ ਨਿਕਲੇ ਨੇ।"

"ਤਾਂ ਹੀ ਮੈਂ ਕਹਿੰਨੀ ਆਂ, ਆਪਾਂ ਨੂੰ ਇਹ ਸੋਚ ਕੇ ਚੱਲਣਾ ਚਾਹੀਦਾ ਐ, ਬਈ ਜਾਲੋ ਉਨ੍ਹਾਂ ਭੱਜਣ ਵਾਲਿਆਂ ਵਿਚ ਐ।" ਸ਼ਾਮੀ ਅੰਮਾ ਬੋਲੀ।

"ਹਾਂ ਅੰਮਾ ਤੁਹਾਡੀ ਗੱਲ ਸਹੀ ਐ। ਨਾਲੇ ਉਸ ਦੀ ਮਕੈਨਿਕ ਸ਼ਾਪ ਸ਼ਹਿਰ ਦੇ ਚੜ੍ਹਦੇ ਵਲ ਐ, ਜਿਥੇ ਇਸਲਾਮਕ ਸਟੇਟ ਵਾਲੇ ਸਭ ਤੋਂ ਪਿੱਛੋਂ ਪਹੁੰਚੇ ਹੋਣਗੇ। ਇਸ ਕਰਕੇ ਮੈਨੂੰ ਵੀ ਲੱਗਦੈ ਕਿ ਜਾਲੋ ਬਚ ਕੇ ਨਿਕਲ ਗਿਐ। ਆਪਾਂ ਉਸ ਦਾ ਸੁਨੇਹਾ ਉਡੀਕੀਏ।" ਹੈਂਜ਼ੀ ਬੋਲਿਆ।

"ਠੀਕ ਐ ਪੁੱਤਰ ਪਰ ਮੇਰੇ 'ਤੇ ਤਾਂ ਦੁੱਖ ਦਾ ਪਹਾੜ ਟੁੱਟ ਪਿਆ ਐ।" ਮਾਂ ਹੰਝੂ ਪੂੰਝਦੀ ਬੋਲੀ। ਸ਼ਾਮੀ ਅੰਮਾ ਬੋਲੀ, "ਸਾਇਰਾ ਬੀਬੀ, ਸਾਨੂੰ ਇਸ ਤੋਂ ਵੀ ਵੱਡੇ ਦੁੱਖਾਂ ਦੇ ਪਹਾੜਾਂ ਲਈ ਤਿਆਰ ਰਹਿਣਾ ਚਾਹੀਦੈ। ਮੈਨੂੰ ਕੋਈ ਬੜੀ ਭਿਆਨਕ ਖੂਨੀ ਹਨੇਰੀ ਚੜ੍ਹੀ ਆਉਂਦੀ ਦਿਸਦੀ ਐ।"

ਸਾਰੇ ਚੁੱਪ ਪਸਰ ਗਈ। ਸਭ ਹੈਰਾਨ-ਪ੍ਰੇਸ਼ਾਨ ਤੇ ਚਿਹਰੇ ਉਦਾਸ। ਉਦੋਂ ਹੀ ਖੈਰੀ ਅੰਦਰ ਆਇਆ। ਉਸ ਦਾ ਮੂੰਹ ਉਤਰਿਆ ਹੋਇਆ ਸੀ ਤੇ ਉਹ ਹੈਂਜ਼ੀ ਵਲ ਵੇਖਦਿਆਂ ਕਿਹਾ, "ਮੁਖਤਾਰ ਨੇ ਸਾਰੇ ਬੰਦਿਆਂ ਨੂੰ ਜੇਵਾਤ 'ਚ ਇਕੱਠੇ ਹੋਣ ਨੂੰ ਕਿਹੈ। ਮੈਂ ਤੈਨੂੰ ਈ ਲੈਣ ਆਇਆਂ।"

"ਪੁੱਤਰਾ ਕੀ ਗੱਲ ਐ?" ਸ਼ਾਮੀ ਅੰਮਾ ਨੇ ਪੁੱਛਿਆ।

"ਅੰਮਾ, ਪਤਾ ਲੱਗੈ, ਇਸਲਾਮਕ ਸਟੇਟ ਵਾਲਿਆਂ ਦੇ ਲੜਾਕੇ ਸਿੰਜਾਰ ਤੋਂ ਅੱਗੇ ਪਿੰਡਾਂ ਵਲ ਵਧਣੇ ਸ਼ੁਰੂ ਹੋ ਗਏ ਨੇ। ਲੋਕ ਭੱਜ ਰਹੇ ਨੇ। ਜਿਸ ਦਾ ਫਹੁ ਪੈਂਦਾ ਐ, ਉਹ ਸਿੰਜਾਰ ਪਹਾੜਾਂ 'ਤੇ ਪਹੁੰਚ ਜਾਂਦਾ ਐ। ਮੁਖਤਾਰ ਸਲਾਹ ਮਸ਼ਵਰਾ ਕਰਨਾ ਚਾਹੁੰਦਾ ਐ ਕਿ ਆਪਣੇ ਪਿੰਡ ਦੇ ਲੋਕ ਕੀ ਕਰਨ।"

"ਜਾਹ ਹੈਂਜ਼ੀ ਪੁੱਤਰ। ਜਲਦੀ ਵਾਪਸ ਆਇਉ। ਅਸੀਂ ਤੁਹਾਨੂੰ ਇੱਥੇ ਈ ਉਡੀਕਦੇ ਆਂ।" ਸ਼ਾਮੀ ਅੰਮਾ ਨੇ ਇੰਨਾ ਕਿਹਾ ਤਾਂ ਹੈਂਜ਼ੀ ਅਤੇ ਖੈਰੀ ਘਰੋਂ ਨਿਕਲ ਗਏ।

ਅਸੀਂ ਪਿੱਛੇ ਦੁੱਖਾਂ ਸੁੱਖਾਂ ਦੀਆਂ ਗੱਲਾਂ ਕਰਦੇ ਰਹੇ। ਸ਼ਾਮੀ ਅੰਮਾ ਧਰਵਾਸਾ ਦੇਈ ਜਾ ਰਹੀ ਸੀ ਤੇ ਨਾਲ ਹੀ ਰੱਬ ਦੀ ਰਜ਼ਾ 'ਚ ਰਹਿਣ ਦਾ ਸਬਕ ਸਿਖਾ ਰਹੀ ਸੀ। ਦੋ ਘੰਟਿਆਂ ਪਿੱਛੋਂ ਹੈਂਜ਼ੀ ਅਤੇ ਖੈਰੀ ਘਰ ਮੁੜ ਆਏ। ਉਹ ਪਹਿਲਾਂ ਨਾਲੋਂ ਵੀ ਉਦਾਸ ਸਨ। ਹੈਂਜ਼ੀ ਨੇ ਟੁੱਟੇ ਮਨ ਨਾਲ ਦੱਸਿਆ, "ਗੱਲ ਸੱਚੀ ਐ। ਇਸਲਾਮਕ ਸਟੇਟ ਵਾਲੇ ਪਿੰਡਾਂ ਵਲ ਆ ਰਹੇ ਨੇ। ਉਹ ਜਿਥੇ ਕਿਤੇ ਕਬਜ਼ਾ ਕਰ ਲੈਂਦੇ ਨੇ, ਲੋਕਾਂ ਨੂੰ ਬਾਹਰ ਨ੍ਹੀਂ ਨਿਕਲਣ ਦਿੰਦੇ। ਉਨ੍ਹਾਂ ਦਾ ਕਹਿਣਾ ਐਂ ਕਿ ਭੱਜੋ ਨਾ, ਇਥੇ ਰਹੋ ਪਰ ਸ਼ਰੀਅਤ ਨੂੰ ਮੰਨੋ।"

"ਪੁੱਤਰ, ਫਿਰ ਆਪਣੇ ਪਿੰਡ ਬਾਰੇ ਕੀ ਫੈਸਲਾ ਹੋਇਆ?"

"ਮਾਂ, ਉਥੇ ਕਈ ਕਿਸਮ ਦਾ ਵਿਚਾਰ-ਵਟਾਂਦਰਾ ਹੋਇਆ। ਮੁਖਤਾਰ ਕਹਿ ਰਿਹਾ ਸੀ ਕਿ ਕੁਛ ਪਰਿਵਾਰ ਪਿਛਲੇ ਦਿਨੀਂ ਨਵੇਂ ਹਾਲਾਤ ਤੋਂ ਡਰਦੇ ਕੁਰਦਸਤਾਨ ਵਲ ਗਏ ਸਨ ਪਰ ਸਰਹੱਦੀ ਚੌਂਕੀ 'ਤੇ ਕੁਰਦ ਪੇਸ਼ਮਰਗਾ ਨੇ ਉਨ੍ਹਾਂ ਨੂੰ ਕੁਰਦਸਤਾਨ 'ਚ ਦਾਖਲ ਨ੍ਹੀਂ ਹੋਣ ਦਿੱਤਾ ਸਗੋਂ ਇਹ ਕਹਿੰਦਿਆਂ ਵਾਪਸ ਮੋੜ ਦਿੱਤਾ ਕਿ ਤੁਹਾਨੂੰ ਤੁਹਾਡੇ ਪਿੰਡ 'ਚ ਕੋਈ ਖਤਰਾ ਨ੍ਹੀਂ। ਉਹ ਸਾਡੀ ਰਾਖੀ ਕਰਨਗੇ। ਇਸ ਤੋਂ ਜਾਪਦੈ, ਕੁਰਦਸਤਾਨ ਪੇਸ਼ਮਰਗਾ ਸਾਡੀ ਸੁਰੱਖਿਆ ਕਰੇਗਾ ਤੇ ਸਾਨੂੰ ਆਰਾਮ ਨਾਲ ਇਥੇ ਰਹਿਣਾ ਚਾਹੀਦਾ ਐ।"

ਖੈਰੀ ਨੇ ਗੱਲ ਖਤਮ ਕੀਤੀ ਤਾਂ ਹੈਂਜ਼ੀ ਬੋਲਣ ਲੱਗਾ, "ਪਰ ਮੁਖਤਾਰ ਦਾ ਭਰਾ ਹੁਸੈਨ ਉਸ ਦੇ ਹੱਕ 'ਚ ਨ੍ਹੀਂ ਸੀ। ਉਸ ਦਾ ਕਹਿਣਾ ਸੀ ਕਿ ਅਸੀਂ ਦੋ ਪਾਸਿਆਂ ਤੋਂ ਇਸਲਾਮਕ ਸਟੇਟ ਵਾਲਿਆਂ ਵਲੋਂ ਘਿਰੇ ਹੋਏ ਆਂ। ਅਸੀਂ ਕਿਧਰੇ ਵੀ ਜਾਈਏ ਤਾਂ ਉਹ ਅੱਗੋਂ ਮਿਲਣਗੇ। ਸਿਰਫ ਕੁਰਦਸਤਾਨ ਵਾਲਾ ਪਾਸਾ ਸੁਰੱਖਿਅਤ ਐ ਪਰ ਉਹ ਸਾਨੂੰ ਅੰਦਰ ਨ੍ਹੀਂ ਆਉਣ ਦਿੰਦੇ ਤੇ ਕਹਿੰਦੇ ਐ ਕਿ ਜਿਥੇ ਹੋ, ਉਥੇ ਹੀ ਰਹੋ। ਇਸ ਕਰਕੇ ਉਸ ਦਾ ਕਹਿਣਾ ਸੀ ਕਿ ਬਜਾਇ ਇਸ ਦੇ ਕਿ ਹਾਲਾਤ ਖਰਾਬ ਹੋਣ, ਉਸ ਤੋਂ ਪਹਿਲਾਂ ਈ ਸਿੰਜਾਰ ਪਹਾੜਾਂ 'ਤੇ ਚਲੇ ਜਾਣਾ ਚਾਹੀਦਾ ਐ। ਜੇ ਇਸਲਾਮਕ ਸਟੇਟ ਵਾਲੇ ਆ ਗਏ ਤਾਂ ਕਿਸੇ ਪਾਸੇ ਜਾਣ ਜੋਗੇ ਨ੍ਹੀਂ ਰਹਾਂਗੇ।"

ਸ਼ਾਮੀ ਅੰਮਾ ਬੋਲੀ, "ਪੁੱਤਰੋ, ਆਪਾਂ ਇੰਨੀ ਜਲਦੀ ਇਸ ਪਿੰਡ ਨੂੰ ਛੱਡ ਵੀ ਤਾਂ ਨ੍ਹੀਂ ਸਕਦੇ। ਆਪਾਂ ਇਹ ਪਿੰਡ ਵਸਾਇਆ, ਇਥੇ ਘਰ ਬਣਾਏ, ਸਾਡੇ ਵਡੇਰਿਆਂ ਨੇ ਇਥੇ ਆਪਣੀ ਜ਼ਿੰਦਗੀ ਬਿਤਾਈ। ਇਸ ਤੋਂ ਬਿਨਾ ਇਥੇ ਸਾਡੀਆਂ ਫਸਲਾਂ, ਵੱਡੇ-ਵੱਡੇ ਇੱਜੜ ਅਤੇ ਹੋਰ ਬਹੁਤ ਕੁਛ ਐ। ਇਉਂ ਸਭ ਕੁਛ ਕਿਵੇਂ ਛੱਡੀਏ। ਇਹ ਗੱਲ ਸੋਚ ਕੇ ਈ ਡੋਬੂ ਪੈਂਦੇ ਨੇ। ਇਸ ਤੋਂ ਬਿਨਾ ਆਪਣੇ ਲੋਕਾਂ ਦਾ ਕਹਿਣਾ ਐ ਕਿ ਸਿੰਜਾਰ ਇਲਾਕਾ ਜਾਜ਼ੀਦੀਆਂ ਦਾ ਆਪਣਾ ਇਲਾਕਾ ਐ। ਜੇ ਇਥੋਂ ਭੱਜ ਜਾਂਦੇ ਆਂ ਤਾਂ ਕਿਸੇ ਪਾਸੇ ਜੋਗੇ ਨ੍ਹੀਂ ਰਹਾਂਗੇ।"

ਹਾਮੀ ਭਰਦਿਆਂ ਖੈਰੀ ਕਹਿਣ ਲੱਗਾ, "ਜਾਵੇਤ 'ਚ ਇਕੱਠੇ ਹੋਏ ਬਹੁਤੇ ਲੋਕਾਂ ਦਾ ਕਹਿਣਾ ਐ ਕਿ ਆਪਣੇ ਪਿੰਡ ਪੇਸ਼ਮਰਗਾ ਦਾ ਬੜਾ ਸਖਤ ਪਹਿਰਾ ਐ। ਸ਼ਾਇਦ ਇਸੇ ਕਰਕੇ ਇਸਲਾਮਕ ਸਟੇਟ ਵਾਲੇ ਇਧਰ ਨਾ ਆਉਣ। ਜੇ ਆ ਵੀ ਗਏ ਤਾਂ ਪੇਸ਼ਮਰਗਾ ਨੇ ਉਨ੍ਹਾਂ ਦਾ ਨੱਕ ਮੋੜਦਿਆਂ ਭਜਾ ਦੇਣੈ। ਆਪਾਂ ਨੂੰ ਪਤੈ, ਆਪਣਾ ਇਲਾਕਾ ਕੁਰਦਸਤਾਨ ਸਰਕਾਰ ਲਈ ਵੀ ਬਹੁਤ ਜ਼ਰੂਰੀ ਸੁਰੱਖਿਆ ਲਾਈਨ ਐ। ਆਪਣਾ ਪਿੰਡ ਬਾਰਡਰ 'ਤੇ ਪੈਂਦੈ। ਜੇ ਇਹ ਪਿੰਡ ਇਸਲਾਮਕ ਸਟੇਟ ਵਾਲਿਆਂ ਦੇ ਕਬਜ਼ੇ ਹੇਠ ਆ ਗਿਆ ਤਾਂ ਕਿਰਕਕ ਦੇ ਤੇਲ ਖੂਹਾਂ ਨੂੰ ਉਨ੍ਹਾਂ ਤੋਂ ਕੋਈ ਨ੍ਹੀਂ ਬਚਾ ਸਕੇਗਾ। ਇਸ ਕਰਕੇ ਆਪਾਂ ਨੂੰ ਕੋਈ ਖਤਰਾ ਨ੍ਹੀਂ ਜਾਪਦਾ। ਸੋ ਲੱਗਦੈ, ਆਪਾਂ ਇਥੇ ਈ ਰੁਕੀਏ। ਨਾਲ ਈ ਇਥੋਂ ਜਾਣ ਦੀ ਤਿਆਰੀ ਵੀ ਰੱਖੀਏ। ਜੇ ਲੋੜ ਪਈ ਤਾਂ ਨਿਕਲ ਤੁਰਾਂਗੇ। ਇਥੋਂ ਸਿੰਜਾਰ ਪਹਾੜ ਵੀ ਬਹੁਤੀ ਦੂਰ ਨ੍ਹੀਂ।"

"ਪੁੱਤਰ, ਆਖਰ ਪੱਕਾ ਫੈਸਲਾ ਕੀ ਹੋਇਆ ਫਿਰ?" ਮਾਂ ਨੇ ਗੱਲ ਮੁਕਾਉਣ ਦੇ ਇਰਾਦੇ ਨਾਲ ਪੁੱਛਿਆ ਤਾਂ ਖੈਰੀ ਕਹਿਣ ਲੱਗਾ, "ਇਹੀ ਕਿ ਪਿੰਡ ਵਾਸੀ ਇਥੇ ਈ ਰਹਿਣਗੇ। ਜੇ ਲੋੜ ਪਈ ਤਾਂ ਸਿੰਜਾਰ ਪਹਾੜ 'ਤੇ ਚੱਲਦੇ ਰਹਾਂਗੇ। ਉਂਜ ਕੱਲ੍ਹ ਨੂੰ ਸਵੇਰੇ ਫਿਰ ਜਾਵੇਤ ਦਾ ਇਕੱਠ ਹੋਵੇਗਾ।"

"ਠੀਕ ਐ ਪੁੱਤਰੋ, ਆਪਾਂ ਸਾਰੇ 'ਕੱਠੇ ਈ ਆਂ। ਬਾਕੀ ਰੱਬ ਭਲੀ ਕਰੂ।" ਇੰਨਾ ਕਹਿੰਦਿਆਂ ਸ਼ਾਮੀ ਅੰਮਾ ਉਠ ਖੜੋਤੀ ਤੇ ਬਿਨਾ ਕੁਝ ਹੋਰ ਬੋਲਿਆਂ ਘਰ ਨੂੰ ਤੁਰ ਪਈ। ਪਿੱਛੇ ਅਸੀਂ ਸਾਰੇ ਚੁੱਪ-ਚਾਪ ਬੈਠੇ ਸਾਂ। ਦਿਨ ਸਿਖਰਾਂ 'ਤੇ ਪਹੁੰਚ ਚੁਕਾ ਸੀ। ਅਗਸਤ ਮਹੀਨੇ ਦੀ ਗਰਮੀ ਵੱਟ ਕੱਢੀ ਜਾ ਰਹੀ ਸੀ। ਉਤੋਂ ਬਿਜਲੀ ਕਈ ਦਿਨਾਂ ਤੋਂ ਬੰਦ ਸੀ। ਸ਼ਾਇਦ ਇਸਲਾਮਕ ਸਟੇਟ ਵਾਲਿਆਂ ਦੇ ਸਿੰਜਾਰ 'ਤੇ ਕਬਜ਼ੇ ਪਿਛੋਂ ਸਿਸਟਮ ਗੜਬੜਾ ਗਿਆ ਸੀ, ਤਾਂ ਹੀ ਬਿਜਲੀ ਦੇ ਨਾਲ ਨੈਟ ਵੀ ਚੰਗੀ ਤਰ੍ਹਾਂ ਕੰਮ ਨਹੀਂ ਸੀ ਕਰ ਰਿਹਾ। ਪਿੰਡ ਵਾਲੇ, ਸੰਸਾਰ ਨਾਲੋਂ ਲਗਪਗ ਟੁੱਟੇ ਹੋਏ ਸਨ। ਅਸੀਂ ਕੰਧ ਦੀ ਓਟ 'ਚ ਛਾਂਵੇਂ ਬੈਠਣ ਲਈ ਉਠ ਖੜੋਤੇ। ਉਦੋਂ ਹੀ ਗਲੀ 'ਚ ਛੋਟਾ ਡਸਟਨ ਪਿਕਅੱਪ ਟਰੱਕ ਆ ਕੇ ਰੁਕਿਆ। ਉਸ 'ਚੋਂ ਦਾਊਦ, ਖਾਲਿਦ ਤੇ ਵਾਲਿਦ ਉਤਰ ਕੇ ਅੰਦਰ



*ਸਿੰਜਾਰ ਪਹਾੜੀਆਂ ਵੱਲ ਜਾ ਰਹੇ ਜਾਜ਼ੀਦੀ।*

(ਅਗਲੇ ਸਫੇ 'ਤੇ ਜਾਰੀ)

ਆ ਗਏ ਤਾਂ ਅਸੀਂ ਉਤਸੁਕਤਾ ਵੱਸ ਉਨ੍ਹਾਂ ਵਲ ਭਾਕੇ, ਕਿਉਂਕਿ ਉਹ ਦੁਪਹਿਰੇ ਹੀ ਖੇਤੋਂ ਮੁੜ ਆਏ ਸਨ ਜਦੋਂ ਕਿ ਆਮ ਤੌਰ 'ਤੇ ਸ਼ਾਮ ਵੇਲੇ ਆਉਂਦੇ ਸਨ। ਨੇੜੇ ਆਇਆਂ ਨੂੰ ਮਾਂ ਨੇ ਹੈਰਾਨੀ ਨਾਲ ਪੁੱਛਿਆ, "ਪੁੱਤਰੋ, ਅੱਜ ਸੰਦੇਹਾਂ ਈ ਆ ਗਏ। ਖ਼ੈਰ ਤਾਂ ਹੈ ਨਾ?"

"ਮਾਂ ਉਂਜ ਤਾਂ ਖ਼ੈਰ ਈ ਪਰ ਅੱਜ ਸੜਕ ਤੋਂ ਲੰਘਦੇ ਕੁਛ ਟਰੱਕ ਵੇਖ ਕੇ ਸਾਨੂੰ ਉਟਪਟਾ ਜਿਹਾ ਲੱਗਾ।" ਮਾਂ ਨੇ ਪੁੱਛਿਆ, "ਉਹ ਕਿਵੇਂ?"

"ਅੱਜ ਉਪਰਲੀ ਵੱਡੀ ਸੜਕ, ਜੋ ਸੀਰੀਆ ਵਲ ਜਾਂਦੀ ਐ, ਉਸ ਉਤੋਂ ਦੀ ਵੱਡੀ ਗਿਣਤੀ 'ਚ ਇਸਲਾਮਕ ਸਟੇਟ ਵਾਲਿਆਂ ਦੇ ਟਰੱਕ ਲੰਘੇ ਨੇ। ਉਹ ਬਿਲਕੁਲ ਉਹੋ ਜਿਹੇ ਸਨ ਜਿਹੋ ਜਿਹੇ ਟੀ. ਵੀ. 'ਤੇ ਵੇਖਦੇ ਹੁੰਨੇ ਆਂ। ਉਨ੍ਹਾਂ ਵਲ ਵੇਖ ਕੇ ਸਾਨੂੰ ਭੈਅ ਜਿਹਾ ਆਇਆ। ਇਸੇ ਕਰਕੇ ਅਸੀਂ ਘਰ ਆ ਗਏ ਆਂ।"

"ਚੱਲ ਠੀਕ ਐ ਦਾਊਦ। ਆਉ ਮੈਂ ਤੁਹਾਨੂੰ ਕੁਛ ਖਾਣ ਲਈ ਦਿੰਨੀ ਆਂ।" ਮਾਂ ਉਨ੍ਹਾਂ ਨੂੰ ਰਸੋਈ ਵਲ ਲੈ ਗਈ। ਦਾਊਦ ਹੋਰਾਂ ਦੇ ਇਸ ਤਰ੍ਹਾਂ ਘਰ ਮੁੜ ਆਉਣ ਨਾਲ ਸਾਡਾ ਡਰ ਹੋਰ ਵਧ ਗਿਆ। ਜਾਪਿਆ ਜਿਵੇਂ ਇਸਲਾਮਕ ਸਟੇਟ ਵਾਲਿਆਂ ਦਾ ਸਾਡੇ ਦੁਆਲੇ ਘੇਰਾ ਤੰਗ ਹੁੰਦਾ ਜਾ ਰਿਹਾ ਹੋਵੇ, ਫਿਰ ਉਹੀ ਕੁਝ ਸੋਚ ਕੇ ਮਨ ਨੂੰ ਧਰਵਾਸ ਦੇ ਲਿਆ ਜੋ ਕੁਝ ਖੈਰੀ ਨੇ ਜੇਵਾਤ 'ਚੋਂ ਆ ਕੇ ਦੱਸਿਆ ਸੀ। ਲੱਗਾ ਕਿ ਅਸੀਂ ਸੁਰੱਖਿਅਤ ਹਾਂ, ਪਿੰਡ ਦੇ ਆਲੇ ਦੁਆਲੇ ਪੇਸ਼ਮਰਗਾ ਦਾ ਸਖਤ ਪਹਿਰਾ ਹੈ, ਅਸੀਂ ਕੁਰਦਸਤਾਨ ਦੀ ਸਰਹੱਦ 'ਤੇ ਪੈਂਦੇ ਹਾਂ ਅਤੇ ਇਧਰ ਇਸਲਾਮਕ ਸਟੇਟ ਵਾਲੇ ਨਹੀਂ ਆਉਣਗੇ।

ਉਸ ਰਾਤ ਸਾਰਾ ਪਰਿਵਾਰ ਇਕੱਠਾ ਛੱਤ 'ਤੇ ਸੁੱਤਾ। ਪਹਿਲਾਂ ਕੁਝ ਜਣੇ ਖੇਤ ਹੁੰਦੇ ਸਨ, ਹੈਜ਼ੀ ਦੁਕਾਨ 'ਤੇ ਚਲਾ ਜਾਂਦਾ ਸੀ ਪਰ ਅੱਜ ਸਾਰੇ ਘਰ ਸਨ। ਜਾਲੋ ਦੀ ਕੋਈ ਖਬਰ ਨਾ ਮਿਲਣ ਦੀ ਉਦਾਸੀ ਸੀ। ਇਸਲਾਮਕ ਸਟੇਟ ਵਾਲਿਆਂ ਦਾ ਵਧ ਰਿਹਾ ਡਰ ਸੀ। ਮਾਂ ਨੇ ਖਾਸ ਤੌਰ 'ਤੇ ਸਭ ਨੂੰ ਨਾਲ ਲਾ ਕੇ ਪ੍ਰਾਰਥਨਾ ਕੀਤੀ। ਰੱਬ ਤੋਂ ਸਾਰੇ ਪਿੰਡ ਦੀ ਖੈਰ ਮੰਗੀ। ਥੋੜ੍ਹੀਆਂ ਬਹੁਤੀਆਂ ਗੱਲਾਂ ਹੋਈਆਂ ਤੇ ਫਿਰ ਸਭ ਆਪੋ ਆਪਣੇ ਵਿਚਾਰਾਂ 'ਚ ਗੁੰਮ ਚਾਦਰਾਂ ਲੈ ਕੇ ਸੌਂ ਗਏ।

ਸ਼ਾਇਦ ਅਜੇ ਸਾਰੇ ਸੁੱਤੇ ਨਹੀਂ ਸਨ ਕਿ ਹੈਜ਼ੀ ਦਾ ਫੋਨ ਖੜਕਿਆ। ਉਸ ਨੇ ਫੋਨ ਆਨ ਕਰਨਾ ਚਾਹਿਆ ਪਰ ਲਾਈਨ ਕੱਟੀ ਗਈ। ਦੁਬਾਰਾ ਫੋਨ ਆਇਆ ਪਰ ਗੱਲ ਫਿਰ ਨਾ ਹੋਈ। ਇੰਜ ਕਈ ਵਾਰ ਹੋਇਆ। ਫਿਰ ਆਖਰ ਕਾਲ ਮਿਲ ਗਈ। ਉਧਰੋਂ ਜਾਲੋ ਬੋਲ ਰਿਹਾ ਸੀ। ਜਾਲੋ ਦਾ ਫੋਨ ਆਇਆ ਸੁਣ ਕੇ ਸਾਰਾ ਪਰਿਵਾਰ ਉਠ ਖੜੋਤਾ। ਸੋਗੀ ਮਾਹੌਲ ਇਕਦਮ ਖੁਸ਼ਗਵਾਰ ਬਣ ਗਿਆ। ਦੋ ਕੁ ਮਿੰਟ ਗੱਲ ਕਰ ਕੇ ਹੈਜ਼ੀ ਨੇ ਫੋਨ ਮੈਨੂੰ ਫੜਾ ਦਿੱਤਾ। ਜਾਲੋ ਦੀ ਆਵਾਜ਼ ਥੱਕੀ ਜਿਹੀ ਸੀ ਪਰ ਉਂਜ ਉਹ ਉਤਸ਼ਾਹ ਵਿਚ ਸੀ। ਉਹ ਸਿੰਜਾਰ ਪਹਾੜਾਂ ਤੋਂ ਬੋਲ ਰਿਹਾ ਸੀ। ਆਪਣੇ ਬਚ ਜਾਣ ਬਾਰੇ ਉਹ ਦੱਸਣ ਲੱਗਾ, "ਬੈਂਕ ਤੋਂ ਆ ਕੇ ਮੈਂ ਘਰੇ ਵੜਿਆ ਈ ਸੀ ਕਿ ਉਦੋਂ ਈ ਪਤਾ ਲੱਗਾ ਸਾਡੇ ਇਲਾਕੇ 'ਚ ਇਸਲਾਮਕ ਸਟੇਟ ਵਾਲੇ ਆ ਗਏ ਨੇ। ਖਦਸ਼ਾ ਤਾਂ ਪਹਿਲਾਂ ਈ ਸੀ ਕਿ ਇਰਾਕ ਫੌਜ ਪਿਛਾਂਹ ਹਟ ਰਹੀ ਐ ਪਰ ਕਿਧਰਿਉਂ ਪੱਕੀ ਖਬਰ ਨਹੀਂ ਮਿਲ ਰਹੀ ਸੀ। ਫਿਰ ਅਚਾਨਕ ਇਸਲਾਮਕ ਸਟੇਟ ਵਾਲਿਆਂ ਦੇ ਟਰੱਕ ਵੇਖ ਕੇ ਕੋਈ ਸ਼ੱਕ ਨਾ ਰਿਹਾ। ਉਹ ਲਾਊਡ ਸਪੀਕਰਾਂ 'ਤੇ ਸਭ ਲੋਕਾਂ ਨੂੰ ਦੱਸ ਰਹੇ ਸਨ ਕਿ ਸ਼ਰੀਅਤ ਕਾਨੂੰਨ ਲਾਗੂ ਹੈ ਤੇ ਹਰ ਕੋਈ ਇਸ ਮੰਨੇ...।"

"ਫਿਰ ਤੁਹਾਨੂੰ ਫੜਿਆ ਕਦੋਂ?" ਮੈਂ ਵਿਚਕਾਰੋਂ ਟੋਕਦਿਆਂ ਪੁੱਛਿਆ।

"ਉਹੀ ਦੱਸ ਰਿਹਾਂ। ਉਨ੍ਹਾਂ ਦੇ ਆਉਣ ਨਾਲ ਈ ਫੋਨ ਤੇ ਇੰਟਰਨੈਟ ਡੈਡ ਹੋ ਗਏ। ਕੋਈ ਕਿਸੇ ਨਾਲ ਗੱਲ ਨਹੀਂ ਕਰ ਸਕਦਾ ਸੀ। ਸਭ ਘਰਾਂ ਅੰਦਰ ਤੜ ਗਏ ਸਨ। ਉਸ ਇਲਾਕੇ 'ਚ ਜ਼ਿਆਦਾ ਆਬਾਦੀ ਆਪਣੇ ਲੋਕਾਂ ਦੀ ਈ ਹੈ। ਅਗਲੇ ਦਿਨ ਸਵੇਰੇ ਈ ਉਹ ਫਿਰ ਆ ਗਏ ਤੇ ਸਭ ਨੂੰ ਘਰਾਂ 'ਚੋਂ ਕੱਢਣ ਲੱਗੇ। ਜੇ ਕੋਈ ਹੁਕਮ ਨਾ ਮੰਨਦਾ, ਉਸ ਨੂੰ ਉਥੇ ਈ ਗੋਲੀ ਮਾਰ ਦਿੰਦੇ। ਦੋ ਕੁ ਘੰਟਿਆਂ 'ਚ ਈ ਉਹ ਲੋਕਾਂ ਨੂੰ ਗਰੁੱਪਾਂ 'ਚ ਲੈ ਤੁਰੇ। ਪੈਦਲ ਤੋਰਦੇ ਅੱਗੇ ਰੋਕ ਕੇ ਕਹਿੰਦੇ, ਜੋ ਮੁਸਲਮਾਨ ਬਣਨ ਨੂੰ ਤਿਆਰ ਨੇ, ਉਹ ਇਕ ਪਾਸੇ ਹੋ ਜਾਣ ਪਰ ਕੋਈ ਵੀ ਉਸ ਪਾਸੇ ਨਾ ਹੋਇਆ। ਫਿਰ ਸ਼ਹਿਰੋਂ ਬਾਹਰ ਲਿਜਾ ਕੇ ਗਰੁੱਪ ਨੂੰ ਦੂਰ ਖੇਤਾਂ ਵਲ ਲੈ ਤੁਰਦੇ ਸਨ। ਹਰ ਗਰੁੱਪ 'ਚੋਂ ਲੋਕ ਭੱਜਣ ਦੀ ਕੋਸ਼ਿਸ਼ ਕਰਦੇ। ਕੁਛ ਬਚ ਰਹਿੰਦੇ ਪਰ ਬਹੁਤਿਆਂ ਨੂੰ ਉਨ੍ਹਾਂ ਦੀ ਗੋਲੀ ਮਾਰ ਮੁਕਾਉਂਦੀ। ਮੇਰੇ ਗਰੁੱਪ 'ਚੋਂ ਜੋ ਭੱਜੇ, ਮੈਂ ਵੀ ਉਨ੍ਹਾਂ 'ਚ ਸੀ...।"

ਗੱਲ ਕਰਦਾ ਜਾਲੋ ਰੁਕਿਆ ਤਾਂ ਮੈਂ ਵਿਚਾਲੇ ਨਾ ਬੋਲੀ। ਉਹ ਆਪ ਹੀ ਅਗਾਂਹ ਦੱਸਣ ਲੱਗਾ, "ਮੈਂ ਬਚ ਰਿਹਾ ਤੇ ਸਿੰਜਾਰ ਪਹਾੜੀ ਵਲ ਜਾ ਰਹੇ ਕਾਫਲੇ 'ਚ ਰਲ ਗਿਆ। ਜਿਉਂ ਜਿਉਂ ਕਾਫਲਾ ਅੱਗੇ ਜਾ ਰਿਹਾ ਸੀ, ਆਲੇ ਦੁਆਲਿਉਂ ਹੋਰ ਲੋਕ ਇਸ 'ਚ ਰਲਦੇ ਜਾ ਰਹੇ ਸਨ। ਇਹ ਆਲੇ ਦੁਆਲੇ ਦੇ ਪਿੰਡਾਂ ਦੇ ਲੋਕ ਸਨ ਜੋ ਇਸਲਾਮਕ ਸਟੇਟ ਵਾਲਿਆਂ ਦਾ ਆਉਣਾ ਸੁਣ ਕੇ ਪਿੰਡ ਛੱਡ ਤੁਰੇ ਸਨ। ਨੇੜੇ ਜਾ ਕੇ ਤਾਂ ਇਹ ਹਜ਼ਾਰਾਂ ਲੋਕਾਂ ਦਾ ਕਾਫਲਾ ਬਣ ਗਿਆ। ਸੜਕ ਭੀੜੀ ਸੀ, ਲੋਕ ਜ਼ਿਆਦਾ ਸਨ। ਬਿਮਾਰ ਤੇ ਵਡੇਰੀ ਉਮਰ ਦੇ ਲੋਕ ਰਾਹ 'ਚ ਹੀ ਰਹਿ ਗਏ ਸਨ। ਲੋਕ ਇਕ ਦੂਜੇ ਤੋਂ ਬੇਪ੍ਰਵਾਹ ਵਾਹੋ-ਦਾਹੀ ਤੁਰ ਰਹੇ ਸਨ। ਸਭ ਦੇ ਦਿਲਾਂ 'ਚ ਬੜਾ ਵੱਡਾ ਡਰ ਸੀ ਕਿ ਕਿਸੇ ਵੇਲੇ ਵੀ ਪਿੱਛੋਂ ਉਹ ਆ ਜਾਣਗੇ ਤੇ ਗੋਲੀ ਮਾਰ ਦੇਣਗੇ। ਰਾਹ 'ਚ ਵੇਖਿਆ ਕਿ ਸੜਕ ਕਿਨਾਰੇ ਬੜੇ ਲੋਕਾਂ ਦੀਆਂ ਲਾਸ਼ਾਂ ਪਈਆਂ ਸਨ। ਇਹ ਸ਼ਾਇਦ ਸਾਡੇ ਤੋਂ ਪਹਿਲਾਂ ਕਿਸੇ ਕਾਫਲੇ 'ਚੋਂ ਪਛੜੇ ਲੋਕ ਸਨ। ਰੱਬ ਦਾ ਸ਼ੁਕਰ ਐ ਕਿ ਮੈਂ ਕਿਵੇਂ ਨਾ ਕਿਵੇਂ ਇਥੇ ਪਹੁੰਚ ਗਿਆ।"

"ਭਾਈ ਸ਼ੁਕਰ ਐ ਕਿ ਤੂੰ ਬਚ ਗਿਐਂ। ਤੂੰ ਹੁਣ ਅੱਗੇ ਕੀ ਕਰੇਂਗਾ?" ਮੈਂ ਪੁੱਛਿਆ ਤਾਂ ਉਹ ਉਦਾਸ ਲਹਿਜੇ 'ਚ ਬੋਲਿਆ, "ਕਰਨਾ ਕੀ ਐ, ਮੈਂ ਤਾਂ ਤੁਹਾਡੇ ਕੋਲ ਈ ਆ ਜਾਵਾਂਗਾ। ਜ਼ਰਾ ਕੁ ਆਲੇ ਦੁਆਲੇ ਵੇਖ ਲਵਾਂ, ਜਿਵੇਂ ਈ ਮੌਕਾ ਮਿਲਿਆ, ਮੈਂ ਪਿੰਡ ਆ ਜਾਣਾ ਐਂ, ਕਿਉਂਕਿ ਇਥੇ ਭੁੱਖ ਨਾਲ ਬੁਰਾ ਹਾਲ ਐ। ਸਾਰਾ ਪਹਾੜ ਆਪਣੇ ਲੋਕਾਂ ਨਾਲ ਭਰਿਆ ਪਿਐ। ਨਾ ਕਿਸੇ ਕੋਲ ਕੁਛ ਖਾਣ ਨੂੰ ਐ ਤੇ ਨਾ ਪੀਣ ਨੂੰ। ਲੋਕ ਵਿਲਕਦੇ ਫਿਰਦੇ ਐ। ਪਿਛਲੇ ਦਿਨੀਂ ਅਮਰੀਕਨਾਂ ਦੇ ਜਹਾਜ਼ ਉਪਰੋਂ ਖਾਣ ਪੀਣ ਦੀਆਂ ਵਸਤਾਂ ਸੁੱਟ ਕੇ ਗਏ ਸਨ ਪਰ ਉਹ ਲੋਕਾਂ ਤੱਕ ਬਹੁਤ ਘੱਟ ਪਹੁੰਚੀਆਂ ਨੇ। ਪਹਾੜ ਬਹੁਤ ਵੱਡਾ ਐ ਤੇ ਉਪਰੋਂ ਪਤਾ ਨਹੀਂ ਲੱਗਦਾ ਹੋਣਾ ਕਿ ਕਿਥੇ ਕਰਕੇ ਚੀਜ਼ਾਂ ਸੁੱਟਣੀਆਂ ਨੇ।"

ਕੁਝ ਕੁ ਹੋਰ ਗੱਲਾਂ ਕਰਦਿਆਂ ਜਾਲੋ ਨੇ ਫੋਨ ਕੱਟ ਦਿੱਤਾ। ਉਸ ਨੇ ਦੱਸਿਆ ਸੀ ਕਿ ਉਸ ਨੇ ਕਿਸੇ ਦਾ ਫੋਨ ਲੈ ਕੇ ਕਾਲ ਕੀਤੀ ਹੈ ਅਤੇ ਉਹ ਫੋਨ ਬਚਾ ਕੇ ਰੱਖਣਾ ਚਾਹੁੰਦੇ ਨੇ ਤਾਂ ਕਿ ਫਿਰ ਇਸ ਦੀ ਵਰਤੋਂ ਕਰ ਸਕਣ। ਉਸ ਨੇ ਇਹ ਵੀ ਦੱਸਿਆ ਸੀ ਕਿ ਪਹਾੜ 'ਤੇ ਵਸਦੇ ਬਾਸ਼ਿੰਦੇ, ਉਪਰ ਸ਼ਰਨ ਲਈ ਆਏ ਲੋਕਾਂ ਦੀ ਦਿਲ ਖੋਲ੍ਹ ਕੇ ਮਦਦ ਕਰ ਰਹੇ ਹਨ ਪਰ ਗਿਣਤੀ ਇੰਨੀ ਵੱਡੀ ਹੈ ਕਿ ਮਦਦ ਪੂਰੀ ਨਹੀਂ ਹੁੰਦੀ। ਬਹੁਤੇ ਲੋਕ ਖਾਸ ਕਰਕੇ ਨਿੱਕੇ ਨਿਆਣੇ ਅਤੇ ਬਜੁਰਗ ਭੁੱਖ ਪਿਆਸ ਨਾਲ ਮਰ ਰਹੇ ਹਨ।

ਜਿਉਂ ਹੀ ਮੈਂ ਫੋਨ ਕੱਟਿਆ ਤਾਂ ਸਾਰੇ ਮੇਰੇ ਵਲ ਹੀ ਵੇਖ ਰਹੇ ਸਨ। ਉਹ ਮੈਥੋਂ ਜਾਲੋ ਦੀਆਂ ਦੱਸੀਆਂ ਗੱਲਾਂ ਸੁਣਨੀਆਂ ਚਾਹੁੰਦੇ ਸਨ। ਮੈਂ ਹੌਲੀ-ਹੌਲੀ ਸਾਰੀ ਗੱਲਬਾਤ ਸੁਣਾ ਦਿੱਤੀ। ਅਚਾਨਕ ਖਾਲਦ ਨੇ ਪੁੱਛਿਆ, "ਪਰ ਇਸਲਾਮਕ ਸਟੇਟ ਵਾਲੇ ਸਿੰਜਾਰ ਪਹਾੜ 'ਤੇ ਜਾ ਕੇ ਵੀ ਤਾਂ ਲੋਕਾਂ ਨੂੰ ਮਾਰ ਸਕਦੇ ਨੇ।"

ਮਾਂ ਉਸ ਦੀ ਗੱਲ ਸੁਣ ਕੇ ਕੁਝ ਦੇਰ ਉਹਦੇ ਚਿਹਰੇ ਵਲ ਝਾਕੀ ਤੇ ਫਿਰ ਕਹਿਣ ਲੱਗੀ, "ਨ੍ਹੀਂ, ਉਥੇ ਨ੍ਹੀਂ ਉਹ ਜਾ ਸਕਦੇ, ਕਿਉਂਕਿ ਸਿੰਜਾਰ ਪਹਾੜ ਬਹੁਤ ਵੱਡਾ ਐ। ਕਰੀਬ ਸੌ ਮੀਲ ਲੰਬੇ ਇਲਾਕੇ 'ਚ ਫੈਲਿਆ ਹੋਇਆ ਐ ਤੇ ਅਨੇਕਾਂ ਮੀਲ ਚੌੜਾ ਐ। ਉਪਰਲੇ ਪਾਸੇ ਇਹ ਤੁਰਕੀ ਨਾਲ ਜਾ ਲੱਗਦਾ ਐ। ਇਸ ਦੇ ਦੂਜੇ ਪਾਸੇ ਸੀਰੀਆ ਐ। ਪਹਾੜ ਬੜਾ ਉਬੜ ਖਾਬੜ ਐ। ਕਿਤੇ ਸੁਰੰਗਾਂ ਨੇ, ਕਿਤੇ ਹੋਰ ਲੁਕਣ ਦੀਆਂ ਥਾਂਵਾਂ ਨੇ। ਬਾਹਰਲਿਆਂ ਜਾਂ ਅਣਜਾਣ ਲੋਕਾਂ ਨੂੰ ਉਥੇ ਕੁਛ ਪਤਾ ਨ੍ਹੀਂ ਲੱਗਦਾ ਕਿ ਕਿਧਰ ਨੂੰ ਜਾਣਾ ਐ। ਉਪਰ ਛੋਟੇ-ਛੋਟੇ ਬਹੁਤ ਸਾਰੇ ਪਿੰਡ ਵੀ ਨੇ ਜੋ ਜਾਜ਼ੀਦੀ ਲੋਕਾਂ ਦੇ ਈ ਨੇ। ਇਸ ਤੋਂ ਬਿਨਾ ਸਾਡੇ ਮੰਦਿਰ ਵੀ ਪਹਾੜ ਉਪਰ ਈ ਨੇ। ਸਦੀਆਂ ਤੋਂ ਸਾਡੇ ਲੋਕ ਇਸ ਪਹਾੜ 'ਤੇ ਪਨਾਹ ਲੈ ਕੇ ਜਾਨ ਬਚਾਉਂਦੇ ਆਏ ਨੇ। ਪਹਾੜ ਦੀ ਬਣਤਰ ਈ, ਉਥੇ ਗਏ ਲੋਕਾਂ ਨੂੰ ਬਚਾਉਂਦੀ ਐ। ਇਸੇ ਕਰਕੇ ਜੋ ਸਿੰਜਾਰ ਪਹਾੜ 'ਤੇ ਪਹੁੰਚ ਗਿਆ, ਸਮਝੋ ਰੱਬ ਦੀ ਸੁਰੱਖਿਆ 'ਚ ਜਾ ਵੜਿਆ।"

ਕਾਫੀ ਰਾਤ ਹੋ ਚੁਕੀ ਸੀ। ਜਾਲੋ ਦਾ ਫੋਨ ਆ ਜਾਣ ਕਰਕੇ ਸਾਰੇ ਖੁਸ਼ ਸਨ। ਪਿਛਲੇ ਦਿਨਾਂ ਦੀ ਉਦਾਸੀ ਖਤਮ ਹੋ ਗਈ ਸੀ। ਮਨਾਂ 'ਤੇ ਪਿਆ ਬੋਝ ਲਹਿ ਗਿਆ ਸੀ। ਮਾਂ ਨੇ ਸਭ ਨੂੰ ਸੌਂ ਜਾਣ ਦੀ ਹਦਾਇਤ ਕੀਤੀ ਤਾਂ ਸਾਰੇ ਚੁੱਪ ਹੋ ਗਏ। ਮੈਂ ਚੁੱਪ ਹੋਈ ਨੇ ਉਤੇ ਅਸਮਾਨ ਵਲ ਨਜ਼ਰ ਮਾਰੀ। ਚੰਨ ਚਾਨਣੀ ਰਾਤ ਝਿਲਮਿਲ-ਝਿਲਮਿਲ ਕਰ ਰਹੀ ਸੀ। ਅਸਮਾਨ ਬੜਾ ਸਾਫ ਸੀ। ਪਹਿਲਾਂ ਕੁਝ ਹੁੰਮਸ ਸੀ। ਫਿਰ ਥੋੜ੍ਹੀ-ਥੋੜ੍ਹੀ ਹਵਾ ਰੁਮਕਣੀ ਸ਼ੁਰੂ ਹੋ ਗਈ ਤੇ ਪਤਾ ਹੀ ਨਾ ਲੱਗਾ, ਕਦੋਂ ਨੀਂਦ ਨੇ ਘੇਰ ਲਿਆ।

(ਚਲਦਾ)

ਪ੍ਰੀਤ ਗਾਥਾ

# ਹਦੀਦੀ ਮੁਹੱਬਤ ਦੀ ਗਾਥਾ: ਰੋਡਾ-ਜਲਾਲੀ

ਸੁਖਦੇਵ ਮਾਦਪੁਰੀ
ਫੋਨ: 91-94630-34472

'ਰੋਡਾ-ਜਲਾਲੀ' ਦਿਲ ਹੂਲਵੀਂ ਪਾਕ ਮੁਹੱਬਤ ਦੀ ਲੋਕ ਗਾਥਾ ਹੈ। ਸਤਾਰ੍ਹਵੀਂ ਸਦੀ ਦੇ ਅੰਤ ਵਿਚ ਇਹ ਵਾਰਤਾ ਹੁਸ਼ਿਆਰਪੁਰ ਜ਼ਿਲ੍ਹੇ ਦੇ ਇੱਕ ਪਿੰਡ ਲਾਲ ਸਿੰਙੀ ਵਿਖੇ ਵਾਪਰੀ। ਕਿਸ਼ੋਰ ਚੰਦ ਅਤੇ ਬੂਟਾ ਗੁਜਰਾਤੀ ਨੇ ਇਸ ਬਾਰੇ ਦੋ ਕਿੱਸੇ ਜੋੜੇ ਹਨ। ਇਨ੍ਹਾਂ ਕਿੱਸਿਆਂ ਤੋਂ ਇਲਾਵਾ ਰੋਡਾ-ਜਲਾਲੀ ਬਾਰੇ ਪੰਜਾਬ ਦੀਆਂ ਸੁਆਣੀਆਂ ਲੋਕ ਗੀਤ ਵੀ ਗਾਉਂਦੀਆਂ ਹਨ।

ਬਲਖ ਬੁਖਾਰੇ ਦਾ ਜੰਮਪਲ ਮਾਂ ਦੀ ਮੌਤ ਦੇ ਵੈਰਾਗ ਵਿਚ ਫਕੀਰ ਬਣਿਆ ਰੋਡਾ ਪਾਕਪਟਨੋਂ ਹੁੰਦਾ ਹੋਇਆ ਹੁਸ਼ਿਆਰਪੁਰ ਜ਼ਿਲ੍ਹੇ ਵਿਚ 'ਲਾਲ ਸਿੰਙੀ' ਆਣ ਪੁੱਜਾ। ਪਿੰਡ ਤੋਂ ਅੱਧ ਕੁ ਮੀਲ ਦੂਰ ਪੂਰਬ ਵੰਨੀਂ ਸੂਹਾਂ ਨਦੀ ਦੇ ਕੰਢੇ ਇਕ ਸ਼ਾਨਦਾਰ ਬਾਗ ਸੀ। ਉਸ ਬਾਗ ਵਿਚ ਇਸ ਫਕੀਰ ਨੇ ਜਾ ਡੇਰੇ ਲਾਏ।

ਫਕੀਰ ਇੱਕੀ ਵਰ੍ਹੇ ਦਾ ਸੁਨੱਖਾ ਜੁਆਨ ਸੀ। ਗੇਰੂਏ ਕੱਪੜੇ, ਉਹਦੇ ਸਿਓ ਜਿਹੇ ਦਗ-ਦਗ ਕਰਦੇ ਸਰੀਰ 'ਤੇ ਚਮਕ ਰਹੇ ਸਨ, ਅੱਖੀਆਂ ਰੱਜ-ਰੱਜ ਜਾਂਦੀਆਂ ਸਨ।

ਪਿੰਡ ਵਿਚ ਫਕੀਰ ਦੀ ਆਮਦ ਦੀ ਚਰਚਾ ਸ਼ੁਰੂ ਹੋ ਗਈ, ਨਵੇਂ ਸ਼ਰਧਾਲੂ ਪੈਦਾ ਹੋ ਗਏ। ਬੜੀਆ ਪਿਆਰੀਆਂ ਕਰਾਮਾਤੀ ਕਥਾਵਾਂ ਉਸ ਬਾਰੇ ਘੜੀਆਂ ਜਾਣ ਲੱਗੀਆਂ-ਕਿਸੇ ਦੀ ਮੱਝ ਗੁਆਚ ਗਈ, ਰੋਡੇ ਮੰਤਰ ਪੜ੍ਹਿਆ, ਮੱਝ ਆਪਣੇ ਆਪ ਕੀਲੇ ਜਾ ਖੜ੍ਹੀ। ਕਿਸੇ ਦੀ ਗਊ ਨੇ ਦੁੱਧ ਨਾ ਦਿੱਤਾ, ਫਕੀਰ ਨੇ ਪੋਚਾ ਕੀਤਾ, ਗਊ ਧਾਰੀਂ ਪੈ ਗਈ। ਕਿਸੇ ਦਾ ਜੁਆਕ ਢਿੱਲਾ ਮੱਠਾ ਹੋ ਗਿਆ, ਰੋਡੇ ਝਾੜਿਆ, ਮੁੰਡਾ ਨੌਂ-ਬਰ-ਨੌਂ।

ਇਸ ਤਰ੍ਹਾਂ ਰੋਡੇ ਫਕੀਰ ਦੀ ਮਹਿਮਾ ਘਰ ਘਰ ਹੋਣ ਲੱਗੀ। ਪਿੰਡ ਦੇ ਲੋਕੀਂ ਅਪਾਰ ਸ਼ਰਧਾ ਨਾਲ ਰੋਡੇ ਨੂੰ ਪੂਜਣ ਲੱਗੇ। ਮਾਈਆਂ ਬਣ ਸੰਵਰ ਕੇ ਸੰਤਾਂ ਦੇ ਦਰਸ਼ਨਾਂ ਨੂੰ ਜਾਂਦੀਆਂ। ਆਪਣੇ ਮਨ ਦੀਆਂ ਮੁਰਾਦਾਂ ਲਈ ਰੋਡੇ ਪਾਸੋਂ ਅਸੀਸਾਂ ਮੰਗਦੀਆਂ, ਦੁਖ-ਸੁਖ ਫੋਲਦੀਆਂ। ਰੋਡਾ ਬੜੇ ਧਿਆਨ ਨਾਲ ਸੁਣਦਾ, ਸੁਹਿਰ ਜਿਹੇ ਮਿੱਠੇ ਬੋਲ ਬੋਲਦਾ, ਸਭ ਦੇ ਦਿਲ ਮੋਹੇ ਜਾਂਦੇ।

ਇਸ ਪਿੰਡ ਦੇ ਲੁਹਾਰਾਂ ਦੀ ਧੀ ਜਲਾਲੀ ਦੇ ਰੂਪ ਦੀ ਬੜੀ ਚਰਚਾ ਸੀ। ਕੋਈ ਗੱਭਰੂ ਅਜੇ ਤੀਕ ਉਹਨੂੰ ਜਚਿਆ ਨਹੀਂ ਸੀ, ਕਿਸੇ ਨੂੰ ਵੀ ਉਹ ਆਪਣੇ ਨੱਕ ਥੱਲੇ ਨਹੀਂ ਸੀ ਲਿਆਉਂਦੀ। ਸਾਰੇ ਜਲਾਲੀ ਨੂੰ ਪਿੰਡ ਦਾ ਸ਼ਿੰਗਾਰ ਸੱਦਦੇ ਸਨ, ਪਹਾੜਾਂ ਦੀ ਪਰੀ ਨਾਲ ਤੁਲਨਾ ਦਿੰਦੇ ਸਨ:

ਜਲਾਲੀਏ ਲੁਹਾਰੀਏ ਨੀ
ਕੀ ਤੂੰ ਪਰੀ ਪਹਾੜ ਦੀ,
ਕੀ ਅਸਮਾਨੀ ਹੂਰ।
ਸੁਹਣੀ ਦਿੱਸੇਂ ਫੁੱਲ ਵਾਂਗ,
ਤੈਥੋਂ ਮੈਲ ਰਹੀ ਏ ਦੂਰ।
ਤੈਨੂੰ ਵੇਖ ਆਉਂਦੇ,
ਹੋ ਹੋ ਜਾਂਦੇ ਚੂਰ।
ਤਾਬ ਨਾ ਕੋਈ ਝੱਲਦਾ,
ਤੇਰਾ ਏਡਾ ਚਮਕੇ ਨੂਰ।
ਘਰ ਲੁਹਾਰਾਂ ਜੰਮੀਓਂ,
ਜਿਵੇਂ ਕੱਲਰ ਉਗਾ ਰੁੱਖ।
ਜੀਵਨ ਤੈਨੂੰ ਵੇਖ ਕੇ,
ਤੇ ਭੁੱਲਣ ਸਾਰੇ ਦੁੱਖ।
ਫਟਕਣ ਪੰਛੀ ਵੇਖ ਕੇ,
ਤੇਰਾ ਸੁਹਣਾ ਮੁੱਖ।
ਜੇ ਵੇਖੇ ਵਿਚ ਸੂਹਾਂ ਦੇ,
ਤੇਰੀ ਵੀ ਲਹਿ ਜੇ ਭੁੱਖ।

ਜਲਾਲੀ ਨੇ ਵੀ ਰੋਡੇ ਫਕੀਰ ਦੀ ਮਹਿਮਾ ਸੁਣੀ। ਉਹ ਇਕ ਦਿਨ ਆਪਣੀਆਂ ਸਹੇਲੀਆਂ ਨਾਲ ਬਾਗ ਵਿਚ ਜਾ ਪੁੱਜੀ। ਰੋਡਾ ਸਮਾਧੀ ਲਾਈ ਸਿਮਰਨ ਕਰ ਰਿਹਾ ਸੀ। ਸਾਰੀਆਂ ਨਮਸਕਾਰ ਕਰਕੇ ਬੈਠ ਗਈਆਂ। ਰੋਡੇ ਅੱਖ ਨਾ ਝਪਕੀ, ਬਸ ਮਸਤ ਰਿਹਾ।

ਜਲਾਲੀ ਸਿਮਰਨ ਕਰੇਂਦੇ ਰੋਡੇ ਵੱਲ ਤੱਕਦੀ ਰਹੀ, ਮੁਸਕਾਨਾਂ ਬਖੇਰਦੀ ਰਹੀ। ਕੋਈ ਰੰਗਲਾ ਸੁਪਨਾ ਉਹਨੂੰ ਸਾਕਾਰ ਹੁੰਦਾ ਜਾਪਿਆ। ਹੁਸਨ ਦਾ ਬੁੱਤ ਬਣਿਆ ਰੋਡਾ ਜਲਾਲੀ ਦੇ ਧੁਰ ਅੰਦਰ ਦਿਲ ਵਿਚ ਲਹਿ ਗਿਆ। ਜਲਾਲੀ ਆਪਣੇ ਆਪ ਮੁਸਕਰਾਈ। ਉਹ ਸਾਰੀਆਂ ਜਾਣ ਲਈ ਖੜੋ ਗਈਆਂ। ਰੋਡੇ ਅੱਖ ਖੋਲ੍ਹੀ, ਸਾਹਮਣੇ ਜਲਾਲੀ ਹੱਥ ਜੋੜੀ ਖੜ੍ਹੀ ਸੀ।

ਗੁਲਾਬ ਦੇ ਫੁੱਲ ਵਾਂਗ ਖਿੜਿਆ ਜਲਾਲੀ ਦਾ ਪਿਆਰਾ ਮੁਖੜਾ ਰੋਡੇ ਦੀ ਬਿਰਤੀ ਉਖੇੜ ਗਿਆ। ਰੋਡਾ ਸੁਆਦ-ਸੁਆਦ ਹੋ ਗਿਆ। ਸਾਰੀ ਰਾਤ ਜਲਾਲੀ ਰੋਡੇ ਵਿਚ ਖੋਈ ਰਹੀ। ਸਵੇਰ ਹੁੰਦਿਆਂ ਹੀ ਉਸ ਬਾਗ ਵਿਚ ਆ ਰੋਡੇ ਨੂੰ ਸਜ਼ਦਾ ਕੀਤਾ। ਹੁਸਨ ਇਸ਼ਕ ਦੇ ਗਲ ਬਾਹੀਂ ਪਾ ਲਈਆਂ।

"ਰੋਡਿਆ ਤੂੰ ਮੇਰੇ 'ਤੇ ਕੀ ਜਾਦੂ ਧੂੜ ਦਿੱਤਾ ਹੈ, ਮੈਂ ਸਾਰੀ ਰਾਤ ਪਲ ਲਈ ਵੀ ਸੌਂ ਨਹੀਂ ਸਕੀ। ਤੇਰੇ ਖਿਆਲਾਂ ਵਿਚ ਮਗਨ ਰਹੀ ਆਂ।" ਹੁਸਨ ਮਚਲਿਆ।

"ਹੁਸਨ ਪਰੀਏ! ਧੰਨੇ ਨੇ ਪੱਥਰ 'ਚੋਂ ਪਾ ਲਿਆ ਏ, ਅੱਜ ਮੇਰੀ ਭਗਤੀ ਪੂਰੀ ਹੋ ਗਈ ਏ। ਤੇਰੇ 'ਚ ਮੈਨੂੰ ਦਾਤਾਰ ਨਜ਼ਰੀਂ ਪਿਆ ਆਉਂਦਾ ਏ। ਜਦੋਂ ਦੀ ਤੂੰ ਮੇਰੇ ਪਾਸੋਂ ਗਈ ਏਂ, ਮੈਨੂੰ ਚੈਨ ਨਹੀਂ ਆਇਆ। ਹੁਣ ਤੂੰ ਆ ਗਈ ਏਂ, ਜਾਣੀਂ ਸੱਤੇ ਬਹਿਸ਼ਤਾਂ ਮੇਰੀ ਝੋਲੀ ਵਿਚ ਨੇ।" ਰੋਡਾ ਹੁਸੀਨ ਤੋਂ ਹੁਸੀਨ ਹੋ ਰਿਹਾ ਸੀ।

"ਰੋਡਿਆ ਅੱਜ ਅਸੀਂ ਦਿਲਾਂ ਦੇ ਸੌਦੇ ਕਰ ਲਏ ਨੇ, ਤੂੰ ਪੂਰਾ ਉਤਰੀਂ ਕਿਧਰੇ ਮੇਰਾ ਕੱਚ ਜਿਹਾ ਦਿਲ ਤੋੜ ਕੇ ਅਗਾਂਹ ਨਾ ਟੁਰ ਜਾਵੀਂ।"

"ਜਲਾਲੀਏ, ਇਹ ਕੀ ਆਹੰਦੀ ਏਂ ਤੂੰ। ਮੈਂ ਏਥੋਂ ਟੁਰ ਜਾਵਾਂ? ਇਕੋ-ਇਕ ਦਿਲ ਸੀ ਮੇਰਾ, ਉਹ ਤੂੰ ਖਸ ਲਿਆ ਏ। ਹੋਰ ਕੀ ਏ ਇਸ ਦੁਨੀਆਂ ਵਿਚ ਮੇਰੇ ਲਈ? ਬਸ ਤੂੰ ਹੀ ਏਂ। ਭਲਾ ਮੈਂ ਤੈਨੂੰ ਕਿਵੇਂ ਛੱਡ ਸਕਦਾਂ। ਤੂੰ ਤੇ ਮੇਰੀ ਜ਼ਿੰਦਗੀ ਏਂ, ਮੇਰਾ ਇਸ਼ਟ ਏਂ। ਡਰ ਹੈ ਜਲਾਲੀਏ ਕਿਧਰੇ ਤੂੰ ਬਦਨਾਮੀ ਤੋਂ ਡਰਦੀ ਆਪਣਾ ਪਿਆਰਾ ਮੁੱਖ ਮੈਥੋਂ ਨਾ ਮੋੜ ਲਵੀਂ।"

"ਮੈਨੂੰ ਆਪਣੀ ਜਵਾਨੀ ਦੀ ਸਹੁੰ ਰੋਡਿਆ, ਮੈਂ ਲੱਗੀਆਂ ਤੋੜ ਨਿਭਾਵਾਂਗੀ, ਮਰ ਜਾਵਾਂਗੀ ਪਰ ਪਿਛਾਂਹ ਨਹੀਂ ਪਰਤਾਂਗੀ। ਤੂੰ ਮੇਰਾ ਹਰ ਰੋਜ਼ ਤੜਕਸਾਰ ਸੂਹਾਂ ਦੇ ਕੰਢੇ ਇੰਤਜ਼ਾਰ ਕਰਿਆ ਕਰੀਂ। ਔਹ ਕੋਈ ਆਉਂਦਾ ਪਿਆ ਏ, ਆਹ ਸਾਂਭ ਲੈ ਮੇਰੀ ਨਿਸ਼ਾਨੀ...।"

ਹੁਣ ਜਲਾਲੀ ਦਾ ਛੱਲਾ ਰੋਡੇ ਦੀ ਉਂਗਲ ਵਿਚ ਸੀ।

ਜਲਾਲੀ ਹਰ ਰੋਜ਼ ਸੂਹਾਂ ਦੇ ਕੰਢੇ ਜਾ ਪੁੱਜਦੀ ਤੇ ਪਿਆਰੇ ਰੋਡੇ ਦਾ ਜਾ ਦੀਦਾਰ ਕਰਦੀ:

ਉਤੇ ਨਦੀ ਦੇ ਜਾਇ ਕੇ ਰੋਜ਼ ਮਿਲਦੀ,
ਬਿਨਾ ਮਿਲੇ ਦੇ ਨਹੀਂ ਅਧਾਰ ਹੈ ਜੀ।
ਹੋਏ ਘੜੀ ਵਿਛੋੜੇ ਦੇ ਵਾਂਗ ਸੂਲੀ,
ਜਾਨ ਹੋਂਵਦੀ ਜੋ ਆਵਾਜਾਰ ਹੈ ਜੀ।
ਬਿਨਾ ਲੱਗੀਆਂ ਕੋਈ ਨਾ ਜਾਣਦਾ ਹੈ,
ਜੀਹਨੂੰ ਲੱਗੀਆਂ ਉਸ ਨੂੰ ਸਾਰ ਹੈ ਜੀ।

ਇਸ਼ਕ ਮੁਸ਼ਕ ਕਦੋਂ ਛੁਪਾਇਆਂ ਛੁਪਦੇ ਨੇ! ਜਲਾਲੀ ਅਤੇ ਰੋਡੇ ਦੇ ਇਸ਼ਕ ਦੀ ਚਰਚਾ ਪਿੰਡ ਵਿਚ ਛਿੜ ਪਈ। ਜਲਾਲੀ ਦੇ ਮਾਪਿਆਂ ਦੇ ਕੰਨੀਂ ਵੀ ਉਡਦੀ-ਉਡਦੀ ਭਿਣਕ ਪੈ ਗਈ। ਉਨ੍ਹਾਂ ਨੇ ਇਸ ਇਸ਼ਕ ਨੂੰ ਪ੍ਰਵਾਨ ਨਾ ਕੀਤਾ। ਉਹ ਤਾਂ ਨਮੋਸ਼ੀ ਦੇ ਮਾਰੇ ਆਪਣਾ ਮੂੰਹ ਲਕੋਈ ਫਿਰਦੇ ਸਨ। ਉਨ੍ਹਾਂ ਨੇ ਜਲਾਲੀ ਨੂੰ ਲੱਖ ਸਮਝਾਇਆ ਪਰ ਉਹ ਪਿਛਾਂਹ ਮੁੜਨ ਵਾਲੀ ਕਿੱਥੇ ਸੀ! ਉਹਦੇ ਲਈ ਤਾਂ ਰੋਡਾ ਹੀ ਸਭ ਕੁਝ ਸੀ। ਆਖਰ ਉਨ੍ਹਾਂ ਜਲਾਲੀ ਨੂੰ ਡਰਾਇਆ, ਧਮਕਾਇਆ ਅਤੇ ਆਪਣੀ ਨਿਗਰਾਨੀ ਵਿਚ ਰੱਖਣਾ ਸ਼ੁਰੂ ਕਰ ਦਿੱਤਾ। ਜਲਾਲੀ ਦਾ ਘਰੋਂ ਬਾਹਰ ਨਿਕਲਣਾ ਬੰਦ ਹੋ ਗਿਆ। ਉਧਰ ਰੋਡਾ ਵੀ ਜਲਾਲੀ ਦਾ ਪਿਆਰਾ ਮੁਖੜਾ ਤੱਕਣ ਲਈ ਬੇਕਰਾਰ ਹੋ ਰਿਹਾ ਸੀ। ਆਖਰ ਉਹਨੇ ਜਲਾਲੀ ਦੇ ਦਰ ਅੱਗੇ ਜਾ ਕੇ ਅਲਖ ਜਗਾਉਣੀ ਸ਼ੁਰੂ ਕਰ ਦਿੱਤੀ। ਉਹ ਉਹਦੇ ਹੱਥੋਂ ਖੈਰਾਤ ਲਏ ਬਿਨਾ ਅਗਾਂਹ ਇਕ ਕਦਮ ਵੀ ਨਾ ਪੁੱਟਦਾ। ਗੱਲ ਇਥੋਂ ਤਕ ਅੱਪੜ ਗਈ ਕਿ ਇਕ ਦਿਨ ਉਹਨੇ ਜਲਾਲੀ ਦੀ ਮਾਂ ਦੇ ਹੱਥੋਂ ਖੈਰਾਤ ਲੈਣ ਤੋਂ ਸਾਫ ਨਾਂਹ ਕਰ ਦਿੱਤੀ, ਪਰ ਉਹਦੀ ਮਾਂ ਅੜੀ ਰਹੀ। ਸਾਧਾਂ ਦਾ ਹੱਠ ਵੀ ਮਸ਼ਹੂਰ ਐ, ਰੋਡਾ ਉਨ੍ਹਾਂ ਦੇ ਦਰਾਂ ਅੱਗੇ ਹੀ ਧੂਣਾ ਤਪਾ ਕੇ ਬੈਠਾ ਗਿਆ ਤੇ ਸਮਾਧੀ ਲਾ ਲਈ।

ਲੋਕਾਂ ਲਈ ਤਾਂ ਇਹ ਜਗਤ ਤਮਾਸ਼ਾ ਸੀ ਪਰ ਜਲਾਲੀ ਦੀ ਮਾਂ ਨਮੋਸ਼ੀ ਦੀ ਮਾਰੀ ਧਰਤੀ ਵਿਚ ਨਿਘਰਦੀ ਜਾ ਰਹੀ ਸੀ। ਉਹਦੇ ਉਸ ਨੂੰ ਧੂਣਾ ਚੁੱਕਣ ਲਈ ਬਹੁਤ ਵਾਸਤੇ ਪਾਏ। ਜਲਾਲੀ ਨੇ ਵੀ ਉਹਨੂੰ ਬੜਾ ਆਖਿਆ ਪਰ ਰੋਡਾ ਤਾਂ ਉਹਦੇ ਦੀਦਾਰ ਲਈ ਤੜਪ ਰਿਹਾ ਸੀ:

ਕਿੱਥੋਂ ਵੇ ਤੇ ਤੂੰ ਆਇਆ
ਜਾਣਾ ਕਿਹੜੇ ਦੇਸ ਵੇ ਰੋਡਿਆ।
ਭਲਾ ਵੇ ਦਲਾਲਿਆ ਵੇ ਰੋਡਿਆ।

ਪੱਛਮ ਤੋਂ ਨੀ ਮੈਂ ਆਇਆ
ਜਾਣਾ ਦੱਖਣ ਦੇਸ ਨੀ ਲੁਹਾਰੀਏ।
ਭਲਾ ਸਾਲੂ ਵਾਲੀਏ ਨੀ ਗੋਰੀਏ।

ਜੇ ਤੂੰ ਭੁੱਖਾ ਰੋਟੀ ਦਾ ਵੇ
ਲੱਡੂ ਦਿੰਨੀ ਆਂ ਮੰਗਾ ਵੇ ਫਕੀਰਾ
ਭਲਾ ਵੇ ਦਲਾਲਿਆ ਵੇ ਰੋਡਿਆ।

ਨਾ ਮੈਂ ਭੁੱਖਾ ਰੋਟੀ ਦਾ ਨੀ
ਨੈਣਾ ਤੇਰਾ ਦੀਦਾਰ ਨੀ ਲੁਹਾਰੀਏ।
ਭਲਾ ਸਾਲੂ ਵਾਲੀਏ ਨੀ ਗੋਰੀਏ।

ਜੇ ਤੂੰ ਨੰਗਾ ਬਸਤਰ ਦਾ ਵੇ
ਬਸਤਰ ਦਿੰਨੀਂ ਆਂ ਸੰਵਾ ਵੇ ਫਕੀਰਾ
ਭਲਾ ਵੇ ਦਲਾਲਿਆ ਵੇ ਰੋਡਿਆ।

ਨਾ ਮੈਂ ਨੰਗਾ ਬਸਤਰ ਦਾ ਨੀ
ਲੈਣਾ ਤੇਰਾ ਦੀਦਾਰ ਨੀ ਲੁਹਾਰੀਏ
ਭਲਾ ਸਾਲੂ ਵਾਲੀਏ ਨੀ ਗੋਰੀਏ।

ਜੇ ਤੂੰ ਭੁੱਖਾ ਰੰਨ ਦਾ ਵੇ
ਵਿਆਹ ਦਿੰਨੀਂ ਆਂ ਕਰਵਾ ਵੇ ਫਕੀਰਾ
ਭਲਾ ਵੇ ਦਲਾਲਿਆ, ਵੇ ਰੋਡਿਆ।

ਨਾ ਮੈਂ ਭੁੱਖਾ ਰੰਨ ਦਾ ਨੀ
ਲੈਣਾ ਤੇਰਾ ਦੀਦਾਰ ਨੀ ਲੁਹਾਰੀਏ
ਭਲਾ ਸਾਲੂ ਵਾਲੀਏ ਨੀ ਗੋਰੀਏ।

ਦਰ ਵਿਚੋਂ ਧੂਣਾ ਚੁੱਕ ਲੈ ਵੇ
ਬਾਹਰੋਂ ਆ ਜੂ ਮੇਰਾ ਬਾਪ ਵੇ ਫਕੀਰਾ
ਭਲਾ ਵੇ ਦਲਾਲਿਆ, ਵੇ ਰੋਡਿਆ।

ਦਰ ਵਿਚੋਂ ਧੂਣਾ ਨਾ ਚੁੱਕਣਾ ਨੀ
ਲੈਣਾ ਤੇਰਾ ਦੀਦਾਰ ਨੀ ਲੁਹਾਰੀਏ।

ਪਰ ਰੋਡੇ ਨੂੰ ਉਨ੍ਹਾਂ ਮਾਰ-ਮਾਰ ਕੇ ਅਧਮੋਇਆ ਕਰ ਸੁੱਟਿਆ ਅਤੇ ਰਾਤ ਸਮੇਂ ਸੂਹਾਂ ਨਦੀ ਵਿਚ ਹੜ੍ਹਾ ਹਾਏ। ਕੁਦਰਤ ਦਾ ਕੋਈ ਪਾਰਾਵਾਰ ਨਹੀਂ, ਰੋਡਾ ਨਦੀ ਵਿਚੋਂ ਬਚ ਨਿਕਲਿਆ ਤੇ ਅਗਲੀ ਭਲਕ ਆ ਕੇ ਉਹਨੇ ਜਲਾਲੀ ਦੇ ਦਰਾਂ ਅੱਗੇ ਮੁੜ ਧੂਣਾ ਤਪਾ ਦਿੱਤਾ।

ਜਲਾਲੀ ਅੰਦਰ ਨਰੜੀ ਪਈ ਤੜਪਦੀ ਰਹੀ। ਕਹਿੰਦੇ ਨੇ, ਜਲਾਲੀ ਦੇ ਭਰਾਵਾਂ ਨੂੰ ਰੋਡੇ ਦੇ ਮੁੜ ਆਉਣ 'ਤੇ ਐਨਾ ਗੁੱਸਾ ਚੜ੍ਹਿਆ ਕਿ ਉਨ੍ਹਾਂ ਨੇ ਉਹਦੇ ਟੁਕੜੇ-ਟੁਕੜੇ ਕਰਕੇ ਖੂਹ ਵਿਚ ਸੁਟ ਦਿੱਤਾ ਅਤੇ ਮਗਰੋਂ ਜਲਾਲੀ ਨੂੰ ਵੀ ਮਾਰ ਮੁਕਾਇਆ।

ਇਸ ਪ੍ਰੀਤ ਕਥਾ ਦਾ ਅੰਤ ਇਸ ਪ੍ਰਕਾਰ ਵੀ ਦੱਸਿਆ ਜਾਂਦਾ ਹੈ ਕਿ ਜਲਾਲੀ ਦੀ ਮਾਂ ਨੇ ਰੋਡੇ ਨੂੰ ਗਲੋਂ ਲਾਹੁਣ ਲਈ ਧੂਣਾ ਤਪਾਉਂਦੇ ਰੋਡੇ ਕੋਲ ਜਾ ਕੇ ਆਖਿਆ, "ਰੋਡਿਆ ਤੇਰੀ ਜਲਾਲੀ ਕਈ ਦਿਨਾਂ ਦੀ ਅੰਦਰ ਬਿਮਾਰ ਪਈ ਹੈ, ਹਕੀਮ ਆਹੰਦੇ ਨੇ, ਉਹ ਤਦ ਹੀ ਬਚ ਸਕਦੀ ਐ ਜੇ ਉਹਨੂੰ ਕਿਧਰੋਂ ਸ਼ੇਰਨੀ ਦਾ ਦੁੱਧ ਮਿਲ ਜਾਵੇ। ਜੇ ਤੂੰ ਸ਼ੇਰਨੀ ਦਾ ਦੁੱਧ ਲਿਆ ਦੇਵੇਂ ਤਾ ਅਸੀਂ ਜਲਾਲੀ ਦਾ ਤੇਰੇ ਨਾਲ ਵਿਆਹ ਕਰ ਦੇਵਾਂਗੇ।

ਇਹ ਸੁਣਦੇ ਸਾਰ ਹੀ ਰੋਡਾ ਸ਼ੇਰਨੀ ਦੇ ਦੁੱਧ ਦੀ ਭਾਲ ਵਿਚ ਜੰਗਲ ਵਲ ਨੂੰ ਨੱਸ ਟੁਰਿਆ। ਜਦੋਂ ਜਲਾਲੀ ਨੇ ਆਪਣੀ ਮਾਂ ਦੀ ਰੋਡੇ ਨੂੰ ਸ਼ੇਰਾਂ ਕੋਲੋਂ ਮਰਵਾਉਣ ਦੀ ਇਹ ਵਿਉਂਤ ਸੁਣੀ ਤਾਂ ਉਹ ਰੋਡਾ-ਰੋਡਾ ਕੂਕਦੀ ਰੋਡੇ ਦੇ ਮਗਰ ਜੰਗਲ ਵਿਚ ਜਾ ਪੁੱਜੀ। ਜੰਗਲ ਵਿਚ ਦੋਵੇਂ ਮਿਲ ਪਏ ਜਾਂ ਦੋਹਾਂ ਨੂੰ ਜੰਗਲੀ ਜਾਨਵਰਾਂ ਨੇ ਮਾਰ ਮੁਕਾਇਆ, ਇਸ ਬਾਰੇ ਕੋਈ ਨਹੀਂ ਜਾਣਦਾ, ਪਰ ਇਸ ਪ੍ਰੀਤ ਗਾਥਾ ਨੂੰ ਪੰਜਾਬੀ ਲੋਕ ਮਨ ਨੇ ਅਜੇ ਤੀਕ ਨਹੀਂ ਵਿਸਾਰਿਆ। ਜਲਾਲੀ ਦਾ ਗੀਤ ਉਨ੍ਹਾਂ ਦੇ ਚੇਤਿਆਂ ਵਿਚ ਅੱਜ ਵੀ ਸੱਜਰਾ ਹੈ।

ਕਹਾਣੀ

# ਜ਼ਿੰਦਗੀ ਵਾਰਸ ਹੈ

***ਉਘੇ ਲਿਖਾਰੀ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਕਹਾਣੀ 'ਜ਼ਿੰਦਗੀ ਵਾਰਸ ਹੈ' ਦੀਆਂ ਇਕ ਨਹੀਂ, ਅਨੇਕ ਪਰਤਾਂ ਹਨ। ਇਸ ਵਿਚ ਮੋਹ-ਮੁਹੱਬਤ ਦੇ ਝਰਨੇ ਵਹਿੰਦੇ ਹਨ, ਲੋਭ-ਲਾਲਚ ਦੀਆਂ ਨਦੀਆਂ ਵੀ ਵਗਦੀਆਂ ਦਿਸਦੀਆਂ ਹਨ, ਔਰਤ ਦੀ ਸਿੱਕ ਮਨ ਉਦਾਸ ਕਰਦੀ ਹੈ, ਰਿਸ਼ਤਿਆਂ ਦੇ ਮੇਲ-ਮਿਲਾਪ ਦੀ ਗੂੰਜ ਅਤੇ ਟੁੱਟ-ਭੱਜ ਦੀ ਖੜਕਾਹਟ ਵੀ ਇਕੋ ਵੇਲੇ ਸੁਣਦੀ ਜਾਪਦੀ ਹੈ। ਸੱਚਮੁੱਚ ਇਸ ਕਹਾਣੀ ਵਿਚ ਜ਼ਿੰਦਗੀ ਧੜਕਦੀ ਹੈ। -ਸੰਪਾਦਕ***

ਇਲਾਕੇ ਦੇ ਮਸ਼ਹੂਰ ਦਸ-ਨੰਬਰੀਏ ਜਗੀਰੇ ਨੇ ਆਪੀਂ ਥਾਣੇ ਜਾ ਕੇ ਥਾਣੇਦਾਰ ਦੇ ਪੈਰ ਫੜ ਲਏ, "ਹਜ਼ੂਰ, ਅੱਜ ਤੋਂ ਮੈਂ ਬਦਮਾਸ਼ੀ ਛੱਡੀ ਤੇ ਤੁਸੀਂ ਮੇਰੇ ਸਿਰ 'ਤੇ ਹੱਥ ਰੱਖੋ, ਤਾਂ ਕਿਸੇ ਦਿਨ ਮੈਂ ਇਲਾਕੇ ਦੇ ਸਾਊਆਂ 'ਚ ਗਿਣਿਆ ਜਾਵਾਂਗਾ।"

ਜਗੀਰਾ ਬੜਾ ਸੁਨੱਖਾ ਦਰਸ਼ਨੀ ਜਵਾਨ ਸੀ। ਘਰੋਂ ਵੀ ਚੰਗਾ ਸੀ, ਪਰ ਮਾਂ-ਪਿਓ ਮੋਇਆਂ ਭੈੜੀ ਸੁਹਬਤੋਂ ਵਿਗੜਿਆ ਹੋਇਆ ਸੀ। ਅੱਜ ਪਤਾ ਨਹੀਂ ਕਿਹੜਾ ਵਲ੍ਹੇਲ ਉਹਨੂੰ ਥਾਣੇ ਲੈ ਆਇਆ?

ਥਾਣੇਦਾਰ ਵੀ ਅਸਰ ਮੰਨਣ ਵਾਲਾ ਅਫਸਰ ਸੀ, ਹੱਸ ਕੇ ਆਖਿਆ ਸੂ, "ਚੰਗਾ ਜਗੀਰਿਆ, ਤੇਰੇ ਉਤੇ ਮੈਂ ਖਾਸ ਅੱਖ ਰੱਖਾਂਗਾ, ਤੇ ਜੇ ਛੇ ਮਹੀਨੇ ਤੇਰੀ ਕੋਈ ਮਾੜੀ ਰਿਪੋਰਟ ਨਾ ਆਈ, ਤੇ ਜੇ ਤੇਰਾ ਕੋਈ ਚੰਗਾ ਕੰਮ ਵੀ ਮੈਂ ਸੁਣ ਲਿਆ ਤਾਂ ਦਸ ਨੰਬਰ 'ਚੋਂ ਤੇਰਾ ਨਾਂ ਕਢਾਅ ਦਿਆਂਗਾ।"

ਇਹ ਗੱਲ ਪਹਿਲੀ ਅਕਤੂਬਰ ਨੂੰ ਹੋਈ ਸੀ, ਤੇ ਅੱਜ ਤੇਰਾਂ ਅਕਤੂਬਰ ਸੀ, ਕਿ ਉਹ ਬੁਰੀ ਤਰ੍ਹਾਂ ਵੱਢਿਆ-ਟੁੱਕਿਆ ਥਾਣੇ ਵਿਚ ਲਿਆਂਦਾ



ਗੁਰਬਖਸ਼ ਸਿੰਘ ਪ੍ਰੀਤਲੜੀ

ਗਿਆ। ਕੋਈ ਦੁਸ਼ਮਣ ਆਪਣੇ ਵਲੋਂ ਉਹਨੂੰ ਮਾਰ-ਮੁਕਾ ਕੇ ਕਿੱਕਰਾਂ ਦੀ ਝੰਗੀ ਵਿਚ ਸੁੱਟ ਗਿਆ ਸੀ। ਜ਼ਖਮ ਬੇ-ਸ਼ੁਮਾਰ ਸਨ, ਖੱਬਾ ਹੱਥ ਨਾਲੋਂ ਹੀ ਲਹਿ ਗਿਆ ਸੀ, ਲਹੂ ਨਾਲ ਕਪੜੇ ਗੜੁੱਚ ਸਨ, ਚਿਹਰਾ ਬੇ-ਰੰਗ ਸੀ, ਪਰ ਉਹ ਅਜੇ ਬੋਲ ਸਕਦਾ ਸੀ, ਤੇ ਪੂਰੀ ਹੋਸ਼ ਵਿਚ ਸੀ।

"ਕਿਉਂ ਜਗੀਰਿਆ, ਇਹ ਕੀ ਹੋਇਆ? ਕਿਸੇ ਨੂੰ ਤੇਰੀ ਖਬਰ ਦੇਈਏ?" ਥਾਣੇਦਾਰ ਨੇ ਪੁੱਛਿਆ।

"ਜੇ ਤੁਸੀਂ ਤਰਨ ਤਾਰਨੋਂ ਹੌਲਦਾਰ ਸੁਰਮੁਖ ਸਿੰਘ ਦੀ ਵਹੁਟੀ ਕਿੱਛੋ ਨੂੰ ਮੰਗਾਅ ਦਿਓ, ਉਹੀ ਦੂਰੋਂ-ਪਾਰੋਂ ਮੇਰੀ ਕੁਝ ਲੱਗਦੀ ਏ, ਸ਼ੈਦ ਮੈਂ ਬਚ ਈ ਜਾਵਾਂ!"

ਥਾਣੇਦਾਰ ਨੂੰ ਜਗੀਰੇ ਨਾਲ ਕੁਝ ਉਨਸ ਹੋ ਗਈ ਸੀ। ਉਹਦੀ ਦੀਦਾਰੀ ਜਵਾਨੀ ਹਰ ਕਿਸੇ ਨੂੰ ਖੁਸ਼ੀ ਦੇਂਦੀ ਸੀ, ਤੇ ਮਾੜੇ ਕੰਮਾਂ ਤੋਂ ਉਹਦਾ ਪਛਤਾਵਾ ਸੁਣ ਕੇ ਥਾਣੇਦਾਰ ਨੂੰ ਖਾਸ ਖੁਸ਼ੀ ਹੋਈ ਸੀ। ਅੱਜ ਅਚਾਨਕ ਮੌਤ ਦੀ ਕੰਧੀ ਉਤੇ ਉਹਨੂੰ ਸੁਟਿਆ ਵੇਖ ਥਾਣੇਦਾਰ ਦੇ ਦਿਲ ਵਿਚ ਬੜਾ ਕੁਝ ਹੋਇਆ ਸੀ, ਇਕ ਸਿਪਾਹੀ ਤੁਰੰਤ ਤਰਨ ਤਾਰਨ ਵਲ ਤੋਰ ਦਿੱਤਾ, ਤੇ ਪੁਲਿਸ ਨੇ ਹਸਪਤਾਲ ਦੇ ਡਾਕਟਰ ਨੂੰ ਮੰਗਾ ਕੇ ਲੋੜੀਂਦੀ ਪੱਟੀ ਕਰਾ ਦਿੱਤੀ।

"ਤਕਦੀਰ ਨਾਲ ਲੜਾਈ ਕਰ ਰਿਹੈ, ਪਰ ਹੈ ਸਖਤ ਜਾਨ, ਦਿਲ ਬਲਾ ਦਾ ਮਜ਼ਬੂਤ ਸੂ, ਕੋਈ ਅਜੀਬ ਗੱਲ ਨਹੀਂ ਕਿ ਬਚ ਈ ਜਾਏ।" ਡਾਕਟਰ ਦੀ ਰਾਏ ਸੀ।

ਤਿੰਨਾਂ ਘੰਟਿਆਂ ਵਿਚ ਹੀ ਸਿਪਾਹੀ ਕਿੱਛੋ, ਉਹਦੇ ਪਤੀ ਤੇ ਦੋ ਸ਼ਰੀਕਾਂ ਨੂੰ ਨਾਲ ਲੈ ਆਇਆ। ਹੌਲਦਾਰ ਪਿਨਸ਼ਨੀ ਸੀ, ਪੰਜਾਹ ਦੇ ਕਰੀਬ ਹੋਊ ਪਰ ਹੌਲਦਾਰਨੀ ਮਸਾਂ ਵੀਹਾਂ-ਬਾਈਆਂ ਦੀ ਦਿਸਦੀ ਸੀ। ਨਿਰੀ ਦਿਸਦੀ ਹੀ ਨਹੀਂ, ਉਹਦੇ ਮੂੰਹ ਉਤੇ ਜਵਾਨੀ ਦੀ ਕੋਈ ਮਸ਼ਾਲ ਲਟ ਲਟ ਕਰ ਰਹੀ ਸੀ। ਤੇ ਜਵਾਨੀ ਦੇ ਅੰਗ ਵੀ ਸਡੌਲ ਹੋਣ ਤਾਂ ਉਹਦਾ ਖੇੜਾ ਜਾਂ ਉਹਦੀ ਗਮਗੀਨੀ ਵੇਖਣ ਵਾਲਿਆਂ 'ਤੇ ਇਕ ਤਲਿੱਸਮ ਕਰ ਦੇਂਦੇ ਨੇ। ਬਿਜਲੀ ਦੇ ਚੰਗਿਆੜੇ ਸੁੱਟਣ ਵਾਲੇ ਅੰਗਾਂ ਨੂੰ ਪੱਟੀਆਂ ਵਿਚ ਬੱਧੇ ਤੇ ਭਖਦੀ ਲਾਲੀ ਨੂੰ ਬੱਗੀ ਪੂਣੀ ਹੋਈ ਵੇਖ ਕੇ ਕਿੱਛੋ ਦੇ ਕਾਲਜਿਓਂ ਇਕ ਆਪ ਮੁਹਾਰੀ ਚੀਕ ਨਿਕਲੀ, ਤੇ ਉਸ ਨੇ ਜਗੀਰੇ ਦਾ ਸਾਬਤ ਹੱਥ ਆਪਣੇ ਹੱਥਾਂ ਵਿਚ ਫੜ ਲਿਆ।

"ਕਿੱਛੋ, ਕਿੱਛੋ, ਰੋ ਨਾ, ਹੁਣ ਮੈਂ ਨਹੀਂ ਮਰਨਾ, ਤੂੰ ਜੂ ਆ ਗਈਓਂ!" ਤੇ ਉਸ ਨੇ ਉਹਦੇ ਹੱਥ ਆਪਣੀ ਹਿੱਕ ਉਤੇ ਖਿੱਚ ਲਏ।

ਕਿੱਛੋ ਨੇ ਥਾਣੇਦਾਰ ਨੂੰ ਆਖਿਆ ਕਿ ਜਿੰਨੀ ਗੱਲ ਦਾ ਉਹਨੂੰ ਪਤਾ ਏ, ਸਾਰੀ ਉਹ ਦੱਸੇਗੀ, ਪਰ ਦੱਸੇਗੀ ਇਕੱਲਿਆਂ। ਥਾਣੇਦਾਰ ਉਹਨੂੰ ਆਪਣੇ ਦਫਤਰ ਵਿਚ ਲੈ ਗਿਆ।

"ਜਿਓਂ ਜਾਣਦੇ ਓ, ਜਗੀਰੇ ਨੂੰ ਬਚਾ ਲਓ।" ਕਿੱਛੋ ਥਾਣੇਦਾਰ ਦੇ ਪੈਰੀਂ ਪੈ ਗਈ, "ਇਹ ਹੀਰਾ ਬੰਦਾ ਜੇ!"

"ਜੋ ਤੂੰ ਜਾਣਨੀ ਏਂ, ਸੱਚੀਂ ਸੱਚੀਂ ਦੱਸ ਦੇਹ, ਜਗੀਰੇ ਕੋਲ ਤਦੇ ਮੈਂ ਕਿਸੇ ਨੂੰ ਕੁਝ ਪੁੱਛਣ ਨਹੀਂ ਦਿੱਤਾ, ਉਹ ਮੌਤ ਨਾਲ ਘੋਲ ਕਰ ਰਿਹੈ, ਸਾਰੀ ਤਾਕਤ ਉਹਦੀ ਮੌਤ ਨਾਲ ਹੀ ਘੁਲੇ, ਤੂੰ ਦੱਸ ਕਿਸ ਨਾਮੁਰਾਦ ਦੀ ਇਹ ਕਰਤੂਤ ਏ?"

"ਉਹਦਾ ਤਾਂ ਮੈਨੂੰ ਪਤਾ ਨਹੀਂ, ਪਰ ਜਿੰਨਾ ਪਤਾ ਮੈਨੂੰ ਹੈ, ਉਹਦੇ ਤੋਂ ਤੁਸੀਂ ਜ਼ਰੂਰ ਕੋਈ ਸੂਹ ਕੱਢ ਲਵੋਗੇ... ਮੇਰਾ ਵਿਆਹ ਮਾਪਿਆਂ ਨੇ ਕੁਝ ਲੈ-ਦੇ ਕੇ ਏਸ ਬੁੱਢੇ ਹੌਲਦਾਰ ਨਾਲ ਕਰ ਦਿੱਤਾ, ਇਹਨੂੰ ਔਲਾਦ ਦੀ ਸਿੱਕ ਸੀ, ਤੇ ਸੌ ਵਿਘਿਆਂ ਦਾ ਇਹ ਮਾਲਕ ਸੀ। ਪੰਜਾਹ ਵਿਘੇ ਏਸ ਕੋਲੋਂ ਮੇਰੇ ਮਾਪਿਆਂ ਨੇ ਪਹਿਲਾਂ ਹੀ ਮੇਰੇ ਨਾਂ ਲਿਖਾ ਲਏ, ਇਹ ਵਿਆਹ ਦੀ ਸ਼ਰਤ ਸੀ। ਹੌਲਦਾਰ ਆਦਮੀ ਕੋਈ ਮਾੜਾ ਨਹੀਂ, ਪਰ ਸ਼ਰੀਕ ਇਹਦੇ ਪੁੱਜ ਕੇ ਵੈਲੀ ਨੇ। ਮੇਰੇ ਆਉਂਦਿਆਂ ਹੀ ਉਨ੍ਹਾਂ ਨੂੰ ਇਹ ਦੁੱਖ ਵੜ ਗਿਆ ਕਿ ਪੰਜਾਹ ਵਿੱਘੇ ਤਾਂ ਵਿਰਸੇ ਵਿਚੋਂ ਉਡ ਹੀ ਗਏ, ਔਲਾਦ ਭਾਵੇਂ ਮੇਰੇ ਵਿਚੋਂ ਹੋਵੇ ਤੇ ਭਾਵੇਂ ਨਾ। ਪਹਿਲਾਂ ਤਾਂ ਮੈਨੂੰ ਇਨ੍ਹਾਂ ਵਰਗਲਾਣਾ ਚਾਹਿਆ ਕਿ ਹੌਲਦਾਰ ਬੁੱਢਾ ਨਕਾਰਾ ਏ। ਫੇਰ ਤੰਗ ਕਰਕੇ ਮੈਨੂੰ ਕਿਤੇ ਨਠਾਣਾ ਚਾਹਿਆ, ਮੈਂ ਨਾ ਮੰਨੀ। ਖੱਜਲ ਖੁਆਰੀ ਤੋਂ ਮੈਨੂੰ ਡਰ ਲਗਦੈ। ਤਾਂ ਉਨ੍ਹਾਂ ਮੈਨੂੰ ਮਾਰ-ਮੁਕਾਣ ਦੀ ਸਲਾਹ ਬਣਾ ਲਈ। ਆਪੀਂ ਮਾਰਨੋਂ ਉਹ ਡਰ ਗਏ ਕਿ ਨਾਂ ਸ਼ਰੀਕਾਂ ਦਾ ਹੀ ਲੱਗੂ। ਉਹ ਆਪ ਜੂ ਪੰਜਾਹ ਵਿੱਘੇ ਟੱਬਰ ਦੀ ਮਾਲਕੀ 'ਚੋਂ ਨਿਕਲ ਜਾਣ ਦੇ ਖੁੱਲ੍ਹੇ ਰੋਣੇ ਰੋ ਚੁੱਕੇ ਸਨ। ਉਨ੍ਹਾਂ ਕਿਸੇ ਨੂੰ ਪੈਸੇ ਦੇ ਕੇ ਮੈਨੂੰ ਮਰਵਾ ਛੱਡਣ ਦਾ ਮਨਸੂਬਾ ਬਣਾਇਆ। ਆਪੀਂ ਰਲ ਕੇ ਇਹ ਸਾਰੇ ਮੈਨੂੰ ਮੱਸਿਆ ਦੇ ਮੇਲੇ ਉਤੇ ਲੈ ਗਏ। ਹੌਲਦਾਰ ਵੀ ਨਾਲ ਸੀ ਪਰ ਉਸ ਵਿਚਾਰੇ ਨੂੰ ਤਾਂ ਇਹ ਬੁੱਧੂ ਬਣਾਈ ਰੱਖਦੇ ਨੇ। ਕਿਸੇ ਨਾ ਕਿਸੇ ਤਰ੍ਹਾਂ ਭੀੜ ਵਿਚ ਸਾਰੇ ਮੇਰੇ ਨਾਲੋਂ ਨਿਖੜ ਗਏ। ਬੜੀ ਘਾਬਰੀ ਮੈਂ ਜਣੇ ਖਣੇ ਤੋਂ ਪੁੱਛਾਂ। ਤਦੇ ਇਹ ਜਗੀਰਾ ਮੇਰੇ ਕੋਲ ਆ ਗਿਆ। ਏਸ ਮੈਨੂੰ ਦੱਸਿਆ ਕਿ ਇਹ ਮੇਰੇ ਘਰ ਦਿਆਂ ਨੂੰ ਜਾਣਦੈ, ਤੇ ਉਨ੍ਹਾਂ ਕੋਲ ਮੈਨੂੰ ਪੁਚਾ ਦੇਵੇਗਾ।

"ਪਰ ਉਨ੍ਹਾਂ ਕੋਲ ਪੁਚਾਣ ਦੀ ਥਾਂ ਇਹ ਮੈਨੂੰ ਆਪਣੇ ਘਰ ਲੈ ਗਿਆ। ਦਿਸਣੋਂ ਇਹ ਮੈਨੂੰ ਚੰਗਾ ਆਦਮੀ ਲੱਗਾ ਸੀ, ਪਰ ਇਹਦਾ ਵਤੀਰਾ ਮੈਨੂੰ ਸ਼ੱਕ ਪਾਈ ਜਾਂਦਾ ਸੀ। ਕਦੇ ਇਹ ਆਪਣੀ ਕਿਰਪਾਨ ਕੱਢ ਲਿਆਵੇ, ਉਹਦੀ ਧਾਰ ਵੇਖੇ। ਮੈਂ ਇਹਨੂੰ ਕਹਿ ਦਿੱਤਾ ਕਿ ਮੈਨੂੰ ਇਹਦੇ ਉਤੇ ਇਤਬਾਰ ਨਹੀਂ। ਇਹ ਮੈਨੂੰ ਖਿਆਲ ਆਉਂਦਾ ਸੀ ਕਿ ਇਸ ਘਰ ਵਿਚ ਤਾਂ ਮੈਨੂੰ ਮਾਰਨ ਨਹੀਂ ਲੱਗਾ, ਬਾਹਰ ਹੀ ਕਿਤੇ ਖੜੇਗਾ, ਤੇ ਮੈਂ ਸ਼ੋਰ ਪਾ ਦਿਆਂਗੀ ਜਾਂ ਪੰਚਾਇਤ ਕੋਲ ਚਲੀ ਜਾਵਾਂਗੀ। ਤਾਂ ਏਸ ਨੇ ਬੜੇ ਸ਼ਰਮਾਏ ਜਿਹੇ ਮੂੰਹ ਨਾਲ ਮੈਨੂੰ ਸਾਰੀ ਗੱਲ ਦੱਸ ਦਿੱਤੀ ਕਿ ਸਾਡੇ ਸ਼ਰੀਕਾਂ ਨੇ ਇਹਨੂੰ ਪੰਜ ਸੌ ਰੁਪਈਆ ਨਕਦ ਦਿੱਤਾ ਤੇ ਪੰਜ ਸੌ ਕੰਮ ਹੋ ਜਾਣ ਬਾਅਦ ਦੇਣ ਦਾ ਇਕਰਾਰ ਕੀਤਾ ਸੀ, ਜੇ ਇਹ ਮੈਨੂੰ ਮਾਰ ਕੇ ਕਿਸੇ ਇਹੋ ਜਿਹੇ ਥਾਂ ਸੁੱਟ ਦੇਵੇ ਜਿਥੋਂ ਕਿਧਰੋਂ ਸੂਹ ਨਾ ਨਿਕਲੇ...।

'ਪਰ ਕਿੱਛੋ, ਤੈਨੂੰ ਮਾਰੇ ਕੌਣ? ਪੰਜ ਸੌ ਨਹੀਂ, ਪੰਜ ਹਜ਼ਾਰ ਕੋਲੋਂ ਦੇ ਕੇ ਵੀ ਮੈਂ ਤੈਨੂੰ ਮਿਲਦੀ ਨੂੰ ਵਿਹਾਜ ਲਿਆਵਾਂ।' ਜਗੀਰੇ ਨੇ ਮੈਨੂੰ ਆਖਿਆ। ਤੇ ਉਹਦਾ ਲਹਿਜਾ ਸੀ ਜਿਦ੍ਹੀ ਸੱਚਾਈ ਤੀਵੀਂ ਦੇ ਅੰਦਰ ਧਸ ਜਾਂਦੀ ਏ। ਉਸ ਦੀ ਗੱਲ ਸਾਰੀ ਦੀ ਸਾਰੀ ਝੱਟ ਮੇਰੇ ਮੰਨਣ ਵਿਚ ਆ ਗਈ। ਹੌਲਦਾਰ ਦੇ ਸ਼ਰੀਕ ਆਪਣੇ ਪੰਜਾਹ ਵਿਘਿਆਂ ਦੀ ਖਾਤਰ ਮੇਰੇ ਪੰਜਾਹ ਟੋਟੇ ਕਰਾ ਦੇਣ ਲਈ ਦਿਨੋਂ ਰਾਤ ਵਿਲ੍ਹ ਰਹੇ ਸਨ। ਹੌਲਦਾਰ ਭੋਲਾ ਆਦਮੀ ਏ। ਉਹਨੂੰ ਇਨ੍ਹਾਂ ਮਨਾ ਲਿਆ ਕਿ ਮੈਂ ਮੇਲੇ ਵਿਚ ਏਧਰ-ਓਧਰ ਹੋ ਗਈ ਸਾਂ ਜਾਂ ਕਿਧਰੇ ਆਪ ਹੀ ਨੱਠ ਗਈ ਸਾਂ।

"ਏਸ ਜਗੀਰੇ ਨੂੰ ਜਿਉਂ ਜਿਉਂ ਮੈਂ ਵੇਖਾਂ, ਇਸ ਦੀ ਗੱਲ ਮੇਰੇ ਕੰਨਾਂ ਵਿਚ ਵੱਜੇ: 'ਕਿੱਛੋ, ਤੈਨੂੰ ਮਾਰੇ ਕੌਣ!' ਇਹ ਮੈਨੂੰ ਚੰਗਾ ਲੱਗਦਾ ਜਾਏ। ਕੀ ਦੱਸਾਂ, ਕੋਈ ਜਾਚ ਏ ਇਹਨੂੰ ਚੰਗੇ ਲੱਗਣ ਦੀ! ਕੋਈ ਦਿਲ ਏ ਇਹਦੇ ਅੰਦਰ। ਮੈਨੂੰ ਜਾਪਿਆ ਜਿਉਂ ਮੈਂ ਪਹਿਲੀ ਵਾਰੀ ਕੋਈ ਮਰਦ ਵੇਖਿਆ ਸੀ। ਨਾ ਪੇਕਿਆਂ ਤੇ ਨਾ ਸਹੁਰਿਆਂ ਦੇ ਲਾਣੇ ਵਿਚ ਮੈਂ ਕੋਈ ਮਰਦਾਂ ਵਾਲੀ ਗੱਲ ਤੱਕੀ ਸੀ। ਰੁਪਈਆ, ਜ਼ਮੀਨ, ਮਾਲਕੀ-ਇਨ੍ਹਾਂ ਤਿੰਨਾਂ ਦੇ ਸੋਹਲੇ ਤੇ ਇਨ੍ਹਾਂ ਤਿੰਨਾਂ ਦੇ ਹੀ ਕੀਰਨੇ ਮੈਂ ਸੁਣੇ ਹੋਏ ਸਨ। ਪਹਿਲੀ ਵਾਰੀ ਮੈਂ ਇਕ ਮਰਦ-ਦਿਲ ਨੂੰ ਆਪਣੇ ਤਾਂਘਦੇ ਦਿਲ ਨਾਲ ਧੜਕਦਿਆਂ ਸੁਣਿਆ, ਤੇ ਮੇਰੇ ਦਿਲ ਨੇ ਹਾਮੀ ਭਰੀ ਜਿਸ ਨੂੰ ਇਹ ਜਣਾ ਪਿਆਰ ਕਰੇ, ਉਹਦਾ ਸਰੀਰ ਹੀ ਨਹੀਂ, ਉਹਦੀ ਰੂਹ ਖਿੜ ਜਾਏ। ਮੇਰੀ ਪੰਘਰੀ ਹੋਈ ਰੂਹ ਵਿਚੋਂ ਤਰਲਾ ਉਠਿਆ: "ਜੇ ਜਗੀਰਿਆ, ਤੂੰ ਮੈਨੂੰ ਮਾਰਨਾ ਨਹੀਂ ਚਾਹੁੰਦਾ ਤਾਂ ਮੈਨੂੰ ਆਪਣੇ ਘਰ ਵਸਾ ਲੈ।"

'ਨਹੀਂ ਕਿੱਛੋ, ਏਡੀ ਸੌਖੀ ਤੇ ਸਿੱਧੀ ਗੱਲ ਨਹੀਂ ਇਹ, ਜੇ ਪੰਜ ਸੌ ਨਾ ਲਿਆ ਹੁੰਦਾ, ਤੈਨੂੰ ਆਪੀਂ ਖਿਸਕਾ ਲੈ ਜਾਂਦਾ, ਤਾਂ ਏਉਂ ਹੋ ਸਕਦਾ ਸੀ। ਅਸਲੀ ਬਦਮਾਸ਼ਾਂ ਦਾ ਵੀ ਧਰਮ ਹੁੰਦੇ, ਤੇ ਜ਼ਿੰਦਗੀ ਵਿਚ ਮੈਂ ਜੋ ਕੁਝ ਵੀ ਬਣਿਆ ਹਾਂ, ਅਸਲੀ ਹੀ ਬਣਿਆ ਹਾਂ, ਨਕਲੀ ਨਾਲ ਮੇਰੀ ਅਣਬਣ ਹੈ। ਇਹ ਪੰਜ ਸੌ ਮੈਨੂੰ ਮੋੜਨਾ ਹੀ ਹੋਵੇਗਾ, ਤੇ ਉਹਦੇ ਨਾਲ ਹੀ ਆਪਣੇ ਦਿਲ ਦੀ ਨਵੀਂ ਬਣੀ ਦੌਲਤ, ਕਿੱਛੋ, ਵੀ ਮੋੜਨੀ ਹੋਵੇਗੀ।'



'ਤਾਂ ਤੂੰ ਮੈਨੂੰ ਪਿਆਰ ਨਹੀਂ ਕਰਦਾ? ਤੈਨੂੰ ਮੇਰੇ ਨਾਲੋਂ ਬਦਮਾਸ਼ਾਂ ਦਾ ਧਰਮ ਹੀ ਵੱਧ ਪਿਆਰਾ ਹੋਇਆ!' ਮੈਂ ਨਹੋਰਾ ਦੇ ਕੇ ਆਖਿਆ।

'ਨਹੀਂ, ਨਹੀਂ, ਕਿੱਛੋ, ਤੇਰੇ ਤੇ ਮੈਂ ਜਾਨ ਵਾਰ ਸਕਦਾ ਹਾਂ। ਤੇ ਕਦੇ ਵਾਰ ਕੇ ਦੱਸਾਂਗਾ ਵੀ, ਪਰ ਇਹ ਰੁਪਈਆ ਮੈਂ ਬਦਮਾਸ਼ ਹੋਣ ਦੀ ਹੈਸੀਅਤ ਵਿਚ ਕਿਸੇ ਬਦਮਾਸ਼ ਦੇ ਰਾਹੀਂ ਲਿਆ ਸੀ। ਬਦਮਾਸ਼ ਤੂੰ ਹੁਣ ਮੈਨੂੰ ਰਹਿਣ ਨਹੀਂ ਦਿੱਤਾ। ਏਸ ਲਈ ਇਹ ਰੁਪਈਆ ਮੋੜਨਾ ਹੀ ਹੋਵੇਗਾ। ਤੇ ਤੈਨੂੰ ਵੀ ਇਕ ਵਾਰੀ ਤੇਰੇ ਕਾਨੂੰਨੀ ਵਾਰਸਾਂ ਕੋਲ ਛੱਡ ਆਉਣਾ ਹੋਵੇਗਾ। ਤੇ ਫੇਰ...

'ਤੇ ਫੇਰ ਜਿਸ ਕੋਹਲੂ ਦੁਆਲੇ ਭੌਣ ਲਈ ਕਿੱਛੋ ਦੀ ਤਕਦੀਰ ਇਹਦੀ ਜਵਾਨੀ ਦੀਆਂ ਅੱਖਾਂ ਉਤੇ ਖੋਪੇ ਚਾੜ੍ਹ ਗਈ ਏ, ਉਸੇ ਦੇ ਦੁਆਲੇ ਉਹ ਭੌਂਦੀ ਰਹੇਗੀ, ਤੇ ਤੂੰ ਜਗੀਰਿਆ, ਡਾਕੇ ਮਾਰੀਂ, ਬੇ-ਕਸੂਰਾਂ ਨੂੰ ਕਤਲ ਕਰੀਂ, ਤੇ ਬਦਮਾਸ਼ਾਂ ਨਾਲ ਆਪਣਾ ਧਰਮ ਪਾਲਦਾ ਰਹੀਂ!'

"ਮੇਰੀਆਂ ਅੱਖਾਂ ਸਾਹਮਣੇ ਹੌਲਦਾਰ ਦੀਆਂ ਬੇਲਿਸ਼ਕ ਅੱਖਾਂ ਤੇ ਉਹਦੇ ਸ਼ਰੀਕਾਂ ਦੀਆਂ ਸੜਦੀਆਂ ਅੱਖਾਂ ਆ ਖਲੋਤੀਆਂ। ਮੈਨੂੰ ਏਸ ਤਰ੍ਹਾਂ ਆਜ਼ਿਜ਼ ਹੋਈ ਵੇਖ ਕੇ ਜਗੀਰੇ ਨੇ ਬਾਂਹ ਮੇਰੇ ਲੱਕ ਦੁਆਲੇ ਪਾ ਲਈ, ਤੇ ਤੁਹਾਨੂੰ ਕੀ ਦੱਸਾਂ, ਥਾਣੇਦਾਰ ਜੀ, ਏਸ ਆਦਮੀ ਦੀ ਬਾਂਹ ਦੀ ਛੁਹ ਵਿਚ, ਕਿਹੋ ਜਿਹੀ ਤਸੱਲੀ ਸੀ, ਤੇ ਜਦੋਂ ਅੱਖਾਂ ਭਰ ਕੇ ਓਸ ਮੇਰੇ ਵਲ ਤੱਕਿਆ ਤਾਂ ਉਹਦੇ ਮੂੰਹੋਂ ਨਿਕਲੇ ਲਫਜ਼ਾਂ ਵਿਚੋਂ ਮੈਨੂੰ ਰੱਬ ਆਪ ਬੋਲਦਾ ਜਾਪਿਆ। ਓਸ ਮੈਨੂੰ ਯਕੀਨ ਦੁਆ ਦਿੱਤਾ, 'ਨਹੀਂ, ਕਿੱਛੋ, ਮੈਂ ਠੀਕ ਨਹੀਂ ਸੀ ਆਖਿਆ, ਕਿਸੇ ਧੜੇ-ਧਰਮ ਕਰਕੇ ਮੈਨੂੰ ਇਹ ਸੋਚ ਨਹੀਂ ਸੀ ਆਈ। ਸੋਚ ਆਈ ਤੇ ਏਸ ਡਰੋਂ ਕਿ ਰੁਪਈਆ ਦੇਣ ਵਾਲੇ ਦੁਸ਼ਮਣ ਬਣ ਜਾਣਗੇ, ਉਨ੍ਹਾਂ ਮੈਨੂੰ ਚੈਨ ਨਹੀਂ ਲੈਣ ਦੇਣਾ ਤੇ ਮੇਲੀ ਵੀ ਉਹ ਬਦਮਾਸ਼ਾਂ ਦੇ ਨੇ ਤੇ ਨਾਲੇ ਤੇਰੇ ਕੁਝ ਦਿਨਾਂ ਦੇ ਸਾਥ ਨੇ ਇਕ ਭੋਰਾ ਵੀ ਮੇਰੇ ਅੰਦਰ ਰਹਿਣ ਨਹੀਂ ਦਿੱਤਾ, ਤੇਰੀ ਥਾਂ ਜੇ ਕੋਈ ਹੋਰ ਹੁੰਦੀ ਤਾਂ ਪਤਾ ਨਹੀਂ ਮੈਂ ਕੀ ਕਰ ਬਹਿੰਦਾ।'

'ਉਹਨੂੰ ਤੂੰ ਮਾਰ ਮੁਕਾਂਦੋਂ, ਤੇਰੀ ਕਿਰਪਾਨ ਦੀ ਧਾਰ ਬੜੀ ਤਿੱਖੀ ਏ।' ਉਹਨੂੰ ਹੋਰ ਸ਼ਰਮਾਣ ਲਈ ਆਖਿਆ।

'ਕਿੱਛੋ, ਮੈਨੂੰ ਬਹੁਤਾ ਨਾ ਸ਼ਰਮਾ ਤੇ ਮੈਨੂੰ ਕਹਿ ਲੈਣ ਦੇ ਜੋ ਮੇਰੇ ਦਿਲ ਵਿਚ ਆਇਐ, ਤੇ ਮਹੀਨਾ ਮੈਂ ਟੱਪਣ ਨਹੀਂ ਦੇਣਾ, ਤੈਨੂੰ ਗੱਜ-ਵੱਜ ਕੇ ਕੱਢ ਲਿਆਵਾਂਗਾ।'

'ਕੱਢ ਲਿਆਇਓਂ ਤਾਂ ਫੇਰ ਤੈਨੂੰ ਪਛਤਾਵਾ ਨਾ ਲੱਗੂ?'

'ਜੇ ਤੂੰ ਨਾ ਆਉਣਾ ਚਾਹੇਂ, ਤਾਂ ਇਹਨੂੰ ਮੈਂ ਕੱਢਣਾ ਨਹੀਂ, ਤੈਨੂੰ ਤੇਰੇ ਘਰ ਪੁਚਾਣਾ ਸਮਝਾਂਗਾ।'

"ਤੇ ਥਾਣੇਦਾਰ ਜੀ, ਮੇਰਾ ਰੋਮ ਰੋਮ ਉਹਨੂੰ ਆਪਣੀ ਬੇ-ਜ਼ਬਾਨੀ ਵਿਚ ਕਹਿ ਰਿਹਾ ਸੀ, 'ਜਗੀਰਿਆ, ਜੇ ਇਕ ਹਫਤਾ ਹੋਰ ਤੂੰ ਮੈਨੂੰ ਆਪਣੇ ਕੋਲ ਰੱਖ ਲਏਂ!' ਹਫਤੇ ਪਿਛੋਂ ਉਹ ਮੈਨੂੰ ਹੌਲਦਾਰ ਕੋਲ ਛੱਡ ਆਇਆ, ਤੇ ਰੁਪਈਆ ਵੀ ਮੋੜ ਆਇਆ। ਮੈਨੂੰ ਉਸ ਤਾਕੀਦ ਕੀਤੀ ਕਿ ਕਿਸੇ ਨੂੰ ਮੈਂ ਅਸਲੀ ਗੱਲ ਦੀ ਭਿਣਕ ਨਾ ਪੈਣ ਦੇਵਾਂ।

"ਉਹਦੇ ਬਾਅਦ ਨਵੀਂ ਹੀ ਮੁਸੀਬਤ ਖੜ੍ਹੀ ਹੋ ਗਈ। ਸ਼ਰੀਕਾਂ ਨੇ ਘੋਖ-ਘਾਖ ਕੇ ਮੈਥੋਂ ਜਾਣਨਾ ਚਾਹਿਆ ਕਿ ਮੈਨੂੰ ਅਸਲੀ ਗੱਲ ਦਾ ਪਤਾ ਸੀ ਕਿ ਨਹੀਂ। ਮੈਂ ਇਹ ਦੱਸਾਂ ਕਿ ਇਕੱਲੀ ਭਟਕਦੀ ਨੂੰ ਜਗੀਰਾ ਲੈ ਗਿਆ ਸੀ, ਕਹਿੰਦਾ ਸੀ ਉਹ ਮੈਨੂੰ ਘਰ ਪੁਚਾਅ ਆਵੇਗਾ, ਪਰ ਅੱਜ ਕਲ੍ਹ ਕਰਦਾ ਕੋਈ ਨਾ ਕੋਈ ਬਹਾਨਾ ਪਾਂਦਾ ਰਹਿੰਦਾ ਸੀ, ਓੜਕ ਰੱਬ ਕਰਾਇਆ ਤੇ ਉਹ ਮੈਨੂੰ ਏਥੇ ਛੱਡ ਗਿਆ।

"ਉਨ੍ਹਾਂ ਨੂੰ ਡਰ ਸੀ ਕਿ ਜੇ ਕਿਧਰੇ ਜਗੀਰਾ ਹੌਲਦਾਰ ਨੂੰ ਸੱਚੀ ਗੱਲ ਦੱਸ ਦੇਵੇ, ਤਾਂ ਹੌਲਦਾਰ ਗੁੱਸਾ ਖਾ ਕੇ ਬਾਕੀ ਪੰਜਾਹ ਵਿਘੇ ਵੀ ਕਿਤੇ ਬਿਲੇ ਨਾ ਲਾ ਛੱਡੇ, ਜ਼ਮੀਨ ਸਾਰੀ ਕੁਝ ਤਾਂ ਉਹਨੇ ਆਪ ਖਰੀਦੀ ਤੇ ਕੁਝ ਬਹਾਦਰੀ ਵਿਚ ਸਰਕਾਰੋਂ ਮਿਲੀ ਹੋਈ ਏ। ਮੈਨੂੰ ਉਨ੍ਹਾਂ ਦੀਆਂ ਗੱਲਾਂ ਤੋਂ ਪੂਰਾ ਪਤਾ ਲੱਗਣ ਲੱਗ ਪਿਆ ਸੀ ਕਿ ਜਿਸ ਤਰ੍ਹਾਂ ਉਹ ਮੈਨੂੰ ਮਰਵਾਣਾ ਚਾਹੁੰਦੇ ਸਨ, ਓਸੇ ਤਰ੍ਹਾਂ ਹੁਣ ਉਹ ਜਗੀਰੇ ਨੂੰ ਮਰਵਾਣ ਦੀ ਸੋਚ ਰਹੇ ਸਨ, ਤੇ ਉਹੋ ਪੰਜ ਸੌ ਰੁਪਈਆ ਉਨ੍ਹਾਂ ਬਦਮਾਸ਼ਾਂ ਦੀ ਕਿਸੇ ਹੋਰ ਢਾਣੀ ਨੂੰ ਦੇ ਦਿੱਤਾ ਏ। ਮੈਂ ਮਨ ਵਿਚ ਗੀਹਟੀਆਂ ਪਈ ਗਾਲਦੀ ਸਾਂ ਕਿਸੇ ਤਰ੍ਹਾਂ ਜਗੀਰੇ ਨੂੰ ਹੁਸ਼ਿਆਰ ਕਰ ਦਿਆਂ, ਕਿ ਤੁਹਾਡਾ ਸਿਪਾਹੀ ਮੈਨੂੰ ਲੈਣ ਆ ਗਿਆ। ਮੈਂ ਆਪਣੇ ਆਪ ਨੂੰ ਬੜਾ ਕੋਸਿਆ। ਹੁਣ ਮੈਂ ਮਰਦੀ ਜਾਨੀ ਆਂ ਕਿ ਓਸ ਮੇਰੀ ਜਾਨ ਬਖਸ਼ੀ, ਮੈਂ ਉਹਦੀ ਜਾਨ ਬਚਾਣ ਲਈ ਕੁਝ ਨਾ ਕੀਤਾ। ਥਾਣੇਦਾਰ ਜੀ, ਮੈਂ ਤੁਹਾਡੇ ਪੈਰੀਂ ਪੈਂਦੀ ਹਾਂ, ਜਿਵੇਂ ਹੁੰਦਾ, ਜਗੀਰੇ ਨੂੰ ਬਚਾਅ ਲਵੋ, ਮੈਂ ਪੰਜਾਹ ਵਿਘੇ ਉਨ੍ਹਾਂ ਦੇ ਉਨ੍ਹਾਂ ਨੂੰ ਮੋੜ ਦੇਵਾਂਗੀ, ਨਹੀਂ ਤਾਂ ਜਗੀਰੇ ਦੇ ਨਾਲ ਮਰ ਜਾਵਾਂਗੀ।"

"ਜਗੀਰੇ ਦੇ ਬਚਣ ਦੀ ਆਸ ਹੈ ਵੇ। ਡਾਕਟਰ ਆਂਹਦਾ ਸੀ, ਪਰ ਇਹ ਗੱਲ ਏਡੀ ਸਿੱਧੀ ਨਹੀਓਂ ਕਿ ਤੇਰੇ ਪੰਜਾਹ ਵਿਘੇ ਛੱਡ ਦਿੱਤਿਆਂ ਨਿੱਬੜ ਜਾਵੇ। ਤੇਰੇ ਬਿਆਨ ਮੁਤਾਬਕ ਹੁਣ ਮੈਨੂੰ ਸਭਨਾਂ ਦਾ ਚਲਾਨ ਕਰਨਾ ਪਊ, ਬੜਾ ਵੱਡਾ ਮੁਕੱਦਮਾ ਚੱਲੂ। ਤੇਰੀ, ਤੇਰੇ ਹੌਲਦਾਰ ਤੇ ਉਹਦੇ ਸਭ ਸ਼ਰੀਕਾਂ ਦੀਆਂ ਜ਼ਮਾਨਤਾਂ ਮੈਨੂੰ ਲੈਣੀਆਂ ਹੋਣਗੀਆਂ।"

"ਜੋ ਚਾਹੋ, ਥਾਣੇਦਾਰ ਜੀ, ਕਰ ਲਵੋ। ਪਰ ਮੈਨੂੰ ਹਸਪਤਾਲ ਵਿਚ ਜਗੀਰੇ ਕੋਲ ਰਹਿ ਲੈਣ ਦਿਓ, ਜੇ ਮੈਂ ਉਹਨੂੰ ਆਪਣੀ ਦੁਨੀਆਂ ਵਿਚ ਨਾ ਰੱਖ ਸਕੀ, ਤਾਂ ਉਹਦੇ ਨਾਲ ਜਾਣ ਦੀ ਤਿਆਰੀ ਕਰਦੀ ਰਹਾਂਗੀ।"

"ਇਹ ਗੱਲ ਕੀਕਰ ਹੋਵੇ, ਤੈਨੂੰ ਆਪਣੇ ਖੌਂਦ ਨਾਲ ਹੀ ਜਾਣਾ ਪਵੇਗਾ।"

"ਨਹੀਂ, ਨਹੀਂ, ਥਾਣੇਦਾਰ ਜੀ, ਉਹਦੇ ਘਰ ਹੁਣ ਕਦੀਏ ਕਾਲ ਮੈਂ ਜਾਣਾ ਨਹੀਂ, ਮੈਂ ਏਥੇ ਤੁਹਾਡੀ ਹਵਾਲਾਤ ਵਿਚ ਰਹਿਣਾ ਮਨਜ਼ੂਰ ਕਰਾਂਗੀ। ਇਕ ਵਾਰੀ ਉਨ੍ਹਾਂ ਵੈਰੀਆਂ ਦੇ ਹੱਥੋਂ ਮੈਂ ਬਚ ਨਿਕਲੀ, ਫੇਰ ਹੁਣ ਮੈਂ ਮੌਤ ਦੇ ਮੂੰਹ ਪੈਣਾ ਨਹੀਂ।"

ਥਾਣੇਦਾਰ ਸੋਚਣ ਲੱਗ ਪਿਆ। ਸੀ ਉਹ ਦਿਲ ਵਾਲਾ ਅਫਸਰ। ਗੱਲ ਵੀ ਕਿੱਛੋ ਦੀ ਠੀਕ ਸੀ। ਸਾਰਿਆਂ ਦਾ ਚਲਾਨ ਕਰ ਕੇ ਉਸ ਉਨ੍ਹਾਂ ਨੂੰ ਹਵਾਲਾਤ ਦੇ ਦਿੱਤਾ ਤੇ ਕਿੱਛੋ ਨੂੰ ਉਹ ਆਪ ਹਵਾਲਾਤ ਵਿਚ ਲੈ ਗਿਆ। ਕਿੱਛੋ ਦੀ ਗੱਲ ਮੈਜਿਸਟਰੇਟ ਦੇ ਦਿਲ ਵੀ ਲੱਗ ਗਈ ਕਿ ਉਹ ਆਪਣੇ ਵਾਰਸਾਂ ਕੋਲ ਜਾਣੋਂ ਇਨਕਾਰ ਦਾ ਹੱਕ ਰੱਖਦੀ ਸੀ। ਉਹਨੂੰ ਸਰਕਾਰੀ ਨਿਗਰਾਨੀ ਵਿਚ ਰੱਖੇ ਜਾਣ ਦਾ ਹੁਕਮ ਮਿਲ ਗਿਆ। ਉਹਦੀ ਸੂਰਤ, ਉਹਦਾ ਬੋਲ, ਤੇ ਉਹਦੀ ਜਾਨ ਬਖਸ਼ਣ ਵਾਲੇ ਜਗੀਰੇ ਲਈ ਉਹਦੀ ਵਫਾ, ਉਹਦੀਆਂ ਅਮੋੜ ਸਿਫਾਰਸ਼ਾਂ ਸਨ। ਥਾਣੇਦਾਰ ਤੇ ਮੈਜਿਸਟਰੇਟ ਦੋਵੇਂ ਉਹਦੀ ਹਮਾਇਤ ਵਿਚ ਹੋ ਗਏ।

ਜਗੀਰੇ ਨੂੰ ਦੋ ਦਿਨ ਵੱਡੇ ਹਸਪਤਾਲ ਵਿਚ ਰੱਖ ਕੇ ਥਾਣੇਦਾਰ ਨੇ ਉਹਨੂੰ ਪੁਲਿਸ ਹਵਾਲਾਤ ਵਿਚ ਮੰਗਾ ਲਿਆ। ਹਸਪਤਾਲ ਵਿਚ ਉਹਦਾ ਕਮਰਾ ਜਗੀਰੇ ਤੇ ਕਿੱਛੋ ਦੀ ਹਵਾਲਾਤ ਬਣ ਗਈ। ਬਾਹਰ ਸੰਤਰੀ ਦਾ ਪਹਿਰਾ ਲੱਗ ਗਿਆ।

'ਮੇਰੀ ਜਿੰਦ ਜਗੀਰੇ ਦੀ ਮੁੱਠੀ ਵਿਚ ਸੀ, ਜ਼ਰਾ ਕੁ ਮੁੱਠ ਉਹ ਘੁੱਟ ਲੈਂਦਾ, ਮੇਰੀ ਹਸਤੀ ਮੁੱਕ ਜਾਣੀ ਸੀ। ਜਗੀਰੇ ਨੇ ਮੁੱਠ ਘੁਟਣ ਦੀ ਥਾਂ ਚੌੜੀ ਖੋਲ੍ਹ ਦਿੱਤੀ। ਮੈਂ ਅਜੇ ਜਿਉਂਦਿਆਂ ਵਿਚ ਹਾਂ।' ਕਿੱਛੋ ਜਗੀਰੇ ਦੇ ਸੁੱਤੇ ਹੋਏ ਮੂੰਹ ਵਲ ਵੇਖਦਿਆਂ ਸੋਚਦੀ। ਤੇ ਇਕਦਮ ਉਹਦੇ ਅੰਦਰੋਂ ਇਰਾਦਾ ਉਠਦਾ, 'ਜਗੀਰਾ ਏਸ ਵੇਲੇ ਮੌਤ ਦੇ ਮੂੰਹ ਵਿਚ ਏ, ਏਸ ਮੂੰਹ ਵਿਚ ਜੋ ਧਰਿਆ ਜਾ ਸਕਦੈ ਮੈਂ ਧਰਾਂਗੀ। ਦਿਨ-ਰਾਤ ਜਾਗਦੀ ਆਪਣੀ ਸੇਵਾ ਧਰਾਂਗੀ ਤੇ ਲੋੜ ਪਈ ਤਾਂ ਆਪਣੀ ਜਿੰਦ ਵੀ ਏਸੇ ਮੂੰਹ ਵਿਚ ਧਰ ਦਿਆਂਗੀ, ਪਰ ਏਸ ਮੌਤ-ਮੂੰਹ ਨੂੰ ਮੈਂ ਆਪਣੇ ਜਗੀਰੇ ਦੀ ਇਕੱਲੀ ਜਿੰਦ ਉਤੇ ਮੀਟੇ ਜਾਣ ਨਹੀਂ ਦੇਣਾ।'

ਕਈ ਮਹੀਨਿਆਂ ਬਾਅਦ ਉਨ੍ਹਾਂ ਦੀ ਆਖਰੀ ਪੇਸ਼ੀ ਅਦਾਲਤ ਵਿਚ ਹੋ ਰਹੀ ਸੀ।

"ਜਗੀਰਿਆ, ਜੇ ਅਦਾਲਤ ਨੇ ਅਖੀਰ ਮੈਨੂੰ ਮੇਰੇ ਕਾਨੂੰਨੀ ਵਾਰਸਾਂ ਕੋਲ ਹੀ ਮੋੜ ਦਿੱਤਾ?" ਚਿੰਤਾ ਦੀ ਮੂਰਤ ਬਣੀ ਕਿੱਛੋ ਜਗੀਰੇ ਨੂੰ ਕਹਿ ਰਹੀ ਸੀ।

"ਕਿੱਛੋ ਦਾ ਵਾਰਸ ਮੈਂ ਹਾਂ... ਹੋਰ ਕੌਣ ਹੋ ਸਕਦਾ ਏ? ਮੌਤ ਵਾਰਸ ਨਹੀਂ ਹੋ ਸਕਦੀ, ਜ਼ਿੰਦਗੀ ਹੀ ਵਿਰਸੇ ਉਤੇ ਦਾਅਵਾ ਕਰ ਸਕਦੀ ਏ। ਤੇਰੇ ਕਾਨੂੰਨੀ ਵਾਰਸਾਂ ਤੈਨੂੰ ਮਰਵਾਅ ਛੱਡਿਆ ਹੋਇਐ... ਉਹ ਤੇਰੀ ਮੌਤ ਨੇ, ਮੈਂ ਤੇਰੀ ਜ਼ਿੰਦਗੀ ਹਾਂ... ਕੋਈ ਅਦਾਲਤ ਮੇਰਾ ਵਿਰਸਾ ਮੈਥੋਂ ਨਹੀਂ ਖੋਹ ਸਕਦੀ, ਜੇ ਤੂੰ...।"

"ਜੇ ਤੂੰ... ਜਗੀਰਿਆ, ਕੀ? ... ਤੂੰ ਹੁਕਮ ਕਰ!" ਉਤਸੁਕ ਹੋ ਕੇ ਕਿੱਛੋ ਨੇ ਪੁੱਛਿਆ।

"ਉਹ ਮੈਂ ਆਪਣੇ ਮੂੰਹੋਂ ਨਹੀਂ ਕੱਢ ਸਕਦਾ, ਕਿੱਛੋ ਨੂੰ ਆਪ ਹੀ ਸਮਝਣਾ ਹੋਵੇਗਾ।"

ਜਗੀਰਾ ਆਸ਼ਕਾਨਾ ਆਜ਼ਿਜ਼ੀ ਦੀ ਤਸਵੀਰ ਬਣਿਆ ਖਲੋਤਾ ਸੀ, ਆਪਣੇ ਬੁੱਲ੍ਹ ਉਤੇ ਆਪਣੇ ਲਫਜ਼ ਹਟਕੋਰੇ ਲੈ ਲੈ ਪਏ ਅਟਕਦੇ ਨੇ, ਉਹਦੇ ਬੁੱਲ੍ਹਾਂ ਉਤੇ ਆਪਣੀ ਤਕਦੀਰ ਦਾ ਫੈਸਲਾ ਸੁਣਨ ਲਈ ਅੱਖਾਂ ਬੇ-ਝਮਕ ਗੱਡੀਆਂ ਜਾਂਦੀਆਂ ਨੇ, ਗੱਲ੍ਹਾਂ ਉਤੇ ਇਕ ਰੰਗ ਆਉਂਦਾ ਤੇ ਦੂਜਾ ਜਾਂਦਾ ਏ। ਮਜ਼ਬੂਤ ਤੋਂ ਮਜ਼ਬੂਤ ਦਿਲ ਵੀ ਬੇਕਰਾਰ ਹੋ ਕੇ ਆਪਣੀ ਹਿੱਕ ਦੀਆਂ ਕੰਧਾਂ ਨਾਲ ਧਕ ਧਕ ਪਿਆ ਕਰਦਾ ਏ।

ਫੌਰੀ ਹੁੰਗਾਰਾ ਮੰਗਦੀਆਂ ਜਗੀਰੇ ਦੀਆਂ ਅੱਖਾਂ ਵਿਚ ਉਹਦੀ ਪਿਆਰ-ਸਿੱਕ ਵੇਖ ਕੇ ਕਿੱਛੋ ਕੋਲੋਂ ਰਿਹਾ ਨਾ ਗਿਆ, ਤੇ ਭਰੀ ਅਦਾਲਤ ਵਿਚ ਸਿਪਾਹੀਆਂ, ਗਵਾਹਾਂ, ਸ਼ਰੀਕਾਂ ਦੇ ਸਾਹਮਣੇ ਓਸ ਨੇ ਜਗੀਰੇ ਦੀ ਉਸ ਬਾਂਹ ਦੇ ਟੁੰਡ ਨੂੰ ਚੁੰਮ ਕੇ ਛਾਤੀ ਉਤੇ ਧਰ ਲਿਆ, ਜਿਸ ਬਾਂਹ ਨਾਲੋਂ ਹੱਥ ਕੱਟਿਆ ਜਾ ਚੁੱਕਾ ਸੀ।

###

# ਸੂਰ ਹੈ ਕਸਤੂਰਾ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਸੂਰ ਗੰਦੀਆਂ ਨਾਲੀਆਂ, ਕੂੜੇ, ਢੇਰਾਂ, ਲਾਸ਼ਾਂ ਤੇ ਭੋਇੰ ਆਦਿ ਵਿਚ ਆਪਣੀਆਂ ਸਖਤ ਥੂਥਣੀਆਂ ਫਸਾ ਫਸਾ ਕੇ ਭੋਜਨ ਟੋਲ੍ਹਦਾ ਫਿਰਦਾ ਹੈ। ਇਸ ਲਈ ਇਸ ਨੂੰ ਮਲੀਨ ਜਾਨਵਰ ਸਮਝਿਆ ਜਾਂਦਾ ਹੈ। ਕਈ ਇਸ ਨੂੰ ਬਦਸੂਰਤ ਜਾਣ ਕੇ ਇਸ ਤੋਂ ਕੁਰਹਿਤ ਕਰਦੇ ਹਨ। 'ਸੂਰਾਂ ਨੂੰ ਖੀਰ ਤੇ ਬਾਂਦਰਾਂ ਨੂੰ ਬਨਾਤ ਦੀਆਂ ਟੋਪੀਆਂ' ਅਤੇ 'ਸੂਰਾਂ ਨੂੰ ਧੋਨੇ' ਜਿਹੀਆਂ ਕਹਾਵਤਾਂ ਨਾਲ ਵਿਚਾਰਿਆਂ ਨੂੰ ਬਹੁਤ ਨੀਵਾਂ ਦਿਖਾਇਆ ਜਾਂਦਾ ਹੈ। ਬਹੁਤਾ ਖਾਣ ਵਾਲੇ ਨੂੰ ਖਾਣ-ਸੂਰਾ ਸੁਣਨਾ ਪੈਂਦਾ ਹੈ। ਸੂਰਨੀ ਸਾਲ 'ਚ ਦੋ ਦੋ ਵਾਰੀ ਦਰਜਨ ਦਰਜਨ ਤੱਕ ਬੱਚੇ ਜਣ ਦਿੰਦੀ ਹੈ। ਕਿਸੇ ਬੱਚੇ 'ਤੇ ਨਫਰਤ ਭਰਿਆ ਨਜ਼ਲਾ ਸੁਟਣਾ ਹੋਵੇ ਤਾਂ ਵੱਡੇ ਉਸ ਨੂੰ 'ਸੂਰ ਦਾ ਬੱਚਾ'



ਜਾਂ 'ਸੂਰਾ' ਜੀਹੀ ਗਾਲ੍ਹ ਕੱਢ ਦਿੰਦੇ ਹਨ।

ਸਾਡੇ ਪਿੰਡ ਇਕ ਪੁਰਾਣੀ ਗੱਲ ਮਸ਼ਹੂਰ ਹੈ। ਪਿੰਡ ਦੇ ਹਾਈ ਸਕੂਲ ਵਿਚ ਇਕ ਅਬਦੁਲ ਗਫੂਰ ਨਾਂ ਦੇ ਬੱਚੇ ਨੇ ਤਰਜੀਹੀ ਮਜ਼ਮੂਨ ਵਜੋਂ ਪਹਿਲਾਂ ਫਾਰਸੀ ਰੱਖ ਲਈ ਪਰ ਕੁਝ ਦਿਨਾਂ ਪਿਛੋਂ ਛੱਡ ਕੇ ਸਾਇੰਸ ਲੈ ਲਈ। ਫਾਰਸੀ ਦੇ ਉਸਤਾਦ ਨੂੰ ਬਹੁਤ ਗੁੱਸਾ ਆਇਆ। ਇਕ ਦਿਨ ਰਾਹ ਵਿਚ ਗਫੂਰ ਨੂੰ ਘੇਰ ਲਿਆ ਤੇ ਉਸ ਦੇ ਮੋਢੇ ਝੰਜੋੜਦਾ ਤਲਖੀ 'ਚ ਬੋਲਣ ਲੱਗਾ, "ਅਬਦੁਲ ਗਫੂਰਾ! ਸੂਰ ਦਿਆ ਸੂਰਾ, ਤੂੰ ਸ਼ਰੀਫ ਫਾਰਸੀ ਛੱਡ ਕੇ ਕੁੱਤੀ ਸਾਇੰਸ ਰੱਖ ਲਈ, ਤੇਰੇ ਪਿਉ ਨੇ ਇੰਜਣ ਬਣਾਉਣੇ ਸੀ?"

ਹੀਰ ਨੂੰ ਆਪਣਾ ਸਿਦਕ ਤੋੜਨ ਦੀ ਸਜ਼ਾ ਸੂਰ ਬਣਨ ਵਿਚ ਹੀ ਦਿਸੀ, "ਖੁਆਜਾ ਖਿਜ਼ਰ 'ਤੇ ਬੈਠ ਕੇ ਕਿਸਮ ਖਾਧੀ, ਥੀਵਾਂ ਸੂਰ ਜੇ ਪ੍ਰੀਤ ਦੀ ਰੀਤ ਤੋੜਾਂ।"

ਬੁੱਲੇ ਸ਼ਾਹ ਨੂੰ ਸੂਰ ਤੋਂ ਡਰ ਲਗਦਾ ਸੀ,
ਸੁੰਞੇ ਬਨ ਵਿਚ ਲੁੱਟੀ ਸਾਈਆਂ
ਸੂਰ ਪਲੰਗ ਨੇ ਘੇਰੀ।
ਇਹ ਤਾਂ ਠੱਗ ਜਗਤ ਦੇ
ਜਿਹਾ ਲਾਵਣ ਜਾਲ ਚਫੇਰੀ।

ਫਰਾਂਸੀਸੀ ਦਾ ਸੂਰ ਲਈ Cochon ਸ਼ਬਦ ਕਿਸੇ ਨੂੰ ਮਕਰੂਹ ਜਿਹਾ ਅਪਸ਼ਬਦ ਕਹਿਣ ਲਈ ਵੀ ਵਰਤਿਆ ਜਾਂਦਾ ਹੈ। ਸੂਰ ਦਾ ਭਾਰੀ ਭਰਕਮ ਜਿਸਮ ਚਰਬੀ ਭਰਿਆ ਹੁੰਦਾ ਹੈ। ਸ਼ਲਗਮ ਮੋਟਾ ਹੋਣ ਕਰਕੇ ਸਿੰਘ ਬੋਲਿਆਂ ਵਿਚ ਇਸ ਲਈ ਭੌਂਸੂਰ ਜਾਂ ਭੁਇਸੂਰ ਬੋਲਾ ਹੈ ਤੇ ਤਨਜ਼ ਵਾਲੀ ਗੱਲ ਹੈ ਕਿ ਇਨ੍ਹਾਂ ਬੋਲਿਆਂ ਵਿਚ ਸੂਰ ਨੂੰ 'ਕਸਤੂਰਾ' ਦੀ ਪਦਵੀ ਹਾਸਿਲ ਹੋਈ ਹੈ।

ਇਸਲਾਮ ਅਤੇ ਯਹੂਦੀ ਧਰਮ ਵਿਚ ਸੂਰ ਖਾਣ ਦੀ ਮਨਾਹੀ ਹੈ। ਵਿਚਾਰ ਹੈ ਕਿ ਇਸ ਪਿੱਛੇ ਵੀ ਅਸਲੀ ਕਾਰਨ ਇਸ ਦਾ ਗੰਦਾ ਹੋਣਾ ਹੈ। ਕੁਰਾਨ ਵਿਚ ਭਾਵੇਂ ਸੂਰ ਖਾਣਾ ਹਰਾਮ ਹੈ ਪਰ ਗਰੀਬੀ, ਭੁੱਖਮਰੀ ਦੀ ਹਾਲਤ ਵਿਚ ਸੂਰ ਭਖਣ ਦੀ ਛੋਟ ਹੈ। ਗੁਰੂ ਨਾਨਕ ਦੇਵ ਨੇ ਇਸ ਮਨਾਹੀ ਦਾ ਜ਼ਿਕਰ ਕੀਤਾ ਹੈ, "ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥"

ਮੂਸਾ ਨੇ ਸੂਰ ਨੂੰ ਅਪਵਿੱਤਰ ਜਾਨਵਰਾਂ ਵਿਚ ਸ਼ੁਮਾਰ ਕੀਤਾ ਹੈ। ਧਰਮ ਨਾਲ ਸਬੰਧਤ ਕਿਸੇ ਵੀ ਵਰਜਣਾਂ ਪਿਛੇ ਕੋਈ ਠੋਸ ਸਮਾਜਕ ਤਤਕਾਲਕ ਕਾਰਨ ਹੁੰਦੇ ਹਨ। ਸੂਰਾਂ ਨੂੰ ਜੀਣ ਥੀਣ ਲਈ ਛਾਂਦਾਰ ਦਰਖਤਾਂ ਅਤੇ ਪਾਣੀ ਦੀ ਲੋੜ ਹੁੰਦੀ ਹੈ। ਮੱਧ ਏਸ਼ੀਆ ਵਿਚ ਇਹ ਸ਼ੈਆਂ ਦੁਰਲਭ ਸਨ। ਇਸ ਲਈ ਸੂਰ ਖਾਣ ਦੀ ਮਨਾਹੀ ਇਸਲਾਮ ਧਰਮ ਤੋਂ ਢੇਰ ਪਹਿਲਾਂ ਦੀ ਪ੍ਰਚਲਿਤ ਹੈ। ਸਿੱਖ ਸੂਰ ਨੂੰ ਖਾਣ ਵਾਲੇ ਪਸ਼ੂਆਂ ਵਿਚ ਗਿਣਦੇ ਹਨ, ਨਿੱਜੀ ਤਰਜੀਹ ਹੋਰ ਗੱਲ ਹੈ। ਸੂਰ ਨੂੰ ਜਿੰਨਾ ਮਰਜ਼ੀ ਭੰਡਿਆ ਗਿਆ ਹੈ, ਖੋਜ ਦਸਦੀ ਹੈ ਕਿ ਅਸਲ ਵਿਚ ਇਹ ਬਹੁਤ ਬੁਧੀਮਾਨ, ਭਾਵੁਕ ਅਤੇ ਸੁਥਰਾ ਜਾਨਵਰ ਹੈ। ਸੂਰ ਅੰਦਰ ਪਸੀਨਾ ਗ੍ਰੰਥੀਆਂ ਨਹੀਂ ਹੁੰਦੀਆਂ, ਇਸ ਲਈ ਇਹ ਪਾਣੀ ਵਿਚ ਅਠਖੇਲੀਆਂ ਤੇ ਮਸਤੀਆਂ ਕਰਨਾ ਪਸੰਦ ਕਰਦਾ ਹੈ।

ਮੇਰਾ ਨਾਨਾ ਹਰ ਦੁਸਹਿਰੇ ਪਿੰਡ ਆਉਂਦਾ ਤਾਂ ਹੱਥ ਵਿਚ ਫੜੇ ਝੋਲੇ ਨੂੰ ਮਾਂ ਅੱਗੇ ਸੁੱਟਦਾ ਹੁਕਮ ਚਾੜ੍ਹਦਾ ਹੁੰਦਾ ਸੀ, "ਆਹ ਸੂਰ ਦਾ ਮਾਸ ਲਿਆਂਦਾ, ਬਣਾ, ਨਾਲੇ ਮੁੰਡੇ ਨੂੰ ਕਹਿ ਦਾਰੂ ਦੀ ਬੋਤਲ ਲੈਂਦਾ ਆਵੇ।" ਮੀਟ ਲਈ ਮਾਸ ਸ਼ਬਦ ਸਾਡਾ ਨਾਨਾ ਹੀ ਵਰਤਿਆ ਕਰਦਾ ਸੀ, ਜਿਸ 'ਤੇ ਅਸੀਂ ਕੁਝ ਹੱਸਦੇ ਵੀ ਸਾਂ। ਇਸ ਤਰ੍ਹਾਂ ਸੂਰ ਦੀਆਂ ਬੋਟੀਆਂ ਤੇ ਤਰੀ ਦਾ ਜ਼ਾਇਕਾ ਮੈਂ ਬਚਪਨ ਵਿਚ ਹੀ ਚੱਖ ਲਿਆ ਸੀ ਤੇ ਕੁਝ ਕੁਝ ਇਸ ਨੂੰ ਪਸੰਦ ਵੀ ਕਰਨ ਲੱਗ ਪਿਆ ਸਾਂ। ਕੋਈ ਵੀ ਚਰਬੀਲਾ ਪਕਵਾਨ ਸੁਆਦ ਹੀ ਲਗਦਾ ਹੈ, ਪਰ ਸੂਰ ਵਿਚ ਪੈਦਾ ਹੁੰਦੇ ਕੀੜੇ ਤੋਂ ਲਗਦੀ ਗੰਭੀਰ ਬੀਮਾਰੀ ਦੀ ਸੋਅ ਤੋਂ ਐਸੀ ਦਹਿਸ਼ਤ ਹੋਈ ਕਿ ਬਾਅਦ ਦੀ ਜ਼ਿੰਦਗੀ ਵਿਚ ਇਸ ਭਲੇ ਜਾਨਵਰ ਦਾ ਗੋਸ਼ਤ ਖਾਣ ਤੋਂ ਡਰਦਾ ਹੀ ਰਿਹਾ।

ਸੰਸਕ੍ਰਿਤ ਵਿਚ ਸੂਰ ਲਈ ਸੂਕਰ/ਸ਼ੂਕਰ ਸ਼ਬਦ ਹੈ। ਇਸ ਭਾਸ਼ਾ ਵਿਚ ਪਾੜ੍ਹਾ ਨਾਮੀ ਹਿਰਨ ਨੂੰ ਵੀ ਸੂਕਰ ਕਿਹਾ ਗਿਆ ਹੈ ਕਿਉਂਕਿ ਇਹ ਸੂਰ ਵਾਂਗ ਸਿਰ ਨੀਵਾਂ ਕਰਕੇ ਝਾੜੀਆਂ ਵਿਚ ਦੀ ਗੁਜ਼ਰਦਾ ਹੋਇਆ ਆਪਣੇ ਸ਼ਿਕਾਰ 'ਤੇ ਝਪਟੇ ਮਾਰਦਾ ਹੈ। ਇੱਕ ਤਰ੍ਹਾਂ ਦੀ ਮੱਛੀ ਤੇ ਚਿੱਟੇ ਚੌਲਾਂ ਨੂੰ ਸੰਸਕ੍ਰਿਤ ਵਿਚ ਸੂਕਰ ਕਿਹਾ ਜਾਂਦਾ ਹੈ। ਪ੍ਰਤੱਖ ਹੈ, ਦੋਨੋਂ ਸੂਰ ਵਾਂਗ ਮੋਟੇ ਤੇ ਪਾਣੀ ਦੇ ਪਿਆਸੇ ਹਨ। ਪਾਲੀ ਤੇ ਪ੍ਰਾਕ੍ਰਿਤ ਵਿਚ 'ਕ' ਧੁਨੀ ਸਵਰ ਵਿਚ ਬਦਲ ਜਾਂਦੀ ਹੈ ਤੇ ਸ਼ਬਦ ਸਾਹਮਣੇ ਆਉਂਦਾ ਹੈ, ਸੂਅਰ। ਗੁਰੂ ਨਾਨਕ ਦੇਵ ਨੇ ਇਹੋ ਸ਼ਬਦ ਵਰਤਿਆ ਹੈ। ਸਿੰਧੀ ਵਿਚ ਆ ਕੇ ਇਹ ਸ਼ਬਦ ਸੌਰ ਤੇ ਗੁਜਰਾਤੀ ਵਿਚ ਸੁਵਰ ਬਣ ਜਾਂਦਾ ਹੈ।

ਕੁਝ ਹਿੰਦ-ਆਰੀਆਈ ਭਾਸ਼ਾਵਾਂ ਵਿਚ 'ਸ' ਧੁਨੀ 'ਹ' ਵਿਚ ਵਟ ਜਾਂਦੀ ਹੈ ਤੇ ਸੂਕਰ ਹੂਰੁ ਤੇ ਹੋਰ ਅੱਗੇ ਊਰੁ ਬਣ ਜਾਂਦਾ ਹੈ। ਮਰਾਠੀ ਵਿਚ ਡੁਕਰ ਹੈ। ਗੋਮਤੀ ਦਰਿਆ ਦੇ ਕਿਨਾਰੇ ਇੱਕ ਤੀਰਥ ਸਥਾਨ ਦਾ ਨਾਂ ਸੂਕਰ-ਖੇਤ ਹੈ, ਜਿਥੇ ਵਿਸ਼ਨੂੰ ਦੇ ਸੂਰ (ਵਾਰਾਹ) ਅਵਤਾਰ ਧਾਰਨ ਦਾ ਦਿਨ ਮਨਾਇਆ ਜਾਂਦਾ ਹੈ। ਸੰਸਕ੍ਰਿਤ ਵਿਚ ਸੂਰਨੀ ਲਈ ਸੂਕਰੀ ਸ਼ਬਦ ਹੈ। ਗੌਰਤਲਬ ਹੈ ਕਿ ਸ਼ਲਗਮ ਲਈ ਸਿੰਘ ਬੋਲੇ ਦੀ ਤਰ੍ਹਾਂ ਸੰਸਕ੍ਰਿਤ ਵਿਚ ਇੱਕ ਕੰਦ ਦਾ ਨਾਂ ਵੀ ਸੂਕਰੀ ਹੈ। ਜਿਮੀਂ ਕੰਦ ਨੂੰ ਸੂਰਨ ਵੀ ਕਿਹਾ ਜਾਂਦਾ ਹੈ।

ਪੰਜਾਬੀ ਵਿਚ ਵੀ ਕਿਧਰੇ ਕਿਧਰੇ ਸੂਰ ਲਈ ਸੂਕਰ ਸ਼ਬਦ ਦੀ ਵਰਤੋਂ ਦਿਸਦੀ ਹੈ। ਸਾਡੇ ਘਰ ਰੱਖੀ ਮੱਝ ਜੋ ਬਹੁਤੀ ਅੜੀ ਕਰਦੀ ਸੀ ਤਾਂ ਮਾਂ ਖਿਝ ਕੇ ਇਸ ਨੂੰ 'ਸੂਕਰ ਜਿਹੀ' ਆਖਦੀ ਹੁੰਦੀ ਸੀ। ਉਜ ਮੱਝ ਵੀ ਸੂਰ ਵਾਂਗ ਪਾਣੀ ਦੀ ਤਾਂਘਵਾਨ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਹ ਸ਼ਬਦ ਕਈ ਵਾਰੀ ਵਰਤਿਆ ਮਿਲਦਾ ਹੈ। ਭਗਤ ਕਬੀਰ ਨੇ ਪਿੰਡ ਸਾਫ ਕਰਨ ਵਾਲੇ ਜਾਨਵਰ ਵਜੋਂ ਸੂਰ ਦੀ ਸਿਫਤ ਕੀਤੀ ਹੈ, "ਕਬੀਰ ਸਾਕਤ ਤੇ ਸੂਕਰ ਭਲਾ ਰਾਖੈ ਆਛਾ ਗਾਉ॥" ਪਰ ਆਮ ਤੌਰ 'ਤੇ ਇਸ ਦੀ ਨੀਚ ਜਾਨਵਰ ਵਜੋਂ ਹੀ ਪ੍ਰਸਤੁਤੀ ਹੋਈ ਹੈ। ਗੁਰੂ ਤੋਂ ਮੂੰਹ ਫੇਰਨ ਵਾਲੇ ਨੂੰ "ਸੂਕਰ ਸੁਆਨ ਗਰਧਭ ਮੰਜਾਰਾ॥" (ਗੁਰੂ ਨਾਨਕ) ਕਿਹਾ ਗਿਆ ਹੈ; ਜੋ ਮਨੁੱਖ ਅੰਤ ਵੇਲੇ ਪੁੱਤਰਾਂ ਨੂੰ ਯਾਦ ਕਰਦਾ ਹੈ, ਉਹ ਵਾਰ ਵਾਰ ਸੂਰ ਦੀ ਜੂਨ ਪੈਂਦਾ ਹੈ, "ਸੂਕਰ ਜੋਨਿ ਵਲਿ ਵਲਿ ਅਉਤਰੈ॥" (ਭਗਤ ਤ੍ਰਿਲੋਚਨ)। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਸ਼ੂਕਰ ਸ਼ਬਦ ਦੀ ਵਰਤੋਂ ਹੋਈ ਹੈ, "ਪਰਹੁ ਨੀਚ ਸ਼ੂਕਰ ਤਨ ਪੀਨਾ।" ਫਾਰਸੀ ਵਿਚ 'ਸ' ਧੁਨੀ 'ਖ' ਵਿਚ ਵਟ ਜਾਂਦੀ ਹੈ, ਇਸ ਲਈ ਇਸ ਭਾਸ਼ਾ ਵਿਚ ਸੂਰ ਲਈ ਖੂਕ ਸ਼ਬਦ ਹੈ। 'ਖੂਕੀ ਦਰਿਆ' ਜਾਂ 'ਖੂਕੀ ਮਾਹੀ' ਇੱਕ ਤਰ੍ਹਾਂ ਦੀ ਵੇਲ ਮੱਛੀ ਹੁੰਦੀ ਹੈ, ਜਿਸ ਦੀ ਸ਼ਕਲ ਸੂਰ ਨਾਲ ਮਿਲਦੀ ਹੈ।



ਖੂਕੀ ਮਾਹੀ

ਸੂਰ ਭਾਰੋਪੀ ਸ਼ਬਦ ਹੈ, ਜਿਸ ਦਾ ਮੂਲ 'Su' ਕਲਪਿਆ ਗਿਆ ਹੈ, ਜੋ ਸੂਰ ਦੇ ਅਰਥਾਂ ਵਿਚ ਲਿਆ ਜਾਂਦਾ ਹੈ। ਪੁਰਾਣੀ ਅੰਗਰੇਜ਼ੀ ਵਿਚ ਇਸ ਲਈ Sow ਸ਼ਬਦ ਪ੍ਰਚਲਿਤ ਸੀ। ਇਹ ਸ਼ਬਦ ਔਰਤਾਂ ਲਈ ਗਾਲ੍ਹ ਵਜੋਂ ਵੀ ਵਰਤਿਆ ਜਾਂਦਾ ਹੈ। ਅਸਲ ਵਿਚ ਪੁਰਾਣੀ ਅੰਗਰੇਜ਼ੀ ਵਿਚ ਸੂਰਨੀ ਲਈ Sugu ਸ਼ਬਦ ਵਰਤਿਆ ਜਾਂਦਾ ਸੀ। ਅਵੇਸਤਾ ਵਿਚ ਜੰਗਲੀ ਸੂਰ ਲਈ 'ਹੁ' ਸ਼ਬਦ ਹੈ। ਪੁਰਾਣੀਆਂ ਤੇ ਨਵੀਆਂ ਜਰਮੈਨਿਕ ਭਾਸ਼ਾਵਾਂ ਵਿਚ ਇਸ ਨਾਲ ਮਿਲਦੇ-ਜੁਲਦੇ ਸ਼ਬਦ ਹਨ,



ਸੂਕਰ ਹਿਰਨ

ਮਿਸਾਲ ਵਜੋਂ ਜਰਮਨ Sau, ਡੱਚ Zeug, ਵੈਲਸ਼ Hucc, ਆਇਰਿਸ਼ Suig. ਰੂਸੀ ਵਿਚ ਸੂਰ ਨੂੰ Sviniya ਤੇ ਸੂਰਨੀ ਨੂੰ Svinka ਕਿਹਾ ਜਾਂਦਾ ਹੈ।

ਰੂਸੀ ਵਿਚ ਕੰਨਪੇੜਿਆ ਲਈ ਵੀ ਇਹੋ ਸ਼ਬਦ ਹੈ, ਇਸ ਲਈ ਕਿ ਸੁੱਜਿਆ ਮੂੰਹ ਸੂਰ ਦੀ ਗਰਦਨ ਵਾਂਗ ਮੋਟਾ ਜਾਪਦਾ ਹੈ। ਇਨ੍ਹਾਂ ਤੋਂ ਇਲਾਵਾ ਲਾਤੀਨੀ ਵਿਚ Sus ਤੇ ਗਰੀਕ ਵਿਚ Hys ਸ਼ਬਦ ਹਨ। ਲਗੜਬੱਗੇ ਲਈ ਅੰਗਰੇਜ਼ੀ ਸ਼ਬਦ Hyena ਇਸੇ ਤੋਂ ਵਿਕਸਿਤ ਹੋਇਆ। ਸ਼ਾਇਦ ਦੋਹਾਂ ਦੇ ਗਰਦਨ ਦੇ ਵਾਲ ਇਕੋ ਸ਼ਕਲ ਦੇ ਸਮਝੇ ਗਏ। ਪਰ ਸੂਰ ਲਈ ਅਜੋਕੀ ਅੰਗਰੇਜ਼ੀ ਵਿਚ ਵਰਤਿਆ ਜਾਂਦਾ ਇੱਕ ਹੋਰ ਸ਼ਬਦ ਹੈ, Swine. ਇਹ ਸ਼ਬਦ ਵੀ 'ਸੂ' ਮੂਲ ਨਾਲ ਜਾ ਜੁੜਦਾ ਹੈ, ਪਿੱਛੇ 'Ino' ਪਿਛੇਤਰ ਲੱਗਾ ਹੋਇਆ ਹੈ। ਉਂਜ ਇਸ ਸ਼ਬਦ ਨੂੰ ਵੀ Pig ਨੇ ਉਖਾੜ ਮਾਰਿਆ ਹੈ। ਜਰਮੈਨਿਕ ਭਾਸ਼ਾਵਾਂ ਵਿਚ ਇਸ ਨਾਲ ਮਿਲਦੇ-ਜੁਲਦੇ ਸ਼ਬਦ ਹਨ। ਅਜੋਕੀ ਜਰਮਨ ਵਿਚ ਇਸ ਲਈ Schwein ਸ਼ਬਦ ਹੈ। ਵਾਇਰਸ ਤੋਂ ਹੁੰਦਾ ਸਵਾਈਨ ਫਲੂ ਪਹਿਲਾਂ ਸੂਰਾਂ ਨੂੰ ਹੋਇਆ ਸੀ ਤੇ ਫਿਰ ਮਨੁੱਖਾਂ ਵਿਚ ਫੈਲ ਗਿਆ।

ਮੋਨੀਅਰ ਵਿਲੀਅਮਜ਼ ਨੇ 'ਸੂ' ਤੋਂ ਪੈਦਾ ਹੋਏ ਸੂਰ ਸ਼ਬਦ ਦੀ ਦੋ ਤਰ੍ਹਾਂ ਵਿਆਖਿਆ ਕੀਤੀ ਹੈ। ਇਕ ਅਨੁਸਾਰ ਇਹ ਧੁਨੀਅਨੁਕਰਣਕ ਹੈ, ਅਰਥਾਤ 'ਸੂ' ਦੀ ਆਵਾਜ਼ ਤੋਂ ਬਣਿਆ ਹੈ। ਅਸੀਂ ਤੇਜ਼ ਚਲਦੀ ਹਵਾ ਦੀ ਆਵਾਜ਼ ਨੂੰ ਸ਼ੂਕ ਜਾਂ ਸ਼ੂਕਰ ਕਹਿੰਦੇ ਹਾਂ। ਇਥੇ ਸੂਕਰ (ਸੂ+ਕਰ) ਤੋਂ ਮੁਰਾਦ ਹੈ, ਸੂ ਦੀ ਆਵਾਜ਼ ਕਰਨ ਵਾਲਾ। ਤਾਤਪਰਜ, ਸੂਰ ਸੂ ਦੀ ਆਵਾਜ਼ ਕੱਢਦਾ ਹੈ, ਇਸ ਲਈ ਸੂਕਰ ਕਹਾਇਆ। ਦੂਜੀ ਵਿਆਖਿਆ ਅਨੁਸਾਰ ਇਹ ਸ਼ਬਦ 'ਸੂ' ਧਾਤੂ ਤੋਂ ਬਣਿਆ ਹੈ, ਜਿਸ ਵਿਚ ਜਮਾਉਣ, ਪੈਦਾ ਕਰਨ ਦਾ ਭਾਵ ਹੈ। 'ਸੂਤਕ ਵਿਚਾਰ' ਲੇਖ ਵਿਚ ਇਸ ਦਾ ਜ਼ਿਕਰ ਕਰਦਿਆਂ ਦੱਸਿਆ ਗਿਆ ਸੀ ਕਿ ਸੂਤਕ, ਸੂਣਾ ਅਤੇ ਪ੍ਰਸੂਤ ਸ਼ਬਦ ਇਸੇ ਤੋਂ ਬਣੇ ਹਨ।

ਪ੍ਰਸਿੱਧ ਅੰਗਰੇਜ਼ੀ ਨਿਰੁਕਤ ਸ਼ਾਸਤਰੀ ਅਨਾਤੋਲੀ ਲਿਬਰਮੈਨ ਵਲੋਂ ਇਸ ਸਬੰਧੀ ਕੀਤੀ ਟਿੱਪਣੀ ਅਨੁਸਾਰ ਸੂਰ ਦੇ ਮੂੰਹ 'ਚੋਂ ਨਿਕਲਦੀ ਜਾਂ ਉਸ ਨੂੰ ਬੁਲਾਉਣ ਲਈ ਉਚਾਰੀ ਜਾਂਦੀ ਆਵਾਜ਼ 'ਸੂ ਸੂ' ਜਿਹੀ ਕਦੇ ਨਹੀਂ ਹੁੰਦੀ। ਕਈ ਭਾਸ਼ਾਵਾਂ ਵਿਚ ਸੂਰ ਦੀ ਆਵਾਜ਼ ਦੀ ਇਨਸਾਨੀ ਨਕਲ ਵਜੋਂ 'ਗਰ' ਜਾਂ 'ਖਰ' ਜਿਹੀਆਂ ਧੁਨੀਆਂ ਵਰਤੀਆਂ ਜਾਂਦੀਆਂ ਹਨ। ਪੰਜਾਬੀ ਵਿਚ ਘੁਰ ਘੁਰ ਜਾਂ ਗੁਰ ਗੁਰ ਕਿਹਾ ਜਾਂਦਾ ਹੈ। ਕੁਝ ਲੋਕਾਂ ਵਲੋਂ ਸੂਰਾਂ ਨੂੰ ਬੁਲਾਉਣ ਲਈ ਸੂ ਸੂ ਦੀ ਆਵਾਜ਼ ਕੱਢਣ ਪਿੱਛੇ ਉਨ੍ਹਾਂ ਦਾ ਨਾਂ ਹੀ ਸੂ ਹੋਣਾ ਵੀ ਹੋ ਸਕਦਾ ਹੈ। ਜਿਵੇਂ ਕੁੱਤੇ ਨੂੰ ਕੂਰ ਕੂਰ ਕਹਿਣ ਪਿੱਛੇ ਕੁੱਤੇ ਲਈ ਕੂਕਰ ਸ਼ਬਦ ਹੋਣਾ ਹੈ।

ਸੂਣ, ਜਣਨ ਦੇ ਅਰਥਾਂ ਵਾਲੇ 'ਸੂ' ਧਾਤੂ ਨਾਲ ਸੂਰ ਸ਼ਬਦ ਨੂੰ ਜੋੜਨ ਪਿਛੇ ਧਾਰਨਾ ਸੂਰਨੀ ਦੀ ਜਣਨ-ਸ਼ਕਤੀ ਹੈ। ਸੂਰਨੀ ਬਹੁਤ ਸਾਰੇ ਬੱਚੇ ਦਿੰਦੀ ਹੈ। ਅਸੀਂ ਜ਼ਿਕਰ ਕਰ ਚੁਕੇ ਹਾਂ ਕਿ ਅੰਗਰੇਜ਼ੀ Son ਅਤੇ ਸੰਸਕ੍ਰਿਤ ਸੂਨੁ ਪਿੱਛੇ ਇਹੀ ਧਾਤੂ ਕੰਮ ਕਰਦਾ ਹੈ, ਪਰ ਸੂਰ ਲਈ ਸੂ ਜਿਹਾ ਸ਼ਬਦ ਕੁਝ ਗੈਰ-ਭਾਰੋਪੀ ਭਾਸ਼ਾਵਾਂ ਵਿਚ ਵੀ ਵਰਤਿਆ ਮਿਲਦਾ ਹੈ। ਇਸ ਲਈ ਹੋ ਸਕਦਾ ਹੈ, ਇਹ ਬਹੁਤ ਪ੍ਰਾਚੀਨ ਸਭਿਅਤਾ ਦਾ ਸ਼ਬਦ ਹੋਵੇ ਜਿਸ ਦੀ ਅਸੀਂ ਥਾਹ ਨਹੀਂ ਪਾ ਸਕਦੇ।

## ਮਿਨੀ ਕਹਾਣੀਆਂ

### ਜੁਗਾੜ

ਸਾਡੀ ਗਲੀ ਵਿਚ ਇੱਕ ਬਜੁਰਗ ਰਹਿੰਦਾ ਸੀ। ਵੱਡੀ ਉਮਰ ਕਾਰਨ ਉਹ ਆਪਣੀ ਬਜਾਜੀ ਦੀ ਦੁਕਾਨ 'ਤੇ ਇੱਕ-ਅੱਧ ਗੇੜਾ ਹੀ ਮਾਰਦਾ, ਜੋ ਉਸ ਦਾ ਪੁੱਤਰ ਚਲਾਉਂਦਾ ਸੀ। ਆਪਣਾ ਪੱਕਾ ਮਕਾਨ। ਚੁਬਾਰੇ 'ਚ ਤਿੰਨ ਕਿਰਾਏਦਾਰ ਵੀ ਰਹਿੰਦੇ ਸਨ। ਪੂਰਾ ਸੰਪੰਨ ਪਰਿਵਾਰ। ਬਜੁਰਗ ਨੂੰ ਘੱਟ ਸੁਣਦਾ ਸੀ ਤੇ ਸਭ ਉਸ ਨੂੰ ਬੋਲਾ ਹੀ ਕਹਿੰਦੇ।

ਉਸ ਨੇ ਇਕ ਗਾਂ ਰੱਖੀ ਹੋਈ ਸੀ। ਸਾਰਾ ਦਿਨ ਉਹਦੇ ਓਹੜ-ਪੋਹੜ ਵਿਚ ਰੁੱਝਾ ਰਹਿੰਦਾ। ਗਰਮੀਆਂ ਦੇ ਦਿਨੀਂ ਗਾਂ ਬਾਹਰਲੇ ਕੀਲੇ 'ਤੇ ਬੰਨੀ ਹੁੰਦੀ। ਉਥੇ ਹੀ ਪੱਠੇ ਪਾਉਣੇ, ਧਾਰ ਕੱਢਣੀ। ਆਪਣੇ ਕੰਮ ਵਿਚ ਮਸਤ।

ਇੱਕ ਵਾਰ ਗਾਂ ਸੂ ਪਈ। ਬੜੀ ਸੰਭਾਲ ਕਰ ਰਿਹਾ ਸੀ ਪਰ ਕਿਸੇ ਕਾਰਨ ਵੱਛਾ ਮਰ ਗਿਆ। ਉਸ ਸ਼ਾਮ ਉਸ ਨੇ ਮਰੇ ਵੱਛੇ 'ਤੇ ਬੋਰੀ ਸੁੱਟ ਕੇ ਗਾਂ ਅੱਗੇ ਲਿਟਾ ਕੇ ਧਾਰ ਕੱਢ ਲਈ। ਮੈਨੂੰ ਉਦੋਂ ਬੜਾ ਅਜੀਬ ਲੱਗਾ ਜਦ ਉਸ ਨੇ ਕੁਝ ਇੱਟਾਂ ਲੈ ਕੇ ਮਗਰਲਾ ਹਿੱਸਾ ਕੁਝ ਵੱਡਾ ਤੇ ਮੂਹਰਲਾ ਹਿੱਸਾ ਗਰਦਨ, ਮੂੰਹ ਜਿਹੀ ਦਾ ਵੱਛੇ ਵਾਲਾ ਅਕਾਰ ਜਿਹਾ ਬਣਾ ਕੇ ਉਹੀ ਬੋਰੀ ਉਸ 'ਤੇ ਪਾ ਕੇ ਗਾਂ ਦੇ ਮੂੰਹ ਕੋਲ ਖੜ੍ਹਾ ਕਰ ਦਿੱਤਾ। ਪਤਾ ਨਹੀਂ ਗਾਂ ਨੂੰ ਬੋਰੀ ਵਿਚੋਂ ਉਹੀ ਵਾਸ਼ਨਾ ਆਉਂਦੀ ਸੀ ਜਾਂ ਕੀ, ਥੋੜ੍ਹੀ-ਬਹੁਤ ਹੀਲ ਹੁੱਜਤ ਨਾਲ ਦੁੱਧ ਦੀ ਬਾਲਟੀ ਬਜੁਰਗ ਨੇ ਚੋ ਲਈ। ਕਿੰਨੇ ਦਿਨ ਇੰਜ ਹੀ ਕਰਦਾ ਰਿਹਾ। ਹਫਤੇ ਕੁ ਪਿਛੋਂ ਇਸ ਜੁਗਾੜ ਤੋਂ ਬਿਨਾ ਹੀ ਗਾਂ ਟਿਕ ਕੇ ਦੁੱਧ ਦੇਣ ਲੱਗੀ।

-ਦਵਿੰਦਰ ਕੌਰ

### ਅਰਜੀ

ਦਸੰਬਰ ਮਹੀਨੇ ਦੀ ਦਸਤਕ ਹੋਣ ਵਾਲੀ ਸੀ। ਮੈਂ ਸੋਚਿਆ ਮੇਰੀਆਂ ਅਜੇ ਛੇ ਛੁੱਟੀਆਂ ਪਈਆਂ ਨੇ, ਕਿਉਂ ਨਾ ਤਿੰਨ ਦਿਨਾਂ ਦੀ ਇਕੱਠੀ ਛੁੱਟੀ ਲੈ ਕੇ ਰਿਸ਼ਤੇਦਾਰੀਆਂ 'ਚ ਜਾ ਆਵਾਂ। ਛੁੱਟੀ ਦੀ ਅਰਜੀ ਲਿਖ ਕੇ ਜੇਬ 'ਚ ਪਾ ਲਈ ਅਤੇ ਮੋਟਰ ਸਾਈਕਲ ਨੂੰ ਕਿੱਕ ਮਾਰ ਸਕੂਲ ਨੂੰ ਤੁਰ ਪਿਆ।

ਸਕੂਲ ਕੋਈ ਪੰਜ ਕੁ ਕਿਲੋਮੀਟਰ ਦੂਰ ਸੀ। ਮੈਂ ਉਸ ਪਿੰਡ ਦੀ ਜੂਹ 'ਚ ਵੜਿਆ ਹੀ ਸੀ ਕਿ ਪਿੰਡ ਦੇ ਨਰੇਗਾ ਮਜ਼ਦੂਰਾਂ ਦਾ ਵੱਡਾ ਇਕੱਠ ਸੜਕ 'ਤੇ ਆ ਰਿਹਾ ਸੀ। ਕੋਲ ਪਹੁੰਚਦਿਆਂ ਹੀ ਕਈ ਬੰਦਿਆਂ ਨੇ ਦੁਆ ਸਲਾਮ ਕੀਤੀ। ਜਾਣਦੇ ਸੀ ਮੈਨੂੰ, ਉਨ੍ਹਾਂ ਦੇ ਬੱਚੇ ਮੇਰੇ ਕੋਲ ਹੀ ਪੜ੍ਹਦੇ ਨੇ।

ਇੱਕ ਬਜੁਰਗ ਔਰਤ ਕਹਿਣ ਲੱਗੀ, "ਵੇ ਪੁੱਤ! ਇੱਕ ਗੱਲ ਸੁਣ ਕੇ ਜਾਵੀਂ।" ਮੈਂ ਰੁਕ ਗਿਆ। "ਤੂੰ ਪੁੱਤ ਮਾਹਟਰ ਬਹੁਤ ਚੰਗਾ ਏਂ, ਮੇਰੀ ਪੋਤੀ ਸਰਕਾਰੀ ਸਕੂਲ ਵਿਚ ਤੇਰੇ ਕੋਲ ਹੀ ਪੜ੍ਹਦੀ ਐ। ਉਹਦੀ ਮਾਂ ਤਾਂ ਹੈ ਨੀਂ ਪੁੱਤ, ਰੱਬ ਨੂੰ ਪਿਆਰੀ ਹੋ'ਗੀ ਸੀ, ਦੋ ਸਾਲ ਪਹਿਲਾਂ। ਬਾਪ ਸ਼ਰਾਬ ਪੀ ਕੇ ਮੰਜੇ 'ਤੇ ਪਿਆ ਰਹਿੰਦੈ, ਕਦੇ ਘਰ ਬਾਰੇ ਨਹੀਂ ਸੋਚਦਾ। ਪੁੱਤ ਮੈਂ ਹੀ ਪੜ੍ਹਾ ਰਹੀ ਆਂ ਉਹਨੂੰ। ਪੁੱਤ ਉਹਦਾ ਖਿਆਲ ਰੱਖਿਆ ਕਰ। ਬਸ ਇਹੀ ਕਹਿਣਾ ਸੀ, ਮੇਰੀ ਤਾਂ ਪੁੱਤ ਆਹੀ ਅਰਜੀ ਸੀ।"

ਬੇਬੇ ਦੀ ਅਰਜੀ ਸੁਣ ਕੇ ਮੇਰੀ ਜੇਬ 'ਚ ਪਈ ਅਰਜੀ ਜਿਵੇਂ ਭਾਰੀ ਹੋ ਗਈ ਹੋਵੇ।

ਬੇਬੇ ਫੇਰ ਦੱਸਣ ਲੱਗੀ, "ਮੇਰੀ ਪੋਤੀ ਕਹਿੰਦੀ ਹੁੰਦੀ ਆ, ਮੈਂ ਵੱਡੀ ਹੋ ਕੇ ਮੇਰੇ ਮਾਹਟਰ ਵਾਂਗ ਹੀ ਮਿਹਨਤੀ ਅਧਿਆਪਕ ਬਣੂੰ। ਬੱਚਿਆਂ ਨੂੰ ਪੜ੍ਹਾਇਆ ਕਰੂੰ, ਉਨ੍ਹਾਂ ਨੂੰ ਪਿਆਰ ਕਰਿਆ ਕਰੂੰ।"

ਉਸ ਨੇ ਮੇਰੇ ਨਾਲ ਮਾਸੂਮੀਅਤ ਦੀਆਂ ਕਾਫੀ ਗੱਲਾਂ ਕੀਤੀਆਂ। ਭਾਵੁਕ ਹੁੰਦਿਆਂ ਆਖਣ ਲੱਗੀ, "ਮੇਰੀ ਪੋਤੀ ਕਹਿੰਦੀ ਸੀ, ਬੇਬੇ! ਜਦੋਂ ਮੈਂ ਮੈਡਮ ਬਣ ਗਈ, ਮੈਂ ਆਪੇ ਘਰ ਦਾ ਖਰਚਾ ਚਲਾਊਂ। ਬੇਬੇ ਮੈਂ ਤੈਨੂੰ ਐਵੇਂ ਰੁਲਣ ਨਹੀਂ ਦੇਣਾ। ਫੇਰ ਤੈਨੂੰ ਨਰੇਗਾ 'ਚ ਧੱਕੇ ਖਾਣ ਦੀ ਲੋੜ ਨਹੀਂ ਰਹਿਣੀ।"

ਸੁਣ ਕੇ ਮੇਰਾ ਦਿਲ ਸਕੂਲ ਜਾਣ ਲਈ ਕਾਹਲਾ ਪੈਣ ਲੱਗਾ। ਮੈਂ ਬੇਬੇ ਨੂੰ ਹੌਸਲਾ ਦੇ ਕੇ ਉਥੋਂ ਚੱਲ ਪਿਆ। ਸਕੂਲ ਪਹੁੰਚਦਿਆਂ ਹੀ ਮੈਂ ਆਪਣੀ ਜੇਬ 'ਚੋਂ ਛੁੱਟੀ ਦੀ ਅਰਜੀ ਕੱਢ ਕੇ ਕੂੜੇਦਾਨ 'ਚ ਸੁੱਟ ਦਿੱਤੀ।

-ਕੇਵਲ ਸਿੰਘ ਧਰਮਪੁਰਾ
ਫੋਨ: 91-98788-01561

ਗਦਰ ਦੀਆਂ ਗੱਲਾਂ

# ਗਦਰ ਪਾਰਟੀ ਤੇ ਮਜ਼ਹਬੀ ਝਗੜੇ

**ਗਦਰ ਲਹਿਰ ਦਾ ਇਤਿਹਾਸ ਆਪਣੇ ਨਾਵਲਾਂ ਅੰਦਰ ਸਮੋ ਕੇ ਪਾਠਕਾਂ ਅੱਗੇ ਪੇਸ਼ ਕਰਨ ਵਾਲੇ ਉਘੇ ਲੇਖਕ ਕੇਸਰ ਸਿੰਘ ਨਾਵਲਿਸਟ ਨੇ ਗਦਰ ਲਹਿਰ ਦੀ ਵਾਰਤਕ ਲੱਭਣ ਅਤੇ ਸੰਭਾਲਣ ਦਾ ਔਖੇਰਾ ਕਾਰਜ ਵੀ ਨੇਪਰੇ ਚਾੜ੍ਹਿਆ ਸੀ। ਗਦਰ ਲਹਿਰ ਭਾਰਤ ਦੀ ਆਜ਼ਾਦੀ ਦੇ ਇਤਿਹਾਸ ਦਾ ਅਹਿਮ ਪੰਨਾ ਹੈ। ਗਦਰ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਕੈਨੇਡਾ ਵਿਚ ਕਿਸ ਤਰ੍ਹਾਂ ਦੀ ਸਰਗਰਮੀ ਅੰਗਰੇਜ਼ ਹਕੂਮਤ ਖਿਲਾਫ ਹੋ ਰਹੀ ਸੀ, ਉਸ ਦਾ ਜ਼ਿਕਰ 'ਪੰਜਾਬ ਟਾਈਮਜ਼' ਦੇ ਪਾਠਕਾਂ ਨੇ ਉਸ ਵਕਤ ਕੈਨਡਾ ਤੋਂ ਛਪਦੇ ਰਹੇ ਦੋ ਪਰਚਿਆਂ 'ਸੁਦੇਸ਼ ਸੇਵਕ' ਤੇ 'ਸੰਸਾਰ' ਵਿਚ ਛਪੀਆਂ ਲਿਖਤਾਂ ਰਾਹੀਂ ਪੜ੍ਹਿਆ ਹੈ। ਹੁਣ ਅਮਰੀਕਾ ਤੋਂ ਛਪਦੇ 'ਗਦਰ' ਵਿਚ ਛਪੀਆਂ ਲਿਖਤਾਂ ਦੀ ਲੜੀ ਛਾਪੀ ਜਾ ਰਹੀ ਹੈ। ਇਨ੍ਹਾਂ ਲੇਖਾਂ ਵਿਚੋਂ ਗਦਰੀਆਂ ਦੇ ਸਿਦਕ, ਸਿਰੜ ਅਤੇ ਸੁੱਚੀ ਸੋਚ ਦੇ ਝਲਕਾਰੇ ਮਿਲਦੇ ਹਨ ਅਤੇ ਉਸ ਵੇਲੇ ਆਜ਼ਾਦੀ ਲਈ ਉਠ ਰਹੇ ਵਲਵਲਿਆਂ ਦਾ ਪਤਾ ਲਗਦਾ ਹੈ। -ਸੰਪਾਦਕ**

*(16 ਜੂਨ 1916 ਨੂੰ ਛਪਿਆ)*

ਵਾਰ ਵਾਰ ਅਖਬਾਰ ਵਿਚ ਲਿਖਿਆ ਜਾ ਚੁਕਾ ਹੈ ਕਿ ਅਖਬਾਰ ਗਦਰ ਮਜ਼ਬੀ ਬਖੇੜਿਆ ਤੋਂ ਰਹਿਤ ਹੋ ਕੇ ਅੰਗਰੇਜ਼ੀ ਗਵਰਨਮੈਂਟ ਦੀਆਂ ਹਿੰਦੁਸਤਾਨ ਵਿਚੋਂ ਜੜ੍ਹਾਂ ਪੁੱਟਣ ਦਾ ਠੇਕੇਦਾਰ ਹੈ। ਇਸ ਅਖਬਾਰ ਨੂੰ ਹਿੰਦੂ, ਸਿੱਖ ਅਤੇ ਮੁਸਲਮਾਨਾਂ ਦੀਆਂ ਮਜ਼ਬੀ ਗੱਲਾਂ ਨਾਲ ਕੋਈ ਲਗਾਉ ਨਹੀਂ ਹੈ। ਗਦਰ ਨਾ ਕਿਸੇ ਨੂੰ ਬੁਰਾ ਕਹਿੰਦਾ ਹੈ ਤੇ ਨਾ ਕਿਸੇ ਨੂੰ ਭਲਾ ਕਹਿੰਦਾ ਹੈ ਤੇ ਨਾ ਹੀ ਕਹੇਗਾ। ਪਰ ਜੋ ਆਦਮੀ ਜਾਂ ਜੋ ਫਿਰਕਾ ਗਦਰ ਦੇ ਵਿਰੁਧ ਕਿਸੇ ਤਰ੍ਹਾਂ ਦਾ ਰੌਲਾ ਪਾਵੇਗਾ, ਉਸ ਦੇਸ਼ ਤੇ ਕੌਮ ਦੇ ਦੁਸ਼ਮਣ ਦੀ ਐਸੀ ਖਬਰ ਲਈ ਜਾਏਗੀ, ਜੋ ਉਹ ਯਾਦ ਰੱਖੇਗਾ। ਗਦਰ ਪਾਰਟੀ ਰੋਜ਼ ਰੋਜ਼ ਕੌੜੀ ਵੇਲ ਵਾਂਗ ਵਧ ਰਹੀ ਹੈ ਅਤੇ ਗਦਰ ਪਾਰਟੀ ਨੇ ਜੋ ਬੀੜਾ ਦੇਸ਼ ਤੇ ਕੌਮ ਦੀ ਆਜ਼ਾਦੀ ਦਾ ਉਠਾਇਆ ਹੈ, ਇਸ ਕੰਮ ਵਿਚ ਬੜੀ ਉਨਤੀ ਹੋ ਰਹੀ ਹੈ। ਹਿੰਦੁਸਤਾਨੀ ਅਜੇ ਤਕ ਹਨੇਰੇ ਵਿਚ ਠੋਕਰਾਂ ਖਾਂਦੇ ਸੀ। ਪੁਰਾਣੇ ਲੀਡਰਾਂ ਨੇ ਹਿੰਦੁਸਤਾਨੀਆਂ ਨੂੰ ਧੋਖੇ ਵਿਚ ਸੁੱਟ ਛੱਡਿਆ ਹੈ। ਹੁਣ ਅਖਬਾਰ ਗਦਰ ਨੇ ਉਨ੍ਹਾਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ। ਹਿੰਦੁਸਤਾਨੀ ਹੁਣ ਭਲੇ-ਬੁਰੇ ਪਰਖਣ ਲੱਗ ਪਏ ਹਨ। ਦੇਖ ਕੇ ਕਈ ਪੁਰਾਣੇ ਬਦਮਾਸ਼ ਲੋਕਾਂ ਨੂੰ ਖੌਫ ਹੋਇਆ ਹੈ ਕਿ ਸਾਡੀ ਰੋਜ਼ੀ ਨਾ ਮਾਰੀ ਜਾਵੇ। ਅੱਜ ਕੱਲ੍ਹ ਉਨ੍ਹਾਂ ਵਿਚੋਂ ਕਈ ਬਦਮਾਸ਼ ਗਦਰ ਪਾਰਟੀ ਦੇ ਵਿਰੁਧ ਮਜ਼ਬੀ ਅੱਗ ਭੜਕਾਉਂਦੇ ਫਿਰਦੇ ਹਨ। ਖਬਰ ਆਈ ਹੈ ਕਿ ਰੱਦੀ ਆਦਮੀ ਕੈਲੀਫੋਰਨੀਆ ਦੇ ਹਿੰਦੁਸਤਾਨੀ ਲੋਕਾਂ ਵਿਚ ਇਹ ਝੂਠੀ ਖਬਰ ਫੈਲਾ ਰਹੇ ਹਨ ਕਿ ਗਦਰ ਪਾਰਟੀ ਵਾਲੇ ਸਿੱਖ ਧਰਮ ਨੂੰ ਬੁਰਾ ਸਮਝਦੇ ਹਨ। ਅਸੀਂ ਸਾਫ ਕਹਿੰਦੇ ਹਾਂ ਕਿ ਗਦਰ ਪਾਰਟੀ ਵਿਚ ਹਿੰਦੂ, ਸਿੱਖ, ਮੁਸਲਮਾਨ, ਆਰੀਆ, ਜੈਨੀ, ਆਸਤਕ ਤੇ ਨਾਸਤਕ-ਸਾਰੇ ਮਜ਼੍ਹਬਾਂ ਦੇ ਹਿੰਦੁਸਤਾਨੀ ਸ਼ਾਮਿਲ ਹਨ। ਗਦਰ ਪਾਰਟੀ ਨਾ ਕਿਸੇ ਮਜ਼੍ਹਬ ਨੂੰ ਬੁਰਾ ਕਹਿੰਦੀ ਹੈ, ਨਾ ਭਲਾ। ਜੋ ਲੋਕ ਗਦਰ ਪਾਰਟੀ ਦੇ ਵਿਰੁਧ ਕੁਝ ਵੀ ਕਹਿੰਦੇ ਹਨ, ਇਹ ਗਰੀਬ ਮਜ਼ਦੂਰਾਂ ਦਾ ਪੈਸਾ ਖੁਦ ਖਾਣਾ ਚਾਹੁੰਦੇ ਹਨ ਅਤੇ ਜ਼ਰੂਰ ਅੰਗਰੇਜ਼ੀ ਗਵਰਨਮੈਂਟ ਦੇ ਖੁਫੀਆ ਪੁਲਿਸ ਵਾਲੇ ਹਨ, ਨਹੀਂ ਤਾਂ ਇਹ ਦੱਸਣ, ਇਹ ਕਿਉਂ ਕੌਮ ਦੀ ਦੁਸ਼ਮਣੀ ਕਰਦੇ ਹਨ। ਸਾਡੇ ਕੋਲ ਇਨ੍ਹਾਂ ਲੋਕਾਂ ਦੇ ਨਾਂ ਮੌਜੂਦ ਹਨ। ਜੇ ਇਹ ਆਪਣੀ ਭੈੜੀ ਚਾਲ ਤੋਂ ਨਾ ਚੁਕੇ ਤਾਂ ਸਾਰੀ ਕੌਮ ਕੋਲ ਇਨ੍ਹਾਂ ਦੇ ਢੋਲ ਦਾ ਪੋਲ ਖੋਲ੍ਹ ਦਿੱਤਾ ਜਾਵੇਗਾ। ਹੁਣ ਇਹ ਅਨਪੜ੍ਹ ਲੋਕਾਂ ਵਿਚ ਮਜ਼ਬੀ ਅੱਗ ਭੜਕਾ ਕੇ ਗਵਰਨਮੈਂਟ ਤੋਂ ਇਨਾਮ ਨਹੀਂ ਲੈ ਸਕਦੇ। ਨਾ ਹੀ ਲੋਕਾਂ ਕੋਲੋਂ ਰੁਪਿਆ



ਬਟੋਰ ਕੇ ਆਪ ਮੌਜਾਂ ਕਰ ਸਕਦੇ ਹਨ। ਸੋਚਣਾ ਚਾਹੀਦਾ ਹੈ ਕਿ ਅਜਿਹੇ ਲੋਕਾਂ ਨੇ ਕਈ ਸਾਲਾਂ ਤੋਂ ਲੋਕਾਂ ਦਾ ਜੋ ਪੈਸਾ ਬਰਬਾਦ ਕੀਤਾ ਹੈ, ਉਸ ਨਾਲ ਦੇਸ਼ ਅਤੇ ਕੌਮ ਨੂੰ ਕਿਤਨੀਆਂ ਕੌਡੀਆਂ ਦਾ ਫਾਇਦਾ ਹੋਇਆ ਹੈ। ਦੱਸੋ ਕੋਈ। ਮਜ਼ਦੂਰਾਂ ਦੇ ਦੁੱਖ ਦੂਰ ਹੋ ਗਏ ਜਾਂ ਉਨ੍ਹਾਂ ਨੂੰ ਕੋਈ ਆਜ਼ਾਦੀ ਦਾ ਰਸਤਾ ਦਿਖਾਇਆ ਗਿਆ ਹੈ? ਭਲਾ ਲੋਕਾਂ ਨੂੰ ਤਾਂ ਹਨੇਰੇ ਵਿਚ ਰੱਖ ਕੇ ਲੁਟਣ ਵਾਲੇ ਮੁਫਤਖੋਰ ਖੁਫੀਆ ਦੇਸ਼-ਘਾਤੀ ਭੀ ਕਦੇ ਕੌਮ ਦਾ ਭਲਾ ਕਰ ਸਕਦੇ ਹਨ?

ਬਸ ਗਦਰ ਦੇ ਸਿਪਾਹੀਓ ਅਤੇ ਦੂਸਰੇ ਦੇਸ਼ ਸੇਵਕੋ, ਇਨ੍ਹਾਂ ਪੇਟ ਪਾਲੂ ਅਤੇ ਬੇ-ਅਸੂਲੇ ਦੇਸ਼-ਘਾਤੀਆਂ ਦੇ ਫੰਦੇ ਵਿਚ ਨਾ ਫਸਣਾ। ਦੇਖਣਾ ਕਿਤੇ ਇਹ ਤੁਹਾਨੂੰ ਮਜ਼ਬੀ ਪਖੰਡਾਂ ਅਤੇ ਝਗੜਿਆਂ ਵਿਚ ਫਸਾ ਕੇ ਉਲਟੇ ਰਸਤੇ ਨਾ ਪਾ ਦੇਣ। ਹੁਣ ਉਹ ਤਾਂ ਮੂਰਖਤਾਈ, ਗੁਲਾਮੀ ਅਤੇ ਮਜ਼ਬੀ ਝਗੜਿਆਂ ਦਾ ਵੇਲਾ ਨਹੀਂ ਹੈ। ਹੁਣ ਜਾਗੋ, ਬਹੁਤ ਸੌਂ ਲਿਆ, ਹੁਣ ਹਰ ਤਰ੍ਹਾਂ ਦੀ ਗੁਲਾਮੀ ਦੇ ਨਾਲ ਕੱਟ ਜਾਲ ਆਜ਼ਾਦ ਹੋ ਜਾਓ। ਨਾ ਅੰਗਰੇਜ਼ਾਂ ਦੀ ਗੁਲਾਮੀ ਅੜੀ ਹੈ, ਨਾ ਮਜ਼ਬੀ ਪਖੰਡੀਆਂ ਦੀ। ਇਹ ਮਜ਼ਬ ਦੇ ਹੋਰ ਭੀ ਅੰਗਰੇਜ਼ ਡਾਕੂਆਂ ਵਾਂਗ ਤੁਹਾਡੇ ਮਾਸ ਉਖੇੜ ਉਖੇੜ ਕੇ ਖਾਣਾ ਚਾਹੁੰਦੇ ਹਨ। ਤੁਸੀਂ ਇਨ੍ਹਾਂ ਦੇ ਮੂਹਰੇ ਅੱਖਾਂ ਤੇ ਮੱਥਾ ਰਗੜੋ ਤੇ ਹੱਥ ਜੋੜੋ ਅਤੇ ਇਹ ਵਿਹਲੇ ਖਾ ਕੇ ਢਿੱਡ 'ਤੇ ਹੱਥ ਫੇਰ ਛੱਡਣ। ਇਹ ਗੁਲਾਮੀ ਨਹੀਂ ਤੇ ਹੋਰ ਕੀ ਹੈ?

ਬਸ ਹੁਣ ਆਜ਼ਾਦੀ ਦਾ ਸੂਰਜ ਨਿਕਲ ਆਇਆ ਹੈ। ਪੁਰਾਣੇ ਕੀੜੇ ਮਕੌੜੇ ਸਭ ਉਲੂਆਂ ਵਾਂਗ ਖੁੱਡਾਂ ਵਿਚ ਛੁਪ ਜਾਣਗੇ। ਤੁਹਾਨੂੰ ਕਈ ਵਾਰ ਦੱਸਿਆ ਗਿਆ ਹੈ ਅਤੇ ਹੁਣ ਫੇਰ ਦੱਸਦੇ ਹਾਂ ਕਿ ਗਦਰ ਨਾਲ ਤੁਹਾਨੂੰ ਕੀ ਕੀ ਸੁਖ ਮਿਲਣਗੇ। ਗਦਰ ਪਾਰਟੀ ਕਿਸੇ ਨੂੰ ਨਰਕ ਜਾਂ ਸਵਰਗ ਨੂੰ ਭੇਜਣ ਦਾ ਠੇਕਾ ਨਹੀਂ ਲੈਂਦੀ। ਅਗਲਾ ਯੁੱਗ ਕਿਸ ਨੇ ਦੇਖਿਆ ਹੈ? ਮਜ਼ਬੀ ਪਾਖੰਡੀ ਭੀ ਐਵੇਂ ਬਕਵਾਸ ਹੀ ਕਰਦੇ ਫਿਰਦੇ ਹਨ। ਵੱਡੇ ਵੱਡੇ ਗਿਆਨੀਆਂ ਨੂੰ ਆਪਣੀ ਮੌਤ ਦਾ ਤਾਂ ਪਤਾ ਨਹੀਂ ਕਿ ਕਦੋਂ ਨਿਕਲ ਜਾਣੀ ਹੈ ਤਾਂ ਉਹ ਦੂਜੇ ਦੀ ਮੌਤ ਦਾ ਕੀ ਬੰਦੋਬਸਤ ਕਰ ਸਕਦੇ ਹਨ। ਵੱਡੇ ਵੱਡੇ ਔਲੀਆ ਕਹਾਉਣ ਵਾਲੇ ਕਿਉਂ ਨਹੀਂ ਹਿੰਦੁਸਤਾਨੀਆਂ ਦੇ ਦੁੱਖ ਦੂਰ ਕਰ ਦਿੰਦੇ?

ਪਰ ਸਾਨੂੰ ਤਾਂ ਇਨ੍ਹਾਂ ਝਗੜਿਆਂ ਨਾਲ ਹੀ ਕੋਈ ਲਗਾਉ ਨਹੀਂ ਹੈ। ਗਦਰ ਪਾਰਟੀ ਦੇ ਕੰਮ ਨਾਲ ਇਸ ਜ਼ਿੰਦਗੀ ਅਤੇ ਇਸ ਦੁਨੀਆਂ ਵਿਚ ਸੁਖ ਮਿਲਦਾ ਹੈ। ਹਿੰਦੁਸਤਾਨੀਆਂ ਵਾਸਤੇ ਤਾਂ ਇਹੋ ਹੀ ਜਹਾਨ ਨਰਕ ਨਾਲੋਂ ਭੀ ਭੈੜਾ ਬਣ ਰਿਹਾ ਏ। ਸਾਡਾ ਕੰਮ ਤੁਹਾਡੇ ਵਾਸਤੇ ਇਸ ਹੀ ਸੰਸਾਰ ਵਿਚ ਨਰਕ ਤੋਂ ਸਵਰਗ ਬਣਾਉਣਾ ਹੈ। ਦੇਖੋ ਇਸ ਸੰਸਾਰ ਵਿਚ ਹਰ ਜਗ੍ਹਾ ਤੁਹਾਨੂੰ ਕੁਲੀ ਕੁਲੀ, ਗੁਲਾਮ ਗੁਲਾਮ ਕਹਿ ਕੇ ਖੁਆਰ ਕੀਤਾ ਜਾਂਦਾ ਹੈ। ਹਿੰਦੁਸਤਾਨ ਤੁਹਾਡੀ ਮਾਤਰੀ ਭੂਮੀ ਵਿਚ ਤੁਹਾਡੇ ਦੁੱਖਾਂ ਦਾ ਕੋਈ ਅੰਤ ਨਹੀਂ ਹੈ। ਲੱਖਾਂ ਆਦਮੀ ਬਿਨ ਆਈ ਮੌਤੋਂ ਪਲੇਗ ਅਤੇ ਕਾਲ ਨਾਲ ਮਰ ਜਾਂਦੇ ਹਨ। ਇਨਸਾਫ ਦਾ ਨਾਮ ਨਿਸ਼ਾਨ ਨਹੀਂ। ਪੁਲਿਸ ਦੇ ਜ਼ੁਲਮ ਦੀ ਕੋਈ ਹੱਦ ਨਹੀਂ। ਉਥੇ ਤੁਹਾਡੀ ਜ਼ਿੰਦਗੀ ਮੌਤ ਨਾਲੋਂ ਭੀ ਭੈੜੀ ਹੈ। ਇਨ੍ਹਾਂ ਸਭ ਦੁੱਖਾਂ ਤੋਂ ਖਲਾਸੀ ਰਹਿਣਾ ਗਦਰ ਪਾਰਟੀ ਦਾ ਕੰਮ ਹੈ। ਇਸ ਤੋਂ ਪਵਿਤਰ ਕੰਮ ਹੋਰ ਕੀ ਹੋ ਸਕਦਾ ਹੈ। ਬੁਰੀ ਕਿਸਮਤ ਵਾਲਾ ਹਿੰਦੁਸਤਾਨੀ ਹੈ।

ਜੋ ਇਸ ਪਵਿਤਰ ਕੰਮ ਨੂੰ ਨਹੀਂ ਚਾਹੁੰਦਾ, ਬਸ ਜੋ ਲੋਕ ਮਜ਼ਬੀ ਪਾਖੰਡ ਦੀ ਆੜ ਵਿਚ ਤੁਹਾਨੂੰ ਗਦਰ ਪਾਰਟੀ ਦੇ ਵਿਰੁਧ ਉਕਸਾਉਂਦੇ ਹਨ, ਇਹ ਲੋਕ ਅਸਲ ਵਿਚ ਦੇਸ਼-ਘਾਤੀ ਗਵਰਨਮੈਂਟ ਖੁਫੀਏ ਹਨ। ਅੰਗਰੇਜ਼ੀ ਸਰਕਾਰ ਡਰਦੀ ਦਾ ਅੜ੍ਹਾਟ ਨਿਕਲ ਗਿਆ ਹੈ। ਹੁਣ ਉਸ ਨੇ ਕਈ ਤਰ੍ਹਾਂ ਦੇ ਖੁਫੀਏ ਭੇਜੇ ਹਨ। ਹਿੰਦੁਸਤਾਨੀਓ ਖਬਰਦਾਰ ਹੋ ਜਾਓ। ਕਿਸੇ ਦੇ ਪੇਚ ਵਿਚ ਨਾ ਆਉਣਾ।

## ਆਜ਼ਾਦੀ ਅਤੇ ਤਰੱਕੀ ਦੇ ਅਸੂਲ

*(10 ਮਾਰਚ 1914 ਨੂੰ ਛਪਿਆ)*

ਅਸੀਂ ਆਜ਼ਾਦੀ ਕਿਸ ਲਈ ਚਾਹੁੰਦੇ ਹਾਂ? ਅਸੀਂ ਗਦਰ ਕਿਉਂ ਕਰਨਾ ਹੈ? ਅਸੀਂ ਇਤਨਾ ਵੱਡਾ ਅਡਬਰ (ਅਡੰਬਰ?) ਕਿਉਂ ਚੁਕਿਆ ਹੈ? ਬਸ ਸਿਰਫ ਸੁਖ ਦੀ ਖਾਤਿਰ। ਇਸ ਵਕਤ ਹਿੰਦੁਸਤਾਨ ਦੇ ਲੋਕ ਭਾਂਤ-ਭਾਂਤ ਦੇ ਦੁਖਾਂ ਵਿਚ ਹਨ। ਹੁਣ ਸਾਰੇ ਦੁੱਖਾਂ ਦਾ ਨਾਸ਼ ਕਰਕੇ ਸੁਖ ਦਾ ਰਾਜ ਬਣਾਉਣ ਦੀ ਖਾਤਰ ਅਸੀਂ ਗਦਰ ਦੀ ਤਿਆਰੀ ਕਰਦੇ ਹਾਂ। ਸੁਖ ਦੇ ਕਈ ਵੱਡੇ ਅਸੂਲ ਹਨ। ਜਿਨ੍ਹਾਂ ਦੀ ਜੜ੍ਹ ਤੇ ਕਈ ਅੱਛੀ ਰਿਆਸਤਾਂ ਬਣ ਸਕਦੀਆਂ ਹਨ। ਜਿਥੇ ਇਹ ਅਸੂਲ ਨਹੀਂ ਵਰਤੇ ਜਾਂਦੇ ਹਨ, ਉਥੇ ਛੇਕੜ ਫੇਰ ਗੁਲਾਮੀ ਆ ਜਾਂਦੀ ਹੈ। ਦੁੱਖ ਸੁਖ, ਰੋਗ-ਵਿਰੋਧ ਹਰ ਕਿਸਮ ਦੇ ਕਸ਼ਟ ਉਥੇ ਆ ਕੇ ਡੇਰੇ ਲਾ ਲੈਂਦੇ ਹਨ। ਸੁਖ ਐਵੇਂ ਬੇਕਾਇਦੇ ਕੰਮ ਤੋਂ ਨਹੀਂ ਮਿਲਦਾ। ਇਸ ਨੂੰ ਪ੍ਰਾਪਤ ਕਰਨ ਦੇ ਕੁਝ ਅਸੂਲ ਹਨ, ਜਿਨ੍ਹਾਂ ਨੂੰ ਛੱਡਣਾ ਨਹੀਂ ਚਾਹੀਦਾ। ਤਵਾਰੀਖ ਰਾਜਨੀਤੀ ਅਤੇ ਸਾਸਤਰਾਂ ਦੇ ਪਾਠ ਕਰਕੇ ਇਹ ਅਸੂਲ ਕੱਢੇ ਗਏ ਹਨ ਜਿਸ ਤਰ੍ਹਾਂ ਸਮੁੰਦਰ ਵਿਚੋਂ ਮੋਤੀ। 'ਗਦਰ' ਦੇ ਸਿਪਾਹੀਆਂ ਨੇ ਇਨ੍ਹਾਂ ਅਸੂਲਾਂ ਦੀ ਖਾਤਿਰ ਲੜਨਾ ਹੈ। ਅੰਗਰੇਜ਼ਾਂ ਨੂੰ ਕੱਢ ਕੇ ਇਨ੍ਹਾਂ ਅਸੂਲਾਂ ਦਾ ਆਸਰਾ ਲੈਣਾ ਚਾਹੀਦਾ ਹੈ। ਜੇ ਆਜ਼ਾਦੀ ਦੇ ਨਾਲ ਅੱਛੇ ਅਸੂਲ ਨਾ ਹੋਣ ਤਾਂ ਆਜ਼ਾਦੀ ਬਹੁਤ




ਦੇਰ ਤਕ ਨਹੀਂ ਰਹਿ ਸਕਦੀ। ਆਜ਼ਾਦੀ ਤਦ ਹੀ ਪਿਆਰੀ ਹੋਵੇਗੀ, ਜਦ ਉਸ ਦੇ ਨਾਲ ਸੁਖ ਹੋਵੇਗਾ। ਜੇ ਆਜ਼ਾਦੀ ਤੋਂ ਪ੍ਰਜਾ ਨੂੰ ਦੁੱਖ ਮਿਲੇ ਜਾਂ ਦੇਸ਼ ਵਿਚ ਗੜਬੜ ਹੋਵੇ ਜਾਂ ਮਜ਼ਬੀ ਵੈਰ ਪੈ ਜਾਵੇ, ਤਦ ਅਜਿਹੀ ਆਜ਼ਾਦੀ ਤੋਂ ਕੋਈ ਫਾਇਦਾ ਨਹੀਂ ਹੋਵੇਗਾ। ਫੇਰ ਹੋਰ ਕੋਈ ਦੁਸ਼ਮਣ ਆ ਜਾਵੇਗਾ। ਇਹ ਅਸੂਲ ਹੇਠਾਂ ਲਿਖੇ ਜਾਂਦੇ ਹਨ।

ਰਾਜ ਵਿਚ ਅਮੀਰ ਅਤੇ ਗਰੀਬ ਲੋਕ (ਨਹੀਂ) ਹੋਣੇ ਚਾਹੀਦੇ। ਧਨ ਦਾ ਬੜਾ ਬਲ ਹੈ। ਜੇ ਕਿਸੇ ਦੇਸ਼ ਵਿਚ ਕੁਝ ਆਦਮੀ ਅਮੀਰ ਤੇ ਕਰੋੜਪਤੀ ਹਨ ਅਤੇ ਬਾਕੀ ਹੋਰ ਲੋਕ ਗਰੀਬ ਹਨ ਤਾਂ ਉਥੇ ਆਜ਼ਾਦੀ ਦਾ ਨਾਂ ਨਿਸ਼ਾਨ ਨਹੀਂ ਰਹਿ ਸਕਦਾ। ਅਜਿਹਾ ਰਾਜ ਛੇਤੀ ਤਬਾਹ ਹੋ ਜਾਂਦਾ ਹੈ। ਉਥੇ ਜ਼ੁਲਮ ਹੋਣ ਲਗ ਪੈਂਦਾ ਹੈ। ਅਜਿਹਾ ਰਾਜ ਬਣਾਉਣ ਦਾ ਕੋਈ ਫਾਇਦਾ ਨਹੀਂ ਹੈ। ਆਜ਼ਾਦੀ ਵਾਸਤੇ ਇਹ ਜ਼ਰੂਰੀ ਹੈ ਕਿ ਧਨ ਇਨਸਾਫ ਦੇ ਨਾਲ ਬਰਾਬਰ ਵੰਡਿਆ ਜਾਵੇ। ਜੇ ਕਿਸੇ ਦੇਸ਼ ਵਿਚ ਵੱਡੇ-ਵੱਡੇ ਸਰਦਾਰ ਹਨ, ਜਿਹੜੇ ਕਈ-ਕਈ ਪਿੰਡਾਂ ਦੇ ਮਾਲਕ ਹਨ, ਤਦ ਉਥੇ ਆਜ਼ਾਦੀ ਨਹੀਂ ਹੋ ਸਕਦੀ, ਕਿਉਂਕਿ ਸਰਦਾਰ ਜ਼ਰੂਰ ਕਿਸਾਨਾਂ ਤੋਂ ਲਗਾਨ ਲੈਣਗੇ ਅਤੇ ਉਨ੍ਹਾਂ ਨੂੰ ਦੁੱਖ ਦੇਣਗੇ ਅਤੇ ਤਦ ਉਹ ਰਾਜ ਖਾਤਰ ਨਹੀਂ ਲੜਨਗੇ। ਜਿਸ ਰਿਆਸਤ ਵਿਚ ਵਿਚਾਰੇ ਗਰੀਬਾਂ ਨੂੰ ਫਾਇਦਾ ਨਹੀਂ, ਉਸ ਦੀ ਖਾਤਿਰ ਉਹ ਕਿਉਂ ਲੜਨ? ਬਸ ਇਸੇ ਤਰ੍ਹਾਂ ਜੇ ਕੁਝ ਥੋੜ੍ਹੇ ਆਦਮੀ ਕਾਰਖਾਨੇ ਬਣਾ ਕੇ ਅਮੀਰ ਬਣ ਜਾਣ ਅਤੇ ਹੋਰ ਵਿਚਾਰੇ ਮਜ਼ਦੂਰ ਰਹਿਣ, ਫੇਰ ਭੇਦ-ਭਾਵ ਜਾਂ ਸੁੱਖ ਵਿਚ ਨਹੀਂ ਰਹੇਗਾ ਅਤੇ ਅਮੀਰ ਆਦਮੀਆਂ ਦੀ ਗੁਲਾਮੀ ਤੇ ਗਰੀਬੀ ਵਿਚੇ ਫਸੀ ਰਹੇਗੀ। ਤਦ ਸੁੱਖ ਨਹੀਂ ਰਹੇਗਾ। ਜੇ ਕੌਮ ਨੂੰ ਸੁੱਖ ਨਹੀਂ ਤਾਂ ਗਦਰ ਦਾ ਕੀ ਫਾਇਦਾ ਹੈ। ਤਾਂ ਕੌਮ ਆਪਣੇ ਰਾਜ ਨਾਲ ਪਿਆਰ ਨਹੀਂ ਰਖੇਗੀ, ਕਿਉਂਕਿ ਉਸ ਨੂੰ ਸੁੱਖ ਨਹੀਂ ਹੈ। ਉਸੇ ਤਰ੍ਹਾਂ ਜੇ ਕੁਝ ਅਹਿਲਕਾਰ ਤੇ ਹਾਕਮ ਅਤੇ ਬੜੀ-ਬੜੀ ਤਨਖਾਹ ਲੈ ਕੇ ਪ੍ਰਜਾ ਦਾ ਲਹੂ ਪੀਣ, ਤਦ ਕੌਮ ਤਰੱਕੀ ਨਹੀਂ ਕਰ ਸਕਦੀ ਸਗੋਂ ਮਾਲਦਾਰਾਂ ਦੀ ਗੁਲਾਮੀ ਵਿਚ ਫਸ ਜਾਣਗੇ। ਜੇ ਗਦਰ ਅੱਛੀ ਤਰ੍ਹਾਂ ਕਰਨਾ ਹੈ, ਤਦ ਪ੍ਰਜਾ ਨੂੰ ਸੁੱਖ ਦੇਣਾ ਜ਼ਰੂਰੀ ਹੈ। ਪ੍ਰਜਾ ਦੇ ਸੁਖ ਦੀ ਖਾਤਰ ਬਹੁਤ ਅਮੀਰਾਂ ਦਾ ਹੋਣਾ ਇਕ ਜ਼ਹਿਰ ਵਾਲਾ ਕੰਮ ਹੈ। ਧਨ ਇਸ ਤਰ੍ਹਾਂ ਹੋਣਾ ਚਾਹੀਦਾ ਹੈ ਕਿ ਸਭ ਭਾਈ-ਭਾਈ ਮਾਲੂਮ ਹੋਣ। ਕੋਈ ਮਾਲਿਕ, ਕੋਈ ਗੁਲਾਮ ਨਾ ਹੋਵੇ। ਫਕੀਰ ਅਤੇ ਭਿਖਾਰੀ ਨਾ ਹੋਵੇ। ਸਭ ਕੋਲ ਜਮੀਨਾਂ ਹੋਣ। ਕਾਰਖਾਨਿਆਂ ਵਿਚ ਅੱਛੀ ਤਨਖਾਹ ਦਿੱਤੀ ਜਾਵੇ। ਅਹਿਲਕਾਰਾਂ ਦੀਆਂ ਤਨਖਾਹਾਂ ਨਾ ਜ਼ਿਆਦਾ ਹੋਣ। ਕੁਝ ਥੋੜ੍ਹੇ ਆਦਮੀਆਂ ਨੂੰ ਅਮੀਰ ਬਣਨ ਤੋਂ ਰੋਕਿਆ ਜਾਵੇ। ਜਿਸ ਰਾਜ ਵਿਚ ਕੁਝ ਅਮੀਰ ਹੁੰਦੇ ਹਨ ਅਤੇ ਬਾਕੀ ਸਾਰੇ ਗਰੀਬ, ਉਥੇ ਆਜ਼ਾਦੀ ਅਤੇ ਸੁੱਖ ਕਦੇ ਨਹੀਂ ਹੋ ਸਕਦਾ। ਇਹ ਤਵਾਰੀਖ ਦੀ ਸਿੱਖਿਆ ਅੱਜ ਕੱਲ੍ਹ ਭੀ ਇਸ ਸੱਚਾਈ ਦਾ ਸਬੂਤ ਦਿੰਦੀ ਹੈ।

ਪੋਲਿਸ਼ 'ਰੋਮ' ਦਾ ਰਾਜ ਤਬਾਹ ਹੋ ਗਿਆ, ਇਸ ਦਾ ਸਬੱਬ ਸੀ ਕਿ ਥੋੜ੍ਹੇ ਜਿਹੇ ਆਦਮੀਆਂ ਨੇ ਹਜ਼ਾਰਾਂ ਏਕੜ ਜ਼ਮੀਨ ਲੈ ਲਈ ਅਤੇ ਸਾਰੀ ਖਲਕਤ ਉਨ੍ਹਾਂ ਦੀ ਗੁਲਾਮ ਬਣ ਗਈ। ਜਦ ਗੁਲਾਮ ਹੀ ਰਹਿਣਾ ਹੋਵੇ ਤਾਂ ਆਜ਼ਾਦੀ ਦਾ ਜੋਸ਼ ਕਿਸ ਤਰ੍ਹਾਂ ਆ ਸਕਦਾ ਹੈ? ਜਿਹੜੀ ਕੌਮ ਆਪਣੇ ਦੇਸ਼ ਦੀ ਗੁਲਾਮੀ ਵਿਚ ਫਸੀ ਹੋਵੇ, ਉਹ ਬਾਹਰ ਭੀ ਗੁਲਾਮੀ ਵਿਚ ਰਹਿੰਦੀ ਹੈ। ਅਤੇ ਅਮੀਰ ਆਦਮੀ ਹਰ ਕੌਮ ਅਤੇ ਰਾਜ ਦੇ ਦੁਸ਼ਮਣ ਹੁੰਦੇ ਹਨ, ਕਿਉਂਕਿ ਉਹ ਦੂਜਿਆਂ ਦਾ ਧਨ ਲੈ ਕੇ ਉਨ੍ਹਾਂ ਨੂੰ ਦੁੱਖ ਦਿੰਦੇ ਹਨ ਅਤੇ ਰਾਜ ਦੇ ਸਾਰੇ ਮਹਿਕਮਿਆਂ ਨੂੰ ਖਰਾਬ ਕਰ ਦਿੰਦੇ ਹਨ। ਸਾਰੀ ਤਾਕਤ ਉਨ੍ਹਾਂ ਦੀ ਮੁੱਠੀ ਵਿਚ ਆ ਜਾਂਦੀ ਹੈ। ਕੌਮ ਕਾਲ ਅਤੇ ਪਲੇਗ ਵਿਚ ਹੀ ਫਸੀ ਰਹਿੰਦੀ ਹੈ ਅਤੇ ਕੁਝ ਥੋੜ੍ਹੇ ਜ਼ਿੰਮੀਦਾਰ ਜਾਂ ਸ਼ਾਹੂਕਾਰ ਅਫਸਰ ਐਸ਼ ਕਰਦੇ ਹਨ। ਅੱਜ ਕੱਲ੍ਹ ਰੂਸ ਵਿਚ ਭੀ ਇਹੀ ਹਾਲ ਹੈ। ਇਸੇ ਕਰਕੇ ਉਥੇ ਭੀ ਗਦਰ ਦਾ ਕੰਮ ਜਾਰੀ ਹੈ। ਭਾਵੇਂ ਰੂਸ ਦਾ ਆਪਣਾ ਘਰ ਦਾ ਰਾਜ ਹੈ? ਪਰ ਧਨ ਇਕ ਸਮਾਨ ਨਾ ਹੋਣ ਕਰਕੇ ਰੂਸੀ ਕੌਮ ਗਰੀਬਾਂ ਅਤੇ ਗੁਲਾਮੀ ਵਿਚ ਫਸੀ ਹੋਈ ਹੈ। ਹੁਣ ਗਦਰ ਦੀ ਫੌਜ ਜਗੀਰਦਾਰਾਂ ਨੂੰ ਕੌਮ ਦਾ ਦੁਸ਼ਮਣ ਸਮਝਦੀ ਹੈ। ਰੂਸ ਵਿਚ ਅਮੀਰ ਹਾਕਮ ਰੂਸੀ ਨੌਜਵਾਨ ਅਤੇ ਲੜਕੀਆਂ ਨੂੰ ਹੀ ਕੈਦ ਕਰਦੇ ਹਨ ਅਤੇ ਕਾਲੇ ਪਾਣੀ ਭੇਜਦੇ ਹਨ। ਫਾਂਸੀ ਦਿੰਦੇ ਹਨ। ਇਨ੍ਹਾਂ ਦਾ ਲਾਲਚ ਇਤਨਾ ਵਧ ਗਿਆ ਹੈ ਕਿ ਦੇਸ਼ ਭਗਤੀ ਦੂਰ ਹੋ ਗਈ ਹੈ। ਉਨ੍ਹਾਂ ਨੂੰ ਬਗੈਰ ਕੰਮ ਕੀਤੇ ਬਹੁਤ ਸਾਰਾ ਧਨ ਮਿਲ ਜਾਣ ਦਾ ਸਵਾਦ ਹੈ। ਬਸ ਜੇ ਆਜ਼ਾਦੀ ਦਾ ਪ੍ਰੇਮ ਹੈ ਤਾਂ ਇਸ ਅਸੂਲ ਨੂੰ ਯਾਦ ਰੱਖੋ ਕਿ ਆਜ਼ਾਦੀ ਨੂੰ ਉਹੀ ਦੇਸ਼ ਪਿਆਰਾ ਹੁੰਦਾ ਹੈ, ਜਿਥੇ ਨਾ ਬਹੁਤ ਲੋਕ ਅਮੀਰ ਹੋਣ, ਨਾ ਗਰੀਬ ਸਗੋਂ ਸਾਰੇ ਬਰਾਬਰ ਹੋਣ।

## ਗੁਰੂ ਕੁਲ ਜਾਂ ਗੁਲਾਮ ਕੁਲ

*(16 ਜੂਨ 1914 ਨੂੰ ਛਪਿਆ)*

**ਰਿੰਨੀ ਸੀ ਖੀਰ ਹੋ ਗਿਆ ਦਲੀਆ**

ਆਰੀਆ ਸਮਾਜ ਦੇ ਲੋਕਾਂ ਨੇ ਬੜੀ ਮਿਹਨਤ ਨਾਲ ਇਕ ਗੁਰੂ ਕੁਲ ਕਾਇਮ ਕੀਤੀ। ਉਸ ਵਿਚ ਸ਼ਾਸਤਰ ਦਰਸ਼ਨ ਪੜ੍ਹਾਏ ਜਾਂਦੇ ਸਨ। ਪੁਰਾਣੇ ਜ਼ਮਾਨੇ ਦੇ ਰਸਮ ਰਿਵਾਜ਼ ਦੀ ਇੱਜ਼ਤ ਕਰਨੀ ਦੱਸੀ ਜਾਂਦੀ ਸੀ। ਮਗਰ ਸ਼ੋਰ ਹਜ਼ਾਰ ਸ਼ੋਰ। ਇਸ ਮਦਰੱਸੇ ਉਤੇ ਭੀ ਗੁਲਾਮੀ ਦੀ ਬਿਜਲੀ ਡਿੱਗ ਪਈ। ਥੋੜ੍ਹਾ ਚਿਰ ਹੋਇਆ ਤਾਂ ਮਦਰੱਸੇ ਵਿਚ ਯੂ.ਪੀ. ਦਾ ਛੋਟਾ ਲਾਟ ਗਿਆ ਅਤੇ ਆਖਣ ਲੱਗਾ, 'ਵਿਦਿਆਰਥੀਆਂ ਨੂੰ ਰਾਜਨੀਤੀ ਨਹੀਂ ਪੜ੍ਹਾਉਣੀ ਚਾਹੀਦੀ' (ਕਿਉਂ, ਲੋਕ ਉਥੇ ਆਪਣੇ ਬੱਚਿਆਂ ਨੂੰ ਘੁੱਗੂ ਬਣਾਉਣ ਭੇਜਿਆ ਕਰਨ)। ਗੁਰੂ ਕੁਲ ਦੇ ਪ੍ਰਬੰਧ ਕਰਤਾ ਨੇ ਲਾਟ ਦੇ ਅੱਗੇ ਬੜੀ ਪੂਛ ਹਿਲਾਈ। ਹੁਣ ਇਕ ਹੋਰ ਘੋਲ ਹੋਣ ਵਾਲਾ ਹੈ, ਜਿਸ ਨਾਲ ਆਰੀਆ ਸਮਾਜ ਦੀ ਪੂਰੀ ਮਿੱਟੀ ਪਲੀਤ ਹੋਵੇਗੀ ਤੇ ਗੁਰੂ ਕੁਲ ਦੇ ਉਸਤਾਦ ਦਾ ਮੂੰਹ ਕਾਲਾ ਹੋਵੇਗਾ। ਖਬਰ ਸੁਣੀ ਜਾਂਦੀ ਹੈ ਕਿ ਵਾਇਸਰਾਏ ਖੁਦ ਗੁਰੂ ਕੁਲ ਵਿਚ ਜਾਣਾ ਚਾਹੁੰਦਾ ਏ। ਉਸ ਦੀ ਆਓ-ਭਗਤ ਵਾਸਤੇ ਤਿਆਰੀਆਂ ਕੀਤੀਆਂ ਜਾਂਦੀਆਂ ਹਨ। ਇਸ ਤੋਂ ਮਾਲੂਮ ਹੁੰਦਾ ਹੈ ਕਿ ਆਰੀਆ ਸਮਾਜ ਵਿਚ ਜਾਨ ਨਹੀਂ ਹੈ। ਭਲਾਈ ਦੀ ਲੋੜ ਹੈ। ਆਰੀਆ ਸਮਾਜ ਦੇ ਮਦਰੱਸੇ ਵਿਚ ਗਵਰਨਮੈਂਟ ਦਾ ਟੰਗ ਅੜਾਉਣਾ ਆਰੀਆ ਸਮਾਜ ਦੇ ਅਸੂਲਾਂ ਦੇ ਹੀ ਵਿਰੁਧ ਹੈ। ਵਾਇਸਰਾਏ ਤਾਂ ਆਰੀਆ ਸਮਾਜੀ ਨਹੀਂ ਹੈ। ਫਿਰ ਕਿਉਂ ਉਸ ਦੀ ਇੱਜਤ ਕੀਤੀ ਜਾਏ। ਜੇ ਗੁਰੂ ਕੁਲ ਪਵਿਤਰ ਅਸਥਾਨ ਹੈ ਤਾਂ ਕਿਉਂ ਇਸ ਗੰਦਗੀ ਦੇ ਥੈਲੇ ਨੂੰ ਇਸ ਜਗ੍ਹਾ ਵੜਨ ਦਿੱਤਾ ਜਾਵੇ? ਕਿਉਂ ਇਸ ਮੁਸਲਮਾਨ ਅਤੇ ਬਰਾਂਡੀ ਦੇ ਬਣੇ ਹੋਏ ਪੁਤਲੇ ਨੂੰ, ਜੋ ਗਰੀਬਾਂ ਦਾ ਲਹੂ ਪੀ ਕੇ ਖਟਮਲ ਵਾਂਗ ਪਲਿਆ ਹੋਇਆ ਹੈ, ਇਸ ਵਿਦਿਆਲੇ ਦੀ ਭੂਮੀ ਵਿਚ ਪੈਰ ਰੱਖਣ ਦਿੱਤਾ ਜਾਏ?

ਸ਼ੋਰ ਹਜ਼ਾਰ ਸ਼ੋਰ। ਕਿਥੇ ਸੰਸਕ੍ਰਿਤ ਦਾ ਮਦਰੱਸਾ ਅਤੇ ਕਿਥੇ ਅੰਗਰੇਜ਼ ਜ਼ਾਲਮ ਹਾਕਮ! ਐਸੀ ਪਾਕ ਜਗ੍ਹਾ ਵਿਚ ਇਹ ਮੈਲਾ ਖਾਣ ਵਾਲਾ ਸੂਰ ਕਿਵੇਂ ਬੁਲਾਇਆ ਜਾ ਸਕਦਾ ਹੈ। ਗੁਰੂ ਕੁਲ ਦੇ ਪ੍ਰਬੰਧ ਕਰਤਾ ਜਾਣ-ਬੁਝ ਕੇ ਗੁਲਾਮੀ ਅਤੇ ਮੱਕਾਰੀ ਦੀ ਚਾਲ ਨਾਲ ਵਿਦਿਆਰਥੀਆਂ ਦੀ ਆਤਮਾ ਦਾ ਖੂਨ ਕਰਦਾ ਹੈ। ਸਾਰੀ ਦੁਨੀਆਂ ਨੂੰ ਦਿਖਾ ਰਿਹਾ ਹੈ ਕਿ ਅਸੀਂ ਆਦਮੀ ਨਹੀਂ ਹਾਂ, ਅੰਗਰੇਜ਼ਾਂ ਦੇ ਗੁਲਾਮ ਹਾਂ। ਅੰਗਰੇਜ਼ ਤਾਂ ਚਾਹੁੰਦੇ ਹਨ ਕਿ ਮੁਲਕ ਦੇ ਸਾਰੇ ਮਦਰੱਸਿਆਂ, ਕਾਲਜਾਂ, ਸਭਾਵਾਂ ਵਿਚ ਉਨ੍ਹਾਂ ਦਾ ਦਖਲ ਹੋਵੇ।

ਉਹ ਤਾਂ ਸਾਰੇ ਹਿੰਦੁਸਤਾਨ ਨੂੰ ਆਪਣੀ ਉਂਗਲੀ 'ਤੇ ਨਚਾਉਣਾ ਚਾਹੁੰਦੇ ਹਨ। ਫੇਰ ਲਿਖੇ-ਪੜ੍ਹੇ ਸਿਆਣੇ ਆਦਮੀ ਕਿਉਂ ਇਨ੍ਹਾਂ ਦੀ ਮਦਦ ਕਰਨ ਅਤੇ ਕਿਉਂ ਇਨ੍ਹਾਂ ਦਾ ਕਹਿਣਾ ਮੰਨਣ? ਖਾਲਸਾ ਕਾਲਜ ਸਿੱਖਾਂ ਦੇ ਪੈਸੇ ਨਾਲ ਬਣਿਆ, ਪਰ ਫਰੰਗੀ ਵਿਚ ਆਣ ਮਰੇ। ਪੰਜਾਬ ਯੂਨੀਵਰਸਿਟੀ ਦੇ ਕਾਨੂੰਨ ਉਥੇ ਵਰਤੇ ਜਾਂਦੇ ਹਨ। ਖਾਲਸਾ ਕਾਲਜ ਤਾਂ ਨਾਂ ਨੂੰ ਹੈ, ਪਰ ਅਸਲ ਵਿਚ ਫਰੰਗੀ ਕਾਲਜ ਹੈ। ਅੰਗਰੇਜ਼ਾਂ ਦੀ ਇਹ ਚਾਲ ਕਿ ਰੋਟੀ ਪਕਾਉਣ ਤਾਂ ਹਿੰਦੀ, ਪਰ ਖਾਣ ਤਾਂ ਅੰਗਰੇਜ਼। ਜੋ ਮਦਰੱਸੇ ਤੇ ਕਾਲਜ ਹਿੰਦੁਸਤਾਨੀ ਆਪਣੇ ਪੈਸੇ ਨਾਲ ਬਣਾਉਂਦੇ ਹਨ, ਉਹ ਸਾਰੇ ਗਵਰਨਮੈਂਟ ਸਾਂਭ ਲੈਂਦੀ ਹੈ। ਸਾਡੇ ਲੀਡਰਾਂ ਵਿਚ ਆਤਮਕ ਬਲ ਕਾਫੀ ਨਹੀਂ ਹੁੰਦਾ। ਕੌਮ ਵਿਚ ਭੀ ਘੱਟ ਅਕਲ ਹੈ। ਜੇ ਕਰਮਚਾਰੀ ਜਾਂ ਸਮਾਜ, ਗੁਲਾਮ ਸਮਾਜ ਨਹੀਂ ਬਣਾਉਣਾ ਚਾਹੁੰਦੀ ਤਾਂ ਉਸ ਨੂੰ ਉਚਾ ਬੋਲ ਕੇ ਕਹਿ ਦੇਣਾ ਚਾਹੀਦਾ ਹੈ ਕਿ ਇਸ ਫਰੰਗੀ ਬਘਿਆੜ ਵਾਇਸਰਾਏ ਦਾ ਸਾਡੇ ਗੁਰੂ ਕੁਲ ਵਿਚ ਕੋਈ ਕੰਮ ਨਹੀਂ ਹੈ। ਇਹ ਸ਼ਰਮ ਅਤੇ ਬੇਇੱਜਤੀ ਅਸੀਂ ਝੱਲ ਨਹੀਂ ਸਕਦੇ। ਜੇ ਮੁਨਸ਼ੀ ਰਾਮ ਅਤੇ ਦੂਜੇ ਉਸਤਾਦ ਗੁਲਾਮ ਤੇ ਡਰਪੋਕ ਹਨ ਤਾਂ ਉਨ੍ਹਾਂ ਨੂੰ ਗੱਦੀ ਉਤੋਂ ਉਤਾਰ ਕੇ ਗੰਗਾ ਵਿਚ ਸੁੱਟ ਦੇਣਾ ਚਾਹੀਦਾ ਹੈ। ਹਿੰਦੁਸਤਾਨੀਆਂ ਨੂੰ ਚਾਹੀਦਾ ਹੈ ਕਿ ਆਪਣੇ ਲੀਡਰਾਂ 'ਤੇ ਹਮੇਸ਼ਾ ਨਿਗ੍ਹਾ ਰੱਖਣ, ਕਿਉਂਕਿ ਚਾਲਬਾਜ਼ ਤੇ ਬੇ-ਅਸੂਲ ਲਿਖੇ-ਪੜ੍ਹੇ ਆਦਮੀ ਕੌਮ ਨੂੰ ਉਲਟੇ ਰਸਤੇ ਪਾ ਦਿੰਦੇ ਹਨ।

ਥੋੜ੍ਹਾ ਚਿਰ ਹੋਇਆ ਤਾਂ ਗੁਰੂ ਕੁਲ ਵਾਲੇ ਸ਼ੇਖੀਆਂ ਮਾਰਦੇ ਹੁੰਦੇ ਸਨ ਕਿ ਉਨ੍ਹਾਂ ਦਾ ਮਦਰੱਸਾ (ਕੌਮੀ ਮਦਰੱਸਾ) ਹੈ। ਬੰਦੋਬਸਤ ਹਿੰਦੁਸਤਾਨੀਆਂ ਦੇ ਹੱਥ ਹੈ। ਗਵਰਨਮੈਂਟ ਦਾ ਇਸ ਵਿਚ ਕੋਈ ਦਖਲ ਨਹੀਂ ਹੈ, ਪਰ ਹੁਣ ਜਦ ਗਵਰਨਮੈਂਟ ਸਹਿਜੇ ਸਹਿਜੇ ਨੱਕ ਵਿਚ ਨਕੇਲ ਪਾਉਣਾ ਚਾਹੁੰਦੀ ਹੈ ਤਾਂ ਜ਼ਰਾ ਸਿਰ ਨਹੀਂ ਹਿਲਾਉਂਦੇ। ਜਾਨਵਰ ਜਾਂ ਪਸ਼ੂ ਦੇ ਗਲ ਵਿਚ ਰੱਸੀ ਪਾਈਏ ਤਾਂ ਉਹ ਭੀ ਬਥੇਰਾ ਰੌਲਾ ਪਾਉਂਦਾ ਹੈ, ਲੱਤਾਂ ਮਾਰਦਾ ਹੈ, ਵੱਢਣ ਪੈਂਦਾ ਹੈ, ਪਰ ਇਹ ਫੀਮੀਆਂ (ਅਮਲੀਆਂ) ਦਾ ਟੋਲਾ ਚੁੱਪ ਚਾਪ ਅੰਗਰੇਜ਼ੀ ਗਵਰਨਮੈਂਟ ਦੀਆਂ ਜ਼ੰਜੀਰਾਂ ਪੈਰਾਂ ਵਿਚ ਪੁਆ ਰਿਹਾ ਹੈ। ਅਸੀਂ ਸਾਫ ਸਾਫ ਕਹਿੰਦੇ ਹਾਂ ਕਿ ਜੇ ਗੁਰੂ ਕੁਲ ਦੀ ਇਹੋ ਹੀ ਦਸ਼ਾ ਹੁੰਦੀ ਗਈ ਤਾਂ ਕੌਮੀ ਪਾਰਟੀ ਗੁਰੂ ਕੁਲ ਦੀ ਅਤੇ ਲੀਡਰਾਂ ਦੀ ਖੁਸ਼ਖਬਰ ਲਵੇਗੀ। ਸਾਨੂੰ ਕਿਸੇ ਮਜ਼੍ਹਬ ਨਾਲ ਕੋਈ ਲਗਾਉ ਨਹੀਂ ਹੈ, ਪਰ ਅਸੀਂ ਕਿਸੇ ਹਿੰਦੁਸਤਾਨੀ ਮਦਰੱਸੇ ਜਾਂ ਕਾਲਜ ਵਿਚ ਚਾਹੇ ਉਹ ਕਿਸੇ ਮਜ਼੍ਹਬ ਦਾ ਹੋਵੇ-ਗਵਰਨਮੈਂਟ ਦਾ ਪੈਰ ਨਹੀਂ ਅੜਨ ਦੇਵਾਂਗੇ। ਜੇ ਪਰੇ ਪਰੇ ਹੀ ਗੱਲ ਹੋਈ ਤਾਂ ਅਸੀਂ ਗੁਰੂ ਕੁਲ ਦੀ ਇੱਟ ਨਾਲ ਇੱਟ ਵਜਾ ਦਿਆਂਗੇ ਅਤੇ ਪਿਆਰੇ ਬੱਚਿਆਂ ਨੂੰ ਘਰੀਂ ਭੇਜ ਦੇਵਾਂਗੇ। ਪਰ ਇਹ ਬੇਇੱਜਤੀ ਨਹੀਂ ਝੱਲਾਂਗੇ ਕਿ ਨਿਤ ਤੀਜੇ ਦਿਨ ਲਾਟ ਆ ਕੇ ਬੱਚਿਆਂ ਨੂੰ ਗੁਲਾਮੀ ਦਾ ਅਸਰ ਪਾਏ। ਘਰੀਂ ਜਾ ਕੇ ਬੱਚੇ ਇਸ ਬੇਇੱਜਤੀ ਤੋਂ ਬਚੇ ਰਹਿਣਗੇ। ਲੜਾਈ ਵਿਚ ਹਾਰ ਜਾਣ ਦੇ ਵਕਤ ਗੋਲਾ ਬਾਰੂਦ ਅਤੇ ਰਸਦ ਦਾ ਸਮਾਨ ਜਲਾ ਦਿੱਤਾ ਜਾਂਦਾ ਹੈ, ਪਰ ਦੁਸ਼ਮਣ ਦੇ ਹੱਥ ਨਹੀਂ ਜਾਣ ਦੇਈਦਾ। ਜੇ ਕੋਈ ਮਦਰੱਸਾ ਜਾਂ ਕਾਲਜ ਗਵਰਨਮੈਂਟ ਦੇ ਪੰਜੇ ਤੋਂ ਨਹੀਂ ਬਚ ਸਕਦਾ ਤਾਂ ਉਸ ਨੂੰ ਚਾਹੀਦਾ ਹੈ ਕਿ ਉਸ ਨੂੰ ਬੰਦ ਕਰ ਦੇਣ। ਉਸ ਨੂੰ ਚਾਹੀਦਾ ਕਿ ਵਿਦਿਆ ਚੰਗੀ ਚੀਜ਼ ਹੈ, ਪਰ ਆਜ਼ਾਦੀ ਦੇ ਨਾਲ ਗੁਲਾਮੀ ਵਿਚ ਮਿਲੀ ਹੋਈ ਵਿਦਿਆ ਗੰਦੇ ਪਾਣੀ ਜਿਹੀ ਹੈ। ਸਿਰਫ ਸੰਸਕ੍ਰਿਤ ਜਾਂ ਗੁਰਮੁਖੀ ਪੜ੍ਹ ਲੈਣ ਤੋਂ ਜਾਂ ਮੰਤਰ ਜਪ ਲੈਣ ਤੋਂ ਇਨਸਾਨ ਦੀ ਆਤਮਕ ਉਨਤੀ ਨਹੀਂ ਹੋ ਸਕਦੀ। ਗੁਲਾਮੀ ਵਿਚ ਆਦਮੀ ਡਰਪੋਕ, ਝੂਠਾ, ਦਗਾਬਾਜ਼ ਅਤੇ ਕਮੀਨਾ ਰਹਿੰਦਾ ਹੈ, ਚਾਹੇ ਕਿਤਨਾ ਵੀ ਪੰਡਿਤ ਅਤੇ ਗਿਆਨੀ ਭੀ ਹੋ ਜਾਵੇ।

# ਫਿਰ ਆ ਰਹੀਆਂ ਹਨ ਡਾਕੂਆਂ ਵਾਲੀਆਂ ਫਿਲਮਾਂ

ਕਦੇ ਹਿੰਦੀ ਸਿਨੇਮਾ ਵਿਚ ਡਾਕੂਆਂ ਦਾ ਬਹੁਤ ਬੋਲਬਾਲਾ ਹੁੰਦਾ ਸੀ। ਠਾਕੁਰ ਜਰਨੈਲ ਸਿੰਘ, ਝੱਬਰ ਸਿੰਘ, ਲਾਖਨ ਸਿੰਘ, ਰੂਪਾ, ਗੱਬਰ ਸਿੰਘ ਅਤੇ ਹੋਰ ਪਤਾ ਨਹੀਂ ਕਿੰਨੇ ਨਾਵਾਂ ਦੇ ਡਾਕੂ ਵੱਡੇ ਪਰਦੇ 'ਤੇ ਛਾਏ ਹੋਏ ਸਨ। 1963 ਦੀ ਬੇਹੱਦ ਚਰਚਿਤ ਫਿਲਮ 'ਮੁਝੇ ਜੀਨੇ ਦੋ' ਵਿਚ ਠਾਕੁਰ ਜਰਨੈਲ ਸਿੰਘ ਦਾ ਕਿਰਦਾਰ ਇੰਨਾ ਹਰਮਨ ਪਿਆਰਾ ਹੋਇਆ ਸੀ ਕਿ ਅਭਿਨੇਤਾ ਸੁਨੀਲ ਦੱਤ ਨੂੰ ਫਿਲਮਾਂ ਦਾ ਸਭ ਤੋਂ ਹਿੱਟ ਡਾਕੂ ਮੰਨਿਆ ਗਿਆ। ਸਿਰਫ ਸੁਨੀਲ ਦੱਤ ਹੀ ਨਹੀਂ ਵਿਨੋਦ ਖੰਨਾ, ਧਰਮਿੰਦਰ ਵੀ ਡਾਕੂ ਦੇ ਤੌਰ 'ਤੇ ਕਾਫੀ ਮਸ਼ਹੂਰ ਹੋਏ। ਅੱਜ ਕੱਲ੍ਹ ਵੀ ਡਾਕੂਆਂ ਨੂੰ ਆਧਾਰ ਬਣਾ ਕੇ 'ਸ਼ਮਸ਼ੇਰਾ', 'ਸੋਨ ਵਿਰੈਯਾ', 'ਠੱਗਜ਼ ਆਫ ਹਿੰਦੁਸਤਾਨ' ਵਰਗੀਆਂ ਕੁਝ ਫਿਲਮਾਂ ਬਣ ਰਹੀਆਂ ਹਨ।




*ਫਿਲਮ 'ਸ਼ੋਅਲੇ' ਦਾ ਪੋਸਟਰ।*

ਕਦੇ ਇਕ ਮੁਲਾਕਾਤ ਦੌਰਾਨ ਅਭਿਨੇਤਾ ਰਣਬੀਰ ਕਪੂਰ ਨੇ ਇਕ ਸਵਾਲ ਦੇ ਜਵਾਬ ਵਿਚ ਕਿਹਾ ਸੀ ਕਿ ਉਹ ਕਿਸੇ ਫਿਲਮ ਵਿਚ ਦਸਯੁ ਸਰਗਨਾ ਦਾ ਕਿਰਦਾਰ ਕਰਨਾ ਚਾਹੁੰਦਾ ਹੈ। ਹੁਣ ਸਾਲਾਂ ਬਾਅਦ ਉਸ ਦੀ ਇਹ ਇੱਛਾ ਪੂਰੀ ਹੋਣ ਜਾ ਰਹੀ ਹੈ। ਆਪਣੀ ਨਵੀਂ ਫਿਲਮ 'ਸ਼ਮਸ਼ੇਰਾ' ਵਿਚ ਉਹ ਡਾਕੂ ਸ਼ਮਸ਼ੇਰਾ ਦਾ ਕਿਰਦਾਰ ਕਰਨ ਵਾਲਾ ਹੈ। ਯਸ਼ਰਾਜ ਬੈਨਰ ਦੀ ਇਸ ਫਿਲਮ ਦੇ ਨਿਰਦੇਸ਼ਕ ਕਰਨ ਮਲਹੋਤਰਾ ਹਨ। ਕੁਝ ਦਿਨ ਪਹਿਲਾਂ ਹੀ ਟੀਜ਼ਰ ਦਰਸ਼ਕਾਂ ਵਿਚਕਾਰ ਕਾਫੀ ਪਸੰਦ ਕੀਤਾ ਗਿਆ। ਇਸ ਵਿਚ ਰਣਬੀਰ ਦੀ ਦਿਖ ਕਾਬਿਲੇ-ਗੌਰ ਹੈ। ਇਸ ਵਿਚ ਉਸਦੀ ਟੈਗ ਲਾਈਨ 'ਕਰਮ ਸੇ ਡਕੈਤ, ਧਰਮ ਸੇ ਆਜ਼ਾਦ' ਹੈ। ਰਣਬੀਰ ਨੇ ਦੱਸਿਆ 'ਇਹ ਪੀਰੀਅਡ ਫਿਲਮ ਹੈ ਜਿਸ ਵਿਚ ਡਾਕੂ ਦਾ ਕਿਰਦਾਰ ਅਹਿਮ ਹੈ। ਪਰ ਮੇਰੇ ਲਈ ਸਭ ਤੋਂ ਅਹਿਮ ਹੈ ਕਿ ਮੈਂ ਇਸ ਵਿਚ ਆਪਣੀ ਪਸੰਦ ਦਾ ਕਿਰਦਾਰ ਕਰ ਰਿਹਾ ਹਾਂ। ਬਚਪਨ ਵਿਚ ਮੈਨੂੰ ਡਾਕੂਆਂ ਵਾਲੀਆਂ ਫਿਲਮਾਂ ਪਸੰਦ ਸਨ। ਫਿਲਮ 'ਸ਼ੋਅਲੇ' ਦੇ ਸੰਵਾਦ ਮੈਂ ਘਰ ਵਿਚ ਬੋਲਦਾ ਰਹਿੰਦਾ ਸੀ। ਇਸ ਲਈ ਮੈਂ ਚਾਹੁੰਦਾ ਹਾਂ ਕਿ ਮੇਰੀ 'ਸ਼ਮਸ਼ੇਰਾ' ਦੀ ਦਿਖ ਅਤੇ ਮੇਰੇ ਸੰਵਾਦ ਪਸੰਦ ਕੀਤਾ ਜਾਏਗਾ।' ਟਰੇਡ ਵਿਸ਼ਲੇਸ਼ਕ ਕੋਮਲ ਨਾਹਟਾ ਦੱਸਦੇ ਹਨ, 'ਰਣਬੀਰ ਕਪੂਰ, ਵਰੁਣ ਧਵਨ, ਰਣਵੀਰ ਸਿੰਘ ਇਸ ਤਰ੍ਹਾਂ ਦੀ ਚੁਣੌਤੀ ਕਬੂਲ ਕਰ ਸਕਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅਰਸੇ ਤੋਂ ਵੱਡੇ ਪਰਦੇ 'ਤੇ ਕੋਈ ਡਾਕੂ ਦਾ ਕਿਰਦਾਰ ਨਜ਼ਰ ਨਹੀਂ ਆਇਆ। ਇਸ ਲਈ ਦਰਸ਼ਕਾਂ ਨੂੰ ਵੀ ਆਪਣੀ ਪਸੰਦ ਦੇ ਸਟਾਰ ਨੂੰ ਇਸ ਤਰ੍ਹਾਂ ਦੇ ਕਿਰਦਾਰ ਵਿਚ ਦੇਖਣ ਦੀ ਇੱਛਾ ਹੋਏਗੀ।'



*ਫਿਲਮ 'ਸੋਨ ਚਿੜੀਆ' ਵਿਚ ਅਦਾਕਾਰ ਸੁਸ਼ਾਂਤ ਸਿੰਘ ਰਾਜਪੂਤ।*

ਨਵਾਂ ਅਭਿਨੇਤਾ ਸੁਸ਼ਾਂਤ ਸਿੰਘ ਰਾਜਪੂਤ ਵੀ ਉਨ੍ਹਾਂ ਕੁਝ ਨਾਇਕਾਂ ਵਿਚੋਂ ਹੈ ਜੋ ਕੁਝ ਨਵਾਂ ਕਰਨ ਲਈ ਬੇਤਾਬ ਰਹਿੰਦੇ ਹਨ। ਧੋਨੀ ਦੀ ਬਾਇਓਪਿਕ ਤੋਂ ਬਾਅਦ ਸੁਸ਼ਾਂਤ 'ਸੋਨ ਚਿੜੀਆ' ਵਿਚ ਡਾਕੂ ਦਾ ਰੋਲ ਕਰ ਰਿਹਾ ਹੈ। ਇਸ ਵਿਚ ਉਸਦੀ ਹੀਰੋਇਨ ਭੂਮੀ ਪੇਡਨੇਕਰ ਹੈ ਜੋ ਸਮਾਜਿਕ ਅੱਤਿਆਚਾਰ ਕਾਰਨ ਡਾਕੂ ਬਣਨ ਲਈ ਮਜਬੂਰ ਹੋ ਜਾਂਦੀ ਹੈ।

ਮਨੋਜ ਵਾਜਪਈ ਅਤੇ ਆਸ਼ੂਤੋਸ਼ ਰਾਣਾ ਫਿਲਮ ਦੇ ਹੋਰ ਦੂਜੇ ਅਹਿਮ ਕਿਰਦਾਰਾਂ ਵਿਚ ਹਨ। ਸੁਸ਼ਾਂਤ ਨੇ ਦੱਸਿਆ, 'ਬਾਲਗ ਹੋਣ ਤੋਂ ਬਾਅਦ ਮੈਂ ਸੋਚਿਆ ਕਿ ਕਦੇ ਵੱਡੇ ਪਰਦੇ 'ਤੇ ਡਾਕੂਆਂ ਵਾਲੀਆਂ ਫਿਲਮਾਂ ਕਿੰਨੀਆਂ ਪਸੰਦ ਕੀਤੀਆਂ ਜਾਂਦੀਆਂ ਸਨ। ਅਜਿਹੇ ਵਿਚ 'ਸੋਨ ਚਿੜੀਆ' ਦਾ ਵਿਸ਼ਾ ਮੈਨੂੰ ਬਹੁਤ ਪਸੰਦ ਆਇਆ। ਇਸ ਵਿਚ ਮੈਂ ਇਕ ਅਜਿਹੇ ਰਾਜਪੂਤ ਨੌਜਵਾਨ ਦਾ ਕਿਰਦਾਰ ਕਰ ਰਿਹਾ ਹਾਂ ਜੋ ਹਾਲਤ ਦੇ ਚੱਲਦੇ ਡਾਕੂ ਬਣਨ ਲਈ ਮਜਬੂਰ ਹੋ ਜਾਂਦਾ ਹੈ। ਫਿਲਮ ਦੀ ਜ਼ਿਆਦਾਤਰ ਸ਼ੂਟਿੰਗ ਚੰਬਲ ਵਿਚ ਹੋਈ ਹੈ। ਮੈਂ ਮੰਨਦਾ ਹਾਂ ਕਿ ਡਾਕੂਆਂ ਦੇ ਆਤਮ ਸਪਰਪਣ ਤੋਂ ਬਾਅਦ ਉਨ੍ਹਾਂ ਦੀ ਚਰਚਾ ਬਹੁਤ ਘੱਟ ਹੁੰਦੀ ਹੈ, ਪਰ ਉਨ੍ਹਾਂ ਦਾ ਸ਼ੁਦਾਅ ਅਜੇ ਘੱਟ ਨਹੀਂ ਹੋਇਆ।'

ਆਮਿਰ ਖਾਨ ਅਤੇ ਅਮਿਤਾਭ ਬੱਚਨ ਦੀ ਨਵੀਂ ਫਿਲਮ 'ਠੱਗਜ਼ ਆਫ ਹਿੰਦੁਸਤਾਨ' ਵਿਚ ਵੀ ਲੁਟੇਰੇ ਠੱਗਾਂ ਦੇ ਰੂਪ ਵਿਚ ਮੌਜੂਦ ਹਨ। ਅਸਲ ਵਿਚ ਕਈ ਡਾਕੂ ਜਨਤਕ ਜੀਵਨ ਵਿਚ ਆਉਣ ਲਈ ਲੁੱਟ ਮਾਰ ਛੱਡ ਕੇ ਕੁਝ ਹੋਰ ਪੇਸ਼ਾ ਕਰ ਲੈਂਦੇ ਸਨ। ਉਨ੍ਹਾਂ ਵਿਚੋਂ ਕੁਝ ਅਜਿਹੇ ਡਾਕੂ ਸਨ ਜੋ ਠੱਗ ਵਿਦਿਆ ਨੂੰ ਅਪਣਾ ਲੈਂਦੇ ਸਨ। ਇਸ ਫਿਲਮ ਵਿਚ ਉਨ੍ਹਾਂ ਵਿਚੋਂ ਹੀ ਕੁਝ ਲੁਟੇਰਿਆਂ ਨੂੰ ਠੱਗ ਦੇ ਤੌਰ 'ਤੇ ਪੇਸ਼ ਕੀਤਾ ਜਾਏਗਾ।




*ਫਿਲਮ 'ਠੱਗਜ਼ ਆਫ ਹਿਦੁਸਤਾਨ' ਦਾ ਪੋਸਟਰ।*

ਕਈ ਦਿੱਗਜ ਮੇਕਅਪ ਮੈਨ ਮੰਨਦੇ ਹਨ ਕਿ ਡਾਕੂ ਦੇ ਰੋਲ ਵਿਚ ਸੰਜੇ ਦੱਤ ਆਪਣੇ ਪਿਤਾ ਦੀ ਤਰ੍ਹਾਂ ਹੀ ਸ਼ਾਨਦਾਰ ਲੱਗਦਾ ਹੈ। ਉਂਜ ਆਪਣੇ ਕਰੀਅਰ ਦੀ ਸ਼ੁਰੂਆਤ ਵਿਚ ਉਸਨੇ ਇਕ ਫਲਾਪ ਫਿਲਮ 'ਜੀਵਾ' ਵਿਚ ਡਾਕੂ ਦਾ ਕਿਰਦਾਰ ਨਿਭਾਇਆ ਸੀ। ਬੇਸ਼ੱਕ ਦਰਸ਼ਕ ਇਸ ਫਿਲਮ ਨੂੰ ਭੁੱਲ ਚੁੱਕੇ ਹਨ, ਪਰ ਸੰਜੇ ਦਾ ਵਿਅਕਤੀਤਵ ਇਸ ਕਿਰਦਾਰ ਨਾਲ ਬਿਲਕੁਲ ਮਿਲਦਾ ਸੀ। ਕਈ ਆਲੋਚਕ ਵੀ ਮੰਨਦੇ ਹਨ ਕਿ ਉਹ ਡਾਕੂ ਦੇ ਕਿਰਦਾਰ ਵਿਚ ਖ਼ੂਬ ਜੱਚਦਾ ਹੈ। ਇਸੇ ਵਜ੍ਹਾ ਕਾਰਨ ਉਹ ਅਦਿੱਤਿਆ ਚੋਪੜਾ ਦੀ ਫਿਲਮ 'ਸ਼ਮਸ਼ੇਰਾ' ਵਿਚ ਰਣਬੀਰ ਕਪੂਰ ਨਾਲ ਅਹਿਮ ਡਾਕੂ ਦਾ ਕਿਰਦਾਰ ਕਰ ਰਿਹਾ ਹੈ। ਮਿਲਨ ਲੁਥੇਰਿਆ ਦੀ ਔਸਤ ਸਫਲ ਫਿਲਮ 'ਬਾਦਸ਼ਾਹੋ' ਦੇ ਲੁਟੇਰਿਆਂ ਨੂੰ ਵੀ ਕਾਫੀ ਹੱਦ ਤਕ ਇਸ ਸ਼੍ਰੇਣੀ ਵਿਚ ਰੱਖਿਆ ਜਾ ਸਕਦਾ ਹੈ। ਬਲਕਿ ਤੁਸੀਂ ਉਸਨੂੰ ਆਧੁਨਿਕ ਡਾਕੂ ਕਹਿ ਸਕਦੇ ਹੋ।

'ਮੇਰਾ ਗਾਓਂ ਮੇਰਾ ਦੇਸ਼' ਦੇ ਝੱਬਰ ਸਿੰਘ ਯਾਨਿ ਵਿਨੋਦ ਖੰਨਾ ਵੀ ਇਸ ਵਿਚ ਸਾਰਥਿਕ ਉਦਾਹਰਨ ਹਨ। ਧਰਮਿੰਦਰ ਵਰਗੇ ਵੱਡੇ ਨਾਇਕ ਦੀ ਫਿਲਮ ਹੋਣ ਦੇ ਬਾਵਜੂਦ ਇਹ ਪੂਰੀ ਤਰ੍ਹਾਂ ਨਾਲ ਝੱਬਰ ਸਿੰਘ ਦੀ ਫਿਲਮ ਸੀ। ਝੱਬਰ ਦਾ ਉਠਣਾ-ਬੈਠਣਾ, ਚੱਲਣਾ-ਬੋਲਣਾ ਬੇਹੱਦ ਜੀਵੰਤ ਢੰਗ ਨਾਲ ਪਰਦੇ 'ਤੇ ਆਉਂਦਾ ਹੈ। ਜ਼ਾਹਿਰ ਹੈ, ਇਸ ਦਾ ਪੂਰਾ ਸਿਹਰਾ ਵਿਨੋਦ ਖੰਨਾ ਨੂੰ ਜਾਂਦਾ ਹੈ।

ਅਭਿਨੇਤਾ ਇਰਫਾਨ ਖਾਨ ਨੂੰ ਮੋਹਰੀ ਸਫਾਂ ਵਿਚ ਲਿਆਉਣ ਵਿਚ ਤਿਗਮਾਂਸ਼ੂ ਧੂਲੀਆ ਦੀ ਫਿਮਲ 'ਪਾਨ ਸਿੰਘ ਤੋਮਰ' ਦਾ ਬਹੁਤ ਯੋਗਦਾਨ ਸੀ। ਇਸ ਵਿਚ ਉਹ ਪਾਨ ਸਿੰਘ ਨਾਂ ਦੇ ਅਜਿਹੇ ਅਥਲੀਟ ਦੇ ਕਿਰਦਾਰ ਵਿਚ ਨਜ਼ਰ ਆਇਆ ਜੋ ਕਈ ਵਿਰੋਧੀ ਹਾਲਾਤ ਵਿਚ ਫਸ ਕੇ ਸਰਗਨਾ ਬਣਨ ਲਈ ਮਜਬੂਰ ਹੋ ਜਾਂਦਾ ਹੈ। ਇਰਫਾਨ ਬਿਹਤਰੀਨ ਅਭਿਨੇਤਾ ਹੈ। ਉਸ ਦਾ ਇਹ ਗੁਣ ਇਸ ਕਿਰਦਾਰ ਵਿਚ ਬੇਹੱਦ ਸ਼ਿੱਦਤ ਨਾਲ ਉਭਰ ਕੇ ਆਉਂਦਾ ਹੈ। ਇਹੀ ਵਜ੍ਹਾ ਹੈ ਕਿ ਇਸ ਕਿਰਦਾਰ ਲਈ ਉਸਨੂੰ ਸਿਰਫ ਵਾਹ-ਵਾਹੀ ਨਹੀਂ ਮਿਲੀ, ਬਲਕਿ ਕਈ ਸਨਮਾਨ ਵੀ ਮਿਲੇ।

ਉਂਜ ਤਾਂ ਡਾਕੂਆਂ 'ਤੇ ਕਈ ਫਿਲਮਾਂ ਬਣੀਆਂ ਹਨ, ਪਰ ਰਮੇਸ਼ ਸਿੱਪੀ ਦੀ ਫਿਲਮ 'ਸ਼ੋਅਲੇ' ਦੀ ਚਰਚਾ ਦੇ ਬਿਨਾਂ ਇਹ ਪੜਤਾਲ ਅਧੂਰੀ ਹੈ। ਸਿਤਾਰਿਆਂ ਨਾਲ ਭਰੀ ਇਸ ਫਿਲਮ ਦਾ ਸਭ ਤੋਂ ਵੱਡਾ ਆਕਰਸ਼ਣ ਡਾਕੂ ਗੱਬਰ ਸਿੰਘ ਦਾ ਕਿਰਦਾਰ ਸੀ। ਇਸ ਕਿਰਦਾਰ ਨੂੰ ਅਮਜਦ ਖਾਨ ਨੇ ਅਮਰ ਕਰ ਦਿੱਤਾ। ਫਿਲਮ ਦਾ ਚਰਚਿਤ ਸੰਵਾਦ ਹੈ, 'ਗੱਬਰ ਕੀ ਤਾਪ ਸੇ ਤੁਮਹੇ ਸਿਰਫ ਏਕ ਆਦਮੀ ਬਚਾ ਸਕਦਾ ਹੈ, ਵਹ ਹੈ ਖ਼ੁਦ ਗੱਬਰ।' ਦੇਖਿਆ ਜਾਏ ਤਾਂ ਗੱਬਰ ਦਾ ਇਹ ਤਾਪ ਵੱਡੇ ਪਰਦੇ 'ਤੇ ਹੁਣ ਤਕ ਦੇ ਸਾਰੇ ਡਾਕੂ ਕਿਰਦਾਰਾਂ 'ਤੇ ਭਾਰੀ ਪਿਆ ਹੈ।

ਟਰੇਡ ਵਿਸ਼ਲੇਸ਼ਕ ਕੋਮਲ ਨਾਹਟਾ ਇਸ ਗੱਲ ਦਾ ਸਮਰਥਨ ਕਰਦੇ ਹਨ, 'ਅਸਲ ਵਿਚ ਗੱਬਰ ਦੇ ਸੰਵਾਦ ਜਿਸ ਤਰ੍ਹਾਂ ਘਰ-ਘਰ ਬੋਲੇ ਗਏ, ਤੁਸੀਂ ਉਸ ਤੋਂ ਹੀ ਅੰਦਾਜ਼ਾ ਲਗਾ ਸਕਦੇ ਹੋ ਕਿ ਇਹ ਕਿਰਦਾਰ ਕਿੰਨਾ ਸ਼ਕਤੀਸ਼ਾਲੀ ਸੀ। ਸ਼ਾਇਦ ਇਸੇ ਵਜ੍ਹਾ ਨਾਲ ਸਾਰੇ ਡਾਕੂ ਕਿਰਦਾਰਾਂ ਵਿਚਕਾਰ ਸਭ ਤੋਂ ਵੱਧ ਇਸ ਦਾ ਹੀ ਨਾਂ ਲਿਆ ਜਾਂਦਾ ਹੈ।'

**-ਏ. ਚੱਕਰਵਰਤੀ**

# ਸਲਿਊਟ: ਕਿਹੜੀ ਗੱਲ 'ਤੇ ਮਾਰੀਏ ਸਲੂਟ?

ਜੀ ਹਾਂ, ਫਿਲਮ ਵੇਖ ਲਈ ਹੈ, ਇਸੇ ਲਈ ਪੁੱਛਿਆ ਹੈ ਸਵਾਲ!

ਜੰਗ ਦੀ ਬੈਕ-ਗਰਾਊਂਡ 'ਤੇ ਬਣੀਆਂ ਕਈ ਵਧੀਆ ਫਿਲਮਾਂ ਵੇਖਣ ਪਿੱਛੋਂ 'ਸਲਿਊਟ' 'ਤੇ ਮੈਂ ਹੀ ਨਹੀਂ, ਹਰ ਦਰਸ਼ਕ ਸਵਾਲ ਕਰ ਸਕਦਾ ਹੈ ਕਿ ਕਿਹੜੀ ਗੱਲੋਂ ਮਾਰੀਏ ਸਲੂਟ? (ਫਿਲਮ ਨਾਲ ਜੁੜੇ ਹੋਏ ਲੋਕਾਂ ਨੂੰ ਛੱਡ ਕੇ) ਕੀ ਇਸ ਲਈ ਸਲੂਟ ਮਾਰੀਏ ਕਿ ਅਤਿਵਾਦੀਆਂ ਅੱਗੇ ਸਾਡੇ ਫੌਜੀਆਂ ਨੂੰ ਇੰਜ ਮੁਕਾਬਲਾ ਕਰਦੇ ਵਿਖਾਇਆ ਕਿ ਚਲੋ ਬਈ ਗੋਲੀ ਖਾ ਕੇ 'ਸ਼ਹੀਦ' ਬਣੋ ਕਿਉਂਕਿ ਕਹਾਣੀ ਅੱਗੇ ਵਧਾਉਣੀ ਹੈ।

ਕੀ ਇਸ ਲਈ ਸਲੂਟ ਮਾਰੀਏ ਕਿ ਫਿਲਮ ਮੇਕਰ ਨੇ ਆਰਮੀ ਕੈਂਪ ਦਾ ਜਲੂਸ ਕੱਢ ਦਿੱਤਾ ਹੈ। ਜਿਵੇਂ ਆਰਟ ਡਾਇਰੈਕਟਰ ਦੀ ਥਾਂ ਕਿਸੇ ਟੈਂਟ ਹਾਊਸ ਵਾਲੇ ਨੂੰ ਸੈਟ ਲਾਉਣ ਦਾ ਠੇਕਾ ਦੇ ਦਿੱਤਾ ਹੋਵੇ। ਇਸ ਤੋਂ ਚੰਗੇ ਆਰਮੀ ਕੈਂਪ ਤਾਂ ਰੰਗ-ਕਰਮੀ ਸਟੇਜ ਉਤੇ ਵਿਖਾ ਦਿੰਦੇ ਹਨ। ਕੀ ਇਸ ਲਈ ਸਲੂਟ ਮਾਰੀਏ ਕਿ ਆਤੰਕਵਾਦੀ ਹਮਲੇ ਸਮੇਂ ਸਾਡੇ ਜਵਾਨ ਇੰਜ ਤੰਬੂਆਂ ਚੋਂ ਬਾਹਰ ਨਿਕਲ ਰਹੇ ਹਨ ਜਿਵੇਂ ਬਿੱਲੀ ਤੋਂ ਡਰਦੇ ਚੂਹੇ ਸਹਿਮੇ ਹੋਏ ਭੱਜੇ ਫਿਰਦੇ ਹੋਣ। ਫੌਜੀਆਂ ਦੀ ਸਪਿਰਿਟ ਨੂੰ ਲੱਗਭਗ ਜ਼ੀਰੋ ਕਰ ਦਿੱਤਾ ਗਿਆ।

ਕੀ ਇਸ ਲਈ ਸਲੂਟ ਮਾਰਿਆ ਜਾਵੇ ਕਿ ਇਕ ਫੌਜੀ ਦੀ ਵਿਧਵਾ ਉਤੇ ਹੋਏ ਜ਼ੁਲਮਾਂ ਤੇ ਹਮਦਰਦੀ ਨੂੰ ਏਨੀ ਕਰੂਰਤਾ ਨਾਲ ਵਿਖਾਇਆ ਗਿਆ, ਜੋ ਸ਼ਾਇਦ ਹੀ ਕਿਸੇ ਨੇ ਵੇਖਿਆ ਸੁਣਿਆ ਹੋਵੇ।

ਫਿਲਮ ਦਾ ਦੂਜਾ ਹਿੱਸਾ ਪੂਰੇ ਦਾ ਪੂਰਾ ਘ੍ਰਿਣਾ ਨਾਲ ਭਰਿਆ ਹੋਇਆ ਹੈ ਕਿ ਫਿਲਮ ਬਣਾਉਣ ਵਾਲਿਆਂ ਪ੍ਰਤੀ ਵੀ ਘ੍ਰਿਣਾ ਹੋ ਜਾਂਦੀ ਹੈ। ਕੇਵਲ ਆਖਰੀ ਦ੍ਰਿਸ਼ ਵਿਚ ਬੱਚੀ ਮੂੰਹੋਂ 'ਜੈ ਹਿੰਦ ਮਾਂ...' ਕਹਾ ਕੇ ਦਰਸ਼ਕਾਂ ਦੀ ਫਿਲਮ ਪ੍ਰਤੀ ਹਮਦਰਦੀ ਨਹੀਂ ਬਟੋਰੀ ਜਾ ਸਕਦੀ।

ਅੱਤਿਆਚਾਰਾਂ ਦੀ ਆੜ ਹੇਠ ਡਾਇਰੈਕਟਰ ਨੇ ਬਲਾਤਕਾਰ ਤੋਂ ਲੈ ਕੇ ਹਰ ਤਰ੍ਹਾਂ ਦਾ ਚਾਲੂ ਫਿਲਮੀ ਮਸਾਲਾ ਤੁੰਨਣ ਦੀ ਕੋਸ਼ਿਸ਼ ਵਿਚ ਫੌਜੀ ਵਿਧਵਾ ਦਾ ਸਨਮਾਨ ਨਹੀਂ, ਬੇਅਦਬੀ ਹੀ ਕੀਤੀ ਹੈ। ਮੈਨੂੰ ਤਾਂ ਫਿਲਮ ਵਿਚ ਅਜਿਹੀ ਕੋਈ ਗੱਲ ਨਜ਼ਰ ਨਹੀਂ ਆਈ ਜਿਸ ਕਾਰਨ ਫਿਲਮ ਨੂੰ 'ਸਲਿਊਟ' ਕਰਨ ਦੇ ਯੋਗ ਸਮਝਿਆ ਜਾਵੇ!

ਕਲਾਕਾਰਾਂ ਦੀ ਚੋਣ ਦੇ ਮਾਮਲੇ ਵਿਚ ਫਿਲਮ ਪੂਰੀ ਤਰ੍ਹਾਂ ਮਿਸ-ਕਾਸਟ ਲੱਗੀ। ਹੀਰੋ ਨਵ ਬਾਜਵਾ ਆਪਣੇ ਕੱਦ-ਕਾਠ ਕਰਕੇ ਕਿਸੇ ਪੱਖੋਂ ਫੌਜੀ ਨਹੀਂ ਲਗਦਾ। ਇੰਜ ਲਗਦਾ ਹੈ ਜਿਵੇਂ ਬਲੂੰਗੜੇ ਨੂੰ ਸ਼ੇਰ ਦੀ ਖੱਲ ਵਿਚ ਲਪੇਟ ਦਿੱਤਾ ਗਿਆ ਹੋਵੇ। ਜਸਪਿੰਦਰ ਚੀਮਾ ਦੇ ਚਿਹਰੇ ਤੇ ਹੁਣ ਹੀਰੋਇਨਾਂ ਵਾਲੀ ਤਾਜ਼ਗੀ ਨਹੀਂ ਰਹੀ। ਦੀਪ ਮਨਦੀਪ ਤੇ ਬੌਬ ਖਹਿਰਾ ਠੀਕ ਠੀਕ ਹਨ। ਸੀਮਾ ਸ਼ਰਮਾ ਦੇ ਕੋਲ ਕਰਨ ਲਈ ਕੁਝ ਸੀ ਹੀ ਨਹੀਂ। ਉਸ ਦੇ ਆਪੋਜ਼ਿਟ ਕਿਰਦਾਰ ਨਿਭਾਉਣ ਵਾਲਾ ਰਾਜਿੰਦਰ ਰਿਖੀ ਬੇਹੱਦ ਕਮਜ਼ੋਰ ਰਿਹਾ। ਜੇ ਕਿਸੇ ਨੇ ਪ੍ਰਭਾਵਿਤ ਕੀਤਾ ਹੈ ਤਾਂ ਉਹ ਹੈ ਸਿਰਫ ਹੀਰੋ ਦੀ ਮਾਂ ਵਾਲਾ ਹਰਿਆਣਵੀ ਕਿਰਦਾਰ ਨਿਭਾਉਣ ਵਾਲੀ ਕਲਾਕਾਰ! ਫਿਲਮ 'ਚ ਅੱਧੇ ਐਕਟਰ ਪੰਜਾਬੀ ਬੋਲਦੇ ਹਨ ਤੇ ਅੱਧ-ਪਚੱਧ ਹਰਿਆਣਵੀ। ਇੰਜ ਲੱਗਦਾ ਹੀ ਨਹੀਂ ਕਿ ਪੰਜਾਬੀ ਫਿਲਮ ਵੇਖ ਰਹੇ ਹਾਂ। ਦੋਹਾਂ ਭਾਸ਼ਾਵਾਂ ਦਾ ਸੁਮੇਲ ਕਰਨ ਵਿਚ ਫਿਲਮ ਦਾ ਲੇਖਕ ਨਿਰਦੇਸ਼ਕ ਹਰੀਸ਼ ਅਰੋੜਾ ਪੂਰੀ ਤਰ੍ਹਾਂ ਅਸਫਲ ਰਿਹਾ ਹੈ। ਇੰਜ ਲੱਗਦਾ, ਜਿਵੇਂ ਪੰਜਾਬੀ ਦਾਲ ਨੂੰ ਹਰਿਆਣਵੀ ਕੋਕੜੂਆਂ ਦਾ ਤੜਕਾ ਲਾ ਦਿੱਤਾ ਹੋਵੇ!




ਫਿਲਮ ਦਾ ਇੱਕੋ ਇੱਕ ਗਾਣਾ 'ਅਸੀਂ ਫੌਜੀ ਪੁੱਤ ਕਹਾਉਣੇ ਆਂ' ਕਾਬਿਲ-ਏ-ਤਾਰੀਫ ਹੈ। ਗੀਤਕਾਰ ਦਿਲਜੀਤ ਅਰੋੜਾ ਵਧਾਈ ਦਾ ਹੱਕਦਾਰ ਹੈ।

ਫਿਲਮ ਦਾ ਕੈਨਵਸ ਬਹੁਤ ਵੱਡਾ ਹੈ। ਇੰਜ ਲੱਗਦਾ ਸੀ ਜਿਵੇਂ ਪੰਜਾਬੀ ਫਿਲਮਾਂ ਵਿਚ ਵੀ ਕੋਈ ਜੇ. ਪੀ. ਦੱਤਾ ਆ ਗਿਆ ਹੋਵੇ, ਪਰ ਫਿਲਮ ਵਿਚ ਕਿਤੇ ਵੀ ਨਾ ਤਾਂ ਫੌਜ ਵਾਲਾ ਮਾਹੌਲ ਹੈ ਤੇ ਨਾ ਹੀ ਫੌਜੀਆਂ ਵਾਲੀ ਸਰੀਰਕ ਭਾਸ਼ਾ। ਵੈਸੇ ਵੀ ਫਿਲਮ ਸ਼ੌਕੀਨਾਂ ਨੇ ਸਿਨਮੇ ਵਿਚ ਜਾ ਕੇ ਫਿਲਮ ਨੂੰ ਸਲਿਊਟ ਤਾਂ ਨਹੀਂ ਮਾਰਿਆ ਪਰ ਦੂਰੋਂ ਹੀ ਹੱਥ ਹਿਲਾ ਕੇ 'ਬਾਏ ਬਾਏ' ਜ਼ਰੂਰ ਕਰ ਦਿੱਤੀ ਹੈ।

**-ਇਕਬਾਲ ਸਿੰਘ ਚਾਨਾ**




# ਐਟਲਾਂਟਿਸ ਬੈਂਕੁਇਟਸ

## ਵਿਆਹ-ਸ਼ਾਦੀ ਹੋਵੇ ਜਾਂ ਖ਼ੁਸ਼ੀ ਦਾ ਕੋਈ ਹੋਰ ਮੌਕਾ

1273 N Rand Rd, Arlington Heights, IL 60004

## ਸ਼ਾਨਦਾਰ ਹਾਲ ਸ਼ਾਨਦਾਰ ਮਾਹੌਲ

## 100 ਤੋਂ 600 ਬੰਦਿਆਂ ਲਈ ਪਾਰਟੀ ਹਾਲ



**ਪੰਜਾਬੀ ਅਤੇ ਹੋਰ ਭਾਰਤੀ ਸਵਾਦੀ ਖਾਣੇ**





## ਕੇ ਕੇ ਪੰਮਾ

ਫੋਨ: 847-219-7432
847-259-0013